EVEREST TRANSPORT INC
We are Hiring
Company Drivers & Owner Operators
For team 60 cents per mile+ safety bonus.
For single driver 50 cents per mile.
Call, Goldi Ph: 260-797-1122

BUYING OR SELLING A HOME IN MICHIGAN
734-330-7933
734-459-1010
gary@soldbysingh.com
soldbysingh.com
RE/MAX CLASSIC
7 Offices to better Serve YOU!
Plymouth • Novi • Canton • Farmington Hills
Milford • Commerce Twp • Bloomfield Hills
Gurjeet Singh (Realtor)

BEST REAL ESTATE PACKAGE
Home Buying & Selling in Michigan
Residential & Commercial Loans
Home Improvement & Renovation
Vikram Jit Singh
Malika Puri
Loans Available in 26 States
CALL 734.709.9200

Nineteenth Year of Publication
ਮਿਡਵੈਸਟ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 19, Issue 03, January 20, 2018 20451 N. Plum Grove Rd., Palatine, IL 60074 Ph:847-359-0746, Fax:847-705-9388

# ਕਤਲੇਆਮ 84: ਇਕ ਵਿਸ਼ੇਸ਼ ਜਾਂਚ ਟੀਮ ਹੋਰ

## 186 ਕੇਸਾਂ ਦੀ ਕਰੇਗੀ ਜਾਂਚ; ਅਗਵਾਈ ਜਸਟਿਸ ਢੀਂਗਰਾ ਨੂੰ ਸੌਂਪੀ

**ਨਵੀਂ ਦਿੱਲੀ (ਗੁਰਵਿੰਦਰ ਸਿੰਘ ਵਿਰਕ):** ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਪਿੱਛੋਂ 1984 ਵਿਚ ਦਿੱਲੀ ਵਿਚ ਹੋਏ ਸਿੱਖ ਕਤਲੇਆਮ ਦੇ ਪੀੜਤਾਂ ਲਈ ਨਿਆਂ ਦੀ ਆਸ ਮੁੜ ਜਾਗੀ ਹੈ। ਇਸ ਵਾਰ ਸੁਪਰੀਮ ਕੋਰਟ ਨੇ ਪਹਿਲ ਕਰਦਿਆਂ 186 ਕੇਸਾਂ ਦੀ ਮੁੜ ਪੜਤਾਲ ਲਈ ਵਿਸ਼ੇਸ਼ ਜਾਂਚ ਟੀਮ (ਸਿੱਟ) ਬਣਾਈ ਹੈ। ਇਸ ਟੀਮ ਦੀ ਅਗਵਾਈ ਦਿੱਲੀ ਹਾਈ ਕੋਰਟ ਦੇ ਸਾਬਕਾ ਜੱਜ, ਜਸਟਿਸ ਐਸ.ਐਨ. ਢੀਂਗਰਾ ਨੂੰ ਸੌਂਪੀ ਗਈ ਹੈ।

ਅਦਾਲਤ ਨੇ ਇਸ ਟੀਮ ਵਿਚ ਇਕ ਮੌਜੂਦਾ ਆਈ.ਪੀ.ਐਸ. ਅਤੇ ਇਕ ਸਾਬਕਾ ਆਈ.ਪੀ.ਐਸ. ਅਧਿਕਾਰੀ ਨੂੰ ਸ਼ਾਮਲ ਕਰ ਕੇ ਇਹ ਸੰਕੇਤ ਦਿੱਤਾ ਹੈ ਕਿ ਪੀੜਤਾਂ ਨੂੰ ਹੁਣ ਨਿਆਂ ਮਿਲਣਾ ਹੀ ਚਾਹੀਦਾ ਹੈ। ਦੱਸ ਦਈਏ ਕਿ ਇਹ 186 ਕੇਸ ਉਨ੍ਹਾਂ 241 ਕੇਸਾਂ ਵਿਚ ਸ਼ਾਮਲ ਸਨ ਜਿਨ੍ਹਾਂ ਨੂੰ ਸਬੂਤਾਂ ਦੀ ਅਣਹੋਂਦ ਦੱਸ ਕੇ ਮੋਦੀ ਸਰਕਾਰ ਵੱਲੋਂ ਬਣਾਈ 'ਸਿੱਟ' ਨੇ ਰੱਦ ਕਰਨ ਦੀ ਸਿਫਾਰਸ਼ ਕੀਤੀ ਸੀ, ਜਿਸ ਪਿੱਛੋਂ ਸੁਪਰੀਮ ਕੋਰਟ ਨੇ ਪਿਛਲੇ ਸਾਲ 16 ਅਗਸਤ ਨੂੰ ਜਾਂਚ ਕਮੇਟੀ ਬਣਾਈ ਸੀ। ਇਸੇ ਕਮੇਟੀ ਨੇ ਇਨ੍ਹਾਂ ਕੇਸਾਂ ਨੂੰ ਹੋਰ ਘੋਖਣ ਦੀ ਸਿਫਾਰਸ਼ ਕੀਤੀ ਸੀ ਜਿਸ ਦੇ ਆਧਾਰ 'ਤੇ ਅਦਾਲਤ ਨੇ 186 ਕੇਸਾਂ ਦੀ ਨਵੇਂ ਸਿਰਿਉਂ ਜਾਂਚ ਲਈ 'ਸਿੱਟ' ਬਣਾਉਣ ਦੇ ਹੁਕਮ ਦਿੱਤੇ ਹਨ।

ਯਾਦ ਰਹੇ ਕਿ 31 ਅਕਤੂਬਰ 1984 ਵਿਚ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ, ਸਾਜ਼ਿਸ਼ ਤਹਿਤ ਸਿੱਖਾਂ ਨੂੰ ਮਾਰਨ ਲਈ ਭੀੜ ਨੂੰ ਭੜਕਾਇਆ ਗਿਆ, ਜਿਨ੍ਹਾਂ ਨੇ ਹਜ਼ਾਰਾਂ ਸਿੱਖਾਂ ਨੂੰ ਦਿਨ-ਦਿਹਾੜੇ ਕਤਲ ਕਰ ਦਿੱਤਾ। ਇਸ ਕਤਲੇਆਮ ਨੂੰ 33 ਸਾਲ ਤੋਂ ਵਧੇਰੇ ਸਮਾਂ ਹੋ ਚੁੱਕਾ ਹੈ ਤੇ ਹੁਣ ਤੱਕ ਕੇਂਦਰ ਵਿਚ 7 ਸਰਕਾਰਾਂ ਬਣ ਚੁੱਕੀਆਂ ਹਨ, ਪਰ ਕਿਸੇ ਵੀ ਸਰਕਾਰ ਨੂੰ ਕੋਈ ਦੋਸ਼ੀ ਨਜ਼ਰ ਨਾ ਆਇਆ। ਮਨੁੱਖੀ ਅਧਿਕਾਰਾਂ ਬਾਰੇ ਸੰਸਥਾਵਾਂ ਦੇ ਦਬਾਅ ਤੇ ਸਿਆਸੀ ਲੋੜ ਨੇ ਭਾਵੇਂ ਸਰਕਾਰ ਨੂੰ ਜਾਂਚ ਕਮਿਸ਼ਨ ਬਣਾਉਣ ਲਈ ਮਜਬੂਰ ਕੀਤਾ, ਪਰ ਦੋਸ਼ੀਆਂ ਨੂੰ ਨਿਆਂ ਦੇ ਸ਼ਿਕੰਜੇ ਵਿਚ ਲਿਆਉਣਾ ਤਾਂ ਦੂਰ ਦੀ ਗੱਲ, ਉਲਟਾ ਗਵਾਹਾਂ ਨੂੰ ਧਮਕੀਆਂ ਦਾ ਸਾਹਮਣਾ ਕਰਨਾ ਪਿਆ।

ਇਸ ਕਤਲੇਆਮ ਬਾਰੇ ਬਣੇ 10 ਕਮਿਸ਼ਨਾਂ ਅਤੇ ਕਮੇਟੀਆਂ ਨੇ ਵੀ ਪੱਲੇ ਕੁਝ ਨਾ ਪਾਇਆ। ਮਾਰਵਾਹਾ ਕਮਿਸ਼ਨ, ਮਿਸ਼ਰਾ ਕਮਿਸ਼ਨ, ਨਾਨਾਵਤੀ ਕਮਿਸ਼ਨ ਤੋਂ ਇਲਾਵਾ ਅੱਧੀ ਦਰਜਨ ਕਮੇਟੀਆਂ ਨੇ ਸਾਲਾਂ ਬੱਧੀ ਜਾਂਚ ਕੀਤੀ ਤੇ ਅੰਤ

*(ਬਾਕੀ ਸਫਾ 6 ਉਤੇ)*

### ਨਵੀਂ ਜਾਂਚ ਟੀਮ ਦੀ ਕਾਇਮੀ ਪਿੱਛੋਂ ਸਿਆਸਤ ਭਖੀ

ਸਿੱਖ ਕਤਲੇਆਮ ਨਾਲ ਜੁੜੇ ਕੇਸਾਂ ਦੀ ਮੁੜ ਜਾਂਚ ਲਈ 'ਸਿੱਟ' ਬਣਾਉਣ ਦੇ ਫੈਸਲੇ ਪਿੱਛੋਂ ਸਿਆਸਤ ਭਖ ਗਈ ਹੈ। ਕਾਂਗਰਸ ਪਾਰਟੀ ਦੇ ਤਰਜਮਾਨਾਂ ਨੇ ਦੋਸ਼ ਲਾਇਆ ਹੈ ਕਿ ਨਰੇਂਦਰ ਮੋਦੀ ਸਰਕਾਰ ਚੋਣਾਂ ਸਮੇਂ ਸਿੱਖਾਂ ਦੀਆਂ ਵੋਟਾਂ ਹਾਸਲ ਕਰਨ ਲਈ ਵਾਰ ਵਾਰ ਵਿਸ਼ੇਸ਼ ਜਾਂਚ ਟੀਮਾਂ ਕਾਇਮ ਕਰਵਾ ਰਹੀ ਹੈ। ਹੁਣ ਇਸ ਦਾ ਨਿਸ਼ਾਨਾ 2019 ਦੀਆਂ ਆਮ ਚੋਣਾਂ ਹਨ। ਉਧਰ, ਕਾਂਗਰਸ ਵੀ ਇਸ ਕਤਲੇਆਮ ਦਾ 'ਦਾਗ' ਆਪਣੇ ਸਿਰੋਂ ਧੋਣ ਲਈ ਸਰਗਰਮ ਹੋ ਗਈ ਹੈ। ਕੈਪਟਨ ਅਮਰਿੰਦਰ ਸਿੰਘ ਨੇ ਜਿਥੇ ਨਵੀਂ ਜਾਂਚ ਟੀਮ ਦਾ ਸਵਾਗਤ ਕੀਤਾ, ਉਥੇ ਬਿਜਲੀ ਮੰਤਰੀ ਰਾਣਾ ਗੁਰਜੀਤ ਸਿੰਘ ਨੇ ਆਖ ਦਿੱਤਾ ਕਿ ਸਿੱਖ ਕਤਲੇਆਮ ਵਿਚ ਕਾਂਗਰਸ ਦੀ ਕੋਈ ਭੂਮਿਕਾ ਨਹੀਂ ਸੀ, ਹਾਲਾਂਕਿ ਇਸ ਬਿਆਨ ਪਿੱਛੋਂ ਰਾਣਾ ਨੂੰ ਕਾਫੀ ਵਿਰੋਧ ਦਾ ਸਾਹਮਣਾ ਵੀ ਕਰਨਾ ਪਿਆ।



## ਟਰੰਪ ਵੱਲੋਂ 'ਡਾਕਾ' ਦੀ ਹੋਂਦ ਨਾ ਹੋਣ ਦਾ ਦਾਅਵਾ

**ਵਾਸ਼ਿੰਗਟਨ:** ਰਾਸ਼ਟਰਪਤੀ ਡੋਨਲਡ ਟਰੰਪ ਨੇ ਦਾਅਵਾ ਕੀਤਾ ਹੈ ਕਿ ਬਚਪਨ ਵਿਚ ਗੈਰਕਾਨੂੰਨੀ ਢੰਗ ਨਾਲ ਅਮਰੀਕਾ ਲਿਆਂਦੇ ਪਰਵਾਸੀਆਂ ਦੀ ਰਾਖੀ ਕਰਨ ਵਾਲਾ ਪ੍ਰੋਗਰਾਮ 'ਸੰਭਾਵੀ ਤੌਰ ਉਤੇ ਖਤਮ' ਹੋ ਗਿਆ ਹੈ। ਇਸ ਪ੍ਰੋਗਰਾਮ ਨੂੰ ਰੱਦ ਕਰਨ ਤੋਂ ਰੋਕਣ ਵਾਲੇ ਫੈਡਰਲ ਕੋਰਟ ਦੇ ਫੈਸਲੇ ਦੇ ਤੁਰੰਤ ਬਾਅਦ ਟਰੰਪ ਨੇ ਐਲਾਨ ਕਰ ਦਿੱਤਾ ਕਿ 'ਡਾਕਾ ਖਤਮ ਹੋ ਗਿਆ ਹੈ।' ਟਰੰਪ ਨੇ ਵਿਰੋਧੀ ਧਿਰ ਡੈਮੋਕਰੈਟਾਂ ਉਤੇ ਸੰਭਾਵੀ ਆਵਾਸ ਸਮਝੌਤੇ ਉਤੇ ਗੱਲਬਾਤ ਵਿਚ ਅੜਿੱਕੇ ਡਾਹੁਣ ਦਾ ਦੋਸ਼ ਵੀ ਲਾਇਆ। ਡੈਫਰਡ ਐਕਸ਼ਨ ਫਾਰ ਚਾਈਲਡਹੁੱਡ ਅਰਾਈਵਲਜ਼ (ਡਾਕਾ) ਪ੍ਰੋਗਰਾਮ, ਜੋ ਹਜ਼ਾਰਾਂ ਪਰਵਾਸੀਆਂ (ਡਰੀਮਰਜ਼) ਦੀ ਵਤਨ ਵਾਪਸੀ ਰੋਕਦਾ ਹੈ, ਉਤੇ ਹਫਤਾ ਭਰ ਚੱਲੀ ਗੰਭੀਰ ਚਰਚਾ ਬਾਅਦ ਟਰੰਪ ਨੇ ਇਹ ਟਿੱਪਣੀ ਕੀਤੀ ਹੈ।

ਓਬਾਮਾ ਕਾਲ ਦੀ ਇਹ ਨੀਤੀ ਤਕਰੀਬਨ

*(ਬਾਕੀ ਸਫਾ 6 ਉਤੇ)*

### *ਸਿੱਖ ਕਤਲੇਆਮ*

## ਸੱਜਣ ਕੁਮਾਰ ਨੇ ਭੜਕਾਈ ਸੀ ਭੀੜ

**ਨਵੀਂ ਦਿੱਲੀ:** ਸੁਲਤਾਨਪੁਰੀ ਵਿਚ ਨਵੰਬਰ 1984 ਦੌਰਾਨ ਹੋਏ ਸਿੱਖ ਕਤਲੇਆਮ ਸਬੰਧੀ ਮੁਕੱਦਮੇ ਵਿਚ ਸ਼ੀਲਾ ਨੇ ਪਟਿਆਲਾ ਹਾਊਸ ਅਦਾਲਤ ਵਿਚ ਕਾਂਗਰਸੀ ਆਗੂ ਸੱਜਣ ਕੁਮਾਰ ਖਿਲਾਫ਼ ਗਵਾਹੀ ਦਿੱਤੀ। ਸ਼ੀਲਾ ਨੇ ਕਿਹਾ ਕਿ ਸੱਜਣ ਕੁਮਾਰ ਕਤਲੇਆਮ ਵਿਚ ਸ਼ਾਮਲ ਸੀ ਅਤੇ ਉਸ ਦਾ ਨਾਂ ਲੈਣ ਉਤੇ ਉਸ ਦੇ ਬੱਚਿਆਂ ਨੂੰ ਮਾਰਨ ਦੀਆਂ ਧਮਕੀਆਂ ਦਿੱਤੀਆਂ

### ਗਵਾਹ ਸ਼ੀਲਾ ਕੌਰ ਵੱਲੋਂ ਅਦਾਲਤ ਵਿਚ ਦਾਅਵਾ

ਗਈਆਂ ਸਨ। ਉਸ ਨੇ ਅਦਾਲਤ ਤੋਂ ਆਪਣੀ ਸੁਰੱਖਿਆ ਦੀ ਮੰਗ ਵੀ ਕੀਤੀ। ਪਟਿਆਲਾ ਹਾਊਸ ਕੋਰਟ ਦੀ ਸੈਸ਼ਨ ਜੱਜ ਪੂਨਮ ਬਾਮਾ ਦੀ ਅਦਾਲਤ ਵਿਚ ਸੱਜਣ ਕੁਮਾਰ ਦੇ ਵਕੀਲ ਅਨਿਲ ਵੱਲੋਂ ਜਿਰ੍ਹਾ ਕੀਤੀ ਗਈ। ਪੀੜਤਾਂ ਵੱਲੋਂ ਪੇਸ਼ ਵਕੀਲ ਐਚ.ਐਸ. ਫੂਲਕਾ ਨੇ ਦੱਸਿਆ ਕਿ ਕਈ ਘੰਟੇ ਸੁਣਵਾਈ ਚੱਲੀ ਤੇ ਸੱਜਣ ਕੁਮਾਰ ਦੇ ਵਕੀਲ ਨੇ ਜਿਰ੍ਹਾ ਕੀਤੀ।

ਸੁਲਤਾਨਪੁਰੀ ਵਿਚ ਹੋਏ ਸਿੱਖ ਕਤਲੇਆਮ ਬਾਰੇ ਸ਼ੀਲਾ ਨੇ ਦੱਸਿਆ ਕਿ ਸੱਜਣ ਕੁਮਾਰ ਨੇ ਉਥੇ ਭੜਕਾਊ ਭਾਸ਼ਣ ਦਿੱਤਾ ਤੇ ਸਿੱਖਾਂ ਨੂੰ ਮਾਰਨ ਦੀਆਂ ਗੱਲਾਂ ਕੀਤੀਆਂ। ਸ਼ੀਲਾ ਦੇ ਪਰਿਵਾਰ ਦੇ ਲੋਕ ਇਸ ਦੌਰਾਨ ਮਾਰੇ ਗਏ ਸਨ। ਸੱਜਣ ਕੁਮਾਰ ਦੇ ਵਕੀਲ ਨੇ ਸ਼ੀਲਾ ਕੌਰ ਨੂੰ ਕਿਹਾ ਕਿ ਉਹ ਝੂਠ ਬੋਲ ਰਹੀ ਹੈ ਅਤੇ ਕਈ ਤਿੱਖੇ ਸਵਾਲ ਕੀਤੇ। ਉਹ ਪਹਿਲਾਂ ਕੁਝ ਘਬਰਾਈ ਵੀ, ਫਿਰ ਉਸ ਨੇ ਉਹੀ ਗਵਾਹੀ ਦਿੱਤੀ ਜੋ ਸਵਾ ਸਾਲ ਪਹਿਲਾਂ ਕੜਕੜਡੂਮਾ ਅਦਾਲਤ ਵਿਚ ਦਿੱਤੀ ਸੀ। ਇਸ ਮਾਮਲੇ ਵਿਚ ਅਗਲੀ ਸੁਣਵਾਈ 7 ਫਰਵਰੀ ਨੂੰ ਹੋਵੇਗੀ।

ਜਨਵਰੀ – ਮਈ 2018
ਅੰਮ੍ਰਿਤਸਰ $975
ਦਿੱਲੀ $825
ਟੈਕਸ ਸਮੇਤ
734 838 9998
24 ਘੰਟੇ ਐਮਰਜੈਂਸੀ ਸੇਵਾ
Harpreet Singh
WorldWide Travel
www.fly2world.com
86666 INDIA
46342
Fares shown are from Detroit for departure between Jan 5th and May 30th. Fare may change without notice, please call for more details. Other conditions

COLDWELL BANKER
Residential Brokerage
Thinking Real Estate?
TAJ HOME GROUP
BUYERS we'll find the right home for you.
We have a common goal: Making you a homeowner.
SELLERS we know your local markets
Allow us to list your home for a quick sale.
GURDEEP KAHLON
224-409-4042
iShowHomes@yahoo.com
PRADEEP SINGH
847-322-5832
iShowHomes@Yahoo.com
EQUAL HOUSING OPPORTUNITY
20 S. Roselle Rd., Schaumburg, IL 60193

ੴ ਸਤਿਗੁਰ ਪ੍ਰਸਾਦਿ॥

## ਆਪੇ ਸੇਵਾ ਲਾਇਅਨੁ ਆਪੇ ਬਖਸ ਕਰੇਇ॥

ਵਾਹਿਗੁਰੂ ਦੀ ਬਖਸ਼ਸ਼ ਨਾਲ ਪਿਛਲੇ ਕਈ ਵਰ੍ਹਿਆਂ ਤੋਂ ਗੁਰੂਘਰ ਦੇ ਪ੍ਰੀਤਵਾਨ ਸੇਵਾਦਾਰਾਂ ਨੇ ਸਿੱਖੀ-ਸੇਵਾ ਸੰਕਲਪ ਦੇ ਮਾਰਗ 'ਤੇ ਚਲਦਿਆਂ ਤਨ, ਮਨ, ਧਨ ਨਾਲ ਗੁਰਦੁਆਰਾ ਸਾਹਿਬ ਵਿਚ ਚਲ ਰਹੀ ਕਾਰ ਸੇਵਾ ਵਿਚ ਯੋਗਦਾਨ ਪਾਇਆ ਹੈ। ਅਕਾਲ ਪੁਰਖ ਦੀ ਇਸ ਮਿਹਰ ਦੇ ਸ਼ੁਕਰਾਨੇ ਵਜੋਂ ਗੁਰਦੁਆਰਾ ਪੈਲਾਟਾਈਨ ਵਿਖੇ

# ਕਾਰ ਸੇਵਾ ਦਿਵਸ - ਸਾਲਾਨਾ ਪ੍ਰੋਗਰਾਮ

**ਐਤਵਾਰ, 21 ਜਨਵਰੀ 2018 ਸਵੇਰੇ 10:30 ਤੋਂ 12:00 ਵਜੇ ਤੱਕ**

ਕੀਤਾ ਜਾ ਰਿਹਾ ਹੈ। ਇਸ ਦਿਨ 'ਗੁਰਮਤਿ ਵਿਚ ਕਾਰ ਸੇਵਾ ਦਾ ਮਹੱਤਵ' ਵਿਸ਼ੇ 'ਤੇ ਵਿਚਾਰਾਂ ਹੋਣਗੀਆਂ। ਸਕੂਲਾਂ, ਕਾਲਜਾਂ ਦੇ ਵਿਦਿਆਰਥੀਆਂ ਨੂੰ ਕਾਰ ਸੇਵਾ ਵਿਚ ਉਨ੍ਹਾਂ ਵਲੋਂ ਪਾਏ ਗਏ ਯੋਗਦਾਨ ਲਈ ਹੌਸਲਾ ਅਫਜ਼ਾਈ ਵਜੋਂ ਸਰਟੀਫਿਕੇਟ ਦਿੱਤੇ ਜਾਣਗੇ।

*ਸਾਧ ਸੰਗਤ ਨੂੰ ਬੇਨਤੀ ਹੈ ਕਿ ਹੁਮ ਹੁਮਾ ਕੇ ਦਰਸ਼ਨ ਦੇਣ ਦੀ ਕ੍ਰਿਪਾਲਤਾ ਕਰੋ ਅਤੇ ਕਾਰ ਸੇਵਾ ਵਿਚ ਜੁੜੇ ਨੌਜਵਾਨ ਵਿਦਿਆਰਥੀਆਂ ਦੀ ਹੌਂਸਲਾ ਅਫਜਾਈ ਕਰੋ।*







# KAR SEVA ANNUAL PRESENTATION

**Sunday January 21st , 2018** 10:30 A.M- Noon

ਕਾਰ ਸੇਵਾ
ਗੁਰਦਵਾਰਾ ਪੈਲਾਟਾਈਨ Gurdwara Palatine
KARSEVA

**SIKH RELIGIOUS SOCIETY**

1280 Winnetka St. Palatine IL 60067
(847)358 1117 | Email: contactus@srschicago.org
| Email: srskarseva@srschicago.org| Web: srschicago.org

# ਮੋਬਾਈਲਾਂ ਨੇ ਪੰਜਾਬੀਆਂ ਦੀ ਜੇਬਾਂ ਪਾੜੀਆਂ

**ਚੰਡੀਗੜ੍ਹ:** ਅੰਕੜੇ ਬੋਲਦੇ ਹਨ ਕਿ ਪੰਜਾਬੀ ਰੋਜ਼ਾਨਾ ਘੱਟੋ-ਘੱਟ 6.50 ਕਰੋੜ ਰੁਪਏ ਮੋਬਾਈਲਾਂ ਦੀ 'ਹੈਲੋ ਹੈਲੋ' ਉਤੇ ਰੋੜ੍ਹ ਰਹੇ ਹਨ। ਇਉਂ ਪੰਜਾਬ ਦੇ ਲੋਕਾਂ ਦਾ ਘੱਟੋ-ਘੱਟ ਟੈਲੀਫੋਨ (ਲੈਂਡਲਾਈਨ ਤੇ ਮੋਬਾਇਲ) ਖਰਚਾ ਔਸਤਨ 2300 ਕਰੋੜ ਰੁਪਏ ਸਾਲਾਨਾ ਬਣਦਾ ਹੈ। ਕੇਂਦਰੀ ਸੰਚਾਰ ਮੰਤਰਾਲੇ ਅਨੁਸਾਰ ਪੰਜਾਬ ਵਿਚ ਇਸ ਵੇਲੇ 3.84 ਕਰੋੜ ਟੈਲੀਫੋਨ (ਲੈਂਡਲਾਈਨ ਤੇ ਮੋਬਾਇਲ) ਹਨ ਜਿਨ੍ਹਾਂ ਵਿਚੋਂ 1.40 ਕਰੋੜ ਦਿਹਾਤੀ ਤੇ 2.44 ਕਰੋੜ ਸ਼ਹਿਰੀ ਖੇਤਰ 'ਚ ਹਨ।

ਪੰਜਾਬ ਦੀ ਅਨੁਮਾਨਤ ਆਬਾਦੀ ਸਾਲ 2017 ਵਿਚ 2.99 ਕਰੋੜ ਵਧੀ ਹੈ, ਜਦੋਂ ਕਿ ਟੈਲੀਫੋਨਾਂ ਦੀ ਗਿਣਤੀ 3.84 ਕਰੋੜ ਹੈ।

ਵੇਰਵਿਆਂ ਅਨੁਸਾਰ ਪੰਜਾਬ ਵਿਚ 2017 ਵਿਚ ਘਰਾਂ ਦੀ ਗਿਣਤੀ ਕਰੀਬ 55 ਲੱਖ ਹੈ। ਇਸ ਲਿਹਾਜ਼ ਨਾਲ ਦੇਖੀਏ ਤਾਂ ਪੰਜਾਬ ਦੇ ਹਰ ਘਰ ਵਿਚ ਔਸਤਨ ਸੱਤ ਟੈਲੀਫੋਨ ਹਨ। ਮੋਬਾਈਲ ਕੰਪਨੀਆਂ ਨੇ ਪੰਜਾਬ ਨੂੰ ਆਪਣੇ ਜਾਲ ਵਿਚ ਫਸਾ ਲਿਆ ਹੈ। ਹਰ ਕੁਨੈਕਸ਼ਨ ਧਾਰਕ ਦਾ ਟੈਲੀਫੋਨ ਖਰਚ ਪ੍ਰਤੀ ਮਹੀਨਾ ਘੱਟੋ-ਘੱਟ 50 ਰੁਪਏ ਵੀ ਮੰਨ ਲਈਏ ਤਾਂ 3.84 ਕਰੋੜ ਕੁਨੈਕਸ਼ਨਾਂ ਦੇ ਹਿਸਾਬ ਨਾਲ ਇਹ ਰਾਸ਼ੀ ਸਾਲਾਨਾ 2304 ਕਰੋੜ ਰੁਪਏ ਬਣ ਜਾਂਦੀ ਹੈ। ਇਉਂ ਪੰਜਾਬੀ ਹਰ ਮਹੀਨੇ ਟੈਲੀਫੋਨਾਂ 'ਤੇ 192 ਕਰੋੜ ਰੁਪਏ ਖ਼ਰਚਦੇ ਹਨ।

ਸੰਚਾਰ ਮੰਤਰਾਲੇ ਅਨੁਸਾਰ, ਪੰਜਾਬ 'ਚ 31 ਮਾਰਚ 2014 ਨੂੰ ਟੈਲੀਫੋਨਾਂ ਦੀ ਗਿਣਤੀ 3.23 ਕਰੋੜ ਸੀ ਜੋ 31 ਅਕਤੂਬਰ 2017 ਤੱਕ ਵਧ ਕੇ 3.84 ਕਰੋੜ ਹੋ ਗਈ ਹੈ; ਭਾਵ, ਸਾਢੇ ਤਿੰਨ ਵਰ੍ਹਿਆਂ ਵਿਚ ਟੈਲੀਫੋਨ ਕੁਨੈਕਸ਼ਨਾਂ ਦੀ ਗਿਣਤੀ ਵਿਚ 61 ਲੱਖ ਦਾ ਵਾਧਾ ਹੋਇਆ ਹੈ। ਪੰਜਾਬ ਵਿਚ ਕੁੱਲ 12586 ਆਬਾਦ ਪਿੰਡ ਹਨ ਜਿਨ੍ਹਾਂ 'ਚੋਂ ਸਿਰਫ਼ 24 ਪਿੰਡ ਅਜਿਹੇ ਹਨ ਜੋ ਹਾਲੇ ਮੋਬਾਈਲ ਫੋਨਾਂ ਦੀ ਮਾਰ ਵਿਚ ਨਹੀਂ ਹਨ। ਇਨ੍ਹਾਂ ਪਿੰਡਾਂ ਵਿਚ ਗੁਰਦਾਸਪੁਰ ਦੇ ਦੋ ਪਿੰਡ, ਕਪੂਰਥਲਾ ਜ਼ਿਲ੍ਹੇ ਦੇ ਛੇ, ਹੁਸ਼ਿਆਰਪੁਰ ਦੇ ਅੱਠ ਅਤੇ ਫਿਰੋਜ਼ਪੁਰ ਦੇ ਅੱਠ ਪਿੰਡ ਸ਼ਾਮਿਲ ਹਨ। ਸਰਕਾਰੀ ਅੰਕੜਿਆਂ ਅਨੁਸਾਰ ਪੰਜਾਬ ਵਿਚ 18333 ਮੋਬਾਈਲ ਟਾਵਰ ਅਤੇ ਚਾਰ ਦਰਜਨ ਮੋਬਾਈਲ ਐਕਸਚੇਂਜਾਂ ਹਨ। ਪੇਂਡੂ ਇਲਾਕੇ 'ਤੇ ਨਜ਼ਰ ਮਾਰੀਏ ਤਾਂ ਇਹ ਇਲਾਕਾ ਟੈਲੀਫੋਨ ਘਣਤਾ ਦੀ ਦਰ ਵਿਚ ਦੇਸ਼ ਭਰ 'ਚੋਂ ਤੀਜੇ ਨੰਬਰ 'ਤੇ ਹੈ। ਪੇਂਡੂ ਪੰਜਾਬ ਦੀ ਟੈਲੀਫੋਨ ਘਣਤਾ ਦਰ 81.02 ਫੀਸਦੀ ਹੈ, ਜਦੋਂ ਕਿ ਪਹਿਲੇ ਨੰਬਰ 'ਤੇ ਹਿਮਾਚਲ ਪ੍ਰਦੇਸ਼ ਹੈ ਜਿਸ ਦੀ ਘਣਤਾ ਦਰ 118 ਫੀਸਦੀ ਹੈ। ਦੂਸਰਾ ਨੰਬਰ ਤਾਮਿਲਨਾਡੂ ਦਾ ਹੈ।

## ਸ਼੍ਰੋਮਣੀ ਕਮੇਟੀ ਵੱਲੋਂ ਚੱਢਾ ਖਿਲਾਫ਼ ਮਤਾ ਪਾਸ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਨੇ ਇਤਰਾਜ਼ਯੋਗ ਵੀਡਿਓ ਮਾਮਲੇ ਵਿਚ ਚੀਫ ਖਾਲਸਾ ਦੀਵਾਨ ਦੇ ਆਗੂ ਚਰਨਜੀਤ ਸਿੰਘ ਚੱਢਾ ਖਿਲਾਫ਼ ਸਖਤ ਕਾਰਵਾਈ ਦੀ ਹਮਾਇਤ ਕੀਤੀ ਹੈ। ਇਸ ਸਬੰਧੀ ਇਕ ਮਤਾ ਪਾਸ ਕਰ ਕੇ ਅਕਾਲ ਤਖਤ ਦੇ ਜਥੇਦਾਰ ਕੋਲ ਅਗਲੀ ਕਾਰਵਾਈ ਲਈ ਭੇਜਿਆ ਗਿਆ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਆਖਿਆ ਕਿ ਜਿਵੇਂ ਸਾਬਕਾ ਅਕਾਲੀ ਮੰਤਰੀ ਸੁੱਚਾ ਸਿੰਘ ਲੰਗਾਹ ਖਿਲਾਫ਼ ਪਰਾਈ ਨਾਰੀ ਨਾਲ ਸਬੰਧ ਰੱਖਣ ਦੇ ਦੋਸ਼ ਹੇਠ ਅਕਾਲ ਤਖਤ ਤੋਂ ਸਖਤ ਕਾਰਵਾਈ ਕੀਤੀ ਗਈ ਸੀ, ਉਸੇ ਤਰ੍ਹਾਂ ਚਰਨਜੀਤ ਸਿੰਘ ਚੱਢਾ ਖਿਲਾਫ਼ ਲੱਗੇ ਦੋਸ਼ਾਂ 'ਤੇ ਵੀ ਕਾਰਵਾਈ ਹੋਣੀ ਚਾਹੀਦੀ ਹੈ। ਅੰਤ੍ਰਿੰਗ ਕਮੇਟੀ ਨੇ ਅਕਾਲ ਤਖਤ ਦੇ ਜਥੇਦਾਰ ਨੂੰ ਅਪੀਲ ਕੀਤੀ ਹੈ ਕਿ ਸਿੱਖ ਕਿਰਦਾਰ ਨੂੰ ਢਾਹ ਲਾਉਣ ਵਾਲੇ ਲੋਕਾਂ ਖਿਲਾਫ਼ ਬਣਦੀ ਕਾਰਵਾਈ ਕੀਤੀ ਜਾਵੇ। ਇਸ ਤੋਂ ਇਲਾਵਾ ਸਿੱਖ ਕਿਰਦਾਰ ਨੂੰ ਪਹਿਲਾਂ ਵਾਂਗ ਸਿਖਰ 'ਤੇ ਪਹੁੰਚਾਉਣ ਲਈ ਵਿਸ਼ੇਸ਼ ਯਤਨ ਕੀਤੇ ਜਾਣ।

ਵਿਦੇਸ਼ਾਂ ਵਿਚ ਸਿੱਖ ਗੁਰਦੁਆਰਾ ਕਮੇਟੀਆਂ ਵੱਲੋਂ ਭਾਰਤੀ ਅਧਿਕਾਰੀਆਂ ਦੀ ਗੁਰਦੁਆਰਾ ਪ੍ਰਬੰਧਾਂ ਵਿਚ ਦਖਲਅੰਦਾਜ਼ੀ 'ਤੇ ਲਾਈ ਰੋਕ ਨੂੰ ਚਿੰਤਾ ਦਾ ਵਿਸ਼ਾ ਕਰਾਰ ਦਿੰਦਿਆਂ ਭਾਈ ਲੌਂਗੋਵਾਲ ਨੇ ਆਖਿਆ ਕਿ ਭਾਰਤ ਸਰਕਾਰ ਨੂੰ ਸਿੱਖਾਂ ਨਾਲ ਜੁੜੇ ਮਸਲਿਆਂ ਦੇ ਹੱਲ ਲਈ ਸੰਜੀਦਾ ਹੋਣਾ ਚਾਹੀਦਾ ਹੈ। ਉਹ ਸਿੱਖ ਮਸਲਿਆਂ ਦੇ ਹੱਲ ਲਈ ਜਲਦੀ ਹੀ ਦੇਸ਼ ਦੇ ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ ਨਾਲ ਮੁਲਾਕਾਤ ਕਰਨਗੇ।

## ਰਾਣਾ ਗੁਰਜੀਤ ਵੱਲੋਂ ਅਸਤੀਫਾ

**ਚੰਡੀਗੜ੍ਹ:** ਪੰਜਾਬ ਦੇ ਬਿਜਲੀ ਮੰਤਰੀ ਰਾਣਾ ਗੁਰਜੀਤ ਨੇ ਅਸਤੀਫਾ ਦੇ ਦਿੱਤਾ ਹੈ। ਉਹ ਰੇਤ ਦੀਆਂ ਖੱਡਾਂ ਦੀ ਨਿਲਾਮੀ ਮਾਮਲੇ ਵਿਚ ਗੜਬੜੀ ਦੇ ਦੋਸ਼ਾਂ ਵਿਚ ਘਿਰੇ ਸਨ। ਰਾਣਾ ਗੁਰਜੀਤ ਨੇ ਇਨ੍ਹਾਂ ਇਲਜ਼ਾਮਾਂ ਦੇ ਦਬਾਅ ਹੇਠ ਮੁੱਖ ਮੰਤਰੀ ਨੂੰ ਅਸਤੀਫਾ ਭੇਜ ਦਿੱਤਾ। ਰਾਣਾ ਗੁਰਜੀਤ ਤੇ ਉਨ੍ਹਾਂ ਦੇ ਪੁੱਤਰ 'ਤੇ ਤਾਜ਼ਾ ਇਲਜ਼ਾਮ ਵਿਰੋਧੀ ਧਿਰ ਦੇ ਨੇਤਾ ਸੁਖਪਾਲ ਸਿੰਘ ਖਹਿਰਾ ਨੇ ਲਾਏ ਸਨ। ਰਾਣਾ ਦੇ ਪੁੱਤਰ ਨੂੰ ਈ.ਡੀ. ਵੱਲੋਂ ਫੇਮਾ ਦੀ ਉਲੰਘਣਾ ਦਾ ਨੋਟਿਸ ਵੀ ਭੇਜਿਆ ਗਿਆ ਸੀ।

ਇਸ 'ਤੇ ਕੈਪਟਨ ਅਮਰਿੰਦਰ ਸਿੰਘ ਦੀ ਚੁੱਪ ਉਤੇ ਸਵਾਲ ਉਠੇ ਸਨ। ਖਹਿਰਾ ਨੇ ਰਾਣਾ 'ਤੇ ਇਲਜ਼ਾਮ ਲਾਉਂਦਿਆਂ ਇਹ ਵੀ ਕਿਹਾ ਸੀ ਕਿ ਉਹ ਆਪਣੇ ਅਹੁਦੇ ਦੀ ਦੁਰਵਰਤੋਂ ਕਰ ਕੇ ਆਪਣੇ ਵਪਾਰ ਨੂੰ ਪੰਜਾਬ ਤੇ ਦੁਨੀਆਂ ਦੇ ਹੋਰ ਕੋਨਿਆਂ ਵਿਚ ਪਸਾਰਨਾ ਚਾਹੁੰਦਾ ਹੈ। ਕੁਝ ਦਿਨ ਪਹਿਲਾਂ ਰਾਣਾ ਗੁਰਜੀਤ ਵੱਲੋਂ 1984 ਸਿੱਖ ਕਤਲੇਆਮ ਵਿਚ ਕਾਂਗਰਸ ਨੂੰ 'ਕਲੀਨ ਚਿੱਟ' ਦੇਣ ਦੇ ਮੁੱਦੇ 'ਤੇ ਵਿਰੋਧੀਆਂ ਨੇ ਖੂਬ ਖਰੀਆਂ ਸੁਣਾਈਆਂ ਸਨ। ਰਾਣਾ ਗੁਰਜੀਤ ਨੇ ਦੱਸਿਆ ਕਿ ਉਨ੍ਹਾਂ ਨੈਤਿਕਤਾ ਦੇ ਆਧਾਰ 'ਤੇ 4 ਜਨਵਰੀ ਨੂੰ ਲਿਖਤੀ ਤੌਰ 'ਤੇ ਅਸਤੀਫਾ ਮੁੱਖ ਮੰਤਰੀ ਨੂੰ ਭੇਜ ਦਿੱਤਾ ਹੈ।

# ਅੰਮ੍ਰਿਤਸਰ ਹਵਾਈ ਅੱਡੇ 'ਤੇ ਯਾਤਰੂਆਂ ਦੀ ਗਿਣਤੀ ਵਿਚ 52.4 ਪ੍ਰਤੀਸ਼ਤ ਵਾਧਾ

**ਅੰਮ੍ਰਿਤਸਰ (ਬਿਊਰੋ):** ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡਾ, ਅੰਮ੍ਰਿਤਸਰ ਨਵੀਆਂ ਬੁਲੰਦੀਆਂ ਨੂੰ ਛੂਹ ਰਿਹਾ ਹੈ। ਹਾਲ ਹੀ ਵਿਚ ਏਅਰਪੋਰਟ ਅਥਾਰਟੀ ਆਫ ਇੰਡੀਆ ਵਲੋਂ ਜਾਰੀ ਅੰਕੜਿਆਂ ਅਨੁਸਾਰ ਨਵੰਬਰ 2017 ਵਿਚ ਕੁਲ ਯਾਤਰੂਆਂ ਦੀ ਗਿਣਤੀ 2,13,615 ਸੀ ਜੋ ਇਕ ਨਵਾਂ ਰਿਕਾਰਡ ਹੈ।



ਸਮੀਪ ਸਿੰਘ ਗੁਮਟਾਲਾ

ਇਸ ਸਬੰਧੀ ਜਾਣਕਾਰੀ ਦਿੰਦਿਆਂ ਅੰਮ੍ਰਿਤਸਰ ਵਿਕਾਸ ਮੰਚ ਦੇ ਓਵਰਸੀਜ਼ ਮਾਮਲਿਆਂ ਦੇ ਸਕੱਤਰ ਸਮੀਪ ਸਿੰਘ ਗੁਮਟਾਲਾ ਨੇ ਦੱਸਿਆ ਕਿ ਨਵੰਬਰ 2016 ਦੇ ਮੁਕਾਬਲੇ ਨਵੰਬਰ 2017 ਵਿਚ ਦੇਸ਼ ਅੰਦਰਲੀਆਂ (ਡੋਮੈਸਟਿਕ) ਸਵਾਰੀਆਂ ਦੀ ਗਿਣਤੀ ਵਿਚ 75.6 ਪ੍ਰਤੀਸ਼ਤ ਵਾਧਾ ਹੋਇਆ। ਨਵੰਬਰ 2016 ਵਿਚ ਘਰੇਲੂ ਸਵਾਰੀਆਂ ਦੀ ਗਿਣਤੀ 91,185 ਸੀ ਜੋ ਨਵੰਬਰ 2017 ਵਿਚ ਵਧ ਕੇ 1,60,150 ਹੋ ਗਈ। ਇਸ ਮਹੀਨੇ ਸਭ ਤੋਂ ਵੱਧ ਯਾਤਰੂਆਂ ਨੇ ਅੰਮ੍ਰਿਤਸਰ-ਦਿੱਲੀ ਉਡਾਣ 'ਤੇ ਸਫਰ ਕੀਤਾ ਜੋ ਕਿ 1,12,816 ਸੀ, ਜਦਕਿ ਅੰਮ੍ਰਿਤਸਰ-ਮੁੰਬਈ ਉਡਾਣ ਦੀ ਗਿਣਤੀ 29,341 ਯਾਤਰੂਆਂ ਦੇ ਨਾਲ ਦੂਜੇ ਸਥਾਨ 'ਤੇ ਸੀ। ਭਾਰਤ ਦੇ ਅੰਤਰਰਾਸ਼ਟਰੀ ਹਵਾਈ ਅੱਡਿਆਂ ਵਿਚ ਇਸ ਵਾਧੇ ਅਨੁਸਾਰ ਅੰਮ੍ਰਿਤਸਰ ਦਾ ਦੂਜਾ ਸਥਾਨ ਸੀ, ਜਦਕਿ ਸ੍ਰੀਨਗਰ ਪਹਿਲੇ ਸਥਾਨ 'ਤੇ ਸੀ।

ਪਹਿਲੀ ਅਪਰੈਲ ਤੋਂ 30 ਨਵੰਬਰ 2017 ਦੌਰਾਨ 10,28,312 ਯਾਤਰੂਆਂ ਨੇ ਘਰੇਲੂ ਉਡਾਣਾਂ ਵਿਚ ਸਫਰ ਕੀਤਾ ਜਦਕਿ ਪਿਛਲੇ ਸਾਲ ਇਸ ਸਮੇਂ ਦੌਰਾਨ ਇਹ ਗਿਣਤੀ 6,58,923 ਸੀ। ਜਿਥੋਂ ਤੀਕ ਅੰਤਰਰਾਸ਼ਟਰੀ ਯਾਤਰੂਆਂ ਦੀ ਗਿਣਤੀ ਦਾ ਸਬੰਧ ਹੈ, ਇਸ ਸਾਲ ਇਹ ਗਿਣਤੀ 3,87,721 ਹੈ ਜਦਕਿ ਪਿਛਲੇ ਸਾਲ ਇਸ ਸਮੇਂ ਦੌਰਾਨ ਇਹ ਗਿਣਤੀ 3,38,697 ਸੀ। ਇਸੇ ਤਰ੍ਹਾਂ ਨਵੰਬਰ 2017 ਦੇ ਇਕ ਮਹੀਨੇ ਦੀ ਇਹ ਗਿਣਤੀ 53,465 ਸੀ ਜਦਕਿ ਨਵੰਬਰ 2016 ਦੀ ਇਹ ਗਿਣਤੀ 48,939 ਸੀ।

ਮੰਚ ਦੇ ਸਰਪ੍ਰਸਤ ਅਤੇ ਏਅਰਪੋਰਟ ਦੀ ਸਲਾਹਕਾਰ ਕਮੇਟੀ ਦੇ ਮੈਂਬਰ ਸ. ਮਨਮੋਹਨ ਸਿੰਘ ਨੇ ਕਿਹਾ ਕਿ ਜਿਸ ਹਿਸਾਬ ਨਾਲ ਯਾਤਰੂਆਂ ਦੀ ਗਿਣਤੀ ਵਿਚ ਵਾਧਾ ਹੋ ਰਿਹਾ ਹੈ, ਉਸ ਹਿਸਾਬ ਨਾਲ 2020 ਤੱਕ ਇਹ ਗਿਣਤੀ ਹਵਾਈ ਅੱਡੇ ਦੇ ਟਰਮੀਨਲ ਦੀ ਇਮਾਰਤ ਦੀ ਕੁੱਲ ਸਮਰਥਾ, ਜੋ 40 ਲੱਖ ਹੈ, ਨੂੰ ਪਾਰ ਕਰ ਸਕਦੀ ਹੈ। ਇਸ ਲਈ ਮੌਜੂਦਾ ਇਮਾਰਤ ਨੂੰ ਵੱਡਾ ਕਰਨ ਜਾਂ ਦਿੱਲੀ ਵਾਂਗੂ ਘਰੇਲੂ ਉਡਾਣਾਂ ਲਈ ਇਕ ਵੱਖਰੀ ਇਮਾਰਤ ਬਣਾਉਣ ਦੀ ਜਰੂਰਤ ਹੈ। ਉਨ੍ਹਾਂ ਭਾਰਤ ਸਰਕਾਰ ਤੋਂ ਮੰਗ ਕੀਤੀ ਹੈ ਕਿ ਇਸ ਸਬੰਧੀ ਜਰੂਰੀ ਕਦਮ ਜਲਦ ਪੁੱਟੇ ਜਾਣ।

ਹੋਰ ਜਾਣਕਾਰੀ ਲਈ ਅੰਮ੍ਰਿਤਸਰ ਵਿਕਾਸ ਮੰਚ ਦੇ ਸਕੱਤਰ ਸਮੀਪ ਸਿੰਘ ਗੁਮਟਾਲਾ ਨਾਲ ਫੋਨ 1-937- 654-8873 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

## ਹਰਮਨ-ਪਿਆਰਤਾ 'ਚ ਮੋਦੀ ਨੂੰ ਤੀਜੀ ਥਾਂ

**ਲੰਡਨ:** ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਹਰਮਨ-ਪਿਆਰਤਾ ਨੇ ਇਕ ਹੋਰ ਨਵਾਂ ਰਿਕਾਰਡ ਕਾਇਮ ਕੀਤਾ ਹੈ। ਉਨ੍ਹਾਂ ਨੂੰ ਇਕ ਅੰਤਰਰਾਸ਼ਟਰੀ ਸਰਵੇਖਣ ਵਿਚ ਦੁਨੀਆਂ ਦੇ ਮੁੱਖ ਤਿੰਨ ਨੇਤਾਵਾਂ 'ਚ ਸ਼ਾਮਲ ਕੀਤਾ ਗਿਆ ਹੈ। ਫਰਾਂਸ ਦੇ ਰਾਸ਼ਟਰਪਤੀ ਇਮੈਨੂਅਲ ਮੈਕ੍ਰੋਂ ਨੂੰ ਪਹਿਲੇ ਤੇ ਜਰਮਨੀ ਦੀ ਚਾਂਸਲਰ ਏਂਜਲਾ ਮਰਕਲ ਨੂੰ ਇਸ ਸਰਵੇਖਣ 'ਚ ਦੂਸਰੇ ਸਥਾਨ ਉਤੇ ਰੱਖਿਆ ਹੈ।









# ਸੁਪਰੀਮ ਕੋਰਟ 'ਚ ਜੱਜਾਂ ਦੀ ਬਗਾਵਤ ਨਿਆਂ ਪਾਲਿਕਾ ਲਈ ਨਮੋਸ਼ੀ

**ਨਵੀਂ ਦਿੱਲੀ:** ਸੁਪਰੀਮ ਕੋਰਟ ਦੇ ਚਾਰ ਸਭ ਤੋਂ ਸੀਨੀਅਰ ਜੱਜਾਂ ਵੱਲੋਂ ਭਾਰਤ ਦੇ ਚੀਫ ਜਸਟਿਸ ਦੀਪਕ ਮਿਸ਼ਰਾ ਖਿਲਾਫ਼ ਮੀਡੀਆ ਸਾਹਮਣੇ ਕੱਢੀ ਭੜਾਸ ਨੇ ਇਸ ਸਿਖਰਲੀ ਅਦਾਲਤ ਅੰਦਰਲੀ ਫੁੱਟ ਬੇਪਰਦ ਹੋ ਗਈ ਹੈ। ਭਾਵੇਂ ਇਸ ਵਿਵਾਦ ਨੂੰ ਸੁਲਝਾਉਣ ਦੇ ਦਾਅਵੇ ਕੀਤੇ ਜਾ ਰਹੇ ਹਨ, ਪਰ ਸੀਨੀਅਰ ਜੱਜਾਂ ਵਿਚਲੀ ਖਹਿਬਾਜ਼ੀ ਨੇ ਭਾਰਤੀ ਨਿਆਂ ਪ੍ਰਣਾਲੀ 'ਤੇ ਵੱਡੇ ਸਵਾਲ ਚੁੱਕੇ ਹਨ।

ਜਸਟਿਸ ਜੇ. ਚੇਲਾਮੇਸ਼ਵਰ, ਜਸਟਿਸ ਰੰਜਨ ਗੋਗੋਈ, ਜਸਟਿਸ ਮਦਨ ਬੀ. ਲੋਕੁਰ ਤੇ ਜਸਟਿਸ ਕੁਰੀਅਨ ਜੋਜ਼ੇਫ਼ ਨੇ ਇਕ ਪ੍ਰੈਸ ਕਾਨਫਰੰਸ ਰਾਹੀਂ ਚੀਫ ਜਸਟਿਸ ਉਤੇ 'ਮਨਮਾਨੀਆਂ' ਦੇ ਦੋਸ਼ ਲਾਏ। ਦੋ ਹੋਰ ਜੱਜ ਵੀ ਬਾਅਦ ਵਿਚ ਇਸ ਪ੍ਰੈਸ ਕਾਨਫਰੰਸ 'ਚ ਹਾਜ਼ਰ ਹੋ ਗਏ। ਇਸ ਮੌਕੇ ਇਕ ਪੱਤਰ ਵੀ ਰਿਲੀਜ਼ ਕੀਤਾ ਗਿਆ ਜਿਹੜਾ ਕਿ ਚਾਰ ਸੀਨੀਅਰ ਜੱਜਾਂ ਨੇ ਚੀਫ ਜਸਟਿਸ ਨੂੰ ਲਿਖਿਆ ਸੀ।

ਪੱਤਰ ਵਿਚ ਉਨ੍ਹਾਂ ਨੇ ਆਪਣੀਆਂ ਸ਼ਿਕਾਇਤਾਂ ਤੇ ਸ਼ਿਕਵਿਆਂ ਦੇ ਵੇਰਵੇ ਦੇਣ ਦੀ ਥਾਂ ਨਿਆਇਕ ਪ੍ਰਬੰਧ ਵਿਚ ਅਸਪਸ਼ਟਤਾ ਤੇ ਭ੍ਰਿਸ਼ਟਾਚਾਰ ਹੋਣ ਦੇ ਸੰਕੇਤ ਦਿੱਤੇ ਹਨ। ਦਿਲਚਸਪ ਤੱਥ ਇਹ ਹੈ ਕਿ ਪੱਤਰ ਵਿਚਲੇ ਸ਼ਿਕਵੇ ਮੌਜੂਦਾ



ਚੀਫ ਜਸਟਿਸ ਦੇ ਨਾਲ-ਨਾਲ ਪਿਛਲੇ ਚੀਫ ਜਸਟਿਸਾਂ ਵੱਲ ਵੀ ਸੇਧਿਤ ਹਨ।

ਇਹ ਪਹਿਲੀ ਵਾਰ ਹੈ ਜਦੋਂ ਸੁਪਰੀਮ ਕੋਰਟ ਅੰਦਰਲੀ ਫੁੱਟ ਇਸ ਢੰਗ ਨਾਲ ਬਾਹਰ ਆਈ ਹੈ। ਜਸਟਿਸ ਚੇਲਾਮੇਸ਼ਵਰ ਨੇ ਤਾਂ ਇਥੋਂ ਤੱਕ ਆਖ ਦਿੱਤਾ ਕਿ ਭਾਰਤੀ ਨਿਆਂ ਪ੍ਰਣਾਲੀ ਦੇ ਇਤਿਹਾਸ ਵਿਚ ਇਹ ਅਸਾਧਾਰਨ ਘਟਨਾ ਹੈ। ਕਈ ਮੌਕਿਆਂ ਉਤੇ ਸੁਪਰੀਮ ਕੋਰਟ ਦਾ ਪ੍ਰਸ਼ਾਸਨ ਤਰਕਸੰਗਤ ਨਹੀਂ ਰਹਿੰਦਾ ਤੇ ਪਿਛਲੇ ਮਹੀਨਿਆਂ ਵਿਚ ਅਜਿਹੀਆਂ ਘਟਨਾਵਾਂ ਵਾਪਰੀਆਂ ਹਨ, ਜਿਨ੍ਹਾਂ ਦੀ ਆਸ ਨਹੀਂ ਕੀਤੀ ਜਾਂਦੀ।

ਮੀਡੀਆ ਕਾਨਫਰੰਸ ਵਿਚ ਚੀਫ ਜਸਟਿਸ ਨੂੰ ਭੇਜੇ ਸੱਤ ਸਫਿਆਂ ਦੇ ਪੱਤਰ ਨੂੰ ਜਾਰੀ ਕਰਦਿਆਂ ਇਨ੍ਹਾਂ ਜੱਜਾਂ ਨੇ ਦੋਸ਼ ਲਾਇਆ ਉਨ੍ਹਾਂ ਦੀ ਕਾਰਜਸ਼ੈਲੀ ਨਾਲ ਦੇਸ਼ ਦਾ ਨਿਆਂ ਪ੍ਰਬੰਧ ਪ੍ਰਭਾਵਿਤ ਹੋ ਰਿਹਾ ਹੈ ਤੇ ਹਾਈ ਕੋਰਟਾਂ ਦੀ ਆਜ਼ਾਦੀ ਉਤੇ ਵੀ ਅਸਰ ਪੈ ਰਿਹਾ ਹੈ। ਉਨ੍ਹਾਂ ਨੇ ਚੀਫ ਜਸਟਿਸ ਮਿਸ਼ਰਾ ਦੇ ਧਿਆਨ ਵਿਚ ਕੁਝ ਮਾਮਲੇ ਲਿਆਂਦੇ ਸਨ, ਜਿਨ੍ਹਾਂ ਕਰ ਕੇ ਸੁਪਰੀਮ ਕੋਰਟ ਦੀ ਕਾਰਜ ਪ੍ਰਣਾਲੀ ਪ੍ਰਭਾਵਿਤ ਹੋ ਰਹੀ ਸੀ ਤੇ ਚੀਫ ਜਸਟਿਸ ਨੇ ਇਸ ਸਬੰਧੀ ਕੋਈ ਢੁਕਵੇਂ ਕਦਮ ਨਹੀਂ ਚੁੱਕੇ। ਜਸਟਿਸ ਚੇਲਾਮੇਸ਼ਵਰ ਨੇ ਕਿਹਾ ਕਿ ਜਦੋਂ ਤੱਕ ਸੁਪਰੀਮ ਕੋਰਟ ਨੂੰ ਨਹੀਂ ਬਚਾਇਆ ਜਾਂਦਾ ਜਮਹੂਰੀਅਤ ਦਾ ਵਿਕਾਸ ਨਹੀਂ ਹੋ ਸਕਦਾ। ਉਹ ਸੁਪਰੀਮ ਕੋਰਟ ਅਤੇ ਦੇਸ਼ ਦੇ ਦੇਣਦਾਰ ਹਨ ਤੇ ਇਸ ਤਰ੍ਹਾਂ ਅਚਾਨਕ ਪ੍ਰੈਸ ਕਾਨਫਰੰਸ ਬੁਲਾਉਣਾ ਬੇਹੱਦ ਦੁਖਦਾਈ ਕਦਮ ਹੈ। ਉਨ੍ਹਾਂ ਕਿਹਾ ਕਿ ਚਾਰੇ ਸੀਨੀਅਰ ਜਸਟਿਸ, ਚੀਫ ਜਸਟਿਸ ਨੂੰ ਮੁੱਦੇ ਸਮਝਾਉਣ ਵਿਚ ਅਸਫਲ ਰਹੇ ਹਨ ਕਿ ਕੁਝ ਗੱਲਾਂ ਸੁਪਰੀਮ ਕੋਰਟ ਵਿਚ ਠੀਕ ਨਹੀਂ ਹੋ ਰਹੀਆਂ, ਇਸ ਕਰ ਕੇ ਇਹ ਸਿਖਰਲਾ ਕਦਮ ਚੁੱਕਣਾ ਪਿਆ ਹੈ। ਜ਼ਿਕਰਯੋਗ ਹੈ ਕਿ ਇਹ ਚਾਰੇ ਸੀਨੀਅਰ ਜੱਜ ਚੀਫ ਜਸਟਿਸ ਦੇ ਨਾਲ ਸੁਪਰੀਮ ਕੋਰਟ ਕੌਲਜੀਅਮ ਦੇ ਵਿਚ ਸ਼ਾਮਲ ਹਨ, ਜੋ ਸੁਪਰੀਮ ਕੋਰਟ ਦੇ ਲਈ ਜੱਜਾਂ ਦੀ ਚੋਣ ਕਰਦਾ ਹੈ।

### ਚਿੱਠੀ ਵਿਚ ਉਠਾਏ ਸਨ ਤਿੱਖੇ ਸਵਾਲ

**ਨਵੀਂ ਦਿੱਲੀ:** ਚਾਰੇ ਜੱਜਾਂ ਵੱਲੋਂ ਲਿਖੀ ਚਿੱਠੀ 'ਚ ਮੁੱਖ ਤੌਰ 'ਤੇ ਕੇਸਾਂ ਦੀ ਵੰਡ 'ਚ ਚੀਫ ਜਸਟਿਸ ਵੱਲੋਂ ਕੀਤੇ ਪੱਖਪਾਤ ਦਾ ਮੁੱਦਾ ਉਠਾਇਆ ਗਿਆ ਸੀ। 7 ਪੇਜਾਂ ਦੀ ਚਿੱਠੀ 'ਚ ਕਿਹਾ ਗਿਆ ਸੀ ਕਿ ਚੀਫ ਜਸਟਿਸ ਉਸ ਪਰੰਪਰਾ ਤੋਂ ਬਾਹਰ ਜਾ ਰਹੇ ਹਨ, ਜਿਸ ਤਹਿਤ ਅਹਿਮ ਮਾਮਲਿਆਂ ਦਾ ਫੈਸਲਾ ਇਕੱਠੇ ਲਿਆ ਜਾਂਦਾ ਸੀ। ਚਿੱਠੀ ਵਿਚ ਇਹ ਵੀ ਕਿਹਾ ਗਿਆ ਕਿ ਕਈ ਅਹਿਮ ਮਾਮਲੇ, ਜੋ ਸੁਪਰੀਮ ਕੋਰਟ ਦੀ ਅਖੰਡਤਾ ਨੂੰ ਪ੍ਰਭਾਵਿਤ ਕਰਦੇ ਹਨ, ਚੀਫ ਜਸਟਿਸ ਬਿਨਾਂ ਕਿਸੇ ਵਾਜਬ ਕਾਰਨ ਦੇ ਆਪਣੀ ਪਸੰਦ ਦੀ ਬੈਂਚ ਦੇ ਸਪੁਰਦ ਕਰ ਦਿੰਦੇ ਹਨ, ਜਿਸ ਨਾਲ ਸੰਸਥਾ ਦੇ ਅਕਸ ਨੂੰ ਢਾਹ ਲਗਦੀ ਹੈ। ਜੱਜਾਂ ਵੱਲੋਂ ਲਿਖੀ ਚਿੱਠੀ ਵਿਚ ਜ਼ਿਆਦਾ ਕੇਸਾਂ ਦਾ ਹਵਾਲਾ ਨਹੀਂ ਸੀ, ਪਰ ਉਨ੍ਹਾਂ ਵਲੋਂ ਉਤਰਾਖੰਡ ਦੇ ਚੀਫ ਜਸਟਿਸ ਕੇ.ਐਮ. ਜੋਸਫ ਅਤੇ ਸੁਪਰੀਮ ਕੋਰਟ ਦੀ ਸੀਨੀਅਰ ਵਕੀਲ ਇੰਦੂ ਮਲਹੋਤਰਾ ਨੂੰ ਸੁਪਰੀਮ ਕੋਰਟ 'ਚ ਜੱਜ ਨਿਯੁਕਤ ਕਰਨ ਦੀ ਸਿਫਾਰਸ਼ ਉਤੇ ਸਵਾਲ ਉਠਾਏ ਸਨ। ਦੱਸਣਯੋਗ ਹੈ ਕਿ ਜੋਸਫ ਨੇ ਹਾਈ ਕੋਰਟ 'ਚ ਰਹਿੰਦਿਆਂ 21 ਅਪਰੈਲ, 2016 ਨੂੰ ਉਤਰਾਖੰਡ 'ਚ ਹਰੀਸ਼ ਰਾਵਤ ਦੀ ਸਰਕਾਰ ਨੂੰ ਹਟਾ ਕੇ ਰਾਸ਼ਟਰਪਤੀ ਸ਼ਾਸਨ ਲਾਉਣ ਦੇ ਫੈਸਲੇ ਨੂੰ ਰੱਦ ਕੀਤਾ ਸੀ।

# ਕਾਂਗਰਸੀ ਵਜ਼ੀਰਾਂ ਨੇ ਆਪਣੀ ਸਰਕਾਰ ਵੱਲ ਹੀ ਚੁੱਕੀਆਂ ਉਂਗਲਾਂ

**ਚੰਡੀਗੜ੍ਹ:** ਕੈਪਟਨ ਅਮਰਿੰਦਰ ਸਿੰਘ ਸਰਕਾਰ ਭਾਵੇਂ ਆਪਣੇ 10 ਮਹੀਨਿਆਂ ਦੀ ਸੱਤਾ ਦੀਆਂ ਪ੍ਰਾਪਤੀਆਂ ਗਿਣਵਾਉਣ ਵਿਚ ਰੁੱਝੀ ਹੋਈ ਹੈ ਪਰ ਉਸ ਦੇ ਆਪਣੇ ਮੰਤਰੀ, ਸਰਕਾਰ ਦੇ



ਕੰਮਕਾਜ ਤੋਂ ਸੰਤੁਸ਼ਟ ਨਹੀਂ ਹਨ। ਕੁਝ ਮੰਤਰੀਆਂ ਵੱਲੋਂ ਪ੍ਰੈਸ ਕਾਨਫਰੰਸਾਂ ਵਿਚ ਸਰਕਾਰ ਵੱਲ ਖੁੱਲ੍ਹੇਆਮ ਉਂਗਲ ਚੁੱਕਣ ਕਾਰਨ ਕੈਪਟਨ ਸਰਕਾਰ ਲਈ ਨਵੀਂ ਸਿਰਦਰਦੀ ਖੜ੍ਹੀ ਹੋ ਗਈ ਹੈ। ਸਥਾਨਕ ਸੰਸਥਾਵਾਂ ਤੇ ਸੈਰ-ਸਪਾਟੇ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਇਕ ਮੀਡੀਆ ਕਾਨਫਰੰਸ ਵਿਚ ਇਹ ਕਹਿ ਦਿੱਤਾ ਕਿ ਉਨ੍ਹਾਂ ਵੱਲੋਂ ਜਿਨ੍ਹਾਂ ਭ੍ਰਿਸ਼ਟ ਅਫਸਰਾਂ ਜਾਂ ਅਜਿਹੇ ਹੋਰਨਾਂ ਅਨਸਰਾਂ ਖਿਲਾਫ਼ ਕਾਰਵਾਈ ਦੀ ਸਿਫਾਰਸ਼ ਕੀਤੀ ਗਈ, ਉਨ੍ਹਾਂ ਦੇ ਕੇਸ ਮੁੱਖ ਮੰਤਰੀ ਦਫਤਰ ਵਿਚ ਫਸੇ ਹੋਏ ਹਨ।

ਇਸੇ ਤਰ੍ਹਾਂ ਦਿਹਾਤੀ ਵਿਕਾਸ ਤੇ ਪੰਚਾਇਤ ਰਾਜ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਨੇ ਮੰਨਿਆ ਕਿ ਉਹ ਮੰਤਰੀ ਵਜੋਂ ਆਪਣੇ ਹੀ ਵਿਭਾਗੀ ਖੇਤਰ ਵਿਚ ਆਪਣਾ ਦਾਬਾ ਚਲਾਉਣ ਪੱਖੋਂ ਨਾਕਾਮ ਹਨ ਅਤੇ ਬਹੁਗਿਣਤੀ ਪੰਚਾਇਤਾਂ, ਘਪਲਿਆਂ ਦੀ ਜਾਂਚ ਅਤੇ ਪਖਾਨਿਆਂ ਦੀ ਉਸਾਰੀ ਵਰਗੇ ਮਾਮਲਿਆਂ ਵਿਚ ਉਨ੍ਹਾਂ ਨੂੰ ਸਹਿਯੋਗ ਨਹੀਂ ਦੇ ਰਹੀਆਂ। ਸ੍ਰੀ ਬਾਜਵਾ ਨੇ ਅਸਹਿਯੋਗ ਲਈ ਆਪਣੀ ਉਂਗਲ ਅਕਾਲੀ-ਭਾਜਪਾ ਪੰਚਾਇਤਾਂ, ਖਾਸ ਕਰ ਕੇ ਅਕਾਲੀ ਪੱਖੀ ਸਰਪੰਚਾਂ ਉਤੇ ਧਰੀ ਹੈ। ਉਨ੍ਹਾਂ ਵੱਲੋਂ ਇਹ ਮੰਨੇ ਜਾਣਾ ਕਿ ਕਾਂਗਰਸ ਦੀ ਸਰਕਾਰ ਬਣਨ ਦੇ ਬਾਵਜੂਦ ਪੰਜਾਬ ਵਿਚ ਖੁੱਲ੍ਹੇਆਮ ਨਾਜਾਇਜ਼ ਮਾਈਨਿੰਗ ਚੱਲ ਰਹੀ ਹੈ ਅਤੇ ਪੰਚਾਇਤੀ ਜ਼ਮੀਨਾਂ ਵੀ ਇਸ ਤੋਂ ਮੁਕਤ ਨਹੀਂ, ਹਥਿਆਰ ਸੁੱਟਣ ਵਾਂਗ ਹੈ।

### ਕਰਜ਼ ਮੁਆਫੀ ਉਤੇ ਵਿਧਾਇਕਾਂ ਦਾ ਗਿਲਾ

**ਚੰਡੀਗੜ੍ਹ:** ਕਿਸਾਨ ਕਰਜ਼ਾ ਮੁਕਤੀ ਬਾਰੇ ਸੂਬੇ ਦੇ ਕਿਸਾਨ ਹੀ ਸਰਕਾਰ ਤੋਂ ਦੁਖੀ ਨਹੀਂ ਬਲਕਿ ਪੰਜਾਬ ਕਾਂਗਰਸ ਦੇ ਕਈ ਵਿਧਾਇਕਾਂ ਨੇ ਵੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਕੋਲ ਰੋਣੇ ਰੋਏ ਹਨ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਕਰਜ਼ੇ ਬਾਰੇ ਅਹਿਮ ਬੈਠਕ ਵਿਚ ਸਭ ਤੋਂ ਪਹਿਲਾਂ ਵਿਧਾਇਕਾਂ ਨੇ ਜ਼ਮੀਨੀ ਹਾਲਾਤ ਦੱਸੇ ਤੇ ਕਿਹਾ ਕਿ ਕਿਸਾਨ ਉਨ੍ਹਾਂ ਨੂੰ ਨਿੱਤ ਦਿਨ ਕਰਜ਼ਾ ਮੁਕਤੀ 'ਤੇ ਘੇਰ ਰਹੇ ਹਨ। ਕਿਸਾਨ ਸਿਰਫ ਸਹਿਕਾਰੀ ਬੈਂਕਾਂ ਦੀ ਕਰਜ਼ਾ ਮੁਕਤੀ ਤੋਂ ਖੁਸ਼ ਨਹੀਂ ਹਨ, ਉਹ ਮੈਨੀਫੈਸਟੋ ਦੇ ਵਾਅਦੇ ਮੁਤਾਬਕ ਬੈਂਕਾਂ ਤੇ ਆੜ੍ਹਤੀਆਂ ਦੀ ਕਰਜ਼ ਮੁਕਤੀ ਬਾਰੇ ਪੁੱਛ ਰਹੇ ਹਨ। ਵਿਧਾਇਕਾਂ ਨੇ ਤਾਂ ਇਥੋਂ ਤੱਕ ਕਿਹਾ ਹੈ ਕਿ ਕਿਸਾਨ ਯੂਨੀਅਨਾਂ ਦੇ ਪ੍ਰਭਾਵ ਵਾਲੇ ਕਈ ਪਿੰਡਾਂ 'ਚ ਸਾਡਾ ਜਾਣਾ ਮੁਸ਼ਕਲ ਹੋ ਗਿਆ ਹੈ। ਉਨ੍ਹਾਂ ਸਰਕਾਰ ਨੂੰ ਬੇਨਤੀ ਕੀਤੀ ਹੈ ਕਿ ਖੁਦਕੁਸ਼ੀਆਂ ਨੂੰ ਰੋਕਣ ਲਈ ਜਲਦ ਕਦਮ ਚੁੱਕੇ ਜਾਣ ਕਿਉਂਕਿ ਇਸ ਕਾਰਨ ਵੀ ਸਰਕਾਰ ਦੀ ਕਾਫੀ ਜ਼ਿਆਦਾ ਬਦਨਾਮੀ ਹੋ ਰਹੀ ਹੈ।

ਦੱਸ ਦਈਏ ਕਿ ਇਹ ਕੋਈ ਪਹਿਲਾ ਮੌਕਾ ਨਹੀਂ ਜਦੋਂ ਕਾਂਗਰਸੀ ਮੰਤਰੀਆਂ ਨੇ ਬੇਵੱਸੀ ਦਾ ਰੋਣਾ ਰੋਇਆ ਹੋਵੇ। ਇਸ ਤੋਂ ਪਹਿਲਾਂ ਅਫਸਰਸ਼ਾਹੀ ਅੱਗੇ ਕਾਂਗਰਸੀ ਵਿਧਾਇਕਾਂ ਦੀ ਇਕ ਨਾ ਚੱਲਣ ਦਾ ਕਾਫੀ ਰੌਲਾ ਪਿਆ ਸੀ। ਕਾਂਗਰਸ ਦੇ ਵੱਡੀ ਗਿਣਤੀ ਵਿਧਾਇਕ ਮੁੱਖ ਮੰਤਰੀ ਕੋਲ ਸ਼ਿਕਾਇਤ ਲੈ ਕੇ ਗਏ ਸਨ। ਕਾਂਗਰਸੀ ਵਿਧਾਇਕਾਂ ਦਾ ਦੋਸ਼ ਸੀ ਕਿ ਸਰਕਾਰੀ ਦਫਤਰਾਂ ਵਿਚ ਅੱਜ ਵੀ ਅਕਾਲੀਆਂ ਦੀ ਚੱਲਦੀ ਹੈ ਤੇ ਉਨ੍ਹਾਂ ਨੂੰ ਕੋਈ ਨਹੀਂ ਪੁੱਛਦਾ।

ਬਿਕਰਮ ਸਿੰਘ ਮਜੀਠੀਆ ਨੂੰ ਨਸ਼ਾ ਤਸਕਰੀ ਦੇ ਦੋਸ਼ਾਂ ਦੀ ਜਾਂਚ ਦੇ ਘੇਰੇ ਵਿਚੋਂ ਬਚਾਉਣ ਲਈ ਕੈਪਟਨ ਵੱਲੋਂ ਨਿਭਾਇਆ ਰੋਲ ਲੁਕਿਆ ਹੋਇਆ ਨਹੀਂ। ਉਨ੍ਹਾਂ ਨੇ ਮਜੀਠੀਏ ਦੀ ਜਾਂਚ ਲਈ 40 ਪਾਰਟੀ ਵਿਧਾਇਕਾਂ ਵੱਲੋਂ ਕੀਤੀ ਮੰਗ ਨੂੰ ਠੁਕਰਾ ਦਿੱਤਾ। ਕਾਂਗਰਸ ਸਰਕਾਰ ਦੀ ਕੋਈ ਇਕ ਨਕਾਮੀ ਨਹੀਂ, ਜੋ ਇਸ ਲਈ ਨਮੋਸ਼ੀ ਬਣੀ ਹੋਵੇ। ਜਸਟਿਸ ਮਹਿਤਾਬ ਸਿੰਘ ਗਿੱਲ ਕਮਿਸ਼ਨ ਨੇ ਵਿਰੋਧੀਆਂ ਨੂੰ ਝੂਠੇ ਕੇਸਾਂ ਵਿਚ ਫਸਾਉਣ ਦੇ ਮਾਮਲਿਆਂ ਦੀ ਜਾਂਚ ਕਰ ਕੇ ਅਜਿਹੀਆਂ 177 ਐਫ.ਆਈ.ਆਰਜ਼. ਰੱਦ ਕਰਨ ਦੀ ਸਿਫਾਰਸ਼ ਕੀਤੀ ਹੈ। ਇਸ ਮਾਮਲੇ ਵਿਚ ਸ਼ਾਮਲ ਕੁਝ ਪੁਲਿਸ ਅਧਿਕਾਰੀਆਂ ਖਿਲਾਫ ਕਾਰਵਾਈ ਲਈ ਵੀ ਆਖਿਆ ਗਿਆ ਸੀ ਪਰ ਹੁਣ ਤੱਕ ਅਜਿਹੀ ਕਾਰਵਾਈ ਤੋਂ ਟਾਲਾ ਵੱਟਿਆ ਜਾ ਰਿਹਾ ਹੈ।

ਕੈਪਟਨ ਸਰਕਾਰ ਦਾ ਦਾਅਵਾ ਹੈ ਕਿ ਪੰਜਾਬ ਵਿਚ ਦਸ ਸਾਲਾਂ ਦੀ ਬਦਅਮਨੀ ਬਾਅਦ ਉਨ੍ਹਾਂ ਨੇ ਰਾਜ ਅੰਦਰ ਕਾਨੂੰਨੀ ਵਿਵਸਥਾ ਬਹਾਲ ਕੀਤੀ ਹੈ, ਪਰ ਸੂਬੇ ਵਿਚ ਕਾਨੂੰਨ ਵਿਵਸਥਾ ਦੀ ਹਾਲਤ ਕਿਸੇ ਤੋਂ ਲੁਕੀ ਹੋਈ ਨਹੀਂ। ਕੈਪਟਨ ਅਮਰਿੰਦਰ ਸਿੰਘ ਭ੍ਰਿਸ਼ਟਾਂ ਖਿਲਾਫ਼ ਅਸਰਦਾਰ ਕਾਰਵਾਈ ਕਰਨ ਵਿਚ ਨਾਕਾਮ ਰਹੇ, ਜਦੋਂਕਿ ਇਸ ਤੋਂ ਪਹਿਲਾਂ ਆਪਣੇ ਪਹਿਲੇ ਕਾਰਜਕਾਲ ਦੇ ਦੋ ਸਾਲਾਂ ਵਿਚ ਉਨ੍ਹਾਂ ਨੂੰ ਇਸ ਫਰੰਟ ਉਤੇ ਸਫਲਤਾ ਮਿਲੀ ਸੀ। ਹੁਣ ਉਹ ਬਾਦਲ ਵਾਂਗ ਹੀ ਸਿਆਸਤ ਕਰ ਰਹੇ ਹਨ। ਸੂਬਾਈ ਮਾਮਲੇ ਨਿਪਟਾ ਰਹੇ ਹਨ।

# ਪੁਲਾੜ ਵਿਚ ਇਸਰੋ ਦਾ ਇਕ ਹੋਰ ਮਾਅਰਕਾ

**ਨਵੀਂ ਦਿੱਲੀ:** ਭਾਰਤੀ ਪੁਲਾੜ ਖੋਜ ਸੰਸਥਾ (ਇਸਰੋ) ਨੇ ਦੇਸ਼ ਦਾ 100ਵਾਂ ਉਪਗ੍ਰਹਿ ਦਾਗ ਕੇ ਪੁਲਾੜ ਖੋਜ ਦੇ ਖੇਤਰ ਵਿਚ ਇਕ ਨਵਾਂ ਮਾਅਰਕਾ ਮਾਰਿਆ ਹੈ। 'ਇਸਰੋ' ਦੇ ਪੀ.ਐਸ.ਐਲ.ਵੀ. ਰਾਕੇਟ ਨੇ ਨਾ ਸਿਰਫ ਕਾਰਟੋਸੈਟ-2 ਲੜੀ ਦਾ ਉਪਗ੍ਰਹਿ ਪੁਲਾੜ ਵਿਚ ਪਹੁੰਚਾਇਆ ਸਗੋਂ 29 ਹੋਰ ਛੋਟੇ ਉਪਗ੍ਰਹਿ ਵੀ ਸਫਲਤਾਪੂਰਬਕ ਦਾਗੇ। ਦੋ ਘੰਟਿਆਂ ਤੱਕ ਚੱਲੀ ਇਹ ਮਸ਼ਕ ਹਰ ਪੱਖੋਂ ਕਾਮਯਾਬ ਰਹੀ ਅਤੇ ਸਾਰੇ ਉਪਗ੍ਰਹਿ ਆਪੋ-ਆਪਣਾ ਕੰਮ ਨਿਰਧਾਰਤ ਪ੍ਰੋਗਰਾਮ ਅਨੁਸਾਰ ਕਰ ਰਹੇ ਹਨ। 31 ਅਗਸਤ 2017 ਨੂੰ 'ਇਸਰੋ' ਦਾ ਪੀ.ਐਸ.ਐਲ.ਵੀ. ਸੀ39 ਮਿਸ਼ਨ ਨਾਕਾਮਯਾਬ ਰਿਹਾ ਸੀ ਅਤੇ ਇਸ ਨਾਕਾਮੀ ਕਾਰਨ ਗੈਰ-ਸਰਕਾਰੀ ਖੇਤਰ ਵੱਲੋਂ ਤਿਆਰ ਪਹਿਲਾ ਉਪਗ੍ਰਹਿ ਆਈ.ਆਰ.ਐਨ. ਐਸ.ਐਸ. ਪੁਲਾੜ ਵਿਚ ਨਹੀਂ ਸੀ ਪੁੱਜ ਸਕਿਆ। ਇਸ ਨਾਕਾਮੀ ਉਤੇ ਪੰਜ ਮਹੀਨਿਆਂ ਤੋਂ ਘੱਟ ਸਮੇਂ ਵਿਚ ਕਾਬੂ ਪਾ ਕੇ 'ਇਸਰੋ' ਨੇ ਦਰਸਾਇਆ ਕਿ ਜੇਕਰ ਇੱਛਾ-ਸ਼ਕਤੀ ਮਜ਼ਬੂਤ ਹੋਵੇ ਤਾਂ ਅੜਿੱਕਿਆਂ ਤੇ ਰੁਕਾਵਟਾਂ ਨੂੰ ਆਸਾਨੀ ਨਾਲ ਮਾਤ ਦਿੱਤੀ ਜਾ ਸਕਦੀ ਹੈ।



ਕਾਰਟੋਸੈਟ ਉਪਗ੍ਰਹਿ ਤੋਂ ਇਲਾਵਾ ਜਿਹੜੇ ਹੋਰ ਉਪਗ੍ਰਹਿ ਪੁਲਾੜ ਵਿਚ ਪਹੁੰਚਾਏ ਗਏ, ਉਨ੍ਹਾਂ ਵਿਚੋਂ 28 ਛੇ ਦੇਸ਼ਾਂ- ਕੈਨੇਡਾ, ਫਿਨਲੈਂਡ, ਫਰਾਂਸ, ਕੋਰੀਆ, ਯੂ.ਕੇ ਅਤੇ ਅਮਰੀਕਾ ਨਾਲ ਸਬੰਧਤ ਹਨ। ਇਹ ਉਪਗ੍ਰਹਿ ਦੋ ਵੱਖ-ਵੱਖ ਗ੍ਰਹਿ-ਪੰਧਾਂ ਉਤੇ ਪਾਏ ਗਏ ਜੋ ਕਿ ਨਿਵੇਕਲਾ ਤਜਰਬਾ ਹੈ। ਇਕ ਉਪਗ੍ਰਹਿ ਧਰਤੀ ਤੋਂ 359 ਕਿਲੋਮੀਟਰ ਦੀ ਦੂਰੀ ਉਤੇ ਪੀ.ਐਸ.ਐਲ.ਵੀ. ਤੋਂ ਅਲਹਿਦਾ ਹੋਇਆ ਅਤੇ 29 ਉਪਗ੍ਰਹਿ 550 ਕਿਲੋਮੀਟਰ ਦੀ ਵਿੱਥ 'ਤੇ ਵੱਖ ਹੋਏ। ਕਾਰਟੋਸੈਟ ਉਪਗ੍ਰਹਿ 710 ਕਿਲੋਗ੍ਰਾਮ ਭਾਰਾ ਹੈ। ਇਹ ਬੁਨਿਆਦੀ ਤੌਰ ਉਤੇ ਧਰਤੀ ਉਤੇ ਨਜ਼ਰ ਰੱਖਣ ਅਤੇ ਮੌਸਮੀ ਤਬਦੀਲੀਆਂ ਬਾਰੇ ਜਾਣਕਾਰੀ ਦੇਣ ਦਾ ਕਾਰਜ ਕਰੇਗਾ। ਹੋਰ ਜਿਨ੍ਹਾਂ ਕੰਮਾਂ ਲਈ ਇਸ ਦੀ ਵਰਤੋਂ ਕੀਤੀ ਜਾਵੇਗੀ, ਉਨ੍ਹਾਂ ਵਿਚ ਨਕਸ਼ੇ ਤਿਆਰ ਕਰਨੇ ਤੇ ਬਹੁਤ ਸਪਸ਼ਟ ਅਕਸ ਹਾਸਲ ਕਰਨੇ, ਸਮੁੰਦਰੀ ਸਾਹਿਲਾਂ ਉਤੇ ਨਜ਼ਰ ਰੱਖਣੀ ਤੇ ਸਾਹਿਲੀ ਜ਼ਮੀਨਾਂ ਦੀ ਕੁਵਰਤੋਂ ਜਾਂ ਸਾਹਿਲੀ ਕਟਾਉ ਬਾਰੇ ਆਗਾਹ ਕਰਨਾ, ਸੜਕੀ ਨੈੱਟਵਰਕਾਂ ਦੀ ਨਿਗਰਾਨੀ ਕਰਨੀ ਅਤੇ ਜਲ ਸਰੋਤਾਂ ਦੀ ਵਰਤੋਂ-ਕੁਵਰਤੋਂ ਬਾਰੇ ਚੌਕਸ ਕਰਦੇ ਰਹਿਣਾ ਸ਼ਾਮਲ ਹਨ।

# ਰਵੀ ਸਿੱਧੂ ਨੂੰ ਸੱਤ ਸਾਲ ਕੈਦ ਸਜ਼ਾ

**ਮੁਹਾਲੀ:** ਪੰਜਾਬ ਪਬਲਿਕ ਸਰਵਿਸ ਕਮਿਸ਼ਨ (ਪੀ.ਪੀ.ਐਸ.ਸੀ.) ਦੇ ਸਾਬਕਾ ਚੇਅਰਮੈਨ ਰਵਿੰਦਰਪਾਲ ਸਿੰਘ ਸਿੱਧੂ ਉਰਫ ਰਵੀ ਸਿੱਧੂ ਨੂੰ ਭ੍ਰਿਸ਼ਟਾਚਾਰ ਦੇ ਮਾਮਲੇ ਵਿਚ ਤਕਰੀਬਨ 16 ਸਾਲਾਂ ਮਗਰੋਂ 7 ਸਾਲ ਕੈਦ ਅਤੇ 75 ਲੱਖ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਗਈ ਹੈ। ਅਦਾਲਤ ਨੇ ਕਿਹਾ ਕਿ ਜੇਕਰ ਦੋਸ਼ੀ ਜੁਰਮਾਨੇ ਦੀ ਰਕਮ ਜਮਾਂ ਨਹੀਂ ਕਰਵਾਉਂਦਾ ਹੈ ਤਾਂ ਉਸ ਨੂੰ ਇਕ ਸਾਲ ਹੋਰ ਸਜ਼ਾ ਭੁਗਤਣੀ ਪਵੇਗੀ।

ਪੈਸੇ ਲੈ ਕੇ ਗਜ਼ਟਿਡ ਅਧਿਕਾਰੀਆਂ ਨੂੰ ਨੌਕਰੀ ਦੇਣ ਦਾ ਦੋਸ਼ੀ ਰਵੀ ਸਿੱਧੂ ਸਜ਼ਾ ਸੁਣਾਏ ਜਾਣ ਵੇਲੇ ਅਦਾਲਤ ਵਿਚ ਹਾਜ਼ਰ ਸੀ। ਬੀਤੀ 10 ਜਨਵਰੀ ਨੂੰ ਮੁਹਾਲੀ ਜ਼ਿਲ੍ਹਾ ਅਦਾਲਤ ਨੇ ਵਿਜੀਲੈਂਸ ਬਿਊਰੋ ਵੱਲੋਂ ਪੇਸ਼ ਕੀਤੇ ਠੋਸ ਸਬੂਤਾਂ ਦੇ ਆਧਾਰ ਉਤੇ ਰਵੀ ਸਿੱਧੂ ਨੂੰ ਦੋਸ਼ੀ ਕਰਾਰ ਦਿੱਤਾ ਸੀ। ਉਂਜ ਕੁਝ ਸਮੇਂ ਤੋਂ ਰਵੀ ਸਿੱਧੂ ਜ਼ਮਾਨਤ ਉਤੇ ਸੀ ਪਰ ਅਦਾਲਤ ਵੱਲੋਂ ਦੋਸ਼ੀ ਕਰਾਰ ਦਿੱਤੇ ਜਾਣ ਮਗਰੋਂ ਉਸ ਨੂੰ ਗ੍ਰਿਫਤਾਰ ਕਰ ਕੇ ਜੇਲ੍ਹ ਭੇਜ ਦਿੱਤਾ ਗਿਆ ਸੀ।

ਉਧਰ, ਇਸ ਮਾਮਲੇ ਵਿਚ ਨਾਮਜ਼ਦ 5 ਮੁਲਜ਼ਮਾਂ- ਗੁਰਦੀਪ ਸਿੰਘ ਮਨਚੰਦਾ ਅਤੇ ਉਨ੍ਹਾਂ ਦੀ ਪਤਨੀ ਸੁਰਿੰਦਰ ਕੌਰ, ਪਰਮਜੀਤ ਸਿੰਘ, ਪ੍ਰੇਮ ਸਾਗਰ ਅਤੇ ਰਣਜੀਤ ਸਿੰਘ ਧੀਰਾ ਨੂੰ ਬੇਕਸੂਰ ਮੰਨਦਿਆਂ ਬਰੀ ਕੀਤਾ ਗਿਆ ਹੈ। ਅਦਾਲਤ ਨੇ ਇਸ ਕੇਸ ਦੀ ਸੁਣਵਾਈ ਦੌਰਾਨ



ਰਵੀ ਸਿੱਧੂ ਨੂੰ ਆਪਣਾ ਪੱਖ ਰੱਖਣ ਦਾ ਪੂਰਾ ਮੌਕਾ ਦਿੱਤਾ। ਰਵੀ ਸਿੱਧੂ ਨੇ ਆਪਣੇ ਬਿਆਨਾਂ ਵਿਚ ਖੁਦ ਨੂੰ ਬੇਕਸੂਰ ਹੋਣ ਦੀ ਦੁਹਾਈ ਦਿੰਦਿਆਂ ਕਿਹਾ ਕਿ ਉਨ੍ਹਾਂ ਨੇ ਚੇਅਰਮੈਨ ਹੁੰਦਿਆਂ ਕੋਈ ਭ੍ਰਿਸ਼ਟਾਚਾਰ ਨਹੀਂ ਕੀਤਾ ਹੈ। ਵਿਜੀਲੈਂਸ ਵੱਲੋਂ ਰਵੀ ਸਿੱਧੂ ਖਿਲਾਫ਼ 65 ਗਵਾਹ ਪੇਸ਼ ਕੀਤੇ ਗਏ ਜਿਨ੍ਹਾਂ 'ਚੋਂ ਕਈ ਗਵਾਹ ਬਿਆਨਾਂ ਤੋਂ ਮੁੱਕਰ ਵੀ ਗਏ ਸਨ।

# ਮਾਘੀ ਜੋੜ ਮੇਲੇ 'ਤੇ ਸੰਗਤ ਵੱਲੋਂ 40 ਮੁਕਤਿਆਂ ਦੀ ਸ਼ਹਾਦਤ ਨੂੰ ਸਿਜਦਾ

**ਸ੍ਰੀ ਮੁਕਤਸਰ ਸਾਹਿਬ:** ਸ੍ਰੀ ਮੁਕਤਸਰ ਸਾਹਿਬ ਵਿਖੇ 40 ਮੁਕਤਿਆਂ ਦੀ ਯਾਦ ਵਿਚ ਮਾਘੀ ਜੋੜ ਮੇਲੇ ਮੌਕੇ ਦੇਸ਼-ਵਿਦੇਸ਼ ਵਿਚੋਂ ਵੱਡੀ ਗਿਣਤੀ ਸੰਗਤ ਪਹੁੰਚੀ ਤੇ ਸ੍ਰੀ ਮੁਕਤਸਰ ਸਾਹਿਬ ਦੇ ਅਮਰ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਵੀ ਗੁਰਦੁਆਰਾ ਟੁੱਟੀ ਗੰਢੀ ਸਾਹਿਬ (ਸ੍ਰੀ ਦਰਬਾਰ ਸਾਹਿਬ) ਵਿਖੇ ਮੱਥਾ ਟੇਕਿਆ ਤੇ 40 ਮੁਕਤਿਆਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ।



ਉਨ੍ਹਾਂ ਖਿਦਰਾਣੇ ਦੀ ਜੰਗ ਦੇ ਮਹਾਨ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਇਸ ਧਰਤੀ ਉਤੇ ਗੁਰੂ ਗੋਬਿੰਦ ਸਿੰਘ ਜੀ ਨੇ ਮੁਬਾਰਕ ਚਰਨ ਪਾਏ ਹਨ ਅਤੇ ਮੁਗਲ ਸਮਰਾਜ ਨਾਲ ਆਖਰੀ ਜੰਗ ਲੜ ਕੇ ਜ਼ੁਲਮ ਖਿਲਾਫ ਫਤਿਹ ਹਾਸਲ ਕੀਤੀ। ਇਸ ਧਰਤੀ ਉਤੇ ਹੱਕ-ਸੱਚ ਦੀ ਜੰਗ ਲੜੀ ਗਈ ਤੇ ਜ਼ਾਲਮ ਮੁਗਲ ਸਾਮਰਾਜ ਖਿਲਾਫ ਆਖਰੀ ਤੇ ਫੈਸਲਾਕੁੰਨ ਯੁੱਧ ਕਰ ਕੇ ਜਾਲਮ ਸਾਮਰਾਜ ਦਾ ਖਾਤਮਾ ਕੀਤਾ। ਉਨ੍ਹਾਂ ਕਿਹਾ ਕਿ ਸਿੱਖ ਇਤਿਹਾਸ ਕੁਰਬਾਨੀਆਂ ਭਰਿਆ ਹੈ ਅਤੇ ਇਸ ਤੋਂ ਨੌਜਵਾਨ ਪੀੜ੍ਹੀ ਨੂੰ ਸੇਧ ਲੈਣ ਦੀ ਲੋੜ ਹੈ।

ਦੂਰ-ਦੁਰਾਡੇ ਤੋਂ ਕਾਫਲਿਆਂ ਦੇ ਰੂਪ 'ਚ ਪਹੁੰਚੀ ਸੰਗਤ ਨੇ ਇਤਿਹਾਸਕ ਗੁਰਦੁਆਰਾ ਟੁੱਟੀ ਗੰਢੀ (ਸ੍ਰੀ ਦਰਬਾਰ ਸਾਹਿਬ), ਗੁਰਦੁਆਰਾ ਤੰਬੂ ਸਾਹਿਬ, ਗੁਰਦੁਆਰਾ ਸ਼ਹੀਦ ਗੰਜ ਸਾਹਿਬ, ਗੁਰਦੁਆਰਾ ਮਾਤਾ ਭਾਗ ਕੌਰ, ਗੁਰਦੁਆਰਾ ਟਿੱਬੀ ਸਾਹਿਬ, ਗੁਰਦੁਆਰਾ ਦਾਤਣਸਰ ਸਾਹਿਬ, ਗੁਰਦੁਆਰਾ ਰਕਾਬਸਰ ਸਾਹਿਬ ਦੇ ਦਰਸ਼ਨ ਕੀਤੇ। ਪੰਥ ਪ੍ਰਸਿੱਧ ਢਾਡੀ ਅਤੇ ਰਾਗੀ ਜਥਿਆਂ ਨੇ ਕੀਰਤਨ ਕੀਤਾ ਤੇ ਸਿੱਖ ਇਤਿਹਾਸ ਉਤੇ ਚਾਨਣਾ ਪਾਇਆ। ਕਵੀਸ਼ਰੀ ਜਥਿਆਂ ਨੇ ਧਾਰਮਿਕ ਪ੍ਰਸੰਗਾਂ ਰਾਹੀਂ ਸੰਗਤ ਨੂੰ ਨਿਹਾਲ ਕੀਤਾ। ਸ੍ਰੀ ਮੁਕਤਸਰ ਸਾਹਿਬ ਨੂੰ ਆਉਣ ਵਾਲੇ ਸਾਰੇ ਰਸਤਿਆਂ ਉਤੇ ਸੰਗਤ ਵਲੋਂ ਲੰਗਰ ਲਾਏ ਗਏ ਸਨ।

### ਸ੍ਰੀ ਮੁਕਤਸਰ ਲਈ ਕਈ ਪ੍ਰਾਜੈਕਟਾਂ ਦਾ ਐਲਾਨ

**ਸ੍ਰੀ ਮੁਕਤਸਰ ਸਾਹਿਬ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਮਾਘੀ ਮੌਕੇ 40 ਮੁਕਤਿਆਂ ਦੀ ਸ਼ਹਾਦਤ ਨੂੰ ਨਮਨ ਕੀਤਾ। ਉਨ੍ਹਾਂ ਨੇ ਸ੍ਰੀ ਮੁਕਤਸਰ ਸਾਹਿਬ ਦੇ ਵਿਕਾਸ ਲਈ ਕਈ ਪ੍ਰਾਜੈਕਟਾਂ ਦਾ ਐਲਾਨ ਵੀ ਕੀਤਾ। ਐਲਾਨੇ ਪ੍ਰਾਜੈਕਟਾਂ ਵਿਚ ਜਲਾਲਾਬਾਦ ਰੋਡ ਉਤੇ ਰੇਲਵੇ ਓਵਰ ਬ੍ਰਿਜ ਦਾ ਨਿਰਮਾਣ ਕਰਵਾਉਣਾ ਤੇ ਸਟੇਡੀਅਮ ਤੇ ਪੰਜਾਬ ਯੂਨੀਵਰਸਿਟੀ ਦੇ ਖੇਤਰੀ ਕੇਂਦਰ ਨੂੰ ਅਪਗ੍ਰੇਡ ਕਰਨਾ ਸ਼ਾਮਲ ਹੈ।

# ਬਾਦਲ ਧੜਾ ਅਕਾਲ ਤਖਤ ਦੇ ਸਿਆਸੀ ਕਾਨਫਰੰਸਾਂ ਰੋਕਣ ਵਾਲੇ ਫੈਸਲੇ ਤੋਂ ਬਾਗੀ

**ਸ੍ਰੀ ਮੁਕਤਸਰ ਸਾਹਿਬ:** ਮੇਲਾ ਮਾਘੀ ਮੌਕੇ ਜਿਥੇ ਕਾਂਗਰਸ ਤੇ ਆਮ ਆਦਮੀ ਪਾਰਟੀ ਨੇ ਸਿਆਸੀ ਕਾਨਫਰੰਸਾਂ ਤੋਂ ਟਾਲਾ ਵੱਟਿਆ, ਉਥੇ ਅਕਾਲੀ ਦਲ ਬਾਦਲ ਨੇ ਸਿੱਖ ਜਥੇਬੰਦੀਆਂ ਤੇ ਅਕਾਲ ਤਖਤ ਦੇ ਹੁਕਮਾਂ ਨੂੰ ਪਾਸੇ ਕਰਦਿਆਂ ਸਿਆਸੀ ਵਿਰੋਧੀਆਂ ਨੂੰ ਖੂਬ ਰਗੜੇ ਲਾਏ। ਅਕਾਲੀ ਦਲ ਦੀ ਕਾਨਫਰੰਸ ਵਿਚ ਕਾਂਗਰਸ ਦੇ ਦਸ ਮਹੀਨਿਆਂ ਦੇ ਕਾਰਜਕਾਲ ਦੀ ਰੱਜ ਕੇ ਚੀਰਫਾੜ ਕੀਤੀ ਗਈ ਤੇ ਸਿੱਟਾ ਕੱਢਿਆ ਗਿਆ ਕਿ ਕਾਂਗਰਸ ਨੇ ਕਿਸੇ ਦਾ ਕੋਈ ਭਲਾ ਨਹੀਂ ਕੀਤਾ।

ਆਗੂਆਂ ਨੇ ਦਾਅਵਾ ਕੀਤਾ ਕਿ ਅਕਾਲੀ ਦਲ ਨੇ ਪੰਜਾਬ ਵਿਚ ਰੱਜ ਕੇ ਵਿਕਾਸ ਕੀਤਾ ਹੈ। ਸਾਬਕਾ ਉਪ ਮੁੱਖ ਮੰਤਰੀ ਤੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕੈਪਟਨ ਅਮਰਿੰਦਰ ਸਿੰਘ, ਕਾਂਗਰਸ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ, ਸਥਾਨਕ ਸਰਕਾਰਾਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ, ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਤੇ ਡਿਪਟੀ ਸਪੀਕਰ ਅਜੈਬ ਸਿੰਘ ਭੱਟੀ ਦੀਆਂ 'ਕਮੀਆਂ' ਬਾਰੇ ਦੱਸਿਆ। ਉਨ੍ਹਾਂ ਕਿਹਾ ਕਿ ਅਕਾਲੀ ਸਰਕਾਰ ਨੇ ਜੋ ਕਿਹਾ, ਉਹ ਕਰ ਕੇ ਵਿਖਾਇਆ। ਕਰਜ਼ਾ ਮੁਆਫੀ ਦੀ 'ਨਿਗੂਣੀ' ਰਾਹਤ 'ਤੇ ਚੋਟ ਕਰਦਿਆਂ ਉਨ੍ਹਾਂ ਕਿਹਾ ਕਿ ਖੇਤ ਮਜ਼ਦੂਰਾਂ ਨੂੰ ਅਸਲੋਂ ਹੀ ਵਿਸਾਰ ਦਿੱਤਾ ਗਿਆ ਹੈ। ਉਨ੍ਹਾਂ ਕਾਂਗਰਸ ਦੇ ਰਾਜ 'ਚ ਲੋਕਾਂ ਕੋਲੋਂ ਨਜ਼ਰਾਨਾ ਵਸੂਲੀ ਦੇ ਸਿੱਧੇ ਦੋਸ਼ ਲਾਉਂਦਿਆਂ ਕਿਹਾ ਕਿ ਬਠਿੰਡੇ ਦੇ ਲੋਕਾਂ ਤੋਂ ਮਨਪ੍ਰੀਤ ਸਿੰਘ ਦਾ ਸਾਲਾ ਗੁੰਡਾ ਟੈਕਸ ਉਗਰਾਹੁੰਦਾ ਹੈ, ਜੋ 'ਜੋਜੋ ਟੈਕਸ' ਵਜੋਂ ਜਾਣਿਆ ਜਾਂਦਾ ਹੈ। ਉਨ੍ਹਾਂ ਮਲੋਟ ਤੋਂ ਵਿਧਾਇਕ ਤੇ ਡਿਪਟੀ ਸਪੀਕਰ ਅਜੈਬ ਸਿੰਘ ਭੱਟੀ ਉਤੇ ਵੀ ਵਿਅੰਗ ਕਰਦਿਆਂ ਉਨ੍ਹਾਂ ਨੂੰ 'ਆਲ ਪਾਰਟੀ ਮੈਨ' ਦੱਸਿਆ। ਸਾਬਕਾ ਮਾਲ ਮੰਤਰੀ ਬਿਕਰਮਜੀਤ ਸਿੰਘ ਮਜੀਠੀਆ ਨੇ ਕਾਂਗਰਸ ਨੂੰ ਖਰੀਆਂ ਖਰੀਆਂ ਸੁਣਾਈਆਂ। ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਹਰਸਿਮਰਤ ਬਾਦਲ ਦਾ ਗੈਰਹਾਜ਼ਰ ਰਹਿਣਾ ਚਰਚਾ ਦਾ ਵਿਸ਼ਾ ਰਿਹਾ।

### ਮਾਨ ਧੜੇ ਵੱਲੋਂ ਘੱਟ ਗਿਣਤੀਆਂ ਦੇ ਹੱਕ ਵਿਚ ਆਵਾਜ਼

**ਸ੍ਰੀ ਮੁਕਤਸਰ ਸਾਹਿਬ:** ਮੇਲਾ ਮਾਘੀ ਮੌਕੇ ਅਕਾਲੀ ਦਲ (ਅ) ਵੱਲੋਂ ਵੀ ਕਾਨਫਰੰਸ ਕੀਤੀ ਗਈ। ਇਸ ਮੌਕੇ ਦਲ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਕਿਹਾ ਕਿ ਦੇਸ਼ ਵਿਚ ਘੱਟ ਗਿਣਤੀਆਂ ਉਤੇ ਜ਼ੁਲਮ ਲਗਾਤਾਰ ਜਾਰੀ ਹਨ। ਇਸ ਮੌਕੇ ਕਈ ਕੌਮੀ ਅਤੇ ਧਾਰਮਿਕ ਮਤੇ ਵੀ ਪਾਸ ਕੀਤੇ ਗਏ, ਜਿਨ੍ਹਾਂ ਵਿਚ ਜਾਤਪਾਤ ਨੂੰ ਉਭਾਰਨ ਦੇ ਅਮਲਾਂ ਨੂੰ ਹਰ ਕੀਮਤ ਉਤੇ ਖਤਮ ਕਰਨ, ਅਮਰੀਕਾ, ਕੈਨੇਡਾ, ਬਰਤਾਨੀਆ ਤੇ ਜਰਮਨੀ ਦੇ ਸਿੱਖਾਂ ਵੱਲੋਂ ਗੁਰੂਘਰਾਂ 'ਚ ਭਾਰਤ ਦੇ ਸਰਕਾਰੀ ਅਧਿਕਾਰੀਆਂ ਦੇ ਦਾਖਲੇ ਦਾ ਸਵਾਗਤ ਕਰਨ, ਪੰਜਾਬ ਦੇ ਪਾਣੀਆਂ, ਹੈੱਡਵਰਕਸ, ਪੰਜਾਬੀ ਬੋਲਦੇ ਇਲਾਕਿਆਂ ਦੇ ਮਸਲੇ ਦਾ ਸਹੀ ਹੱਲ ਕਰਨ ਦੇ ਮਤੇ ਸ਼ਾਮਲ ਹਨ।

### ਸਿਆਸੀ ਵਿਰੋਧੀਆਂ ਖਿਲਾਫ ਖੁੱਲ੍ਹ ਕੇ ਕੱਢੀ ਭੜਾਸ



# ਸਿੱਖ ਰੈਫਰੈਂਸ ਲਾਇਬਰੇਰੀ ਹੋਵੇਗੀ ਆਨਲਾਈਨ

**ਅੰਮ੍ਰਿਤਸਰ:** ਸਿੱਖ ਰੈਫਰੈਂਸ ਲਾਇਬਰੇਰੀ ਵਿਚ ਸਿੱਖ ਧਰਮ ਤੇ ਇਤਿਹਾਸ ਨਾਲ ਸਬੰਧਤ ਦੁਰਲਭ ਪੁਸਤਕਾਂ ਨੂੰ ਡਿਜੀਟਲਾਈਜ਼ਡ ਕੀਤਾ ਗਿਆ ਹੈ ਤੇ ਛੇਤੀ ਹੀ ਸ਼੍ਰੋਮਣੀ ਕਮੇਟੀ ਵੱਲੋਂ ਇਨ੍ਹਾਂ ਨੂੰ ਆਨ ਲਾਈਨ ਕਰਨ ਦੀ ਵੀ ਯੋਜਨਾ ਹੈ। ਸਿੱਖ ਰੈਫਰੈਂਸ ਲਾਇਬਰੇਰੀ ਜੂਨ 1984, ਸਾਕਾ ਨੀਲਾ ਤਾਰਾ ਸਮੇਂ ਸੜ ਗਈ ਸੀ ਤੇ ਇਸ ਦਾ ਖਜ਼ਾਨਾ ਹੁਣ ਤੱਕ ਸ਼੍ਰੋਮਣੀ ਕਮੇਟੀ ਨੂੰ ਵਾਪਸ ਨਹੀਂ ਮਿਲਿਆ।

ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ ਨੇ ਆਖਿਆ ਕਿ ਸਿੱਖ ਸੰਸਥਾ ਵੱਲੋਂ ਲੋਕਾਂ ਨੂੰ ਅਪੀਲ ਵੀ ਕੀਤੀ ਗਈ ਹੈ ਕਿ ਜੇਕਰ ਉਨ੍ਹਾਂ ਕੋਲ ਸਿੱਖ ਧਰਮ ਤੇ ਇਤਿਹਾਸ ਨਾਲ ਸਬੰਧਤ ਦੁਰਲਭ ਪੁਸਤਕਾਂ, ਹੱਥ ਲਿਖਤ ਸਰੂਪ ਜਾਂ ਖਰੜੇ ਆਦਿ ਹਨ ਤਾਂ ਉਹ ਸ਼੍ਰੋਮਣੀ ਕਮੇਟੀ ਨੂੰ ਭੇਟ ਕੀਤੇ ਜਾਣ। ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਵਿਚ ਸਥਾਪਤ ਰੈਫਰੈਂਸ ਲਾਇਬਰੇਰੀ ਨੂੰ ਹੁਣ ਭਾਈ ਗੁਰਦਾਸ ਹਾਲ ਵਿਚ ਬਣੀ ਇਮਾਰਤ ਵਿਚ ਤਬਦੀਲ ਕਰਨ ਦੀ ਯੋਜਨਾ ਹੈ।

## ਧਾਰਮਿਕ ਚਿੰਨ੍ਹਾਂ ਵਾਲੇ ਸਿੱਕਿਆਂ 'ਤੇ ਪਾਬੰਦੀ ਵਾਲੀ ਪਟੀਸ਼ਨ ਖਾਰਜ

**ਨਵੀਂ ਦਿੱਲੀ:** ਦਿੱਲੀ ਹਾਈ ਕੋਰਟ ਨੇ ਧਾਰਮਿਕ ਚਿੰਨ੍ਹਾਂ ਵਾਲੇ ਸਿੱਕੇ ਜਾਰੀ ਕਰਨ ਉਤੇ ਪਾਬੰਦੀ ਲਾਉਣ ਦੀ ਪਟੀਸ਼ਨ ਨੂੰ ਰੱਦ ਕਰ ਦਿੱਤਾ ਹੈ। ਹਾਈ ਕੋਰਟ ਨੇ ਕਿਹਾ ਕਿ ਇਸ ਨਾਲ ਮੁਲਕ ਦੇ 'ਧਰਮ ਨਿਰਪੱਖ ਤਾਣੇ-ਬਾਣੇ' ਵਿਚ ਕੋਈ ਅੜਿੱਕਾ ਪੈਦਾ ਨਹੀਂ ਹੁੰਦਾ ਹੈ।

ਅਦਾਲਤ ਨੇ ਕਿਹਾ ਕਿ ਸ੍ਰੀ ਮਾਤਾ ਵੈਸ਼ਨੋ ਦੇਵੀ ਸ਼੍ਰਾਈਨ ਬੋਰਡ ਦੀ ਸਿਲਵਰ ਜੁਬਲੀ ਮਨਾਉਣ ਲਈ ਵੈਸ਼ਨੋ ਦੇਵੀ ਦੇ ਚਿੱਤਰ ਵਾਲੇ ਸਿੱਕੇ ਜਾਰੀ ਕਰਨ ਨਾਲ ਧਾਰਮਿਕ ਵਿਸ਼ਵਾਸ ਨੂੰ ਕੋਈ ਠੇਸ ਨਹੀਂ ਪੁੱਜੇਗੀ। ਪਟੀਸ਼ਨਰ ਨਫੀਸ ਕਾਜ਼ੀ ਵੱਲੋਂ ਦਲੀਲ ਦਿੱਤੀ ਗਈ ਸੀ ਕਿ ਧਾਰਮਿਕ ਚਿੰਨ੍ਹ ਵਾਲੀ ਕਰੰਸੀ ਜਾਰੀ ਕੀਤੇ ਜਾਣ ਨਾਲ ਸਰਕਾਰ ਦੇ ਧਰਮ ਨਿਰਪੱਖ ਚਿਹਰੇ ਨੂੰ ਨੁਕਸਾਨ ਪਹੁੰਚਦਾ ਹੈ। ਬੈਂਚ ਨੇ ਕਿਹਾ, ''ਕੱਲ੍ਹ ਸਰਕਾਰ ਮੁਸਲਮਾਨਾਂ ਜਾਂ ਸਿੱਖਾਂ ਦੇ ਸਮਾਗਮਾਂ ਮੌਕੇ ਧਾਰਮਿਕ ਚਿੰਨ੍ਹਾਂ ਵਾਲੇ ਸਿੱਕੇ ਜਾਰੀ ਕਰਨਾ ਚਾਹੇਗੀ ਤਾਂ ਉਨ੍ਹਾਂ ਨੂੰ ਇਸ ਦਾ ਪੂਰਾ ਅਧਿਕਾਰ ਹੈ।''

## ਪ੍ਰੇਮਿਕਾ ਦੇ ਨਾਂਹ ਕਹਿਣ 'ਤੇ ਨੌਜਵਾਨ ਵੱਲੋਂ ਖੁਦਕੁਸ਼ੀ

**ਹੁਸ਼ਿਆਰਪੁਰ:** ਦੁਬਈ ਤੋਂ ਆਏ ਪਿੰਡ ਚੱਬੇਵਾਲ ਦੇ ਇਕ ਨੌਜਵਾਨ ਨੇ ਜ਼ਹਿਰੀਲੀ ਦਵਾਈ ਖਾ ਕੇ ਖੁਦਕੁਸ਼ੀ ਕਰ ਲਈ ਹੈ। ਮ੍ਰਿਤਕ ਦੀ ਮਾਂ ਨਿਰਮਲ ਕੌਰ ਨੇ ਦੋਸ਼ ਲਾਇਆ ਹੈ ਕਿ ਵਿਸ਼ਾਲ ਤਕਰੀਬਨ ਢਾਈ ਸਾਲ ਪਹਿਲਾਂ ਦੁਬਈ ਗਿਆ ਸੀ। ਦੁਬਈ ਜਾਣ ਤੋਂ ਪਹਿਲਾਂ ਉਸ ਦੇ ਪਿੰਡ ਜੰਡੋਲੀ ਦੀ ਇਕ ਲੜਕੀ ਨਾਲ ਸਬੰਧ ਸਨ।

ਉਕਤ ਲੜਕੀ ਉਸ ਦੇ ਲੜਕੇ ਕੋਲੋਂ ਦੁਬਈ ਤੋਂ ਪੈਸੇ ਮੰਗਵਾਉਂਦੀ ਰਹੀ ਤੇ ਉਸ ਨਾਲ ਵਿਆਹ ਕਰਵਾਉਣ ਦੀ ਗੱਲ ਕਹਿ ਕੇ ਉਸ ਨੂੰ ਇਥੇ ਬੁਲਾ ਲਿਆ। ਜਦੋਂ ਵਿਸ਼ਾਲ ਇਥੇ ਆ ਗਿਆ ਤਾਂ ਲੜਕੀ ਵਿਆਹ ਕਰਵਾਉਣ ਤੋਂ ਮੁੱਕਰ ਗਈ ਤੇ ਆਪਣੇ ਰਿਸ਼ਤੇਦਾਰਾਂ ਨਾਲ ਮਿਲ ਕੇ ਉਲਟਾ ਵਿਸ਼ਾਲ ਨੂੰ ਝੂਠੇ ਕੇਸ 'ਚ ਫਸਾਉਣ ਦੀ ਕੋਸ਼ਿਸ਼ ਕੀਤੀ। ਇਸ ਤੋਂ ਦੁਖੀ ਹੋ ਕੇ ਵਿਸ਼ਾਲ ਨੇ ਕੋਈ ਜ਼ਹਿਰੀਲੀ ਦਵਾਈ ਪੀ ਲਈ।

SUPER TRAVEL
847-676-9090, 773-465-5566
E-mail: supertravel2003@live.com
Lowest Fares With Excellent Service
United Airlines
British Airways

Etihad, Air India, KLM, Lufthansa, Delta, Qatar Airlines.
For Emergency Call anytime at 847-673-3825
EARLY BIRD SALE!!!!
Domestic fares available

ਰੈਸਟੋਰੈਂਟ ਸਟਾਫ ਦੀ ਲੋੜ ਹੈ
ਫਲੋਰਿਡਾ ਵਿਚ ਵਧੀਆ ਚਲਦੇ ਇੰਡੀਅਨ ਰੈਸਟੋਰੈਂਟ ਲਈ ਕਿਚਨ ਹੈਲਪਰ ਅਤੇ ਵੇਟਰ ਦੀ ਲੋੜ ਹੈ।
ਚੰਗੀ ਤਨਖਾਹ ਅਤੇ ਹੋਰ ਸਹੂਲਤਾਂ
ਸੰਪਰਕ ਕਰੋ
ਫੋਨ: 850-510-3466
3-4

ਰੈਸਟੋਰੈਂਟ ਲਈ ਲੋੜ ਹੈ

ਮੈਡੀਸਨ, ਵਿਸਕਾਨਸਿਨ ਵਿਚ ਇੰਡੀਅਨ ਰੈਸਟੋਰੈਂਟ ਲਈ ਅਨੁਭਵੀ ਤੰਦੂਰੀਏ, ਹੈਲਪਰ, ਵੇਟਰ ਅਤੇ ਡਿਸ਼ ਵਾਸ਼ਰ ਦੀ ਲੋੜ ਹੈ
ਸੰਪਰਕ ਕਰੋ:
ਫੋਨ: 262-391-7666
2-

**Punjab Times**
**Established in 2000**
**19th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Photographer**
Kamaljit Singh Virdi
Ph. 847-502-2703

**Our Columnists**
Ashok Bhaura
Tarlochan Singh Dupalpur
Baljit Basi
Major Kular
**Corrspondents**
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਭਾਰਤ-ਇਜ਼ਰਾਈਲ ਸਬੰਧਾਂ ਦਾ ਨਵਾਂ ਦੌਰ

**ਨਵੀਂ ਦਿੱਲੀ:** ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਦੇ ਭਾਰਤੀ ਦੌਰੇ ਨਾਲ ਦੋਵਾਂ ਦੇਸ਼ਾਂ ਵਿਚਲੇ ਸਬੰਧਾਂ ਦੇ ਨਵੇਂ ਦੌਰ ਦੀ ਸ਼ੁਰੂਆਤ ਹੋਈ ਹੈ। ਇਜ਼ਰਾਈਲ ਦੇ ਤਤਕਾਲੀ ਪ੍ਰਧਾਨ ਮੰਤਰੀ ਏਰੀਅਲ ਸ਼ੇਰੋਨ ਦੇ 2003 ਦੇ ਦੌਰੇ ਮਗਰੋਂ ਇਹ ਕਿਸੇ ਇਜ਼ਰਾਇਲੀ ਪ੍ਰਧਾਨ ਮੰਤਰੀ ਦਾ ਪਹਿਲਾ ਦੌਰਾ ਹੈ।



ਪ੍ਰਧਾਨ ਮੰਤਰੀ ਨਰੇਂਦਰ ਮੋਦੀ ਇਜ਼ਰਾਇਲੀ ਹਮਰੁਤਬਾ ਦੇ ਸਵਾਗਤ ਲਈ ਪ੍ਰੋਟੋਕੋਲ ਤੋੜਦਿਆਂ ਉਨ੍ਹਾਂ ਦੇ ਸਵਾਗਤ ਲਈ ਹਵਾਈ ਅੱਡੇ ਪਹੁੰਚ ਗਏ। ਭਾਰਤ ਤੇ ਇਜ਼ਰਾਈਲ ਦਰਮਿਆਨ ਵੱਖ ਵੱਖ ਖੇਤਰਾਂ ਵਿਚ 9 ਸਮਝੌਤੇ ਸਹੀਬੰਦ ਹੋਏ। ਖਾਸ ਕਰ ਕੇ ਭਾਰਤ ਖੇਤੀਬਾੜੀ ਤਕਨੀਕ, ਸੁਰੱਖਿਆ, ਤੇਲ ਅਤੇ ਗੈਸ ਦੇ ਖੇਤਰ ਵਿਚ ਮਿਲਵਰਤਣ ਨਾਲ ਦੋਵਾਂ ਦੇ ਸਬੰਧ ਹੋਰ ਗੂੜ੍ਹੇ ਹੋਣ ਦੀ ਆਸ ਕੀਤੀ ਜਾ ਰਹੀ ਹੈ।

ਮੋਦੀ ਅਤੇ ਨੇਤਨਯਾਹੂ ਨੇ ਰੱਖਿਆ ਅਤੇ ਅਤਿਵਾਦ ਵਿਰੋਧੀ ਰਣਨੀਤਕ ਖੇਤਰਾਂ 'ਚ ਸਬੰਧ ਮਜ਼ਬੂਤ ਕਰਨ 'ਤੇ ਵੀ ਜ਼ੋਰ ਦਿੱਤਾ। ਸ੍ਰੀ ਮੋਦੀ ਨੇ ਇਜ਼ਰਾਇਲੀ ਰੱਖਿਆ ਕੰਪਨੀਆਂ ਨੂੰ ਭਾਰਤ 'ਚ ਸਾਂਝੇ ਉਤਪਾਦਨ ਦਾ ਸੱਦਾ ਦਿੱਤਾ। ਸਾਈਬਰ ਸੁਰੱਖਿਆ ਤੋਂ ਇਲਾਵਾ ਤੇਲ ਅਤੇ ਗੈਸ ਖੇਤਰ, ਫਿਲਮਾਂ ਬਣਾਉਣ ਅਤੇ ਹਵਾਈ ਟਰਾਂਸਪੋਰਟ ਸਬੰਧੀ ਸਮਝੌਤਿਆਂ ਉਤੇ ਵੀ ਸਹੀ ਪਾਈ ਗਈ।

## ਟਰੰਪ ਵੱਲੋਂ 'ਡਾਕਾ' ਦੀ ਹੋਂਦ ਨਾ ਹੋਣ ਦਾ ਦਾਅਵਾ

*(ਸਫਾ ਇਕ ਦੀ ਬਾਕੀ)*

ਅੱਠ ਲੱਖ ਲੋਕਾਂ ਦੀ ਰਾਖੀ ਕਰ ਰਹੀ ਹੈ, ਜਿਸ ਤਹਿਤ ਕੰਮ ਤੇ ਪੜ੍ਹਾਈ ਲਈ ਆਰਜ਼ੀ ਪਰਮਿਟ ਵੀ ਮੁਹੱਈਆ ਕਰਾਏ ਜਾਂਦੇ ਹਨ। ਟਰੰਪ ਨੇ ਟਵੀਟ ਕੀਤਾ: 'ਡਾਕਾ ਸੰਭਾਵੀ ਤੌਰ ਉਤੇ ਖਤਮ ਹੋ ਗਿਆ ਹੈ, ਕਿਉਂਕਿ ਡੈਮੋਕਰੈਟ ਅਸਲ ਵਿਚ ਇਸ ਨੂੰ ਨਹੀਂ ਚਾਹੁੰਦੇ। ਉਹ ਮਹਿਜ਼ ਗੱਲਬਾਤ ਕਰਨਾ ਅਤੇ ਸਾਡੀ ਫੌਜ ਤੋਂ ਬੇਹੱਦ ਲੋੜੀਦੀਂ ਰਾਸ਼ੀ ਲੈਣਾ ਚਾਹੁੰਦੇ ਹਨ।'

ਪ੍ਰਸ਼ਾਸਨ ਨੂੰ ਇਸ ਪ੍ਰੋਗਰਾਮ ਨੂੰ ਰੱਦ ਕਰਨ ਤੋਂ ਰੋਕਣ ਵਾਲੇ ਫੈਡਰਲ ਕੋਰਟ ਦੇ ਫੈਸਲੇ ਬਾਅਦ ਡਾਕਾ ਤਹਿਤ 'ਡਰੀਮਰਜ਼' ਦੀਆਂ ਨਵਿਆਉਣ ਵਾਲੀਆਂ ਅਰਜ਼ੀਆਂ ਮੁੜ ਪ੍ਰਾਪਤ ਕਰਨ ਦੀ ਪ੍ਰਕਿਰਿਆ ਸ਼ੁਰੂ ਕੀਤੇ ਜਾਣ ਦੇ ਕੁਝ ਘੰਟਿਆਂ ਬਾਅਦ ਟਰੰਪ ਨੇ ਟਵੀਟ ਕੀਤਾ, 'ਮੈਂ ਰਾਸ਼ਟਰਪਤੀ ਵਜੋਂ ਚਾਹੁੰਦਾ ਹਾਂ ਕਿ ਉਹ ਲੋਕ ਸਾਡੇ ਮੁਲਕ ਆਉਣ, ਜੋ ਇਸ ਨੂੰ ਮੁੜ ਮਜ਼ਬੂਤ ਤੇ ਮਹਾਨ ਬਣਾਉਣ 'ਚ ਸਾਡੀ ਮਦਦ ਕਰਨ। ਲੋਕ ਮੈਰਿਟ ਆਧਾਰ ਉਤੇ ਆਉਣ। ਹੋਰ ਲਾਟਰੀ ਸਿਸਟਮ ਨਹੀਂ।' ਰਾਸ਼ਟਰਪਤੀ ਡੋਨਲਡ ਟਰੰਪ ਨੇ ਕਾਬਲੀਅਤ ਆਧਾਰਤ ਆਵਾਸ ਪ੍ਰਬੰਧ ਦੀ ਵਕਾਲਤ ਕਰਦਿਆਂ ਕਿਹਾ ਕਿ ਮੁਲਕ ਵਿਚ ਸਿਰਫ ਉਨ੍ਹਾਂ ਲੋਕਾਂ ਨੂੰ ਹੀ ਆਉਣ ਦੀ ਖੁੱਲ੍ਹ ਹੋਵੇਗੀ ਜਿਨ੍ਹਾਂ ਦਾ ਪਿਛਲਾ ਰਿਕਾਰਡ ਚੰਗਾ ਹੋਵੇਗਾ।

## ਫੌਜ ਮੁਖੀ ਦੇ ਬੋਲਾਂ ਤੋਂ ਮੁਫਤੀ ਸਰਕਾਰ ਨਾਰਾਜ਼

**ਨਵੀਂ ਦਿੱਲੀ:** ਜਨਰਲ ਬਿਪਿਨ ਰਾਵਤ ਦੇ ਬਿਆਨ ਤੋਂ ਜੰਮੂ-ਕਸ਼ਮੀਰ ਸਰਕਾਰ ਨਾਰਾਜ਼ ਹੋ ਗਈ ਹੈ। ਜੰਮੂ-ਕਸ਼ਮੀਰ ਦੇ ਸਿੱਖਿਆ ਮੰਤਰੀ ਅਲਤਾਫ ਬੁਖਾਰੀ ਨੇ ਆਖਿਆ ਕਿ ਫੌਜ ਆਪਣੇ ਕੰਮ ਉਤੇ ਧਿਆਨ ਦੇਵੇ। ਕਸ਼ਮੀਰ ਸਰਕਾਰ ਨੇ ਬਿਪਿਨ ਰਾਵਤ ਨੂੰ ਸਲਾਹ ਦਿੰਦੇ ਹੋਏ ਕਿਹਾ ਹੈ ਕਿ ਅਫਸਰਾਂ ਨੂੰ ਉਨ੍ਹਾਂ ਮੁੱਦਿਆਂ ਉਤੇ ਸਲਾਹ ਨਹੀਂ ਦੇਣੀ ਚਾਹੀਦੀ ਜੋ ਉਨ੍ਹਾਂ ਦੇ ਦਾਇਰੇ ਵਿਚ ਨਾ ਆਉਂਦੇ ਹੋਣ।"ਦੱਸ ਦਈਏ ਕਿ ਫੌਜ ਮੁਖੀ ਜਨਰਲ ਬਿਪਿਨ ਰਾਵਤ ਨੇ ਸਾਲਾਨਾ ਪ੍ਰੈੱਸ ਕਾਨਫਰੰਸ ਵਿਚ ਜੰਮੂ-ਕਸ਼ਮੀਰ ਦੀ ਸਿੱਖਿਆ ਪ੍ਰਣਾਲੀ ਉਤੇ ਸਵਾਲ ਚੁੱਕੇ ਸਨ। ਇਸ ਉਤੇ ਸਰਕਾਰ ਕਾਫੀ ਨਾਰਾਜ਼ ਨਜ਼ਰ ਆ ਰਹੀ ਹੈ। ਫੌਜ ਮੁਖੀ ਨੇ ਇਹ ਵੀ ਆਖਿਆ ਸੀ ਕਿ ਜੰਮੂ ਕਸ਼ਮੀਰ ਵਿਚ ਜੋ ਵੀ ਪੜ੍ਹਾਇਆ ਜਾ ਰਿਹਾ ਹੈ, ਉਹ ਨਹੀਂ ਪੜ੍ਹਾਇਆ ਜਾਣਾ ਚਾਹੀਦਾ। ਜੰਮੂ ਦੇ ਸਕੂਲਾਂ ਵਿਚ ਦੋ ਨਕਸ਼ੇ ਪੜ੍ਹਾਏ ਜਾਂਦੇ ਹਨ। ਇਕ ਭਾਰਤ ਤੇ ਦੂਜਾ ਜੰਮੂ-ਕਸ਼ਮੀਰ ਦਾ।

## ਸ਼ਰਾਬ ਕਾਰੋਬਾਰ ਆਪਣੇ ਹੱਥ ਲਵੇਗੀ ਸਰਕਾਰ

**ਚੰਡੀਗੜ੍ਹ:** ਪੰਜਾਬ ਸਰਕਾਰ ਮਾਲੀਆ ਵਧਾਉਣ ਲਈ ਸ਼ਰਾਬ ਦਾ ਕਾਰੋਬਾਰ ਆਪਣੇ ਹੱਥਾਂ ਵਿਚ ਲੈਣ ਉਤੇ ਵਿਚਾਰ ਕਰ ਰਹੀ ਹੈ। ਇਸ ਲਈ ਸੂਬਾ ਸਰਕਾਰ ਵੱਖਰਾ ਨਿਗਮ ਬਣਾਏਗੀ।

ਆਬਕਾਰੀ ਅਤੇ ਕਰ ਵਿਭਾਗ ਨੇ ਇਸ ਸਬੰਧੀ ਤਜਵੀਜ਼ ਤਿਆਰ ਕਰ ਲਈ ਹੈ ਜੋ ਇਸ ਹਫਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾਲ ਵਿਚਾਰੀ ਜਾਵੇਗੀ। ਇਕ ਵਾਰ ਪਾਸ ਹੋਣ ਉਤੇ ਇਹ ਅਧਿਕਾਰਤ ਮਨਜ਼ੂਰੀ ਲਈ ਮੰਤਰੀ ਪ੍ਰੀਸ਼ਦ ਅੱਗੇ ਲਿਆਂਦੀ ਜਾਵੇਗੀ ਤਾਂ ਜੋ ਇਸ ਨੂੰ ਲਾਗੂ ਕੀਤਾ ਜਾ ਸਕੇ। ਸੂਤਰਾਂ ਅਨੁਸਾਰ ਸਰਕਾਰੀ ਨਿਗਮ ਛੇਤੀ ਬਣਾਇਆ ਜਾ ਰਿਹਾ ਹੈ ਜੋ ਸ਼ਰਾਬ ਦਾ ਇਕੋ ਇਕ ਥੋਕ ਵਿਕਰੇਤਾ ਹੋਵੇਗਾ ਜਦੋਂ ਕਿ ਸ਼ਰਾਬ ਦੀ ਪ੍ਰਚੂਨ ਵਿਕਰੀ ਨਿੱਜੀ ਹੱਥਾਂ ਵਿਚ ਹੀ ਰਹੇਗੀ।

ਸ਼ਰਾਬ ਕਾਰੋਬਾਰ ਲਈ ਨਿਗਮ ਬਣਾਉਣ ਪਿੱਛੇ ਸਰਕਾਰ ਦਾ ਉਦੇਸ਼ ਆਬਕਾਰੀ ਕਾਰੋਬਾਰ ਤੋਂ ਹੋਣ ਵਾਲੇ ਮਾਲੀਏ ਨੂੰ ਵਧਾਉਣਾ ਹੈ। ਮੌਜੂਦਾ ਵਿੱਤੀ ਵਰ੍ਹੇ ਵਿਚ ਸਰਕਾਰ ਨੇ 5420 ਕਰੋੜ ਰੁਪਏ ਦੀ ਆਬਕਾਰੀ ਕਮਾਈ ਦਾ ਟੀਚਾ ਮਿਥਿਆ ਹੈ ਜਦੋਂ ਕਿ ਅਦਾਲਤ ਦੇ ਹੁਕਮਾਂ ਉਤੇ ਕੌਮੀ ਸ਼ਾਹਰਾਹਾਂ ਦੁਆਲੇ ਸਥਿਤ ਬਾਰ, ਹੋਟਲ ਅਤੇ ਠੇਕੇ ਲੰਮਾਂ ਸਮਾਂ ਬੰਦ ਰਹਿਣ ਕਾਰਨ ਇਹ ਕਮਾਈ ਘਟਣ ਦੇ ਆਸਾਰ ਹਨ।

## ਕਤਲੇਆਮ 84: ਇਕ ਵਿਸ਼ੇਸ਼ ਜਾਂਚ ਟੀਮ ਹੋਰ

*(ਸਫਾ ਇਕ ਦੀ ਬਾਕੀ)*

ਸਬੂਤ ਨਾ ਹੋਣ ਦਾ ਰੋਣਾ ਰੋਇਆ। ਹੁਣ ਅਦਾਲਤ ਨੇ ਜਿਨ੍ਹਾਂ 186 ਕੇਸਾਂ ਦੀ ਮੁੜ ਪੜਤਾਲ ਬਾਰੇ ਕਮੇਟੀ ਬਣਾਈ ਹੈ, ਇਹ ਮੋਦੀ ਸਰਕਾਰ ਵੱਲੋਂ ਬਣਾਈ 'ਸਿੱਟ' ਦੀ ਜਾਂਚ ਵਿਚ ਸ਼ਾਮਲ ਸਨ। ਮੋਦੀ ਸਰਕਾਰ ਦੀ ਇਹ ਜਾਂਚ ਟੀਮ ਵੀ ਸਿਆਸੀ ਖੁਦਗਰਜ਼ੀ ਵਿਚੋਂ ਨਿਕਲੀ ਸੀ, ਕਿਉਂਕਿ ਅਜਿਹੀ ਹੀ ਟੀਮ ਦਾ ਐਲਾਨ ਆਮ ਆਦਮੀ ਪਾਰਟੀ ਦੇ ਮੁਖੀ ਅਰਵਿੰਦ ਕੇਜਰੀਵਾਲ ਨੇ ਦਿੱਲੀ ਵਿਚ ਪਾਰਟੀ ਦੀ ਸਰਕਾਰ ਬਣਨ ਪਿੱਛੋਂ ਕੀਤਾ ਸੀ, ਪਰ 49 ਦਿਨਾਂ ਬਾਅਦ ਇਹ ਸਰਕਾਰ ਟੁੱਟ ਗਈ।

ਦੂਸਰੀ ਵਾਰ ਦਿੱਲੀ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੋਂ ਕੁਝ ਦਿਨ ਪਹਿਲਾਂ ਹੀ ਕੇਂਦਰ ਦੀ ਮੋਦੀ ਸਰਕਾਰ ਨੇ ਕੇਜਰੀਵਾਲ ਸਰਕਾਰ ਦੀ ਇਸ ਪਹਿਲ ਨੂੰ ਆਪਣੇ ਨਾਂ ਕਰ ਲਿਆ। ਸਰਕਾਰ ਨੇ ਛੇ ਮਹੀਨਿਆਂ ਵਿਚ 'ਸਿੱਟ' ਨੂੰ ਜਾਂਚ ਮੁਕੰਮਲ ਕਰ ਕੇ ਰਿਪੋਰਟ ਦੇਣ ਲਈ ਆਖਿਆ ਸੀ, ਪਰ ਸਾਢੇ ਤਿੰਨ ਸਾਲ ਤੋਂ ਵੱਧ ਸਮਾਂ ਲੰਘਣ ਦੇ ਬਾਵਜੂਦ ਇਹ ਕਮੇਟੀ ਵਾਰ-ਵਾਰ ਜਾਂਚ ਦਾ ਸਮਾਂ ਵਧਾਉਣ ਦੀਆਂ ਸਿਫਾਰਸ਼ਾਂ ਹੀ ਕਰਦੀ ਰਹੀ। ਤਿੰਨ ਦਹਾਕਿਆਂ ਤੋਂ ਵੱਧ ਸਮਾਂ ਬੀਤ ਜਾਣ ਅਤੇ ਸਬੂਤਾਂ ਤੇ ਗਵਾਹੀਆਂ ਦੀ ਅਣਹੋਂਦ ਨੂੰ ਦਰਸਾ ਕੇ ਇਸ ਜਾਂਚ ਟੀਮ ਨੇ ਤਕਰੀਬਨ 200 ਕੇਸਾਂ ਦੀਆਂ ਫਾਈਲਾਂ ਨੂੰ ਜਾਂਚ ਤੋਂ ਬਗੈਰ ਹੀ ਬੰਦ ਕਰ ਦਿੱਤਾ। ਸੁਪਰੀਮ ਕੋਰਟ ਦੇ ਤਾਜ਼ਾ ਫੈਸਲੇ ਪਿੱਛੋਂ ਇਹ ਸਵਾਲ ਵੀ ਖੜ੍ਹੇ ਹਨ ਕਿ ਜੇ ਸੁਪਰੀਮ ਕੋਰਟ 33 ਸਾਲ ਪਹਿਲਾਂ ਜਾਂਚ ਟੀਮ ਵੱਲੋਂ ਸਬੂਤਾਂ ਵਾਲੇ ਬਹਾਨੇ 'ਤੇ ਉਂਗਲ ਖੜ੍ਹੀ ਕਰਦੀ ਤਾਂ ਪੀੜਤਾਂ ਨੂੰ ਇੰਨੀ ਲੰਮੀ ਉਡੀਕ ਨਾ ਕਰਨੀ ਪੈਂਦੀ।

## ਪੰਜਾਬ ਰਾਜ ਮਹਿਲਾ ਕਮਿਸ਼ਨ ਦੀ ਮੁਖੀ ਵੱਲੋਂ ਅਸਤੀਫਾ

**ਮੁਹਾਲੀ:** ਪੰਜਾਬ ਰਾਜ ਮਹਿਲਾ ਕਮਿਸ਼ਨ ਦੀ ਚੇਅਰਪਰਸਨ ਬੀਬੀ ਪਰਮਜੀਤ ਕੌਰ ਲਾਂਡਰਾਂ ਨੇ ਅਚਾਨਕ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ। ਉਨ੍ਹਾਂ ਨੇ ਦਫਤਰੀ ਮੁਲਾਜ਼ਮ ਦੇ ਹੱਥ ਆਪਣਾ ਅਸਤੀਫਾ ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਵਿਭਾਗ ਦੇ ਪ੍ਰਮੁੱਖ ਸਕੱਤਰ ਕੇ.ਬੀ.ਐੱਸ. ਸਿੱਧੂ ਨੂੰ ਸੌਂਪਿਆ। ਮੁਹਾਲੀ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮੈਂਬਰ ਬੀਬੀ ਪਰਮਜੀਤ ਕੌਰ ਲਾਂਡਰਾਂ ਨੂੰ ਪਿਛਲੀ ਅਕਾਲੀ-ਭਾਜਪਾ ਸਰਕਾਰ ਵੱਲੋਂ 13 ਜਨਵਰੀ 2013 ਨੂੰ ਪੰਜਾਬ ਰਾਜ ਮਹਿਲਾ ਕਮਿਸ਼ਨ ਦੀ ਚੇਅਰਪਰਸਨ ਨਿਯੁਕਤ ਕੀਤਾ ਗਿਆ ਸੀ। ਬੀਬੀ ਲਾਂਡਰਾਂ ਦੇ ਅਹੁਦੇ ਦੀ ਮਿਆਦ 13 ਜਨਵਰੀ 2019 ਵਿਚ ਖਤਮ ਹੋਣੀ ਸੀ।

# ਕਿਰਪਾਨਾਂ ਵੰਡਣ ਦੇ ਮੁੱਦੇ 'ਤੇ ਅਕਾਲੀਆਂ ਨੇ ਖੋਲ੍ਹਿਆ ਮੋਰਚਾ

**ਪਟਿਆਲਾ:** ਕਾਂਗਰਸੀ ਆਗੂ ਵੱਲੋਂ ਪੰਚਾਇਤੀ ਚੋਣਾਂ ਵੇਲੇ ਦਿੱਤੇ ਵਿਵਾਦਿਤ ਬਿਆਨ ਉਤੇ ਪੰਜਾਬ ਸਰਕਾਰ ਵੱਲੋਂ ਕੋਈ ਕਾਰਵਾਈ ਨਾ ਕੀਤੇ ਜਾਣ ਦੇ ਰੋਸ ਵਜੋਂ ਸ਼੍ਰੋਮਣੀ ਅਕਾਲੀ ਦਲ ਦੇ ਵਰਕਰਾਂ ਨੇ ਸੰਸਦ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ ਦੀ ਅਗਵਾਈ ਵਿਚ ਮੋਤੀ ਮਹਿਲ ਵੱਲ ਰੋਸ ਮਾਰਚ ਕੀਤਾ ਤਾਂ ਪੁਲਿਸ ਨੇ ਉਨ੍ਹਾਂ ਨੂੰ ਪੋਲੋ ਗਰਾਊਂਡ ਕੋਲ ਰੋਕ ਲਿਆ। ਅਕਾਲੀ ਵਰਕਰ ਉਥੇ ਹੀ ਧਰਨਾ ਲਾ ਕੇ ਬੈਠ ਗਏ।



ਮਿਲੀ ਜਾਣਕਾਰੀ ਅਨੁਸਾਰ ਕਾਂਗਰਸੀ ਆਗੂ ਵੱਲੋਂ ਪੰਚਾਇਤੀ ਚੋਣਾਂ ਵੇਲੇ ਕਿਰਪਾਨਾਂ ਵੰਡਣ ਤੇ ਵਿਰੋਧੀਆਂ ਨੂੰ ਵੱਢਣ ਆਦਿ ਦੇ ਦਿੱਤੇ ਬਿਆਨ ਉਤੇ ਪੰਜਾਬ ਸਰਕਾਰ ਵੱਲੋਂ ਕੋਈ ਕਾਰਵਾਈ ਨਾ ਕੀਤੇ ਜਾਣ ਦੇ ਰੋਸ ਵਜੋਂ ਮੁੱਖ ਮੰਤਰੀ ਦੀ ਰਿਹਾਇਸ਼ ਨਿਊ ਮੋਤੀ ਮਹਿਲ ਅੱਗੇ ਧਰਨਾ ਦੇਣ ਦੇ ਉਲੀਕੇ ਪ੍ਰੋਗਰਾਮ ਤਹਿਤ ਇਕੱਠੇ ਹੋਏ ਅਕਾਲੀ ਕਾਰਕੁਨਾਂ ਨੂੰ ਪੁਲਿਸ ਨੇ ਗੁਰਦੁਆਰਾ ਸਿੰਘ ਸਭਾ ਵਿਚ ਨਜ਼ਰਬੰਦ ਕਰ ਦਿੱਤਾ। ਇਸ ਕਾਰਵਾਈ ਦਾ ਅਕਾਲੀਆਂ ਨੇ ਤਿੱਖਾ ਵਿਰੋਧ ਕੀਤਾ। ਕਰੀਬ ਦੋ ਘੰਟਿਆਂ ਬਾਅਦ ਪੁਲਿਸ ਨੇ ਗੁਰਦੁਆਰੇ ਦੇ ਗੇਟ ਖੋਲ੍ਹੇ ਤਾਂ ਅਕਾਲੀ ਵਰਕਰਾਂ ਨੇ ਪ੍ਰੋ. ਚੰਦੂਮਾਜਰਾ ਦੀ ਅਗਵਾਈ ਵਿਚ ਮੋਤੀ ਮਹਿਲ ਵੱਲ ਰੋਸ ਮਾਰਚ ਸ਼ੁਰੂ ਕੀਤਾ। ਇਸ ਰੋਸ ਮਾਰਚ ਨੂੰ ਪੁਲਿਸ ਨੇ ਮੋਤੀ ਮਹਿਲ ਤੋਂ ਪਿੱਛੇ ਪੋਲੋ ਗਰਾਊਂਡ ਕੋਲ ਬੈਰੀਕੇਡ ਲਾ ਕੇ ਰੋਕ ਲਿਆ। ਅਕਾਲੀ ਵਰਕਰ ਰੋਕ ਵਾਲੀ ਥਾਂ 'ਤੇ ਹੀ ਧਰਨਾ ਲਾ ਕੇ ਬੈਠ ਗਏ। ਉਨ੍ਹਾਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੋਂ ਕਿਰਪਾਨਾਂ ਵੰਡਣ ਤੇ ਵੱਢਣ ਵਢਾਉਣ ਦੇ ਦਿੱਤੇ ਭੜਕਾਊ ਬਿਆਨ ਦੇ ਮਾਮਲੇ ਵਿਚ ਕਾਂਗਰਸੀ ਆਗੂ ਹਰਿੰਦਰਪਾਲ ਸਿੰਘ ਹੈਰੀਮਾਨ ਖਿਲਾਫ਼ ਕੇਸ ਦਰਜ ਕਰਨ ਅਤੇ ਪੰਜਾਬੀ 'ਵਰਸਿਟੀ ਵਿਚ ਸਿੰਡੀਕੇਟ ਮੈਂਬਰ ਵਜੋਂ ਹੋਈ ਉਸ ਦੀ ਨਿਯੁਕਤੀ ਨੂੰ ਤੁਰਤ ਰੱਦ ਕਰਨ ਦੀ ਮੰਗ ਕੀਤੀ।

ਧਰਨੇ ਦੌਰਾਨ ਪ੍ਰੋ. ਚੰਦੂਮਾਜਰਾ ਨੇ ਆਖਿਆ ਕਿ ਪੰਜਾਬ ਦੀ ਸ਼ਾਂਤੀ ਨੂੰ ਲਾਂਬੂ ਲਾਉਣ ਦੀ ਕੋਸ਼ਿਸ਼ ਕਰਨ ਵਾਲੇ ਕਾਂਗਰਸੀ ਆਗੂ ਖਿਲਾਫ਼ ਜਦੋਂ ਤੱਕ ਕਾਰਵਾਈ ਨਹੀਂ ਹੁੰਦੀ, ਉਦੋਂ ਤੱਕ ਅਕਾਲੀ ਦਲ ਸੰਘਰਸ਼ ਜਾਰੀ ਰੱਖੇਗਾ ਤੇ ਲੋੜ ਪੈਣ 'ਤੇ ਇਨਸਾਫ ਲਈ ਹਾਈ ਕੋਰਟ ਦਾ ਦਰ ਵੀ ਖੜਕਾਇਆ ਜਾਵੇਗਾ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਵਰਿੰਦਰ ਕੌਰ ਗਿੱਲ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ

# ਮਹਿੰਗਾਈ ਨੇ ਸਭਨਾਂ ਨੂੰ ਕੀਤਾ ਸਾਹੋ-ਸਾਹ

**ਨਵੀਂ ਦਿੱਲੀ:** ਭਾਰਤ ਵਿਚ ਮਹਿੰਗਾਈ ਆਮ ਆਦਮੀ ਨੂੰ ਸਾਹ ਨਹੀਂ ਲੈਣ ਦੇ ਰਹੀ। ਸਰਕਾਰ ਨੇ ਵੀ ਪਹਿਲੀ ਵਾਰ ਮੰਨਿਆ ਹੈ ਕਿ ਥੋਕ ਅਤੇ ਪ੍ਰਚੂਨ ਦੋਵੇਂ ਪੱਧਰਾਂ ਉਤੇ ਮਹਿੰਗਾਈ ਦੀ ਦਰ ਵਿਚ ਵਾਧਾ ਹੋਇਆ ਹੈ। ਬਾਜ਼ਾਰ ਵਿਚ ਘਰੇਲੂ ਵਰਤੋਂ ਦੀ ਹਰ ਚੀਜ਼ 'ਤੇ ਮਹਿੰਗਾਈ ਦੀ ਮਾਰ ਹੈ। ਇਕ ਅੰਦਾਜ਼ੇ ਅਨੁਸਾਰ ਪ੍ਰਚੂਨ ਪੱਧਰ 'ਤੇ ਮਹਿੰਗਾਈ ਵਿਚ ਵਾਧੇ ਨੇ ਪਿਛਲੇ 16 ਮਹੀਨਿਆਂ ਦੇ ਰਿਕਾਰਡ ਨੂੰ ਤੋੜਿਆ ਹੈ। ਮੌਜੂਦਾ ਵਾਧੇ ਦਾ ਅਸਰ ਸਿੱਧੇ ਤੌਰ ਉਤੇ ਘਰੇਲੂ ਵਰਤੋਂ ਪ੍ਰਚੂਨ ਵਿਚ ਵਿਕਦੀਆਂ ਚੀਜ਼ਾਂ ਉਤੇ ਜ਼ਿਆਦਾ ਤੇਜ਼ ਹੋਇਆ ਨਜ਼ਰ ਆਇਆ ਹੈ।

ਇਸ ਨਾਲ ਮੁਦਰਾ ਸਫੀਤੀ ਦੀ ਦਰ ਵੀ 5.21 ਫੀਸਦੀ ਤੱਕ ਪਹੁੰਚ ਗਈ ਹੈ। ਮੁਦਰਾ ਸਫੀਤੀ ਵਧੇਗੀ ਤਾਂ ਸੁਭਾਵਿਕ ਹੈ ਕਿ ਕੀਮਤਾਂ ਵੀ ਵਧਣਗੀਆਂ। ਸਬਜ਼ੀਆਂ, ਦਾਲਾਂ ਦੀਆਂ ਕੀਮਤਾਂ ਵਧੀਆਂ ਹਨ। ਸਰਕਾਰ ਵੱਲੋਂ ਸਬਸਿਡੀ 'ਤੇ ਦਿੱਤੀ ਜਾਣ ਵਾਲੀ ਘਰੇਲੂ ਗੈਸ ਦੀਆਂ ਕੀਮਤਾਂ ਵਿਚ ਪਿਛਲੇ ਦਿਨੀਂ ਹੋਏ ਭਾਰੀ ਵਾਧੇ ਨੇ ਵੀ ਮਹਿੰਗਾਈ ਵਿਚ ਹੋਰ ਵਾਧਾ ਕੀਤਾ ਹੈ। ਖੁਦਰਾ ਕੀਮਤਾਂ ਦੇ ਅੰਕੜਿਆਂ ਅਨੁਸਾਰ ਪਿਛਲੇ ਸਾਲ ਨਵੰਬਰ ਵਿਚ ਪ੍ਰਚੂਨ ਮਹਿੰਗਾਈ ਦਰ 4.88 ਫੀਸਦੀ ਸੀ, ਜਦ ਕਿ ਇਹ ਦਰ ਸਾਲ 2016 ਵਿਚ 3.63 ਫੀਸਦੀ ਸੀ। ਇਸ ਦਾ ਨਤੀਜਾ ਇਹ ਨਿਕਲਦਾ ਹੈ ਕਿ ਦੇਸ਼ ਵਿਚ ਮਹਿੰਗਾਈ ਅਤੇ ਕੀਮਤਾਂ ਵਿਚ ਵਾਧੇ ਦਾ ਸਿਲਸਿਲਾ ਪਿਛਲੇ ਸਾਲਾਂ ਤੋਂ ਹੀ ਜਾਰੀ ਹੈ।

ਤ੍ਰਾਸਦੀ ਇਹ ਵੀ ਹੈ ਕਿ ਮਹਿੰਗਾਈ ਅਤੇ ਕੀਮਤਾਂ ਵਿਚ ਵਾਧੇ ਦੀ ਇਹ ਦਰ ਦੇਸ਼ ਵਿਚ ਘਰੇਲੂ ਉਤਪਾਦਨ ਵਿਚ ਵਾਧੇ ਦੇ ਬਾਵਜੂਦ ਦਰਜ ਕੀਤੀ ਗਈ ਹੈ।

ਜੇਕਰ ਪ੍ਰਚੂਨ ਬਾਜ਼ਾਰ ਵਿਚ ਕੀਮਤਾਂ ਵਿਚ ਵਾਧਾ ਰੁਕ ਨਹੀਂ ਰਿਹਾ ਤਾਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਦੇਸ਼ ਦੇ ਆਰਥਿਕ ਮੋਰਚੇ 'ਤੇ ਹਾਲਾਤ ਪੱਖ ਵਿਚ ਨਹੀਂ ਹਨ। ਵਿੱਤੀ ਮਾਹਿਰਾਂ ਅਨੁਸਾਰ ਘਰੇਲੂ ਉਤਪਾਦਨ ਵਿਚ ਵਾਧੇ ਦੇ ਬਾਵਜੂਦ ਕੀਮਤਾਂ ਵਿਚ ਵਾਧੇ ਦੇ ਨਾ ਰੁਕਣ ਪਿੱਛੇ ਕੁਝ ਨਾ ਕੁਝ ਜੀ.ਐਸ.ਟੀ. ਅਤੇ ਨੋਟਬੰਦੀ ਦਾ ਅਸਰ ਤਾਂ ਹੈ ਹੀ। ਭਾਰਤੀ ਰਿਜ਼ਰਵ ਬੈਂਕ ਨੇ ਵੀ ਇਸ ਸਥਿਤੀ ਨੂੰ ਚਿੰਤਾਜਨਕ ਕਰਾਰ ਦਿੱਤਾ ਹੈ।

# ਐਫ.ਬੀ.ਆਈ. ਨੇ ਜਾਰੀ ਕੀਤੀਆਂ ਨੀਰਜਾ ਦੇ ਕਾਤਲਾਂ ਦੀਆਂ ਤਸਵੀਰਾਂ



ਵਾਸ਼ਿੰਗਟਨ: ਐਫ.ਬੀ.ਆਈ. (ਫੈਡਰਲ ਬਿਊਰੋ ਆਫ ਇਨਵੈਸਟੀਗੇਸ਼ਨ) ਨੇ ਚਾਰ ਅਗਵਾਕਾਰਾਂ ਦੀਆਂ ਤਸਵੀਰਾਂ ਜਾਰੀ ਕੀਤੀਆਂ ਹਨ। ਇਹ ਉਹੀ ਅਗਵਾਕਾਰ ਹਨ, ਜਿਨ੍ਹਾਂ ਨੇ 1986 ਵਿਚ ਪੈਨ ਏ.ਐਮ. ਫਲਾਈਟ 73 ਨੂੰ ਅਗਵਾ ਕੀਤਾ ਸੀ, ਜਿਸ ਦੀ ਵਜ੍ਹਾ ਨਾਲ ਨੀਰਜਾ ਭਨੋਟ ਸਮੇਤ 20 ਵਿਅਕਤੀਆਂ ਦੀ ਮੌਤ ਹੋ ਗਈ ਸੀ। ਨੀਰਜਾ ਅਤਿਵਾਦੀਆਂ ਨਾਲ ਬਹਾਦਰੀ ਨਾਲ ਮੁਕਾਬਲਾ ਕਰਦੇ ਹੋਏ ਮਾਰੀ ਗਈ ਸੀ।

ਇਸੇ ਵੀਰਤਾ ਲਈ ਭਾਰਤ ਸਰਕਾਰ ਨੇ ਨੀਰਜਾ ਨੂੰ ਮਰਨ ਤੋਂ ਬਾਅਦ ਅਸ਼ੋਕ ਚੱਕਰ ਨਾਲ ਨਿਵਾਜਿਆ ਸੀ। ਐਫ.ਬੀ.ਆਈ. ਨੇ ਜਿਨ੍ਹਾਂ ਅਤਿਵਾਦੀਆਂ ਦੀਆਂ ਤਸਵੀਰਾਂ ਨੂੰ ਜਾਰੀ ਕੀਤਾ ਹੈ, ਉਹ ਮੁਹੰਮਦ ਹਾਫਿਜ ਅਲੀ-ਤੁਰਕੀ, ਜਮਾਲ ਸਈਦ ਅਬਦੁਲ ਰਹੀਮ, ਮੁਹੰਮਦ ਅਬਦੁੱਲਾ ਖਲੀਲ ਹੁਸੈਨ ਤੇ ਮੁਹੰਮਦ ਅਹਿਮਦ ਅਲ-ਮੁਨਵਰ ਹਨ। ਇਹ ਤਸਵੀਰਾਂ ਐਫ.ਬੀ.ਆਈ. ਦੀ ਪ੍ਰਯੋਗਸ਼ਾਲਾ ਵਿਚ ਤਿਆਰ ਕੀਤੀਆਂ ਗਈਆਂ ਹਨ। ਇਨ੍ਹਾਂ ਤਸਵੀਰਾਂ ਨੂੰ ਸਾਲ 2000 ਵਿਚ ਐਫ.ਬੀ.ਆਈ. ਦੀਆਂ ਮਿਲੀਆਂ ਤਸਵੀਰਾਂ ਦੇ ਆਧਾਰ 'ਤੇ ਬਣਾਇਆ ਗਿਆ ਹੈ। ਐਫ.ਬੀ.ਆਈ. ਨੇ ਟਵੀਟ ਕਰ ਕੇ ਇਹ ਜਾਣਕਾਰੀ ਦਿੱਤੀ ਹੈ। ਅਮਰੀਕਾ ਦੀ ਸਟੇਟ ਡਿਪਾਰਟਮੈਂਟ ਨੇ ਦੋਸ਼ੀਆਂ ਦੀ ਸੂਚਨਾ ਦੇਣ ਵਾਲਿਆਂ ਲਈ 50 ਲੱਖ ਅਮਰੀਕੀ ਡਾਲਰ ਦਾ ਇਨਾਮ ਰੱਖਿਆ ਸੀ।

# ਮਾਂ-ਧੀ ਦੀ ਮੌਤ ਮਗਰੋਂ ਹਸਪਤਾਲ ਨੇ ਬਣਾਇਆ 18 ਲੱਖ ਦਾ ਬਿੱਲ

**ਫਰੀਦਾਬਾਦ:** ਇਕ ਪ੍ਰਾਈਵੇਟ ਹਸਪਤਾਲ ਨੇ ਗਰਭਵਤੀ ਤੇ ਉਸ ਦੇ ਬੱਚੇ ਦੀ ਮੌਤ ਤੋਂ ਬਾਅਦ 18 ਲੱਖ ਰੁਪਏ ਦਾ ਬਿੱਲ ਬਣਾ ਦਿੱਤਾ। ਏਸ਼ੀਅਨ ਹਸਪਤਾਲ ਨੇ 22 ਦਿਨ ਗਰਭਵਤੀ ਔਰਤ ਦਾ ਇਲਾਜ ਕੀਤਾ, ਪਰ ਨਾ ਹੀ ਉਹ ਮਰੀਜ਼ ਨੂੰ ਬਚਾ ਸਕੇ ਤੇ ਨਾ ਹੀ ਉਸ ਦੇ ਪੇਟ ਵਿਚ ਪਲ ਰਹੇ 7 ਮਹੀਨਿਆਂ ਦੇ ਬੱਚੇ ਨੂੰ ਬਚਾ ਸਕੇ।

ਮਰੀਜ਼ ਦੇ ਪਿਤਾ ਨੇ ਇਲਜ਼ਾਮ ਲਾਏ ਕਿ ਹਸਪਤਾਲ ਲਗਾਤਾਰ ਪੈਸੇ ਜਮ੍ਹਾਂ ਕਰਵਾਉਂਦਾ ਰਿਹਾ ਪਰ ਜਿਸ ਦਿਨ ਹੋਰ ਪੈਸੇ ਜਮ੍ਹਾਂ ਕਰਵਾਉਣ ਤੋਂ ਮਨ੍ਹਾਂ ਕਰ ਦਿੱਤਾ, ਉਸੇ ਦਿਨ ਹਸਪਤਾਲ ਨੇ ਮਰੀਜ਼ ਨੂੰ ਮ੍ਰਿਤਕ ਐਲਾਨ ਦਿੱਤਾ। ਫਰੀਦਾਬਾਦ ਦੇ ਪਿੰਡ ਨਚੌਲੀ ਦੇ ਰਹਿਣ ਵਾਲੇ ਸੀਤਾਰਾਮ ਨੇ ਦੱਸਿਆ ਕਿ 13 ਦਸੰਬਰ, 2017 ਨੂੰ ਉਨ੍ਹਾਂ ਦੀ 20 ਸਾਲਾ ਧੀ ਸ਼ਵੇਤਾ ਨੂੰ ਏਸ਼ੀਅਨ ਹਸਪਤਾਲ ਵਿਚ ਤੇਜ਼ ਬੁਖਾਰ ਹੋਣ ਕਰ ਕੇ ਦਾਖਲ ਕਰਵਾਇਆ ਗਿਆ। ਤਿੰਨ-ਚਾਰ ਦਿਨਾਂ ਦੇ ਇਲਾਜ ਤੋਂ ਬਾਅਦ ਡਾਕਟਰਾਂ ਨੇ ਪਰਿਵਾਰ ਨੂੰ ਦੱਸਿਆ ਕਿ ਸ਼ਵੇਤਾ ਦੇ ਪੇਟ 'ਚ ਬੱਚੇ ਦੀ ਮੌਤ ਹੋ ਗਈ ਹੈ ਤੇ ਤੁਰਤ ਉਪ੍ਰੇਸ਼ਨ ਕਰਨਾ ਹੋਵੇਗਾ।

ਡਾਕਟਰਾਂ ਨੇ ਸ਼ੁਰੂ ਵਿਚ ਸਾਢੇ ਤਿੰਨ ਲੱਖ ਰੁਪਏ ਜਮ੍ਹਾਂ ਕਰਵਾਉਣ ਲਈ ਕਹਿ ਦਿੱਤਾ। ਸੀਤਾਰਾਮ ਨੇ ਇਲਜ਼ਾਮ ਲਾਇਆ ਕਿ ਡਾਕਟਰਾਂ ਨੇ ਸਾਢੇ ਤਿੰਨ ਲੱਖ ਰੁਪਏ ਜਮ੍ਹਾਂ ਹੋਣ ਪਹਿਲਾਂ ਉਪ੍ਰੇਸ਼ਨ ਸ਼ੁਰੂ ਨਹੀਂ ਕੀਤਾ। ਜਦੋਂ ਤੱਕ ਪੈਸਿਆਂ ਦਾ ਇੰਤਜ਼ਾਮ ਹੋਇਆ, ਉਦੋਂ ਤੱਕ ਸ਼ਵੇਤਾ ਦੇ ਪੇਟ ਵਿਚ ਇਨਫੈਕਸ਼ਨ ਫੈਲ ਗਿਆ। ਉਪ੍ਰੇਸ਼ਨ ਤੋਂ ਬਾਅਦ ਉਨ੍ਹਾਂ ਦੀ ਧੀ ਦੀ ਹਾਲਤ ਵਿਗੜ ਗਈ ਤੇ ਉਸ ਨੂੰ ਆਈ.ਸੀ.ਯੂ. ਵਿਚ ਭੇਜ ਦਿੱਤਾ ਗਿਆ। ਹਸਪਤਾਲ ਨੇ ਸੀਤਾਰਾਮ ਨੂੰ ਹੋਰ ਪੈਸੇ ਜਮ੍ਹਾਂ ਕਰਵਾਉਣ ਲਈ ਕਿਹਾ ਤਾਂ ਉਨ੍ਹਾਂ ਮਨ੍ਹਾ ਕਰ ਦਿੱਤਾ। ਇਸ ਤੋਂ ਥੋੜ੍ਹੇ ਸਮੇਂ ਬਾਅਦ ਹਸਪਤਾਲ ਨੇ ਸ਼ਵੇਤਾ ਨੂੰ ਮ੍ਰਿਤਕ ਐਲਾਨ ਦਿੱਤਾ।

# ਸਾਊਦੀ ਅਰਬ 'ਚ ਦਸ ਹਜ਼ਾਰ ਔਰਤਾਂ ਚਲਾਉਣਗੀਆਂ ਟੈਕਸੀਆਂ

**ਦੁਬਈ:** ਸਾਊਦੀ ਅਰਬ 'ਚ ਕਾਰਾਂ ਚਲਾਉਣ 'ਤੇ ਪਾਬੰਦੀ ਹਟਣ ਪਿਛੋਂ ਟੈਕਸੀ ਡਰਾਈਵਿੰਗ ਲਾਇਸੈਂਸ ਲੈਣ ਲਈ ਅਰਜ਼ੀਆਂ ਦੇਣ ਵਾਲੀਆਂ ਔਰਤਾਂ ਦਾ ਹੜ੍ਹ ਆ ਗਿਆ ਹੈ। ਟੈਕਸੀ ਚਲਾਉਣ ਦਾ ਕਾਰੋਬਾਰ ਕਰਦੀਆਂ ਉਬਰ ਤੇ ਕਰੀਮ ਨੇ ਮਹਿਲਾ ਡਰਾਈਵਰਾਂ ਦੀ ਰਜਿਸਟਰੇਸ਼ਨ ਸ਼ੁਰੂ ਕਰ ਦਿੱਤੀ ਹੈ।

ਸਾਊਦੀ ਅਰਬ ਪ੍ਰਸ਼ਾਸਨ ਨੇ ਜੂਨ 2017 ਤੋਂ ਔਰਤਾਂ ਦੇ ਕਾਰਾਂ ਜਾਂ ਟੈਕਸੀਆਂ ਚਲਾਉਣ 'ਤੇ ਪਾਬੰਦੀ ਹਟਾਉਣ ਦਾ ਫੈਸਲਾ ਕੀਤਾ ਸੀ। ਇਸ ਸਮੇਂ ਔਰਤ ਉਪਭੋਗਤਾ 80 ਫੀਸਦੀ ਉਬਰ ਅਤੇ ਬਾਕੀ ਦੁਬਈ ਅਧਾਰਤ ਕਰੀਮ ਕੰਪਨੀਆਂ ਦੀਆਂ ਟੈਕਸੀਆਂ ਦੀ ਵਰਤੋਂ ਕਰਦੀਆਂ ਹਨ। ਇਨ੍ਹਾਂ ਫਰਮਾਂ ਵੱਲੋਂ ਸਾਰੇ ਮਰਦ ਡਰਾਈਵਰ ਭਰਤੀ ਕੀਤੇ ਜਾਂਦੇ ਹਨ। ਬਹੁਤੇ ਡਰਾਈਵਰ ਆਪਣੀਆਂ ਨਿਜੀ ਟੈਕਸੀਆਂ ਚਲਾ ਰਹੇ ਹਨ। ਸ਼ਾਹੀ ਪਰਿਵਾਰ ਵੱਲੋਂ ਔਰਤ ਡਰਾਈਵਰਾਂ ਉਤੇ ਕਾਰਾਂ ਚਲਾਉਣ 'ਤੇ ਪਾਬੰਦੀ ਹਟਾਉਣ ਦੇ ਆਦੇਸ਼ ਪਿੱਛੋਂ ਉਬਰ ਤੇ ਕਰੀਮ ਕੰਪਨੀਆਂ ਵੱਲੋਂ ਔਰਤ ਡਰਾਈਵਰਾਂ ਦੀ ਭਰਤੀ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ ਸੀ।

# ਸਾਬਕਾ ਸੰਸਦ ਮੈਂਬਰ ਸਤਨਾਮ ਕੈਂਥ ਦਾ ਦੇਹਾਂਤ

**ਮੁਹਾਲੀ:** ਪੰਜਾਬ ਕਾਂਗਰਸ ਦੇ ਸੂਬਾਈ ਮੀਤ ਪ੍ਰਧਾਨ ਅਤੇ ਸਾਬਕਾ ਸੰਸਦ ਮੈਂਬਰ ਸਤਨਾਮ ਸਿੰਘ ਕੈਂਥ ਦੀ ਮੌਤ ਹੋ ਗਈ। ਉਹ ਕਰੀਬ ਡੇਢ ਮਹੀਨੇ ਤੋਂ ਇਥੋਂ ਦੇ ਸੈਕਟਰ-71 ਸਥਿਤ ਆਈਵੀ ਸੁਪਰ ਸਪੈਸ਼ਲਿਟੀ ਹਸਪਤਾਲ ਵਿਚ ਜ਼ੇਰੇ-ਇਲਾਜ



ਸਨ। ਡਾਕਟਰਾਂ ਅਨੁਸਾਰ ਉਨ੍ਹਾਂ ਦੇ ਦਿਮਾਗ ਵਿਚ ਸੋਜ਼ਿਸ਼ ਸੀ। ਇਹ ਸੋਜ਼ਿਸ਼ ਜ਼ਿਆਦਾ ਵਧਣ ਕਾਰਨ ਉਨ੍ਹਾਂ ਦਾ ਅਪਰੇਸ਼ਨ ਕੀਤਾ ਗਿਆ ਸੀ, ਪਰ ਉਹ ਤੰਦਰੁਸਤ ਨਾ ਹੋ ਸਕੇ।

ਸ੍ਰੀ ਕੈਂਥ ਕਾਫੀ ਸਮਾਂ ਬਹੁਜਨ ਸਮਾਜ ਪਾਰਟੀ 'ਚ ਰਹੇ ਅਤੇ ਉਹ ਬਸਪਾ ਸੁਪਰੀਮੋ ਬਾਬਾ ਕਾਂਸ਼ੀ ਰਾਮ ਦੇ ਨੇੜਲੇ ਸਾਥੀਆਂ 'ਚੋਂ ਸਨ। ਬੰਗਾ ਨੇੜੇ ਪਿੰਡ ਸਤੌਰ ਦੇ ਸ੍ਰੀ ਕੈਂਥ ਅਰਥ ਸ਼ਾਸਤਰ 'ਚ ਐਮ.ਏ. ਸਨ। ਅਤਿਵਾਦ ਦੇ ਦੌਰ ਵਿਚ ਪੰਜਾਬ ਅੰਦਰ ਬਣੀ ਬੇਅੰਤ ਸਿੰਘ ਸਰਕਾਰ ਸਮੇਂ ਉਹ ਵਿਰੋਧੀ ਧਿਰ ਦੇ ਆਗੂ ਸਨ। ਬੰਗਾ ਹਲਕੇ ਤੋਂ ਬਸਪਾ ਦੀ ਟਿਕਟ 'ਤੇ ਜਿੱਤ ਕੇ ਪਹਿਲੀ ਵਾਰ ਵਿਧਾਇਕ ਬਣੇ ਸਨ। ਉਨ੍ਹਾਂ ਦਾ ਵਿਆਹ ਵੀ ਵਿਧਾਇਕ ਬਣਨ ਪਿਛੋਂ ਹੀ ਹੋਇਆ। 1998 ਵਿਚ ਫਿਲੌਰ ਲੋਕ ਸਭਾ ਹਲਕੇ ਤੋਂ ਸੰਸਦ ਪੁੱਜੇ। ਹੁਣ ਉਹ ਕਾਂਗਰਸ ਪਾਰਟੀ ਦੇ ਸੂਬਾਈ ਉਪ ਪ੍ਰਧਾਨ ਸਨ। ਦਲਿਤ ਰਾਜਨੀਤੀ ਵਿਚ ਉਨ੍ਹਾਂ ਨੂੰ ਸੁਲਝੇ ਹੋਏ ਸਿਆਸਤਦਾਨ ਵਜੋਂ ਦੇਖਿਆ ਜਾਂਦਾ ਸੀ।


## Matrimonials

### ਲੜਕੀ ਦੀ ਲੋੜ ਹੈ

Wanted suitable girl for Ramgarhia Sikh Electrical engineer boy 29, 5'-9". Turbaned, Non Alcoholic. Working in a reputed company. Well settled. Caste no bar. Call: 313-718-0178
2-5

Ramgariah family looking for a suitable Ramgariah match for their U. S. born son, Sr. Financial Analyst 34 years, 5'-10". Please contact: jsnov1973@aol.com
51/4

ਜੱਟ ਸਿੱਖ ਤੂਰ, 32 ਸਾਲ, ਕੱਦ 6 ਫੁੱਟ, ਵਿਜ਼ਿਟਰ ਵੀਜ਼ੇ 'ਤੇ ਅਮਰੀਕਾ ਆਏ ਲੜਕੇ, ਐਮ. ਐਸਸੀ. (ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੋਂ) ਲਈ ਅਮਰੀਕਾ ਜਾਂ ਕੈਨੇਡਾ ਦੀ ਸਿਟੀਜ਼ਨ/ਗਰੀਨ ਕਾਰਡ ਹੋਲਡਰ ਲੜਕੀ ਦੀ ਲੋੜ ਹੈ। ਲੜਕੇ ਹੁਣੀਂ ਦੋ ਭਰਾ ਹਨ ਤੇ 30 ਏਕੜ ਜਮੀਨ ਹੈ। ਸੰਪਰਕ ਕਰੋ, ਫੋਨ: 734-262-6929
52-3


*punjabtimesusa.com*


## ਵੇਟਰ ਅਤੇ ਹੈਲਪਰ ਦੀ ਲੋੜ ਹੈ

ਮੈਡੀਸਨ, ਵਿਸਕਾਨਸਿਨ 'ਚ ਭਾਰਤੀ ਰੈਸਟੋਰੈਂਟ ਲਈ ਵੇਟਰ ਅਤੇ ਹੈਲਪਰ ਦੀ ਲੋੜ ਹੈ।
ਰਿਹਾਇਸ਼ ਫਰੀ, ਚੰਗੀ ਤਨਖਾਹ
ਸੰਪਰਕ ਕਰੋ: ਸੰਨੀ, ਫੋਨ: 608-630-0287
52-4



## UMA TRAVELS

2535 W. Devon Ave., Chicago, IL 60659

For Lowest Fares & Reliable Service
Call For Special Sale Fares
Call: 773-338-5603

## INDIAN BAZAAR

334 S. Emerson Ave., GREENWOOD, IN 46143

ਹਰ ਤਰ੍ਹਾਂ ਦੀ ਭਾਰਤੀ ਗਰੌਸਰੀ ਤੇ ਮਿਠਾਈਆਂ ਲਈ ਮਸ਼ਹੂਰ

- ਖਾਣਾ ਸ਼ੁੱਧ ਵੈਸ਼ਨੋ, ਤਾਜ਼ਾ ਸਮੋਸੇ, ਚਾਟ, ਥਾਲੀ
- ਕੈਟਰਿੰਗ ਵੀ ਕਰਦੇ ਹਾਂ
- ਵੱਡੇ ਆਰਡਰ ਲਈ ਸਪੈਸ਼ਲ ਰੇਟ
- ਤਾਜ਼ਾ ਸਬਜ਼ੀਆਂ ਹਰ ਵੀਰਵਾਰ

ਤੁਹਾਡਾ ਆਪਣਾ ਸਾਫ ਸੁਥਰਾ ਗਰੌਸਰੀ ਸਟੋਰ

ਇਕ ਵਾਰ ਜ਼ਰੂਰ ਦਰਸ਼ਨ ਦਿਓ, ਦੂਜੀ ਵਾਰ ਤੁਸੀਂ ਖੁਦ ਹੀ ਆਓਗੇ ਕਿਉਂਕਿ ਹਰ ਚੀਜ਼ ਤੁਹਾਨੂੰ ਵਧੀਆ ਕੁਆਲਿਟੀ 'ਚ ਅਤੇ ਵਾਜਬ ਰੇਟ 'ਤੇ ਮਿਲੇਗੀ।

ਸੱਤੇ ਦਿਨ ਖੁੱਲ੍ਹਾ-ਸਵੇਰੇ 9 ਵਜੇ ਤੋਂ ਰਾਤ 9 ਵਜੇ ਤੱਕ



ਧਾਰਮਿਕ ਪ੍ਰੋਗਰਾਮਾਂ ਲਈ 10% ਛੋਟ

Ph: 317-534-5151, 916-524-0045

## Desi Bazar

916 E. Main Street #118, Greenwood, IN, 46143
Tel: 317-888-2040, Fax: 317-887-6116

We specialize in all kind of Indian Groceries and Sweets

- FRESH VEGETABLES EVERY THURSDAY
- FRESH GOAT MEAT

10% off on all Gurudwara supplies and Religious programs!!

We Are Open 7 Days a Week

ਖੁੱਲ੍ਹਾ ਤੇ ਸਾਫ ਸੁਥਰਾ ਸਟੋਰ, ਪੰਜਾਬੀਆਂ ਦਾ ਮਾਣ ਦੇਸੀ ਬਾਜ਼ਾਰ

ਭਖਦੇ ਮਸਲੇ

# ਗਲੋਬਲ ਅਤਿਵਾਦ: ਦਿਸ਼ਾ ਅਤੇ ਦਸ਼ਾ

***ਕੈਨੇਡਾ ਵਾਸੀ ਨਰਿੰਦਰ ਸਿੰਘ ਢਿੱਲੋਂ ਨੇ ਆਪਣੇ ਇਸ ਲੇਖ ਵਿਚ ਵਿਸ਼ਵ ਭਰ ਵਿਚ ਫੈਲੇ ਅਤਿਵਾਦ ਬਾਰੇ ਵਿਚਾਰ ਸਾਂਝੇ ਕੀਤੇ ਹਨ। ਉਨ੍ਹਾਂ ਦੇ ਵਿਚਾਰਾਂ ਨਾਲ ਭਾਵੇਂ ਪੂਰਨ ਸਹਿਮਤੀ ਨਾ ਵੀ ਹੋਵੇ, ਤਾਂ ਵੀ ਇਕ ਗੱਲ ਸੱਚ ਹੈ ਕਿ ਅਤਿਵਾਦ ਦੀ ਸਭ ਤੋਂ ਵੱਧ ਮਾਰ ਆਮ ਬੰਦੇ ਨੂੰ ਹੀ ਪੈਂਦੀ ਰਹੀ ਹੈ। ਇਸ ਲੇਖ ਵਿਚ ਉਨ੍ਹਾਂ ਦੁਨੀਆਂ ਦੇ ਵੱਖ ਵੱਖ ਮੁਲਕਾਂ ਅਤੇ ਅਤਿਵਾਦ ਦੀ ਪੈਦਾਇਸ਼ ਬਾਰੇ ਖੁੱਲ੍ਹ ਕੇ ਲਿਖਿਆ ਹੈ। -ਸੰਪਾਦਕ***

ਅਤਿਵਾਦ ਦੀ ਸਮੱਸਿਆ ਅੱਜ ਦੁਨੀਆਂ ਵਿਚ ਮੁੱਖ ਮਸਲਾ ਬਣੀ ਹੋਈ ਹੈ। ਬਹੁਤੇ ਦੇਸ਼ ਕੋਈ ਘੱਟ ਅਤੇ ਕੋਈ ਵੱਧ ਅਤਿਵਾਦ ਤੋਂ ਪੀੜਤ ਹਨ। ਇਸ ਨਾਲ ਵੱਧ ਪੀੜਤ ਆਮ ਅਤੇ ਨਿਰਦੋਸ਼ ਲੋਕ ਹੀ ਹੁੰਦੇ ਹਨ। ਇਹ ਅਜਿਹੀ ਸਮੱਸਿਆ ਹੈ ਜਿਸ ਵਿਚ ਲੋਕਾਂ ਨੂੰ ਆਪਣੇ ਲੋਕਾਂ ਦਾ ਜਬਰ ਹੰਢਾਉਣਾ ਪੈਂਦਾ ਹੈ। ਨਿਰਦੋਸ਼ ਅਤੇ ਜਨ-ਸਾਧਾਰਨ ਨੂੰ ਧਮਕੀਆਂ ਤੋਂ ਲੈ ਕੇ ਕਤਲ ਤੱਕ ਦੇ ਜ਼ੁਲਮ ਦਾ ਸਾਹਮਣਾ ਕਰਨਾ ਪੈਂਦਾ ਹੈ। ਉਨ੍ਹਾਂ ਦੇ ਘਰ ਉਜਾੜੇ ਤੇ ਸਾੜੇ ਜਾਂਦੇ ਹਨ, ਔਰਤਾਂ ਦੀ ਇੱਜਤ



**ਨਰਿੰਦਰ ਸਿੰਘ ਢਿੱਲੋਂ**
ਫੋਨ : 403-616-4032

ਨਾਲ ਖਿਲਵਾੜ ਕੀਤਾ ਜਾਂਦਾ ਹੈ, ਘਰ ਲੁੱਟ-ਪੁੱਟ ਲਏ ਜਾਂਦੇ ਹਨ ਅਤੇ ਜੇ ਕੋਈ ਵਿਰੋਧ ਕਰਦਾ ਹੈ ਤਾਂ ਪਰਿਵਾਰਾਂ ਦੇ ਪਰਿਵਾਰ ਤੱਕ ਕਤਲ ਵੀ ਕੀਤੇ ਜਾਂਦੇ ਹਨ ਜਿਸ ਵਿਚ ਬੱਚਿਆਂ ਤੋਂ ਲੈ ਕੇ ਬਜ਼ੁਰਗ ਤੱਕ ਕਿਸੇ ਨੂੰ ਵੀ ਬਖਸ਼ਿਆ ਨਹੀਂ ਜਾਂਦਾ। ਪੰਜਾਬ ਦੇ ਲੋਕਾਂ ਨੇ ਲੰਮਾ ਸਮਾਂ ਅਤਿਵਾਦ ਦਾ ਕਾਲਾ ਦੌਰ ਵੇਖਿਆ ਹੈ।

ਅਤਿਵਾਦ, ਦਹਿਸ਼ਤਵਾਦ ਦੀ ਅਗਲੀ ਸਟੇਜ ਹੈ। ਦਹਿਸ਼ਤਵਾਦ ਅੰਗਰੇਜ਼ੀ ਦੇ ਟੈਰਰਿਜ਼ਮ ਦਾ ਪੰਜਾਬੀ ਰੂਪ ਹੈ। ਟੈਰਰਿਜ਼ਮ ਲਤੀਨੀ ਭਾਸ਼ਾ ਦੇ ਟੈਰੀਆ ਸ਼ਬਦ ਤੋਂ ਬਣਿਆ ਹੈ। ਮੇਰੀ ਜਾਣਕਾਰੀ ਮੁਤਾਬਕ ਇਸ ਦੀ ਸਭ ਤੋਂ ਪਹਿਲਾਂ 1789 ਵਿਚ ਫਰਾਂਸ ਵਿਚ ਵਰਤੋਂ ਕੀਤੀ ਗਈ। ਅਤਿਵਾਦ ਤੋਂ ਭਾਵ ਉਹ ਵਰਤਾਰਾ ਹੈ ਜੋ ਧੱਕੇ ਨਾਲ ਆਪਣੀ ਗੱਲ ਮੰਨਵਾਉਣੀ ਚਾਹੁੰਦਾ ਹੈ ਤੇ ਇਸ ਮੰਤਵ ਲਈ ਉਹ ਧਮਕੀ ਧਾੜੇ ਤੋਂ ਲੈ ਕੇ ਹਰ ਜਾਬਰ ਤੋਂ ਜਾਬਰ ਹਥਿਆਰ ਵਰਤਦਾ ਹੈ। ਇਹ ਮੂਲ ਰੂਪ ਵਿਚ ਲੋਕਾਂ ਦੇ ਲਟਕਦੇ ਮਸਲਿਆਂ ਜਾਂ ਆਪਣੇ ਆਪ ਨੂੰ ਕਿਸੇ ਦੇਸ਼ ਨਾਲੋਂ ਅਲੱਗ ਕਰਨ ਜਾਂ ਕਿਸੇ ਵਿਸ਼ੇਸ਼ ਕਿਸਮ ਦੀ ਸਰਕਾਰ ਹੇਠੋਂ ਨਿਕਲਣ ਦੇ ਯਤਨਾਂ ਤੋਂ ਪੈਦਾ ਹੁੰਦਾ ਹੈ, ਪਰ ਅੰਤ ਨੂੰ ਇਹ ਜਨ-ਸਾਧਾਰਨ ਅਤੇ ਨਿਰਦੋਸ਼ ਲੋਕਾਂ ਵਿਰੁਧ ਹਮਲਾਵਰ ਰੁਖ ਅਖਤਿਆਰ ਕਰ ਕੇ ਆਮ ਲੋਕਾਂ ਵਿਚੋਂ ਨਿਖੜ ਜਾਂਦਾ ਹੈ ਤੇ ਇਸ ਦੇ ਸਰਗਰਮ ਕਾਰਕੁਨ ਆਪਣੀ ਕਬਰ ਆਪ ਹੀ ਪੁੱਟੀ ਜਾਂਦੇ ਹਨ। ਅਤਿਵਾਦੀ ਕਾਰਵਾਈਆਂ ਨੂੰ ਗੈਰ ਸੈਨਿਕ ਯੁੱਧ ਅਪਰਾਧ ਵੀ ਕਿਹਾ ਜਾਂਦਾ ਹੈ।

ਅਤਿਵਾਦੀ ਕਿਸੇ ਵੀ ਦੇਸ਼ ਦਾ ਹੋਵੇ, ਉਹ ਆਪਣੇ ਆਪ ਨੂੰ ਇਨਕਲਾਬੀ, ਵਿਦਰੋਹੀ, ਖਾੜਕੂ, ਗੁਰੀਲਾ, ਯੋਧਾ ਆਦਿ ਆਖਦਾ ਹੈ। ਇਹ ਕਿਸੇ ਵੀ ਸੁਰੱਖਿਆ ਸ਼ਕਤੀ ਨਾਲ ਸਾਹਮਣੇ ਹੋ ਕੇ ਨਹੀਂ ਲੜ ਸਕਦਾ, ਲੁਕ-ਛਿਪ ਕੇ ਹਮਲੇ ਕਰਦਾ ਹੈ।

ਵੱਖ ਵੱਖ ਤਰ੍ਹਾਂ ਦੇ ਅਪਰਾਧੀ, ਭ੍ਰਿਸ਼ਟ ਸਿਆਸੀ ਲੀਡਰ, ਸਮਗਲਰ ਅਤੇ ਮਾਫੀਆ ਗੈਂਗ ਆਦਿ ਤੋਂ ਅਤਿਵਾਦੀ ਪਹਿਲਾਂ ਤਾਂ ਡਰਾ ਧਮਕਾ ਕੇ ਪੈਸੇ ਲੈਂਦੇ ਹਨ, ਪਰ ਜਦ ਇਨ੍ਹਾਂ ਦੀ ਦਹਿਸ਼ਤ ਫੈਲ ਜਾਵੇ ਤਾਂ ਇਹੋ ਲੋਕ ਆਪ ਹੀ ਪੈਸਿਆਂ ਨਾਲ ਇਨ੍ਹਾਂ ਨੂੰ ਮਾਲਾ-ਮਾਲ ਕਰ ਦਿੰਦੇ ਹਨ ਤੇ ਅਤਿਵਾਦੀਆਂ ਦੀ ਮਦਦ ਨਾਲ ਬੇਖੌਫ ਹੋ ਕੇ ਆਪਣਾ ਧੰਦਾ ਚਲਾਉਂਦੇ ਹਨ।

ਰਾਜਸੀ ਸ਼ਹਿ ਤੋਂ ਬਿਨਾ ਅਤਿਵਾਦ ਦਾ ਉਠਣਾ ਅਸੰਭਵ ਹੁੰਦਾ ਹੈ, ਪਰ ਜਦ ਇਨ੍ਹਾਂ ਦੀ ਸ਼ਕਤੀ ਵਧ ਜਾਂਦੀ ਹੈ ਤਾਂ ਇਹ ਸ਼ਹਿ ਦੇਣ ਵਾਲੀ ਰਾਜਸੀ ਸ਼ਕਤੀ ਨੂੰ ਵੀ ਅੱਖਾਂ ਵਿਖਾਉਣ ਲੱਗ ਪੈਂਦੇ ਹਨ। ਇਤਿਹਾਸ ਗਵਾਹ ਹੈ ਕਿ 1983 ਵਿਚ ਅਮਰੀਕਾ ਦੇ ਪ੍ਰਧਾਨ ਰੋਨਾਲਡ ਰੀਗਨ ਨੇ ਅਮਰੀਕਾ ਵਿਚ ਮੁਜਾਹਿਦੀਨ ਦੇ ਵਫਦ ਨਾਲ ਮੀਟਿੰਗ ਕੀਤੀ। ਮੀਡੀਆ ਮੁਤਾਬਕ ਉਸ ਨੇ ਮੁਜਾਹਿਦੀਨ ਨੂੰ ਕੁਝ ਦੇਸ਼ਾਂ ਖਿਲਾਫ ਆਪਣੀਆਂ ਸਰਗਰਮੀਆਂ ਤੇਜ਼ ਕਰਨ ਲਈ ਹੱਲਾਸ਼ੇਰੀ ਦਿਤੀ। ਹੌਲੀ ਹੌਲੀ ਇਸਲਾਮ ਨਾਲ ਸਬੰਧਤ ਹੋਰ ਵੀ ਅਤਿਵਾਦੀ ਜਥੇਬੰਦੀਆਂ ਪੈਦਾ ਹੋ ਗਈਆਂ, ਜਿਨ੍ਹਾਂ ਨੇ ਹੁਣ ਅਮਰੀਕਾ ਨੂੰ ਆਪਣੀ ਹਿੱਟ ਲਿਸਟ 'ਤੇ ਰੱਖਿਆ ਹੋਇਆ ਹੈ। ਅਮਰੀਕਾ ਹੁਣ ਆਪਣੀ ਕੀਤੀ ਕਮਾਈ ਦਾ ਫਲ ਖਾ ਰਿਹਾ ਹੈ। ਦੁਨੀਆਂ ਦਾ ਮੁਖ ਅਤਿਵਾਦੀ ਹਮਲਾ ਅਮਰੀਕਾ ਦੇ ਵਰਲਡ ਟਰੇਡ ਸੈਂਟਰ 'ਤੇ ਹੋਇਆ ਜੋ ਤਬਾਹ ਹੋ ਗਿਆ ਤੇ ਸੈਂਕੜੇ ਲੋਕ ਮਾਰੇ ਗਏ। ਹੁਣ ਵੀ ਅਮਰੀਕਾ ਅਤਿਵਾਦੀਆਂ ਨੂੰ ਪਾਲਣ ਵਾਲਿਆਂ ਤੋਂ ਕਿਨਾਰਾਕਸ਼ੀ ਨਹੀਂ ਕਰ ਰਿਹਾ।

ਅਤਿਵਾਦ ਦੇ ਰਸਤੇ ਤੁਰੇ ਵਿਅਕਤੀ ਦੀ ਉਮਰ ਬਹੁਤੀ ਲੰਮੀ ਨਹੀਂ ਹੁੰਦੀ, ਉਹ ਭਾਵੇਂ ਬਿਨ ਲਾਦਿਨ ਹੀ ਕਿਉਂ ਨਾ ਹੋਵੇ। ਅਤਿਵਾਦੀ ਕਿਸੇ ਵੀ ਦੇਸ਼ ਦਾ ਹੋਵੇ, ਉਹ ਸਮਝਦਾ ਹੈ ਕਿ ਉਸ ਨੂੰ ਬਹੁਤ ਸਨਮਾਨਯੋਗ ਮੌਤ ਮਿਲੇਗੀ। ਹਕੀਕਤ ਇਹ ਹੈ ਕਿ ਉਹ ਬਹੁਤ ਭਿਆਨਕ ਮੌਤ ਦਾ ਸ਼ਿਕਾਰ ਹੁੰਦੇ ਹਨ ਅਤੇ ਉਨ੍ਹਾਂ ਦੀ ਮੌਤ ਤੋਂ ਬਾਅਦ ਲੋਕ ਦਹਿਸ਼ਤ ਮੁਕਤ ਹੋ ਕੇ ਰਾਹਤ ਮਹਿਸੂਸ ਕਰਦੇ ਹਨ। ਇਸਲਾਮਿਕ ਅਤਿਵਾਦੀਆਂ ਨੂੰ ਤਾਂ ਤਿਆਰ ਹੀ ਇਹ ਕਹਿ ਕੇ ਕੀਤਾ ਜਾਂਦਾ ਹੈ ਕਿ ਮੌਤ ਪਾ ਕੇ ਉਹ ਜੰਨਤ (ਸਵਰਗ) ਵਿਚ ਜਾਣਗੇ ਤੇ ਇਸੇ ਚਾਅ ਵਿਚ ਉਹ ਮੌਤ ਦੇ ਮੂੰਹ ਤੁਰ ਜਾਂਦੇ ਹਨ।

ਕੌਮਾਂਤਰੀ ਪੱਧਰ 'ਤੇ ਅੱਜ ਕਲ੍ਹ ਇਸਲਾਮਿਕ ਅਤਿਵਾਦੀ ਜਥੇਬੰਦੀਆਂ ਮੁੱਖ ਚਰਚਾ ਵਿਚ ਹਨ, ਭਾਵੇਂ ਜਨ-ਸਧਾਰਨ ਮੁਸਲਮਾਨ ਅਤਿਵਾਦ ਦੇ ਵਿਰੋਧੀ ਹਨ। ਇਨ੍ਹਾਂ ਦਾ ਮੁਜਾਹਿਦੀਨ ਗਰੁਪ 1983 ਵਿਚ ਹੋਂਦ 'ਚ ਆਇਆ ਸੀ। ਇਹ ਆਪਣੇ ਆਪ ਨੂੰ ਗੁਰੀਲਾ ਮਿਲਟਰੀ ਲੜਾਕੇ ਅਖਵਾ ਕੇ ਇਸਲਾਮ ਦੀ ਸੇਵਾ ਕਰ ਰਹੇ ਦੱਸਦੇ ਹਨ। ਮੁਜਾਹਿਦੀਨ ਜਥੇਬੰਦੀ ਔਰਤਾਂ ਦੀ ਸਿੱਖਿਆ ਦੇ ਵਿਰੁਧ ਹੈ। ਉਹ ਸਮਝਦੇ ਹਨ ਕਿ ਇਸ ਤਰ੍ਹਾਂ ਔਰਤਾਂ ਆਜ਼ਾਦ ਹੋ ਜਾਣਗੀਆਂ। ਮੁਸਲਮਾਨ ਔਰਤਾਂ ਨੂੰ ਮੁਜਾਹਿਦੀਨ ਦੇ ਤਸ਼ੱਦਦ ਦਾ ਵੱਡੀ ਪੱਧਰ 'ਤੇ ਸ਼ਿਕਾਰ ਹੋਣਾ ਪਿਆ। ਮੁਜਾਹਿਦੀਨ ਵਿਚ ਜਦੋਂ ਆਪਸੀ ਮਤਭੇਦ ਆ ਗਏ ਤਾਂ ਅਲ-ਕਾਇਦਾ ਜਥੇਬੰਦੀ ਹੋਂਦ ਵਿਚ ਆਈ। ਅਲ-ਕਾਇਦਾ ਅਰਬੀ ਭਾਸ਼ਾ ਦਾ ਸ਼ਬਦ ਹੈ ਜਿਸ ਦਾ ਅਰਥ ਹੈ, 'ਆਧਾਰ।' ਇਸ ਦਾ ਪਹਿਲਾ ਮੁਖੀ ਲਾਦਿਨ ਸੀ ਤੇ ਇਸ ਦਾ ਮੁੱਖ ਕੇਂਦਰ ਸਾਊਦੀ ਅਰਬ ਸੀ। 1994-95 ਵਿਚ ਤਾਲਿਬਾਨ ਹੋਂਦ ਵਿਚ ਆਏ। ਤਾਲਿਬਾਨ ਪਸ਼ਤੋ ਭਾਸ਼ਾ ਦਾ ਸ਼ਬਦ ਹੈ ਜਿਸ ਦਾ ਅਰਥ 'ਵਿਦਿਆਰਥੀ' ਹੈ। ਇਨ੍ਹਾਂ ਸ਼ੱਰਾ ਕਾਨੂੰਨ ਲਾਗੂ ਕਰਵਾਉਣ ਲਈ ਆਪਣੀਆਂ ਸਰਗਰਮੀਆਂ ਅਫਗਾਨਿਸਤਾਨ ਤੋਂ ਸ਼ੁਰੂ ਕੀਤੀਆਂ।

ਇਸ ਤੋਂ ਬਾਅਦ ਆਈ.ਐਸ.ਆਈ.ਐਸ. ਯਾਨਿ 'ਇਰਾਕ ਅਤੇ ਸੀਰੀਆ ਦਾ ਇਸਲਾਮੀ ਰਾਜ' ਹੋਂਦ ਵਿਚ ਆਈ। ਇਹ ਜਥੇਬੰਦੀ ਵੀ ਸਾਊਦੀ ਅਰਬ ਵਿਚੋਂ ਪੈਦਾ ਹੋਈ। ਸਾਊਦੀ ਅਰਬ ਵਿਚ ਚੁਣੀ ਹੋਈ ਸਰਕਾਰ ਨਹੀਂ ਹੈ। ਉਥੇ ਅਲ ਸਾਊਦ ਪਰਿਵਾਰ ਦੇ ਲਗਭਗ ਨੌਂ ਹਜ਼ਾਰ ਮੈਂਬਰ ਰਾਜ ਚਲਾ ਰਹੇ ਹਨ। ਆਈ.ਐਸ.ਆਈ.ਐਸ. ਵਾਲੇ ਅਲ ਸਾਊਦ ਦੀ ਥਾਂ ਆਪਣੇ ਆਪ ਨੂੰ ਰਾਜਾ ਐਲਾਨ ਰਹੇ ਹਨ। ਸੀਰੀਆ ਅਤੇ ਇਰਾਕ ਵਿਚ ਇਨ੍ਹਾਂ ਦਾ ਤਕੜਾ ਆਧਾਰ ਹੈ ਅਤੇ ਇਨ੍ਹਾਂ ਦੇ ਜ਼ੁਲਮ ਤੋਂ ਡਰਦਿਆਂ ਬਹੁਤ ਸਾਰੇ ਲੋਕ ਦੂਜੇ ਦੇਸ਼ਾਂ ਵਿਚ ਹਿਜ਼ਰਤ ਕਰ ਗਏ ਹਨ। ਇਸ ਦਾ ਪਹਿਲਾ ਮੁਖੀ ਅਬੂ ਬਕਰ ਅਲ ਬਗਦਾਦੀ ਨੂੰ ਬਣਾਇਆ ਗਿਆ ਸੀ। ਅਲ-ਕਾਇਦਾ ਅਤੇ ਆਈ.ਐਸ. ਆਪਣੀਆਂ ਜਥੇਬੰਦੀਆਂ ਵਿਚ ਲੜਕੇ ਅਤੇ ਲੜਕੀਆਂ ਨੂੰ ਭਰਤੀ ਕਰਨ 'ਤੇ ਬਹੁਤ ਜ਼ੋਰ ਦਿੰਦੇ ਹਨ। ਇਸ ਨਾਲ ਲੜਕੇ ਅਤੇ ਲੜਕੀਆਂ ਆਪਸ ਵਿਚ ਰਿਸ਼ਤਾ ਬਣਾ ਲੈਂਦੇ ਹਨ ਤੇ ਜਥੇਬੰਦੀ ਤੋਂ ਬਾਹਰ ਨਹੀਂ ਜਾਂਦੇ। ਉਂਜ ਕੋਈ ਵੀ ਅਤਿਵਾਦੀ ਜਥੇਬੰਦੀ ਹੋਵੇ, ਉਸ ਵਿਚੋਂ ਬਾਹਰ ਜਾਣਾ ਮੌਤ ਨੂੰ ਸੱਦਾ ਦੇਣ ਦੇ ਬਰਾਬਰ ਹੁੰਦਾ ਹੈ।

1995 ਵਿਚ ਜਾਪਾਨ ਵਿਚ ਔਮ ਸ਼ਿਨਰਕੀਓ ਜਥੇਬੰਦੀ ਸਰਗਰਮ ਹੋਈ ਜਿਸ ਨੇ ਜਾਪਾਨ ਵਿਚ ਨਵੇਂ ਧਰਮ ਨੂੰ ਆਧਾਰ ਬਣਾ ਕੇ ਅੰਦੋਲਨ ਚਲਾਇਆ ਸੀ। ਉਨ੍ਹਾਂ ਜਾਪਾਨ ਵਿਚ ਇਕ ਜ਼ਹਿਰੀਲੀ ਗੈਸ ਛੱਡ ਕੇ ਵੱਡੀ ਗਿਣਤੀ ਵਿਚ ਲੋਕਾਂ ਨੂੰ ਮੌਤ ਦਾ ਸ਼ਿਕਾਰ ਬਣਾਇਆ ਸੀ। ਇਸ ਜਥੇਬੰਦੀ ਦੇ ਸਾਰੇ ਕਾਰਕੁਨ ਖਤਮ ਕਰ ਦਿੱਤੇ ਗਏ ਸਨ।

ਨਾਈਜੀਰੀਆ ਵਿਚ ਬੋਕੋ ਹਰਾਮ ਨਾਂ ਦੀ ਜਥੇਬੰਦੀ ਹੈ। ਉਹ ਕਹਿੰਦੇ ਹਨ ਕਿ ਪੱਛਮੀ ਧਰਮ ਨਿਰਪੱਖ ਵਿਦਿਆ ਹਰਾਮ (ਬੁਰੀ) ਹੈ। ਜੋ ਇਹ ਸਿਖਿਆ ਲਵੇਗਾ, ਉਸ ਨੂੰ ਨਹੀਂ ਛੱਡਾਂਗੇ। ਉਨ੍ਹਾਂ ਮੁਤਾਬਕ ਇਹ ਸਿਖਿਆ ਇਸਲਾਮ ਦੇ ਵਿਰੁਧ ਹੈ। ਇਹ ਜਥੇਬੰਦੀ ਹੁਣ ਆਪਣੇ ਆਪ ਨੂੰ ਆਈ.ਐਸ. ਨਾਲ ਸਬੰਧਤ ਦੱਸ ਰਹੀ ਹੈ। ਇਕ ਵਾਰ ਇਨ੍ਹਾਂ ਨੇ ਇਕ ਸਕੂਲ 'ਤੇ ਹਮਲਾ ਕਰ ਕੇ ਨਾਈਜੀਰੀਅਨ ਕੁੜੀਆਂ ਅਗਵਾ ਕੀਤੀਆਂ ਸਨ ਤੇ ਉਨ੍ਹਾਂ ਦੇ ਨਿਕਾਹ ਜ਼ਬਰਦਸਤੀ ਕਰਵਾ ਦਿੱਤੇ ਸਨ। ਉਨ੍ਹਾਂ ਕੁੜੀਆਂ ਨੂੰ ਛੁਡਾਉਣ ਲਈ ਮਿਸ਼ੈਲ ਓਬਾਮਾ ਨੇ ਮੁਹਿੰਮ ਚਲਾਈ ਸੀ।

ਕੋਈ ਵੀ ਅਤਿਵਾਦੀ ਜਥੇਬੰਦੀ ਭਾਵੇਂ ਧਰਮ ਦਾ ਬੁਰਕਾ ਪਾ ਕੇ ਸਾਹਮਣੇ ਆਵੇ, ਭਾਵੇਂ ਲੋਕਾਂ ਦੇ ਲਟਕਦੇ ਮਸਲਿਆਂ ਨੂੰ ਲੈ ਕੇ ਹੋਂਦ ਵਿਚ ਆਵੇ, ਆਪਣੀ ਦਹਿਸ਼ਤ ਫੈਲਾਉਣ ਤੋਂ ਬਾਅਦ ਨਾ ਇਹ ਧਾਰਮਿਕ ਅਸੂਲਾਂ 'ਤੇ ਰਹਿੰਦੇ ਹਨ ਤੇ ਨਾ ਹੀ ਲੋਕਾਂ ਦੇ ਮਸਲਿਆਂ 'ਤੇ ਕਾਇਮ ਰਹਿੰਦੇ ਹਨ। ਇਹ ਹੌਲੀ ਹੌਲੀ ਸਭ ਤੋਂ ਵੱਧ ਅਧਰਮੀ ਸਾਬਤ ਹੁੰਦੇ ਹੋਏ ਉਸ ਦੇਸ਼ ਜਾਂ ਖਿੱਤੇ ਦੇ ਲੋਕਾਂ ਲਈ ਨਵੇਂ ਮਸਲੇ ਖੜ੍ਹੇ ਕਰ ਦਿੰਦੇ ਹਨ। ਮੇਰੀ ਜਾਣਕਾਰੀ ਅਨੁਸਾਰ ਇਸਲਾਮੀ ਮਦਰੱਸਿਆਂ ਵਿਚ ਜਿਥੇ ਅਤਿਵਾਦੀਆਂ ਨੂੰ ਟ੍ਰੇਨਿੰਗ ਦਿੱਤੀ ਜਾਂਦੀ ਹੈ, ਵਿਚ ਚਾਰ ਗੱਲਾਂ ਸਿਖਾਈਆਂ ਜਾਂਦੀਆਂ ਹਨ ਜਿਨ੍ਹਾਂ ਨੂੰ ਇਸਲਾਮਿਕ ਬੁੱਧੀਜੀਵੀ ਮੁਕੰਮਲ ਤੌਰ 'ਤੇ ਰੱਦ ਕਰਦੇ ਹਨ। ਪਹਿਲੀ ਇਹ ਕਿ ਜਿਥੇ



ਕੁਫਰ (ਇਸਲਾਮ ਜਾਂ ਖੁਦਾ ਨੂੰ ਨਾ ਮੰਨਣਾ) ਹੋਵੇਗਾ ਜਾਂ ਕੋਈ ਇਸਲਾਮ ਨੂੰ ਛੱਡ ਜਾਵੇਗਾ, ਉਸ ਦੀ ਸਜ਼ਾ ਮੌਤ ਹੈ ਤੇ ਇਹ ਸਜ਼ਾ ਦੇਣ ਦਾ ਅਧਿਕਾਰ ਸਾਡੇ ਕੋਲ ਹੈ। ਦੂਜੀ, ਦੁਨੀਆਂ 'ਤੇ ਰਾਜ ਕਰਨ ਦਾ ਅਧਿਕਾਰ ਕੇਵਲ ਮੁਸਲਮਾਨਾਂ ਨੂੰ ਹੈ। ਗੈਰ ਮੁਸਲਮਾਨਾਂ ਦੀਆਂ ਸਰਕਾਰਾਂ ਨਾਜਾਇਜ਼ ਹਨ। ਤੀਜੀ, ਦੁਨੀਆਂ ਵਿਚ ਕੇਵਲ ਇਕ ਹੀ ਹਕੂਮਤ ਹੋਣੀ ਚਾਹੀਦੀ ਹੈ, ਅਲੱਗ ਅਲੱਗ ਹਕੂਮਤਾਂ ਗਲਤ ਹਨ। ਚੌਥੀ, ਕੌਮੀ ਹਕੂਮਤ ਇਸਲਾਮ ਵਿਰੋਧੀ ਹੈ ਤੇ ਇਸ ਨੂੰ ਖਤਮ ਕਰਨ ਦੀ ਲੋੜ ਹੈ।

ਅਮਰੀਕਾ ਵਿਚ ਵੀ ਚਿੱਟੀ ਚਮੜੀ ਵਾਲਿਆਂ ਦੀ ਅਤਿਵਾਦੀ ਜਥੇਬੰਦੀ 'ਕੂ ਕਲੈਕਸ ਕਲਾਨ' ਕੰਮ ਕਰ ਰਹੀ ਹੈ। ਇਹ 18ਵੀਂ ਸਦੀ ਵਿਚ ਹੋਂਦ ਵਿਚ ਆਈ ਸੀ ਅਤੇ ਦੋ ਵਾਰ ਖਤਮ ਹੋ ਗਈ ਸੀ। ਹੁਣ 1946 ਤੋਂ ਲਗਾਤਾਰ ਕੰਮ ਕਰ ਰਹੀ ਹੈ। ਇਸ ਦੇ ਕਾਰਕੁਨ ਦੱਖਣੀ ਅਮਰੀਕਾ ਵਿਚ ਪੈਦਾ ਹੋਏ ਸਨ ਤੇ ਇਨ੍ਹਾਂ ਦਾ ਨਾਹਰਾ ਹੈ ਕਿ ਚਿੱਟੀ ਚਮੜੀ ਵਾਲੇ ਹੀ ਸੁਪਰੀਮ ਹਨ ਤੇ ਬਾਕੀਆਂ ਨੂੰ ਮਾਰ ਦੇਣਾ ਚਾਹੀਦਾ ਹੈ। ਇਹ ਇਮੀਗਰੇਸ਼ਨ ਦੇ ਵੀ ਵਿਰੁਧ ਹਨ।

ਪਿੱਛੇ ਜ਼ਿਕਰ ਕੀਤਾ ਗਿਆ ਹੈ ਕਿ ਦੁਨੀਆਂ ਨੂੰ ਅਤਿਵਾਦ ਦੀ ਭੱਠੀ ਵਿਚ ਝੋਕਣ ਵਾਲਾ ਮੁੱਖ ਦੋਸ਼ੀ ਅਮਰੀਕਾ ਹੈ ਅਤੇ ਉਸ ਨੇ ਜੋ ਬੀਜਿਆ ਹੈ, ਉਸ ਨੂੰ ਕੱਟਣਾ ਵੀ ਪੈ ਰਿਹਾ ਹੈ, ਪਰ ਇਹ ਅਜੇ ਵੀ ਸਾਊਦੀ ਅਰਬ ਦੀ ਅਤਿਵਾਦੀ ਜਥੇਬੰਦੀ 'ਵਹਾਬੀ' ਅਤੇ ਮੁਜਾਹਿਦੀਨ ਨੂੰ ਉਂਗਲ ਲਾ ਰਿਹਾ ਹੈ। ਅਤਿਵਾਦੀ ਕਾਰਵਾਈਆਂ ਕਰ ਕੇ ਹੀ ਅਮਰੀਕਾ ਨੂੰ ਪਾਕਿਸਤਾਨ, ਇਰਾਕ, ਅਫਗਾਨਿਸਤਾਨ ਆਦਿ ਦੇਸ਼ਾਂ ਵਿਚ ਹਮਲੇ ਕਰ ਕੇ ਤਬਾਹੀ ਕਰਨ ਅਤੇ ਆਪਣੇ ਅੱਡੇ ਬਣਾਉਣ ਦਾ ਮੌਕਾ ਮਿਲਿਆ। ਇਸ ਨਾਲ ਇਹ ਦੇਸ਼ ਤਬਾਹੀ ਤੱਕ ਪੁੱਜੇ ਗਏ ਹਨ ਤੇ ਉਨ੍ਹਾਂ ਕੋਲ ਕੁਝ ਵੀ ਨਹੀਂ ਬਚਿਆ। ਇਹ ਅਮਰੀਕਾ ਹੀ ਹੈ ਜਿਸ ਨੇ ਪਹਿਲਾਂ ਇਰਾਕ ਵਿਚ ਖਤਰਨਾਕ ਹਥਿਆਰ ਹੋਣ ਦੇ ਬਹਾਨੇ ਤਲਾਸ਼ੀ ਮੁਹਿੰਮ ਚਲਾਈ। ਜਦ ਕੋਈ ਹਥਿਆਰ ਨਾ ਮਿਲਿਆ ਤਾਂ ਸੱਦਾਮ ਹੁਸੈਨ ਨੂੰ ਫੜ੍ਹਨ ਅਤੇ ਮਾਰ ਦੇਣ ਦੀ ਜਮੀਨ ਤਿਆਰ ਕਰ ਕੇ ਉਸ ਨੂੰ ਮਾਰ ਦਿੱਤਾ ਗਿਆ। ਪੰਜਾਬ ਦੇ ਅਤਿਵਾਦੀਆਂ ਪਿਛੇ ਵੀ ਪਾਕਿਸਤਾਨ ਅਤੇ ਅਮਰੀਕਾ ਦਾ ਹੱਥ ਸਾਬਤ ਹੋ ਚੁਕਾ ਸੀ। ਅਮਰੀਕਾ ਵਲੋਂ ਚੀਨ ਅਤੇ ਰੂਸ ਵਿਰੁਧ ਸਰਗਰਮ ਹੋਣ ਦੀ ਹੱਲਾਸ਼ੇਰੀ ਦੇਣ ਦੀਆਂ ਖਬਰਾਂ ਵੀ ਚਰਚਾ ਵਿਚ ਰਹਿੰਦੀਆਂ ਹਨ।

ਭਾਰਤ ਵਿਚ ਵੀ ਅਤਿਵਾਦੀ ਜਥੇਬੰਦੀਆਂ ਜਥੇਬੰਦ ਹੋਣ ਦਾ ਯਤਨ ਕਰ ਰਹੀਆਂ ਹਨ। ਇਨ੍ਹਾਂ ਵਲੋਂ ਜਨਤਕ ਥਾਂਵਾਂ 'ਤੇ ਬੰਬ ਚਲਾਉਣ, ਲੋਕਾਂ 'ਤੇ ਅੰਨ੍ਹੇਵਾਹ ਫਾਇਰਿੰਗ ਕਰਨ ਅਤੇ ਵਿਰੋਧੀ ਵਿਚਾਰਾਂ ਵਾਲਿਆਂ ਨੂੰ ਕਤਲ ਕਰਨ ਕਰ ਕੇ ਇਹ ਪ੍ਰਭਾਵ ਬਣ ਰਿਹਾ ਹੈ ਕਿ ਕੋਈ ਥਾਂ ਵੀ ਸੁਰੱਖਿਅਤ ਨਹੀਂ ਹੈ। ਇਹ ਪ੍ਰਭਾਵ ਹਰ ਉਸ ਦੇਸ਼ ਵਿਚ ਹੈ ਜਿਥੇ ਅਤਿਵਾਦੀ ਕੰਮ ਕਰਦੇ ਹਨ। ਅਤਿਵਾਦੀਆਂ ਵਿਰੁਧ ਕਾਰਵਾਈ ਕਰਦਿਆਂ ਕਈ ਵਾਰ ਨਿਰਦੋਸ਼ ਲੋਕ ਵੀ ਸੁਰੱਖਿਆ ਬਲਾਂ ਦੀ ਕਾਰਵਾਈ ਦਾ ਸ਼ਿਕਾਰ ਹੋ ਜਾਂਦੇ ਹਨ ਜਿਸ ਕਰ ਕੇ ਲੋਕਾਂ ਵਿਚ ਸੁਰੱਖਿਆ ਬਲਾਂ ਵਿਰੁਧ ਵੀ ਰੋਸ ਪੈਦਾ ਹੋ ਜਾਂਦਾ ਹੈ, ਇਸ ਨੂੰ ਅਤਿਵਾਦੀ ਆਪਣੇ ਹੱਕ ਵਿਚ ਵਰਤਣ ਦਾ ਯਤਨ ਕਰਦੇ ਹਨ।

ਭਾਰਤ ਵਿਚ ਹਿਜ਼ਬੁਲ ਮੁਜਾਹਿਦੀਨ, ਜੈਸ਼-ਏ-ਮੁਹੰਮਦ, ਲਸ਼ਕਰ-ਏ-ਤੋਇਬਾ, ਹਰਕਤ-ਉਲ-ਮੁਜਾਹਿਦੀਨ ਅਤੇ ਸਟੂਡੈਂਟ ਇਸਲਾਮਿਕ ਮੂਵਮੈਂਟ ਆਫ ਇੰਡੀਆ (ਸਿਮੀ), ਜਮਾਤ-ਉਦ-ਦਾਵਾ, ਉਲਫਾ (ਯੂਨਾਈਟਿਡ ਲਿਬਰੇਸ਼ਨ ਫਰੰਟ ਆਫ ਅਸਾਮ) ਆਦਿ ਜਥੇਬੰਦੀਆਂ ਪੈਰ ਪਸਾਰ ਰਹੀਆਂ ਹਨ। ਇਸੇ ਤਰ੍ਹਾਂ ਮਾਓਵਾਦੀਆਂ ਦੇ ਵੀ ਕੁਝ ਗਰੁਪ ਅਤਿਵਾਦੀ ਘਟਨਾਵਾਂ ਵਿਚ ਸਰਗਰਮ ਹਨ। ਜੰਮੂ ਕਸ਼ਮੀਰ ਵਿਚ ਪਾਕਿਸਤਾਨ ਦੀ ਦਖਲਅੰਦਾਜ਼ੀ ਵੀ ਅਤਿਵਾਦੀ ਗਰੁਪਾਂ ਲਈ ਜਰਖੇਜ਼ ਭੂਮੀ ਸਾਬਤ ਹੋ ਰਹੀ ਹੈ। ਗਊ ਰੱਖਿਆ ਦੇ ਨਾਂ 'ਤੇ ਹਜੂਮ ਵਲੋਂ ਘੱਟ ਗਿਣਤੀ ਲੋਕਾਂ 'ਤੇ ਹਮਲੇ ਅਤੇ ਆਰ.ਐਸ.ਐਸ. ਵਲੋਂ ਘੱਟ ਗਿਣਤੀਆਂ ਵਿਰੁਧ ਘਿਨਾਉਣਾ ਪ੍ਰਚਾਰ ਦੇਸ਼ ਲਈ ਮਾੜੇ ਦਿਨਾਂ ਦੀ ਨਿਸ਼ਾਨੀ ਹੈ।

ਇੰਦਰਾ ਗਾਂਧੀ ਦੀ ਮੌਤ ਤੋਂ ਬਾਅਦ 1984 ਵਿਚ ਦਿੱਲੀ ਅਤੇ ਦੇਸ਼ ਦੇ ਕਈ ਹੋਰ ਭਾਗਾਂ ਵਿਚ ਸਿੱਖਾਂ ਦਾ ਕੀਤਾ ਗਿਆ ਕਤਲੇਆਮ ਕਾਂਗਰਸ ਸਰਕਾਰ ਦੀ ਸਰਪ੍ਰਸਤੀ ਹੇਠ ਅਤਿਵਾਦ ਦਾ ਹੀ ਰੂਪ ਸੀ। 2001 ਵਿਚ ਭਾਰਤ ਦੀ ਸੰਸਦ 'ਤੇ ਹਮਲਾ, 1993 ਅਤੇ 2008 ਵਿਚ ਮੁੰਬਈ ਘਟਨਾਵਾਂ ਤਾਂ ਭਾਰਤ ਵਿਚ ਖਤਰੇ ਦੀ ਘੰਟੀ ਪਹਿਲਾਂ ਹੀ ਵਜਾ ਚੁਕੀਆਂ ਹਨ ਤੇ ਭਾਰਤ ਦੀਆਂ ਸੂਹੀਆ ਏਜੰਸੀਆਂ ਦੀ ਕਾਰਜਪ੍ਰਣਾਲੀ 'ਤੇ ਪ੍ਰਸ਼ਨ ਚਿੰਨ੍ਹ ਲਾ ਚੁਕੀਆਂ ਹਨ।

ਜਿਥੋਂ ਤੱਕ ਪੰਜਾਬ ਵਿਚ ਅਤਿਵਾਦੀ ਦੌਰ ਦਾ ਸਬੰਧ ਹੈ, ਇਸ ਬਾਰੇ ਬਹੁਤ ਕੁਝ ਲਿਖਿਆ-ਪੜ੍ਹਿਆ ਜਾ ਚੁਕਾ ਹੈ। ਇਥੇ ਅਤਿਵਾਦ ਨੂੰ ਅਕਾਲੀ ਅਤੇ ਕਾਂਗਰਸੀ-ਦੋਹਾਂ ਨੇ ਹੀ ਸ਼ਹਿ ਦਿੱਤੀ ਅਤੇ ਇਸ ਅੱਗ ਨੂੰ ਤੇਜ਼ ਕਰਨ ਲਈ ਭਾਜਪਾ ਨੇ ਵੀ ਤੇਲ ਪਾਉਣ ਦੀ ਕੋਸ਼ਿਸ਼ ਕੀਤੀ। ਪੰਜਾਬ ਵਿਚ ਅਤਿਵਾਦੀਆਂ ਨੇ ਵੀ ਆਪਣੇ ਘਿਨਾਉਣੇ ਕਾਰਨਾਮੇ ਧਰਮ ਦੀ ਸੇਵਾ ਦੇ ਨਾਂ 'ਤੇ ਸ਼ੁਰੂ ਕੀਤੇ।

ਪੰਜਾਬ ਦੇ ਲਟਕਦੇ ਮਸਲਿਆਂ ਲਈ ਜੋ ਮੋਰਚਾ ਲਾਇਆ ਗਿਆ ਸੀ, ਉਹ ਆਪ ਹੀ ਦਮ ਤੋੜ ਗਿਆ ਤੇ ਅਤਿਵਾਦ ਦਾ ਦੌਰ ਸ਼ੁਰੂ ਹੋ ਗਿਆ। ਪਿੰਡਾਂ ਵਿਚੋਂ ਵੱਡੀ ਗਿਣਤੀ ਵਿਚ ਲੋਕ ਸ਼ਹਿਰਾਂ ਵਿਚ ਹਿਜ਼ਰਤ ਕਰ ਗਏ। ਸ਼ਾਮ 3-4 ਵਜੇ ਤੋਂ ਪੰਜਾਬ ਵਿਚ ਕਰਫਿਊ ਵਰਗੀ ਹਾਲਤ ਹੋ ਜਾਂਦੀ ਸੀ। ਕਤਲ, ਲੁੱਟ-ਖੋਹ, ਮਾਰਕੁਟ ਦੀਆਂ ਵਾਰਦਾਤਾਂ ਨੇ ਪੰਜਾਬ ਨੂੰ ਹਿਲਾ ਕੇ ਰੱਖ ਦਿੱਤਾ ਸੀ। ਕਾਂਗਰਸ ਸਰਕਾਰ ਦੀ ਨਾਲਾਇਕੀ ਅਤੇ ਅਕਾਲੀਆਂ ਦੀ ਦੋਗਲੀ ਨੀਤੀ ਕਰ ਕੇ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਵਿਚ ਵੱਡੀ ਮਾਤਰਾ ਵਿਚ ਨਾਜਾਇਜ਼ ਅਸਲਾ ਪਹੁੰਚ ਗਿਆ ਤੇ ਸਿੱਟਾ ਅਪਰੇਸ਼ਨ ਬਲਿਊ ਸਟਾਰ ਵਿਚ ਨਿਕਲਿਆ। ਇਸ ਅਪਰੇਸ਼ਨ ਲਈ ਜਿਥੇ ਕਾਂਗਰਸ, ਅਕਾਲੀ, ਭਾਜਪਾ ਆਦਿ ਜ਼ਿੰਮੇਵਾਰ ਸਨ, ਉਥੇ ਉਹ ਲੋਕ ਵੀ ਜ਼ਿੰਮੇਵਾਰੀ ਤੋਂ ਬਚ ਨਹੀਂ ਸਕਦੇ ਜਿਨ੍ਹਾਂ ਨੇ ਦਰਬਾਰ ਸਾਹਿਬ ਕੰਪਲੈਕਸ ਨੂੰ ਨਾਜਾਇਜ਼ ਅਸਲੇ, ਅਨੈਤਿਕ ਕਾਰਵਾਈਆਂ ਦਾ ਅੱਡਾ ਅਤੇ ਕਾਤਲਾਂ ਦੀ ਪਨਾਹਗਾਹ ਆਦਿ ਬਣਾ ਦਿੱਤਾ। ਇਸ ਦੌਰ ਵਿਚ ਕਈ ਨਿਰਦੋਸ਼ ਵੀ ਪੈਰਾ-ਮਿਲਟਰੀ ਫੋਰਸ ਜਾਂ ਪੁਲਿਸ ਹੱਥੋਂ ਤਸ਼ੱਦਦ ਦਾ ਸ਼ਿਕਾਰ ਹੋਏ, ਜੋ ਨਿਖੇਧੀਯੋਗ ਹੈ।

ਅਤਿਵਾਦੀ ਕਿਸੇ ਵੀ ਧਰਮ ਨਾਲ ਸਬੰਧ ਰੱਖਦਾ ਹੋਵੇ, ਉਸ ਧਰਮ ਦੇ ਸਾਰੇ ਲੋਕ ਅਤਿਵਾਦੀ ਨਹੀਂ ਹੁੰਦੇ। ਪੰਜਾਬ ਦੇ ਕਾਲੇ ਦੌਰ ਨੇ ਇਕ ਫਿਰਕੇ ਦੇ ਲੋਕਾਂ ਦੇ ਕਤਲ ਤੇ ਉਨ੍ਹਾਂ ਵਿਰੁਧ ਜ਼ਹਿਰੀਲੀ ਭਾਸ਼ਾ ਨੇ ਪੰਜਾਬ ਤੋਂ ਬਾਹਰ ਸਿੱਖਾਂ ਦੇ ਅਕਸ ਨੂੰ ਢਾਹ ਲਾ ਦਿੱਤੀ ਜਿਸ ਬਾਰੇ ਪ੍ਰਸਿਧ ਲੇਖਕ ਖੁਸ਼ਵੰਤ ਸਿੰਘ ਲਿਖਦੇ ਹਨ, "ਇਹ ਅਕਾਲੀ ਹੀ ਸਨ ਜਿਨ੍ਹਾਂ ਨੇ ਸਿੱਖਾਂ ਨੂੰ ਭਾਰਤ ਦੇ ਪਹਿਲੇ ਦਰਜੇ ਦੇ ਨਾਗਰਿਕਾਂ ਨਾਲੋਂ ਵੀ ਹੇਠਲੇ ਦਰਜੇ ਤਕ ਘਟਾ ਦਿੱਤਾ।" ਇਸ ਸਮੇਂ ਮੁੱਖ ਸੂਤਰਧਾਰ ਖੁਦ ਹਉਮੈ ਦੇ ਸ਼ਿਕਾਰ ਸਨ, ਇਸ ਕਰ ਕੇ ਉਹ ਨਿਘਾਰ ਦੇ ਰਸਤੇ 'ਤੇ ਪੁੱਜ ਗਏ, ਭਾਵੇਂ ਉਨ੍ਹਾਂ ਦੇ ਕਾਰਨਾਮਿਆਂ ਤੇ ਬੋਲਾਂ ਨੇ ਹਿੰਦੂ-ਸਿੱਖ ਦੇ ਰਿਸ਼ਤਿਆਂ ਵਿਚ ਡੂੰਘਾ ਪਾੜਾ ਪਾ ਦਿੱਤਾ। ਵਿਦੇਸ਼ਾਂ ਵਿਚ ਵਸਦੇ ਸਿੱਖਾਂ ਜਾਂ ਪੰਜਾਬੀ ਮੂਲ ਦੇ ਲੋਕਾਂ, ਜਿਨ੍ਹਾਂ ਨੇ ਪੰਜਾਬ ਦਾ ਦੌਰ ਹੱਡੀਂ ਹੰਢਾਇਆ ਨਹੀਂ, ਬੜੇ ਭੁਲੇਖੇ ਦਾ ਸ਼ਿਕਾਰ ਹਨ ਅਤੇ ਉਹ ਐਵੇਂ ਹੀ ਉਨ੍ਹਾਂ ਲੋਕਾਂ ਦੀਆਂ ਫੋਟੋਆਂ ਚੁੱਕੀ ਫਿਰਦੇ ਹਨ ਜਿਨ੍ਹਾਂ ਦਾ ਪੰਜਾਬ ਦੇ ਲੋਕ ਨਾਂ ਨਹੀਂ ਸੁਣਨਾ ਚਾਹੁੰਦੇ।


ਇਸ ਤਰ੍ਹਾਂ ਕਹਿ ਸਕਦੇ ਹਾਂ ਕਿ ਅਤਿਵਾਦ ਜਿਥੇ ਵੀ ਹੈ, ਉਸ ਦੀ ਦਿਸ਼ਾ ਲੋਕ ਵਿਰੋਧੀ ਹੁੰਦੀ ਹੈ। ਜੇ ਕਿਸੇ ਦੇਸ਼, ਰਾਜ, ਕੌਮੀ ਜਾਂ ਕੌਮਾਂਤਰੀ ਮਸਲੇ ਜਾਂ ਮੰਗਾਂ ਹਨ ਤਾਂ ਉਹ ਮੰਨਵਾਉਣ ਦੀਆਂ ਵੱਖ ਵੱਖ ਕਾਨੂੰਨੀ ਪ੍ਰਕ੍ਰਿਆਵਾਂ ਹਨ। ਸਥਾਨਕ, ਰਾਜ ਜਾਂ ਕੌਮੀ ਮਸਲੇ ਲੋਕਾਂ ਨੂੰ ਜਥੇਬੰਦ ਕਰ ਕੇ ਹਾਕਮਾਂ ਉਪਰ ਜਨਤਕ ਦਬਾਅ ਬਣਾ ਕੇ ਹੀ ਹੱਲ ਕਰਵਾਏ ਜਾ ਸਕਦੇ ਹਨ। ਕੋਈ ਵੀ ਦੇਸ਼ ਹੋਵੇ, ਜੇ ਲੋਕ ਤਿਆਰ ਨਹੀਂ ਤਾਂ ਹਥਿਆਰ ਚੁੱਕ ਕੇ ਹਾਕਮ ਜਮਾਤਾਂ ਨੂੰ ਤਸ਼ੱਦਦ ਕਰਨ ਦਾ ਮੌਕਾ ਦੇਣ ਦੇ ਤੁਲ ਹੈ। ਪੰਜਾਬ ਅੰਦਰ ਹਜ਼ਾਰਾਂ ਨਿਰਦੋਸ਼ ਲੋਕ ਵੱਖ ਵੱਖ ਸਿਆਸੀ ਪਾਰਟੀਆਂ ਦੇ ਆਗੂ ਅਤੇ ਮੁਲਾਜ਼ਮ ਕਤਲ ਕੀਤੇ ਗਏ। ਕੀ ਇਸ ਨਾਲ ਪੰਜਾਬ ਨੂੰ ਕੋਈ ਲਾਭ ਹੋਇਆ? ਨਹੀਂ, ਸਗੋਂ ਨੁਕਸਾਨ ਹੋਇਆ; ਸਿੱਖਾਂ ਦਾ ਅਕਸ ਦੁਨੀਆਂ ਭਰ ਵਿਚ ਖਰਾਬ ਹੋਇਆ ਅਤੇ ਪੰਜਾਬ ਤੋਂ ਬਾਹਰ ਵਸਦੇ ਸਿੱਖਾਂ ਨੂੰ ਇਸ ਦਾ ਖਮਿਆਜਾ ਭੁਗਤਣਾ ਪਿਆ। ਪੰਜਾਬ ਤੋਂ ਬਾਹਰ ਇਹ ਪ੍ਰਭਾਵ ਗਿਆ ਕਿ ਪੰਜਾਬ ਵਿਚ ਸਿੱਖ ਹਿੰਦੂਆਂ ਦਾ ਕਤਲ ਕਰ ਰਹੇ ਹਨ।

ਕਾਂਗਰਸ ਨੇ ਵੀ ਸਿੱਖ ਵਿਰੋਧੀ ਪੱਤਾ ਵਰਤਿਆ ਅਤੇ ਅਕਾਲੀ-ਭਾਜਪਾ ਨੇ ਦੋਗਲੀ ਨੀਤੀ ਅਪਨਾਈ ਜਿਸ ਦਾ ਸਿੱਟਾ ਪੰਜਾਬ ਨੂੰ ਸੰਤਾਪ ਦੀ ਭੱਠੀ ਵਿਚ ਝੋਕਣ ਵਿਚ ਨਿਕਲਿਆ। ਅੱਜ ਭਾਜਪਾ ਹਿੰਦੂ ਅਤਿਵਾਦ ਨੂੰ ਸ਼ਹਿ ਦੇ ਕੇ ਦੇਸ਼ ਦਾ ਮਾਹੌਲ ਵਿਗਾੜ ਰਹੀ ਹੈ ਅਤੇ ਘੱਟ ਗਿਣਤੀ ਲੋਕਾਂ 'ਤੇ ਹਮਲੇ ਕਰਵਾ ਰਹੀ ਹੈ। ਅੱਜ ਇਹ ਚਿੰਤਾ ਦਾ ਵੱਡਾ ਵਿਸ਼ਾ ਹੈ।

ਮੇਰਾ ਵਿਚਾਰ ਹੈ ਕਿ ਅਤਿਵਾਦ ਦੀ ਦੁਨੀਆਂ ਭਰ ਵਿਚ ਦਿਸ਼ਾ ਹਮੇਸ਼ਾ ਨਿਰਦੋਸ਼ ਅਤੇ ਭੋਲੇ ਭਾਲੇ ਲੋਕਾਂ ਵਿਰੁਧ ਰਹੀ ਹੈ। ਇਸ ਨਾਲ ਕਿਰਤੀ ਲੋਕਾਂ ਦੇ ਕੰਮਕਾਰ ਨੂੰ ਸੱਟ ਵਜਦੀ ਹੈ ਤੇ ਉਨ੍ਹਾਂ ਦੀ ਹਾਲਤ ਬਦ ਤੋਂ ਬਦਤਰ ਹੋ ਜਾਂਦੀ ਹੈ। ਇਸ ਅਵਸਥਾ ਵਿਚ ਸਮੇਂ ਦੀ ਲੋੜ ਹੈ ਕਿ ਧਰਮ, ਜਾਤ, ਬੋਲੀ ਅਤੇ ਇਲਾਕਾਈ ਵਖਰੇਵੇਂ ਤੋਂ ਉਪਰ ਉਠ ਕੇ ਮਨੁੱਖੀ ਏਕਤਾ ਪੱਕੀ ਕੀਤੀ ਜਾਵੇ ਅਤੇ ਫਿਰਕੂ ਜ਼ਹਿਰ ਫੈਲਾਉਣ ਵਾਲਿਆਂ ਤੋਂ ਦੂਰ ਰਿਹਾ ਜਾਵੇ।

# ਭ੍ਰਿਸ਼ਟਾਚਾਰ ਦੀ ਲਾਗ ਨਿਆਂ ਪਾਲਿਕਾ ਤੱਕ ਵੀ!

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਸਾਡੇ ਸਮਿਆਂ ਵਿਚ ਜਦੋਂ ਭਾਰਤ ਦੇ ਹਰ ਰਾਜਕੀ-ਪ੍ਰਸ਼ਾਸਕੀ ਅੰਗ ਬਾਰੇ ਲੋਕਾਂ ਵਿਚ ਬੇ-ਭਰੋਸਗੀ ਹੱਦੋਂ ਵੱਧ ਹੋਈ ਪਈ ਹੈ, ਉਦੋਂ ਵੀ ਦੋ ਧਿਰਾਂ ਹਾਲੇ ਨਿਘਾਰ ਦੀ ਇਸ ਹੱਦ ਤੱਕ ਜਾਣ ਤੋਂ ਬਚੀਆਂ ਹੋਈਆਂ ਹਨ। ਇੱਕ ਤਾਂ ਫੌਜ ਅਤੇ ਦੂਸਰੀ ਨਿਆਂ ਪਾਲਿਕਾ, ਜਿਨ੍ਹਾਂ ਦਾ ਲੋਕਾਂ ਵਿਚ ਅਕਸ ਹਾਲੇ ਨਿਘਾਰ ਦੀ ਉਸ ਹਾਲਤ ਤੱਕ ਨਹੀਂ ਪਹੁੰਚਿਆ, ਜਿਸ ਤੱਕ ਬਾਕੀਆਂ ਦਾ ਪਹੁੰਚ ਗਿਆ ਹੈ। ਇਸ ਦਾ ਅਰਥ ਇਹ ਬਿਲਕੁਲ ਨਹੀਂ ਕਿ ਭ੍ਰਿਸ਼ਟਾਚਾਰ ਜਾਂ ਸਿਆਸੀ ਤਿਕੜਮਾਂ ਦੀ ਲਾਗ ਇਨ੍ਹਾਂ ਤੱਕ ਗਈ ਨਹੀਂ। ਹਕੀਕਤ ਇਹ ਹੈ ਕਿ ਇਨ੍ਹਾਂ ਵਿਚ ਕਿਸੇ ਤਰ੍ਹਾਂ ਦੀ ਕੋਈ ਮਿਸਾਲ ਬਾਹਰ ਵੀ ਆਵੇ ਤਾਂ ਲੋਕ ਇਸ ਨੂੰ ਵਿਰਲੀ-ਟਾਵੀਂ ਗੱਲ ਮੰਨਦੇ ਹਨ। ਇਹੀ ਕਾਰਨ ਹੈ ਕਿ ਲੰਘੀ ਬਾਰਾਂ ਜਨਵਰੀ ਨੂੰ ਭਾਰਤ ਦੇ ਮੁੱਖ ਜੱਜ ਦੇ ਖਿਲਾਫ ਚਾਰ ਸਭ ਤੋਂ ਸੀਨੀਅਰ ਜੱਜਾਂ ਨੇ ਜਦੋਂ ਪ੍ਰੈਸ ਕਾਨਫਰੰਸ ਕਰ ਕੇ ਦੋਸ਼ਾਂ ਦਾ ਛਾਬਾ ਉਲੱਦਿਆ ਤਾਂ ਦੇਸ਼ ਦੇ ਲੋਕਾਂ ਦੀ ਮਾਨਸਿਕਤਾ ਨੂੰ ਇੱਕ ਬਹੁਤ ਵੱਡਾ ਝਟਕਾ ਲੱਗਾ। ਇਹ ਲੱਗਣਾ ਨਹੀਂ ਸੀ ਚਾਹੀਦਾ।

ਤਾਜ਼ਾ ਘਟਨਾ ਜਿੰਨੀ ਹੋਰਨਾਂ ਲਈ ਅਣਕਿਆਸੀ ਸੀ, ਓਨੀ ਹੀ ਸਾਡੇ ਲਈ ਸੀ, ਪਰ ਉਂਜ ਅਸੀਂ ਕਈ ਵਾਰੀ ਇਹ ਸੋਚਦੇ ਹੁੰਦੇ ਸਾਂ ਕਿ ਨਿਆਂ ਪਾਲਿਕਾ ਦੇ ਅੰਦਰੋਂ ਜਿਹੋ ਜਿਹੀਆਂ ਕਨਸੋਆਂ ਸੁਣਨ ਨੂੰ ਮਿਲ ਰਹੀਆਂ ਹਨ, ਉਨ੍ਹਾਂ ਕਾਰਨ ਕਿਸੇ ਦਿਨ ਕੋਈ ਵੱਡਾ ਧਮਾਕਾ ਹੋ ਸਕਦਾ ਹੈ। ਫਿਰ ਵੀ ਇਸ ਤਰ੍ਹਾਂ ਦੇ ਦ੍ਰਿਸ਼ ਬਾਰੇ ਅਸੀਂ ਨਹੀਂ ਸੀ ਸੋਚਿਆ। ਅੰਦਰ ਦੀ ਹਾਲਤ ਤੋਂ ਮਨ ਵਿਚ ਇਸ ਤਰ੍ਹਾਂ ਦੇ ਖਿਆਲ ਆਉਣ ਦੇ ਕਾਰਨਾਂ ਵਿਚ ਵੱਡਾ ਵਾਧਾ ਉਸ ਸਮੇਂ ਹੋਇਆ, ਜਦੋਂ ਪਿਛਲੇ ਮਹੀਨੇ ਮੈਡੀਕਲ ਕੌਂਸਲ ਆਫ ਇੰਡੀਆ ਵਾਲੇ ਕੇਸ ਦੀ ਸੁਣਵਾਈ ਕਰਦੇ ਇੱਕ ਜੱਜ ਨੇ ਇਸ ਨੂੰ ਸੰਵਿਧਾਨਕ ਬੈਂਚ ਨੂੰ ਭੇਜਣ ਦਾ ਫੈਸਲਾ ਦਿੱਤਾ ਤੇ ਚੀਫ ਜਸਟਿਸ ਨੇ ਕੁਝ ਘੰਟਿਆਂ ਬਾਅਦ ਹੀ ਇਹ ਫੈਸਲਾ ਪਲਟ ਦਿੱਤਾ। ਉਨ੍ਹਾਂ ਦਾ ਕਹਿਣਾ ਸੀ ਕਿ ਕਿਹੜਾ ਕੇਸ ਕਿਸ ਬੈਂਚ ਕੋਲ ਭੇਜਣਾ ਹੈ, ਇਹ ਫੈਸਲਾ ਕਰਨ ਦਾ ਅਧਿਕਾਰ ਉਨ੍ਹਾਂ ਦਾ ਹੈ ਤੇ ਕੋਈ ਹੋਰ ਜੱਜ ਇਹ ਰੂਲਿੰਗ ਨਹੀਂ ਦੇ ਸਕਦਾ। ਇਹੋ ਕੰਮ ਇੱਕ ਦਿਨ ਬਾਅਦ ਹੋ ਜਾਂਦਾ ਤਾਂ ਹੋਰ ਗੱਲ ਸੀ, ਪਰ ਸਿਰਫ ਕੁਝ ਘੰਟੇ ਬਾਅਦ ਇਹ ਫੈਸਲਾ ਪਲਟਣ ਲਈ ਚੀਫ ਜਸਟਿਸ ਨੇ ਜਦੋਂ ਅਦਾਲਤ ਲਾ ਲਈ ਤਾਂ ਇਸ ਕਾਰਵਾਈ ਤੋਂ ਇੱਕ ਮਾੜਾ ਪ੍ਰਭਾਵ ਉਸੇ ਦਿਨ ਸਾਰੇ ਦੇਸ਼ ਦੇ ਲੋਕਾਂ ਵਿਚ ਚਲਾ ਗਿਆ, ਜਿਹੜਾ ਹੁਣ ਹੋਰ ਅੱਗੇ ਵਧ ਗਿਆ ਹੈ।

ਦੇਸ਼ ਨੇ ਕਿਸੇ ਪ੍ਰਬੰਧ ਅਧੀਨ ਚੱਲਦੇ ਰਹਿਣਾ ਹੈ ਤਾਂ ਲੋਕਾਂ ਨੂੰ ਆਪਣੇ ਲਈ ਆਸ ਦੀ ਆਖਰੀ ਕਿਰਨ ਵਜੋਂ ਨਿਆਂ ਪਾਲਿਕਾ ਉਤੇ ਭਰੋਸਾ ਰੱਖਣਾ ਪੈਣਾ ਹੈ। ਇਸੇ ਲਈ ਅਸੀਂ ਇਸ ਕੇਸ ਦੀ ਬਹੁਤੀ ਚਰਚਾ ਨਹੀਂ ਕਰਾਂਗੇ। ਮੈਡੀਕਲ ਕੌਂਸਲ ਦਾ ਕੇਸ ਹੋਵੇ ਜਾਂ ਸੋਹਰਾਬੁਦੀਨ ਕੇਸ ਦੀ ਸੁਣਵਾਈ ਕਰਦੇ ਵਿਸ਼ੇਸ਼ ਜੱਜ ਲੋਇਆ ਦੀ ਬਹੁਤ ਅਣਕਿਆਸੇ ਹਾਲਾਤ ਵਿਚ ਮੌਤ ਦਾ ਮਾਮਲਾ ਹੋਵੇ, ਹਰ ਹਾਲ ਵਿਚ ਨਿਆਂ ਪਾਲਿਕਾ ਦੀ ਇੱਕਸੁਰਤਾ ਅਤੇ ਇਸ ਵਿਚ ਲੋਕਾਂ ਦੇ ਭਰੋਸੇ ਨੂੰ ਹੋਰ ਖੋਰਾ ਲੱਗਣ ਤੋਂ ਬਚਾਇਆ ਜਾਣਾ ਚਾਹੀਦਾ ਹੈ। ਇਹ ਜਿੰਮੇਵਾਰੀ ਜੱਜ ਸਾਹਿਬਾਨ ਦੀ ਹੈ ਕਿ ਆਪਣੇ ਖੇਤਰ ਵਿਚ ਪੈਦਾ ਹੋ ਰਹੀ ਅੰਦਰੂਨੀ ਬੇਭਰੋਸਗੀ ਦੇ ਅਮਲ ਨੂੰ ਰੋਕਣ ਲਈ ਕਿਸੇ ਵੀ ਹੋਰ ਤੋਂ ਪਹਿਲਾਂ ਉਹ ਖੁਦ ਹੀ ਯਤਨ ਕਰਨ।



ਚੀਫ ਜਸਟਿਸ ਦੀਪਕ ਮਿਸ਼ਰਾ

ਉਦਾਂ ਸਾਨੂੰ ਇਹ ਗੱਲ ਮੰਨਣ ਵਿਚ ਝਿਜਕ ਨਹੀਂ ਹੋਣੀ ਚਾਹੀਦੀ ਕਿ ਇਸ ਪਾਸੇ ਜੋ ਕੁਝ ਕਰਨ ਦੀ ਲੋੜ ਹੈ, ਉਸ ਲਈ ਪਹਿਲਾਂ ਹੀ ਬਹੁਤ ਦੇਰ ਹੋ ਚੁਕੀ ਹੈ। ਇਸ ਦੇਰ ਦੇ ਕੁਝ ਪੜਾਅ ਪਿਛਲੇ ਤੀਹਾਂ ਕੁ ਸਾਲਾਂ ਦੇ ਦੌਰ ਦੇ ਹਨ। ਇੱਕ ਪੜਾਅ ਕੁਝ ਸਾਲ ਪਹਿਲਾਂ ਦਾ ਉਹ ਸੀ, ਜਦੋਂ ਇੱਕ ਸੀਨੀਅਰ ਵਕੀਲ ਅਤੇ ਸਾਬਕਾ ਕੇਂਦਰੀ ਕਾਨੂੰਨ ਮੰਤਰੀ ਨੇ ਸੁਪਰੀਮ ਕੋਰਟ ਵਿਚ ਇਹ ਆਖਿਆ ਸੀ ਕਿ ਆਜ਼ਾਦੀ ਤੋਂ ਬਾਅਦ ਹੁਣ ਤੱਕ ਦੇ ਮੁੱਖ ਜੱਜਾਂ ਵਿਚੋਂ ਅੱਧੇ ਭ੍ਰਿਸ਼ਟਾਚਾਰੀ ਸਨ। ਇਸ ਦੇ ਬਾਅਦ ਰੌਲਾ ਹੀ ਪੈਂਦਾ ਰਿਹਾ, ਪਰ ਉਸ ਨੇ ਫੋਕੀ ਊਜ ਲਾ ਛੱਡੀ ਸੀ ਜਾਂ ਇਸ ਵਿਚ ਕੁਝ ਅੰਸ਼ ਸੱਚਾਈ ਦਾ ਵੀ ਸੀ, ਇਸ ਦਾ ਜੋ ਨਿਪਟਾਰਾ ਹੋਣਾ ਚਾਹੀਦਾ ਸੀ, ਉਹ ਕਦੇ ਹੋਇਆ ਹੀ ਨਹੀਂ।

ਕੋਈ ਵੀ ਮਾਮਲਾ ਠੱਪ ਦੇਣ ਤੋਂ ਲੋਕਾਂ ਵਿਚ ਇਹੋ ਜਿਹਾ ਪ੍ਰਭਾਵ ਬਣ ਜਾਂਦਾ ਹੈ ਕਿ ਦਾਲ ਵਿਚ ਕੁਝ ਕਾਲਾ ਜ਼ਰੂਰ ਹੋਵੇਗਾ, ਜਿਸ ਉਤੋਂ ਢੱਕਣ ਚੁਕੇ ਜਾਣ ਤੋਂ ਪਰਹੇਜ਼ ਕੀਤਾ ਗਿਆ ਹੈ, ਵਰਨਾ ਸਭ ਕੁਝ ਸਾਹਮਣੇ ਆ ਜਾਣਾ ਸੀ। ਇਸ ਪ੍ਰਭਾਵ ਦੀ ਕਦੇ ਚਿੰਤਾ ਹੀ ਨਹੀਂ ਸੀ ਕੀਤੀ ਗਈ।

ਜਿਹੜੀ ਗੱਲ ਉਸ ਬਜ਼ੁਰਗ ਵਕੀਲ ਨੇ ਆਖੀ ਸੀ ਤੇ ਬੜੀ ਵੱਡੀ ਗੱਲ ਹੋਣ ਦੇ ਬਾਵਜੂਦ ਅਣਗੌਲੀ ਹੋ ਗਈ, ਉਹੋ ਜਿਹੇ ਕੁਝ ਵੱਡੇ ਕਿੱਸੇ ਉਸ ਤੋਂ ਪਹਿਲੇ ਸਾਲਾਂ ਵਿਚ ਉਭਰੇ ਸਨ ਤੇ ਉਨ੍ਹਾਂ ਹੀ ਲੋਕਾਂ ਨੇ ਪਰਦਾ ਪਾਉਣ ਲਈ ਜ਼ੋਰ ਲਾਇਆ ਸੀ, ਜਿਹੜੇ ਹੁਣ ਵਾਲੇ ਮਾਮਲੇ ਨੂੰ ਤੂਲ ਦੇਣ ਤੁਰੇ ਹੋਏ ਹਨ। ਇੱਕ ਕੇਸ ਜਸਟਿਸ ਰਾਮਾਸਵਾਮੀ ਦਾ ਸੀ। ਭ੍ਰਿਸ਼ਟਾਚਾਰ ਦੇ ਦੋਸ਼ਾਂ ਵਿਚ ਫਸੇ ਜਸਟਿਸ ਰਾਮਾਸਵਾਮੀ ਦੇ ਨਾਲ ਦੇਸ਼ ਦੀ ਨਿਆਂ ਪਾਲਿਕਾ ਨਹੀਂ ਸੀ ਖੜੋਤੀ, ਮਹਾਂਦੋਸ਼ ਲਈ ਉਸ ਦਾ ਕੇਸ ਪਾਰਲੀਮੈਂਟ ਵਿਚ ਪਹੁੰਚਣ ਵੇਲੇ ਤੱਕ ਇਹ ਪ੍ਰਭਾਵ ਸੀ ਕਿ ਉਸ ਖਿਲਾਫ ਲੋਕ ਸਭਾ ਵਿਚ ਮਤਾ ਪਾਸ ਕਰ ਕੇ ਇਹੋ ਜਿਹੇ ਬਾਕੀ ਸਾਰੇ ਲੋਕਾਂ ਨੂੰ ਇੱਕ ਸੰਕੇਤ ਦੇ ਦਿੱਤਾ ਜਾਵੇਗਾ। ਅਤਿ ਦੇ ਭ੍ਰਿਸ਼ਟਾਚਾਰੀ ਪ੍ਰਧਾਨ ਮੰਤਰੀ ਨਰਸਿਮਹਾ ਰਾਓ ਦੀ ਅਗਵਾਈ ਹੇਠ ਕਾਂਗਰਸ ਪਾਰਟੀ ਨੇ ਉਦੋਂ ਉਸ ਨੂੰ ਲੋਕ ਸਭਾ ਦੇ ਕਟਹਿਰੇ ਵਿਚ ਪੇਸ਼ ਕਰਨ ਦੀ ਸਹਿਮਤੀ ਦੇਣ ਮਗਰੋਂ ਖੁਦ ਹੀ ਵੋਟ ਪਾਉਣ ਵੇਲੇ ਨਿਰਪੱਖ ਰਹਿ ਕੇ ਉਸ ਦਾ ਬਚਾਅ ਕਰ ਦਿੱਤਾ ਸੀ। ਕਾਂਗਰਸ ਦਾ ਜਿਹੜਾ ਆਗੂ ਕਪਿਲ ਸਿੱਬਲ ਅੱਜ ਕੱਲ੍ਹ ਹਰ ਵੇਲੇ ਦੁਹਾਈ ਪਾਉਂਦਾ ਹੈ, ਉਹ ਉਦੋਂ ਲੋਕ ਸਭਾ ਵਿਚ ਰਾਮਾਸਵਾਮੀ ਦਾ ਪੱਖ ਪੇਸ਼ ਕਰਨ ਲਈ ਵਕੀਲ ਵਜੋਂ ਪੇਸ਼ ਹੋਇਆ ਸੀ ਤੇ ਉਦੋਂ ਰਾਮਾਸਵਾਮੀ ਦੇ ਬਚ ਜਾਣ ਨੇ ਇੱਕ ਮਾੜੀ ਪਿਰਤ ਪਾ ਦਿੱਤੀ ਸੀ।

ਫਿਰ ਇੱਕ ਕੇਸ ਜਸਟਿਸ ਦਿਨਾਕਰਨ ਦਾ ਜਦੋਂ ਉਛਲਿਆ ਤਾਂ ਉਸ ਦਾ ਬਚਾਅ ਵੀ ਨਿਆਂ ਪਾਲਿਕਾ ਦੀ ਬਜਾਏ ਸਿਆਸਤ ਦੇ ਮਹਾਂਰਥੀਆਂ ਨੇ ਕੀਤਾ ਸੀ। ਦਿਨਾਕਰਨ ਉਤੇ ਗੰਭੀਰ ਦੋਸ਼ ਲੱਗ ਰਹੇ ਸਨ। ਹਰਿਆਣਾ ਵਿਚ ਹੋਏ ਪ੍ਰਾਵੀਡੈਂਟ ਫੰਡ ਘੋਟਾਲੇ ਦੇ ਕੇਸ ਵਿਚ ਜਦੋਂ ਕੁਝ ਜੱਜਾਂ ਖਿਲਾਫ ਕਾਰਵਾਈ ਹੋਣੀ ਸੀ, ਜਿਨ੍ਹਾਂ ਵਿਚੋਂ ਕੁਝ ਸਮਾਂ ਪਾ ਕੇ ਹਾਈ ਕੋਰਟਾਂ ਤੱਕ ਪ੍ਰਮੋਟ ਹੋ ਗਏ ਸਨ, ਉਨ੍ਹਾਂ ਲਈ ਵੀ ਸਿਆਸੀ ਆਗੂ ਮਦਦਗਾਰ ਬਣੇ ਸਨ। ਪੰਜਾਬ ਪਬਲਿਕ ਸਰਵਿਸ ਕਮਿਸ਼ਨ ਦੇ ਚੇਅਰਮੈਨ ਰਵੀ ਸਿੱਧੂ ਨੂੰ ਫੜੇ ਜਾਣ ਵੇਲੇ ਤਿੰਨ ਜੱਜਾਂ ਦੇ ਨਾਂ ਚਰਚਾ ਦਾ ਵਿਸ਼ਾ ਬਣੇ ਤਾਂ ਉਨ੍ਹਾਂ ਦਾ ਬਚਾਓ ਕਰਨ ਲਈ ਵੀ ਪੰਜਾਬ ਤੇ ਹਰਿਆਣੇ ਦੇ ਸਿਆਸੀ ਆਗੂਆਂ ਨੇ ਸਰਗਰਮੀ ਕੀਤੀ ਸੀ। ਚੰਡੀਗੜ੍ਹ ਨੇੜੇ ਸਰਕਾਰੀ ਜਮੀਨਾਂ ਉਤੇ ਇੱਕ ਕਲੱਬ ਬਣਾਇਆ ਗਿਆ ਤਾਂ ਉਸ ਦੀ ਸ਼ਿਕਾਇਤ ਜਦੋਂ ਹੋਈ, ਉਸ ਵਿਚ ਸਿਆਸੀ ਖੇਤਰ ਦੇ ਕੁਝ ਮਹਾਂਰਥੀ ਫਸ ਰਹੇ ਜਾਪਦੇ ਸਨ। ਫਿਰ ਉਸ ਵਿਚ ਕੁਝ ਜੱਜਾਂ ਦੇ ਨਾਂ ਵੀ ਆ ਗਏ, ਤਾਂ ਉਸ ਵਕਤ ਵੀ ਸਿਆਸੀ ਆਗੂਆਂ ਨੇ ਸਾਰਾ ਮਾਮਲਾ ਠੱਪਣ ਲਈ ਰਾਤ-ਦਿਨ ਇੱਕ ਕੀਤਾ ਸੀ। ਆਪਣੀ ਲੋੜ ਲਈ ਜਿਹੜੇ ਸਿਆਸੀ ਆਗੂ ਇੱਕ ਜਾਂ ਦੂਸਰੇ ਜਾਂਚ ਕਮਿਸ਼ਨ ਦੇ ਸਾਬਕਾ ਜੱਜਾਂ ਦੇ ਖਿਲਾਫ ਦੂਸ਼ਣਬਾਜ਼ੀ ਦੀ ਹਨੇਰੀ ਲਿਆ ਛੱਡਦੇ ਹਨ, ਇਹੋ ਜਿਹੇ ਕੇਸਾਂ ਵਿਚ ਭ੍ਰਿਸ਼ਟਾਚਾਰ ਦਾ ਠੱਪਾ ਜਦੋਂ ਕਿਸੇ ਜੱਜ ਉਤੇ ਲੱਗਦਾ ਹੈ ਤਾਂ ਉਸ ਦੇ ਬਚਾਓ ਲਈ ਉਹ ਹੀ ਲੋਕ ਇਸ ਤਰ੍ਹਾਂ ਇੱਕੋ ਬੋਲੀ ਬੋਲਦੇ ਹਨ, ਜਿਵੇਂ ਕੱਵਾਲੀਆਂ ਗਾਉਣ ਵਾਲੀ ਕਿਸੇ ਵੱਡੀ ਟੀਮ ਦੇ ਕਲਾਕਾਰ ਲਿਆਂਦੇ ਗਏ ਹੋਣ।

ਤਾਜ਼ਾ ਕੇਸ ਬਾਰੇ ਅਸੀਂ ਇੱਕ ਵਾਰ ਫਿਰ ਇਹ ਕਹਿ ਦੇਣਾ ਚਾਹੁੰਦੇ ਹਾਂ ਕਿ ਨਿਆਂ ਪਾਲਿਕਾ ਦੇ ਅੰਦਰੂਨੀ ਹਾਲ ਬਾਰੇ ਇਹੋ ਜਿਹਾ ਵਿਵਾਦ ਬਹੁਤਾ ਉਛਾਲਿਆ ਜਾਣਾ ਦੇਸ਼ ਦੇ ਭਵਿੱਖ ਲਈ ਸ਼ਾਇਦ ਚੰਗਾ ਨਹੀਂ ਹੋਣਾ, ਪਰ ਜਿੱਦਾਂ ਮੁੜ-ਮੁੜ ਕੇ ਮੁੱਦੇ ਸਿਰ ਚੁੱਕ ਰਹੇ ਹਨ, ਉਨ੍ਹਾਂ ਦੇ ਨਿਪਟਾਰੇ ਦਾ ਅਮਲ ਸੁਖਾਲਾ ਹੋਣਾ ਚਾਹੀਦਾ ਹੈ। ਮੁੱਦੇ ਲਟਕਣ ਨਾਲ ਕਈ ਵਾਰ ਚਿੱਟੇ ਦੋਸ਼ੀ ਸੁੱਕੇ ਨਿਕਲ ਜਾਂਦੇ ਹਨ ਤੇ ਕਈ ਵਾਰ ਇਮਾਨਦਾਰਾਂ ਦਾ ਅਕਸ ਬਿਨਾ ਵਜ੍ਹਾ ਖਰਾਬ ਹੋਣ ਦੀ ਹਾਲਤ ਆ ਜਾਂਦੀ ਹੈ।

ਪੰਜਾਬ ਤੇ ਹਰਿਆਣਾ ਹਾਈ ਕੋਰਟ ਦਾ ਇੱਕ ਕੇਸ ਸਾਰਿਆਂ ਨੂੰ ਯਾਦ ਹੈ। ਇੱਕ ਇਸਤਰੀ ਜੱਜ ਦੇ ਘਰ ਅਚਾਨਕ ਇੱਕ ਬੰਦਾ ਨੋਟਾਂ ਨਾਲ ਭਰਿਆ ਬੈਗ ਲੈ ਕੇ ਚਲਾ ਗਿਆ ਕਿ ਦਿੱਲੀ ਦੇ ਫਲਾਣੇ ਬੰਦੇ ਨੇ ਭੇਜਿਆ ਹੈ। ਉਸ ਮਹਿਲਾ ਜੱਜ ਨੇ ਪੁਲਿਸ ਨੂੰ ਵੀ ਸੂਚਨਾ ਦੇ ਦਿੱਤੀ ਅਤੇ ਆਪਣੇ ਮੁੱਖ ਜੱਜ ਨੂੰ ਵੀ। ਖੁਲਾਸਾ ਇਹ ਹੋਇਆ ਕਿ ਇੱਕ ਹੋਰ ਮਹਿਲਾ ਜੱਜ ਦੇ ਘਰ ਜਾਣ ਵਾਲਾ ਨੋਟਾਂ ਦਾ ਬੈਗ ਮਿਲਦੇ ਨਾਂ ਕਾਰਨ ਇਸ ਬੀਬੀ ਦੇ ਘਰ ਜਾ ਪੁੱਜਾ ਸੀ ਤੇ ਜਿਸ ਬੀਬੀ ਦੇ ਘਰ ਪੁਚਾਉਣਾ ਸੀ, ਉਹ ਇਸ ਤੋਂ ਮੁੱਕਰ ਗਈ ਸੀ। ਗੱਲ ਗੁੱਝੀ ਭਾਵੇਂ ਨਹੀਂ ਰਹੀ, ਪਰ ਜਿਸ ਬੀਬੀ ਕੋਲ ਨੋਟ ਜਾਣੇ ਸਨ, ਉਸ ਦੀ ਸਿਆਸੀ ਪਹੁੰਚ ਜ਼ੋਰਦਾਰ ਹੋਣ ਕਾਰਨ ਉਹ ਦੋਸ਼ਾਂ ਦੀ ਲਪੇਟ ਵਿਚ ਆਉਣ ਪਿੱਛੋਂ ਸਿਰਫ ਇਥੋਂ ਬਦਲ ਕੇ ਉਤਰਾਖੰਡ ਭੇਜ ਦਿੱਤੀ ਗਈ ਤੇ ਸੇਵਾ-ਮੁਕਤ ਹੋਣ ਤੱਕ ਮਾਣਯੋਗ ਕੁਰਸੀ ਉਤੇ ਬੈਠਦੀ ਰਹੀ। ਸਿਆਸੀ ਆਗੂਆਂ ਦੇ ਪ੍ਰਭਾਵ ਦੀ ਨਿਆਂ ਪਾਲਿਕਾ ਅੰਦਰ ਘੁਸਪੈਠ ਨਾ ਹੁੰਦੀ ਤਾਂ ਏਦਾਂ ਨਹੀਂ ਸੀ ਹੋ ਸਕਣਾ। ਇਹ ਘੁਸਪੈਠ ਹੁਣ ਵੀ ਹੁੰਦੀ ਹੋਵੇਗੀ।

ਨਿਆਂ ਪਾਲਿਕਾ ਵਿਚ ਜਿਹੜਾ ਉਬਾਲਾ ਇਸ ਵਾਰ ਉਠਿਆ ਹੈ, ਗੱਲ ਸਹੇ ਦੀ ਨਹੀਂ, ਪਹੇ ਦੀ ਹੋਣ ਕਾਰਨ ਇਸ ਨੂੰ ਵਕਤੀ ਉਬਾਲਾ ਨਾ ਸਮਝ ਕੇ ਕੋਈ ਯੋਗ ਹੱਲ ਹੋਣਾ ਚਾਹੀਦਾ ਹੈ। ਤਾਜ਼ਾ ਉਬਾਲੇ ਵਿਚ ਵੀ ਸਿਆਸੀ ਦਖਲ ਦੀ ਜਿੰਨੀ ਚਰਚਾ ਹੋਈ ਤੇ ਹੋ ਰਹੀ ਹੈ, ਉਸ ਤੋਂ ਲੋਕਾਂ ਵਿਚ ਕੋਈ ਚੰਗਾ ਸੰਕੇਤ ਨਹੀਂ ਗਿਆ। ਲੋਕਤੰਤਰ ਲੋਕਾਂ ਲਈ ਹੈ ਤਾਂ ਲੋਕਾਂ ਨੂੰ ਇਹ ਠੀਕ-ਠਾਕ ਚੱਲ ਰਿਹਾ ਦਿਸਣਾ ਚਾਹੀਦਾ ਹੈ। ਦੋ ਵੱਡੀਆਂ ਧਿਰਾਂ ਦੀ ਸਿਆਸੀ ਖਹਿਸਰ ਹੇਠ ਇਹ ਇਸ ਵੇਲੇ ਠੀਕ ਨਹੀਂ ਚੱਲ ਰਿਹਾ ਤੇ ਇਸ ਦੇਸ਼ ਦੇ ਜਿਹੜੇ ਦੋ ਅੰਗ ਹਾਲੇ ਤੱਕ ਹਰ ਮਾੜੀ ਲਾਗ ਤੋਂ ਕੁਝ ਹੱਦ ਤੱਕ ਬਚੇ ਹੋਏ ਸਨ, ਉਨ੍ਹਾਂ ਤੱਕ ਵੀ ਲਾਗ ਪਹੁੰਚਦੀ ਦਿਖਾਈ ਦੇਣ ਲੱਗੀ ਹੈ। ਇਸ ਲਾਗ ਨੂੰ ਅੱਗੇ ਵਧਣ ਤੋਂ ਰੋਕਣਾ ਪਵੇਗਾ।

---

# ਫੁਟਬਾਲ ਦਾ ਡਾਂਸਰ ਰੌਜ਼ਰ ਮਿਲਾ

ਪਰਦੀਪ ਕੁਮਾਰ
ਫੋਨ: 408-540-4547

ਫੁਟਬਾਲ ਮੈਚ ਵੇਖਦਿਆਂ ਕਈ ਖਿਡਾਰੀ ਗੋਲ ਕਰਨ ਪਿਛੋਂ ਕਾਰਨਰ ਫਲੈਗ ਕੋਲ ਜਾ ਕੇ ਡਾਂਸ ਕਰਦੇ ਹਨ। ਅਸਲ ਵਿਚ ਉਹ ਕਿਸੇ ਮਹਾਨ ਫੁਟਬਾਲਰ ਨੂੰ ਸਲਾਮ ਕਰਦੇ ਹਨ। ਇਹ ਫੁਟਬਾਲਰ ਕੋਈ ਹੋਰ ਨਹੀਂ, ਕੈਮਰੂਨ ਦਾ ਮਹਾਨ ਰੌਜ਼ਰ ਮਿਲਾ ਹੈ। 1990 ਦਾ ਫੁਟਬਾਲ ਵਰਲਡ ਕੱਪ ਇਟਲੀ ਵਿਚ ਹੋਇਆ ਸੀ। ਇਸ ਟੂਰਨਾਮੈਂਟ ਵਿਚ ਰੌਜ਼ਰ ਨੇ ਚਾਰ ਗੋਲ ਕਰਕੇ ਨਾਮਣਾ ਖੱਟਿਆ। ਹਰ ਗੋਲ ਕਰਨ ਪਿਛੋਂ ਰੌਜ਼ਰ ਖੁਸ਼ੀ 'ਚ ਕਾਰਨਰ ਫਲੈਗ ਕੋਲ ਜਾ ਕੇ ਡਾਂਸ ਕਰਦਾ ਸੀ। ਇਸ ਡਾਂਸ ਨੇ ਉਸ ਨੂੰ ਵਰਲਡ ਕੱਪ ਦਾ ਹੀਰੋ ਬਣਾ ਦਿੱਤਾ। ਇਸ ਕਰਕੇ 2010 ਦੇ ਵਰਲਡ ਕੱਪ ਵਿਚ ਕੋਕਾ ਕੋਲਾ ਨੇ ਰੌਜ਼ਰ ਦੇ ਇਸ ਜਸ਼ਨ ਨੂੰ ਆਪਣੀ ਮਸ਼ਹੂਰੀ ਲਈ ਇਸਤੇਮਾਲ ਕੀਤਾ।

ਰੌਜ਼ਰ ਮਿਲਾ ਦਾ ਜਨਮ 20 ਮਈ 1952 ਨੂੰ ਹੋਇਆ। ਬਚਪਨ ਵਿਚ ਹੀ ਉਸ ਨੇ ਫੁਟਬਾਲ ਖੇਡਣਾ ਸ਼ੁਰ ਕਰ ਦਿੱਤਾ। 1965-1970 ਤਕ ਉਹ ਜੂਨੀਅਰ ਟੀਮ ਲਈ ਖੇਡਿਆ ਅਤੇ 1970 ਵਿਚ ਉਸ ਨੇ ਸੀਨੀਅਰ ਟੀਮ ਲਈ ਖੇਡਣਾ ਸ਼ੁਰੂ ਕੀਤਾ। 1977 ਵਿਚ ਰੌਜ਼ਰ ਯੂਰਪ ਨੂੰ ਆਪਣੀ ਕਿਸਮਤ ਅਜ਼ਮਾਉਣ ਲਈ ਚਲਾ ਗਿਆ। ਉਸ ਨੇ ਜ਼ਿਆਦਾ ਸਮਾਂ ਫਰਾਂਸ ਵਿਚ ਗੁਜਾਰਿਆ ਅਤੇ ਉਥੋਂ ਦੀਆਂ ਕਈ ਕਲੱਬਾਂ ਲਈ ਖੇਡਿਆ। ਪਰ ਰੌਜ਼ਰ ਮਿਲਾ ਨੂੰ ਅਸਲੀ ਕਾਮਯਾਬੀ ਅੰਤਰਰਾਸ਼ਟਰੀ ਮੈਚਾਂ ਵਿਚ ਮਿਲੀ। ਉਹ ਕੈਮਰੂਨ ਲਈ ਤਿੰਨ ਵਰਲਡ ਕੱਪ-1982, 1990, 1994 ਖੇਡਿਆ। ਇਟਲੀ ਵਿਚ ਹੋਏ 1990 ਦੇ ਟੂਰਨਾਮੈਂਟ ਨੇ ਉਸ ਨੂੰ ਮਹਾਨ ਬਣਾ ਦਿੱਤਾ। ਅਸਲ ਵਿਚ ਉਹ ਅੰਤਰਰਾਸ਼ਟਰੀ ਫੁਟਬਾਲ ਤੋਂ ਰਿਟਾਇਰ ਹੋ ਗਿਆ ਸੀ ਪਰ ਕੈਮਰੂਨ ਦੇ ਰਾਸ਼ਟਰਪਤੀ ਪਾਲ ਬਾਈਆ ਨੇ ਉਸ ਨੂੰ ਫੋਨ ਕਰਕੇ ਫਿਰ ਖੇਡਣ ਲਈ ਰਾਜ਼ੀ ਕਰ ਲਿਆ। ਇਸ ਵਰਲਡ ਕੱਪ ਵਿਚ ਕੈਮਰੂਨ ਗਰੁਪ 'ਬੀ' ਵਿਚ ਅਰਜਨਟਾਈਨਾ, ਰੋਮਾਨੀਆ ਅਤੇ ਰੂਸ ਨਾਲ ਸੀ। ਕੈਮਰੂਨ ਨੇ ਟੂਰਨਾਮੈਂਟ ਦੀ ਸ਼ੁਰੂਆਤ ਮਾਰਾਡੋਨਾ ਦੀ ਟੀਮ ਅਰਜਨਟਾਈਨਾ ਨੂੰ ਹਰਾ ਕੇ ਕੀਤੀ। ਰੋਮਾਨੀਆ ਦੀ ਟੀਮ 'ਤੇ ਵੀ ਜਿੱਤ ਪ੍ਰਾਪਤ ਕੀਤੀ



ਅਤੇ ਰੂਸ ਨੂੰ ਹਰਾ ਕੇ ਗਰੁਪ ਵਿਚ ਪਹਿਲਾ ਸਥਾਨ ਪ੍ਰਾਪਤ ਕੀਤਾ। ਰੋਮਾਨੀਆ ਨਾਲ ਖੇਡਦਿਆਂ ਰੌਜ਼ਰ ਨੇ ਦੋ ਗੋਲ ਕਰਕੇ ਦਰਸ਼ਕਾਂ ਨੂੰ ਨੱਚਣ ਲਾ ਦਿੱਤਾ। ਅਗਲੇ ਗਰੁਪ ਵਿਚ ਕੈਮਰੂਨ ਦਾ ਮੁਕਾਬਲਾ ਕੋਲੰਬੀਆ ਨਾਲ ਸੀ। ਰੌਜ਼ਰ ਮਿਲਾ ਵਲੋਂ ਕੀਤੇ ਗਏ ਦੋ ਗੋਲਾਂ ਸਦਕਾ ਕੈਮਰੂਨ ਜਿੱਤ ਕੇ ਕੁਆਟਰ ਫਾਈਨਲ ਵਿਚ ਪਹੁੰਚ ਗਿਆ। ਇਹ ਪਹਿਲੀ ਵਾਰੀ ਸੀ ਕਿ ਕੋਈ ਅਫਰੀਕੀ ਦੇਸ਼ ਵਰਲਡ ਕੱਪ ਦੇ ਕੁਆਟਰ ਫਾਈਨਲ ਤੱਕ ਗਿਆ ਹੋਵੇ। ਪਰ ਇਹ ਸਫਰ ਬਹੁਤਾ ਲੰਮਾ ਨਹੀਂ ਜਾ ਸਕਿਆ। ਅਗਲੇ ਮੈਚ ਵਿਚ ਕੈਮਰੂਨ ਇੰਗਲੈਂਡ ਦੀ ਟੀਮ ਤੋਂ ਹਾਰ ਕੇ ਟੂਰਨਾਮੈਂਟ ਵਿਚੋਂ ਬਾਹਰ ਹੋ ਗਿਆ। ਇਸ ਹਾਰ ਨਾਲ ਨਿਰਾਸ਼ਾ ਤਾਂ ਹੋਈ ਪਰ ਰੌਜ਼ਰ ਮਿਲਾ ਇਤਿਹਾਸ ਦਾ ਨਾਇਕ ਬਣ ਗਿਆ।

1994 ਦਾ ਵਰਲਡ ਕੱਪ ਅਮਰੀਕਾ ਵਿਚ ਸੀ। ਰੌਜ਼ਰ ਮਿਲਾ ਇਕ ਵਾਰ ਫਿਰ 42 ਸਾਲ ਦੀ ਉਮਰ ਵਿਚ ਮੈਦਾਨ ਵਿਚ ਉਤਰਿਆ। ਸਾਰੇ ਫੁਟਬਾਲ ਚਾਹਵਾਨਾਂ ਨੂੰ ਆਸ ਸੀ ਕਿ ਇਸ ਵਾਰ ਫਿਰ ਕੈਮਰੂਨ ਆਪਣੇ ਜੌਹਰ ਵਿਖਾਵੇਗਾ। ਪਰ ਕੈਮਰੂਨ ਆਪਣੇ ਗਰੁਪ ਵਿਚ ਆਖਰੀ ਸਥਾਨ 'ਤੇ ਰਿਹਾ ਅਤੇ ਟੂਰਨਾਮੈਂਟ ਵਿਚੋਂ ਬਾਹਰ ਹੋ ਗਿਆ। ਕੈਮਰੂਨ ਅਤੇ ਇਸ ਦੇ ਸਮਰਥਕਾਂ ਲਈ ਬਹੁਤ ਨਿਰਾਸ਼ਾ ਵਾਲਾ ਵਰਲਡ ਕੱਪ ਰਿਹਾ, ਪਰ ਮੇਰੇ ਲਈ ਸਾਰੀ ਜ਼ਿੰਦਗੀ ਨਾ ਭੁੱਲਣ ਵਾਲਾ ਟੂਰਨਾਮੈਂਟ ਸੀ। ਆਪਣੇ ਨਜ਼ਦੀਕ ਹੀ ਪੈਂਦੇ ਸਟੈਨਫੋਰਡ ਸਟੇਡੀਅਮ ਵਿਚ ਮੈਂ ਕਈ ਮੈਚ ਵੇਖੇ। ਮੈਂ ਕੈਮਰੂਨ ਅਤੇ ਰੂਸ ਦਾ ਮੈਚ ਵੀ ਵੇਖਿਆ। ਇਸ ਮੈਚ ਵਿਚ ਰੌਜ਼ਰ ਮਿਲਾ ਨੂੰ ਗੋਲ ਕਰਦਿਆਂ ਵੀ ਵੇਖਿਆ ਅਤੇ ਡਾਂਸ ਕਰਕੇ ਜਸ਼ਨ ਮਨਾਉਂਦਿਆਂ ਵੀ।

ਰੌਜ਼ਰ ਮਿਲਾ ਨੇ ਪੇਸ਼ੇਵਰ ਫੁੱਟਬਾਲ ਖੇਡਦਿਆਂ 747 ਮੈਚਾਂ ਵਿਚ 413 ਗੋਲ ਕੀਤੇ। ਆਪਣੇ ਦੇਸ਼ ਕੈਮਰੂਨ ਲਈ 63 ਮੈਚਾਂ ਵਿਚ 37 ਗੋਲ ਕੀਤੇ। ਉਸ ਨੂੰ ਦੋ ਵਾਰ ਅਫਰੀਕਾ ਦਾ ਸੁਪਰੀਮ ਫੁਟਬਾਲਰ ਐਲਾਨਿਆ ਗਿਆ। 1990 ਵਿਚ ਉਹ ਫੀਫਾ ਆਲ ਸਟਾਰ ਗਿਆਰਾਂ ਲਈ ਚੁਣਿਆ ਗਿਆ। ਫੀਫਾ ਦੀ 100 ਮਹਾਨ ਫੁਟਬਾਲਰਾਂ ਦੀ ਸੂਚੀ ਵਿਚ ਉਸ ਦਾ ਨਾਂ ਸ਼ਾਮਲ ਹੈ। ਉਹ ਸਦੀ ਦਾ ਅਫਰੀਕਾ ਦਾ ਉਤਮ ਫੁਟਬਾਲਰ ਹੈ। ਜਦ ਕਦੀ ਵੀ ਫੁਟਬਾਲ ਦੇ ਵਰਲਡ ਕੱਪ ਦੀ ਗੱਲ ਹੋਵੇਗੀ ਤਾਂ ਰੌਜ਼ਰ ਮਿਲਾ ਦੇ ਨਾਂ ਦਾ ਜ਼ਿਕਰ ਵੀ ਜਰੂਰ ਹੋਵੇਗਾ। ਸਲਾਮ ਇਸ ਮਹਾਨ ਫੁਟਬਾਲਰ ਨੂੰ ਅਤੇ ਉਸ ਦੇ ਖੂਬਸੂਰਤ ਡਾਂਸ ਨੂੰ।

---

## ਪ੍ਰਤੀਕਰਮ

# ਲੋਹੜੀ ਬਾਰੇ

'ਪੰਜਾਬ ਟਾਈਮਜ਼' ਵੱਲੋਂ ਪੰਜਾਬੀ ਭਾਈਚਾਰੇ ਤੱਕ ਵੰਨ-ਸੁਵੰਨੇ ਵਿਚਾਰ ਪੁੱਜਦੇ ਕਰਨਾ ਬਹੁਤ ਵੱਡੀ ਗੱਲ ਹੈ। ਇਸ ਕਾਰਜ ਲਈ ਪੰਜਾਬ ਟਾਈਮਜ਼ ਵਧਾਈ ਦਾ ਹੱਕਦਾਰ ਹੈ। ਪਰਚੇ ਦੇ 13 ਜਨਵਰੀ 2018 ਦੇ ਅੰਕ ਵਿਚ ਬੀਬੀ ਗੁਰਜੀਤ ਕੌਰ ਦਾ ਲੋਹੜੀ ਬਾਰੇ ਲਿਖਿਆ ਲੇਖ ਪੜ੍ਹਿਆ। ਮੈਂ ਉਨ੍ਹਾਂ ਦੇ ਵਿਚਾਰਾਂ ਨਾਲ ਪੂਰੀ ਤਰ੍ਹਾਂ ਸਹਿਮਤ ਹਾਂ। ਠੀਕ ਹੀ ਤਿਉਹਾਰਾਂ ਬਾਰੇ ਬਹੁ-ਗਿਣਤੀ ਲੋਕਾਂ ਦੀ ਪਹੁੰਚ ਭੇਡ ਚਾਲ ਵਾਲੀ ਹੀ ਹੁੰਦੀ ਹੈ। ਇਹ ਲੋਕ ਬਿਨਾ ਸੋਚੇ-ਸਮਝੇ ਇਨ੍ਹਾਂ ਤਿਉਹਾਰਾਂ ਦੀ ਗੁਲਾਮੀ ਹੰਢਾ ਰਹੇ ਹਨ। ਉਂਜ, ਕਿਤੇ ਕਿਤੇ ਇਨ੍ਹਾਂ ਦੇ ਬੜੇ ਡੂੰਘੇ ਅਰਥ ਵੀ ਛੁਪੇ ਹੁੰਦੇ ਹਨ ਜੋ ਥੋੜ੍ਹੀ ਕੀਤੇ ਨਜ਼ਰੀਂ ਨਹੀਂ ਪੈਂਦੇ। ਇਸ ਮਸਲੇ ਨੂੰ ਸਮਝਣ ਲਈ, ਆਓ ਰਤਾ ਕੁ ਇਤਿਹਾਸ ਉਤੇ ਝਾਤੀ ਮਾਰੀਏ।

ਜਦੋਂ ਮੁਸਲਿਮ ਹਮਲਾਵਰ 1100-1700 ਈਸਵੀ ਦੌਰਾਨ ਅਫਗਾਨਿਸਤਾਨ ਅਤੇ ਇਰਾਨ ਤੋਂ ਆਏ, ਉਨ੍ਹਾਂ ਦਾ ਮਕਸਦ ਪੰਜਾਬ, ਦਿੱਲੀ ਅਤੇ ਉਤਰੀ ਭਾਰਤ ਦੇ ਹੋਰ ਖਿੱਤੇ ਦੇ ਨੌਜਵਾਨ ਮੁੰਡੇ-ਕੁੜੀਆਂ ਨੂੰ ਆਪਣੇ ਗੁਲਾਮ ਬਣਾਉਣਾ ਸੀ। ਜਿਵੇਂ ਗੁਰਜੀਤ ਕੌਰ ਨੇ ਜ਼ਿਕਰ ਕੀਤਾ ਹੈ, "18ਵੀਂ ਸ਼ਤਾਬਦੀ ਵਿਚ ਸਾਡੀ ਪਛਾਣ ਬਣੀ ਸੀ:

ਗਈ ਰੰਨ ਬਸਰੇ ਨੂੰ,
ਮੋੜੀਂ ਬਾਬਾ ਕੱਛ ਵਾਲਿਆ।
ਮੋੜੀਂ ਬਾਬਾ ਡਾਂਗ ਵਾਲਿਆ।

ਇਥੋਂ ਹੀ ਇਹ ਸੰਕਲਪ ਉਠ ਖੜ੍ਹਾ ਹੋਇਆ ਕਿ ਹਰ ਟੱਬਰ ਦੀ ਰਾਖੀ ਲਈ ਕੋਈ ਮਰਦ ਚਾਹੀਦਾ ਹੈ, ਪਰ ਇਸ ਨਾਲ ਇਹ ਤੱਥ ਅਣਗੌਲਿਆ ਰਹਿ ਗਿਆ ਕਿ ਕੁੜੀਆਂ ਉਹ ਜਿਊੜੇ ਹਨ ਜਿਨ੍ਹਾਂ ਨਾਲ ਘਰ, ਮੁਕੰਮਲ ਘਰ ਬਣਦਾ ਹੈ, ਜਿਵੇਂ ਨੰਨ੍ਹੀਆਂ ਚਿੜੀਆਂ ਚਹਿਕਦੀਆਂ ਸਭ ਦਾ ਧਿਆਨ ਖਿੱਚਦੀਆਂ ਹਨ।

ਇਸ ਤੋਂ ਇਲਾਵਾ ਪਹਿਲੇ ਪਾਤਸ਼ਾਹ ਗੁਰੂ ਨਾਨਕ ਨੇ ਫੁਰਮਾਇਆ ਹੈ ਕਿ ਪੁੱਤ ਤੋਂ ਬਗੈਰ ਸਾਂਝ ਨਹੀਂ ਪੈਂਦੀ। ਇਸ ਦਾ ਮਤਲਬ ਹੈ ਕਿ ਪੁੱਤਰ ਤੁਹਾਨੂੰ ਸੁਰੱਖਿਆ ਦੇਵੇਗਾ। ਇਸ ਲਈ ਆਪਣੇ ਇਤਿਹਾਸ ਨੂੰ ਮੁੜ ਪੜ੍ਹਨਾ ਤੇ ਗੁੜਨਾ, ਗਿਆਨ ਵਿਚ ਵਾਧਾ ਕਰਦਾ ਹੈ। ਆਓ ਅਸੀਂ ਸਾਰੇ ਇੰਨੇ ਮਜ਼ਬੂਤ ਰਿਸ਼ਤੇ ਬਣਾਈਏ ਕਿ ਕੁੜੀਆਂ ਅਤੇ ਮੁੰਡਿਆਂ ਵਿਚਕਾਰ ਕੋਈ ਫਰਕ ਹੀ ਨਾ ਰਹੇ। ਮੈਂ ਖੁਦ ਅਜੇ ਤੱਕ ਇਹ ਸਿੱਖਣ ਦੀ ਕੋਸ਼ਿਸ਼ ਕਰ ਰਿਹਾ ਹਾਂ ਕਿ ਲੋਹੜੀ ਕਿਵੇਂ ਮਨਾਈ ਜਾਵੇ, ਕਿਉਂਕਿ ਮੇਰੇ ਘਰ ਬੜੇ ਪਿਆਰੇ ਪੋਤੀ ਤੇ ਪੋਤਾ ਹਨ।

-ਐਚ. ਐਸ. ਦਿਓਲ

ਪੰਜਾਬ ਟਾਈਮਜ਼

*ਸਨਿਚਰਵਾਰ, 20 ਜਨਵਰੀ 2018*

## ਪੁਖਤਾ ਪੱਤਰਕਾਰੀ ਦਾ ਜਲੌਅ

ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਕਰੀਬੀ ਤੇ ਬੇਹੱਦ ਤਾਕਤਵਰ ਮੰਤਰੀ ਰਾਣਾ ਗੁਰਜੀਤ ਸਿੰਘ ਅਤੇ 'ਆਧਾਰ' ਕਾਰਡ ਬਾਰੇ ਮੋਦੀ ਸਰਕਾਰ ਦੇ ਪਿਛੇ ਹਟਣ ਦੇ ਪੈਂਤੜੇ ਦੇ ਮਾਮਲਿਆਂ ਨੇ ਪੁਖਤਾ ਪੱਤਰਕਾਰੀ ਦੇ ਜਲੌਅ ਦੇ ਦਰਸ਼ਨ ਕਰਵਾਏ ਹਨ। ਰਾਣਾ ਗੁਰਜੀਤ ਵਾਲੇ ਮਾਮਲੇ ਵਿਚ ਇਹ ਖੁਲਾਸਾ ਹੋਇਆ ਸੀ ਕਿ ਉਨ੍ਹਾਂ ਦੇ ਚਾਰ ਸਾਬਕਾ ਮੁਲਾਜ਼ਮਾਂ ਨੇ ਪੱਲੇ ਧੇਲਾ ਨਾ ਹੋਣ ਦੇ ਬਾਵਜੂਦ ਉਨ੍ਹਾਂ ਨੇ ਰੇਤੇ ਦੀਆਂ ਖੱਡਾਂ ਦੀ ਅਲਾਟਮੈਂਟ ਲੈ ਲਈ। ਇਨ੍ਹਾਂ ਵਿਚੋਂ ਰਾਣਾ ਗੁਰਜੀਤ ਦੇ ਖਾਨਸਾਮੇ ਅਮਿਤ ਬਹਾਦਰ ਨੇ 26.51 ਕਰੋੜ, ਡਿਪਟੀ ਜਨਰਲ ਮੈਨੇਜਰ ਕੁਲਵਿੰਦਰਪਾਲ ਸਿੰਘ ਨੇ 9.21 ਕਰੋੜ, ਗੁਰਿੰਦਰ ਸਿੰਘ ਨੇ 4.11 ਕਰੋੜ ਅਤੇ ਬਲਰਾਜ ਸਿੰਘ ਨੇ 10.58 ਕਰੋੜ ਰੁਪਏ ਦੀ ਬੋਲੀ 'ਤੇ ਖੱਡਾਂ ਲਈਆਂ। ਇਸ ਮਾਮਲੇ ਬਾਰੇ ਮੀਡੀਆ ਵਿਚ ਖਬਰਾਂ ਨਸ਼ਰ ਹੋਣ ਕਾਰਨ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਜਸਟਿਸ ਜੇ.ਐਸ. ਨਾਰੰਗ ਦੀ ਅਗਵਾਈ ਵਿਚ ਇਕ ਮੈਂਬਰੀ ਜਾਂਚ ਕਮਿਸ਼ਨ ਬਿਠਾ ਦਿੱਤਾ, ਪਰ ਇਹ ਜਾਂਚ ਕਮਿਸ਼ਨ ਮਹਿਜ਼ ਖਾਨਾਪੂਰਤੀ ਹੀ ਸਾਬਤ ਹੋਇਆ ਅਤੇ ਇਸ ਨੇ ਪੜਤਾਲ ਦੌਰਾਨ ਸਾਹਮਣੇ ਆਏ ਕਈ ਤੱਥਾਂ ਨੂੰ ਨਜ਼ਰਅੰਦਾਜ਼ ਕਰਦਿਆਂ ਰਾਣਾ ਗੁਰਜੀਤ ਨੂੰ ਕਲੀਨ ਚਿੱਟ ਦੇ ਦਿੱਤੀ। ਇਸ ਤੋਂ ਜ਼ਾਹਰ ਹੋ ਗਿਆ ਕਿ ਰਸੂਖ ਵਾਲੇ ਬੰਦੇ ਕਿੰਜ ਹਰ ਤਰ੍ਹਾਂ ਦੇ ਮਾਮਲਿਆਂ ਵਿਚੋਂ ਸਾਫ ਨਿਕਲ ਸਕਦੇ ਹਨ, ਪਰ ਮੀਡੀਆ ਵਿਚ ਇਸ ਮਸਲੇ ਬਾਰੇ ਵਾਰ ਵਾਰ ਅਤੇ ਲਗਾਤਾਰ ਚਰਚਾ ਹੋਣ ਕਾਰਨ ਹੁਣ ਪਾਸੇ ਪਲਟ ਗਏ ਹਨ। ਹੁਣ ਤਾਂ ਐਨਫੋਰਸਮੈਂਟ ਡਿਪਾਰਟਮੈਂਟ (ਈ.ਡੀ.) ਨੇ ਵੀ ਰਾਣਾ ਗੁਰਜੀਤ ਸਿੰਘ ਦੇ ਪੁੱਤਰ ਰਾਣਾ ਇੰਦਰ ਪ੍ਰਤਾਪ ਸਿੰਘ ਨੂੰ ਸੰਮਨ ਜਾਰੀ ਕਰ ਦਿੱਤੇ ਹਨ। ਉਸ ਉਤੇ ਵਿਦੇਸ਼ ਵਿਚ ਗੈਰ ਕਾਨੂੰਨੀ ਤਰੀਕੇ ਨਾਲ 100 ਕਰੋੜ ਰੁਪਏ ਇਕੱਠੇ ਕਰਨ ਦੇ ਦੋਸ਼ ਹਨ। ਇਉਂ ਕਈ ਪਾਸਿਓਂ ਘੇਰਾਬੰਦੀ ਹੋਣ ਕਾਰਨ ਆਖਰਕਾਰ ਰਾਣਾ ਗੁਰਜੀਤ ਸਿੰਘ ਨੂੰ ਅਸਤੀਫਾ ਦੇਣਾ ਪਿਆ।

ਦੂਜੇ ਮਾਮਲੇ ਨੇ ਤਾਂ ਨਰੇਂਦਰ ਮੋਦੀ ਦੀ ਕੇਂਦਰ ਸਰਕਾਰ ਨੂੰ ਬਹੁਤ ਕਸੂਤਾ ਫਸਾ ਦਿੱਤਾ ਹੈ। 'ਆਧਾਰ' ਦੇ ਮਾਮਲੇ 'ਤੇ ਲੋਕਾਂ ਦੀ ਨਿੱਜਤਾ ਦਾਅ ਉਤੇ ਲੱਗਣ ਦਾ ਮਸਲਾ ਪਹਿਲਾਂ ਹੀ ਭਖਿਆ ਹੋਇਆ ਸੀ। ਆਧਾਰ ਅੰਕੜਿਆਂ ਨੂੰ ਸੰਨ੍ਹ ਲੱਗਣ ਦੀਆਂ ਖਬਰਾਂ ਤੋਂ ਬਾਅਦ ਮੋਦੀ ਸਰਕਾਰ ਨੇ ਤੇਜ਼ੀ ਦਿਖਾਉਂਦਿਆਂ ਸੰਨ੍ਹ ਲੱਗਣ ਵਾਲਾ ਖੁਲਾਸਾ ਕਰਨ ਵਾਲੀ ਅਖਬਾਰ ਅਤੇ ਪੱਤਰਕਾਰ ਖਿਲਾਫ ਹੀ ਕੇਸ ਦਰਜ ਕਰਵਾ ਦਿੱਤਾ। ਇਸ ਤੋਂ ਬਾਅਦ ਤਾਂ ਸਮੁੱਚਾ ਮੀਡੀਆ ਸਰਕਾਰ ਦੀ ਨੁਕਤਾਚੀਨੀ 'ਤੇ ਆ ਗਿਆ, ਥਾਂ ਥਾਂ ਰੋਸ ਮੁਜ਼ਾਹਰੇ ਹੋਏ। ਇਸ ਤਿੱਖੇ ਅਤੇ ਅਚਨਚੇਤੀ ਵਿਰੋਧ ਕਾਰਨ ਸਰਕਾਰ ਨੂੰ ਪਿਛੇ ਮੁੜਨਾ ਪਿਆ। ਹੁਣ ਮੋਦੀ ਸਰਕਾਰ ਇਸ ਮਸਲੇ ਤੋਂ ਖਹਿੜਾ ਛੁਡਾਉਣ ਲਈ ਹੱਥ-ਪੈਰ ਮਾਰ ਰਹੀ ਹੈ। ਅਸਲ ਵਿਚ ਇਸ ਮਸਲੇ 'ਤੇ ਲੋਕਾਂ ਨੇ ਸੁਪਰੀਮ ਕੋਰਟ ਵਿਚ ਵੀ ਪਟੀਸ਼ਨਾਂ ਪਾਈਆਂ ਹੋਈਆਂ ਹਨ। ਹੁਣ ਅਦਾਲਤ ਅਤੇ ਅਦਾਲਤ ਤੋਂ ਬਾਹਰ ਸਰਕਾਰ ਵੱਲੋਂ ਦਿੱਤੇ ਜਾ ਰਹੇ ਬਿਆਨਾਂ ਦੇ ਆਪਾ-ਵਿਰੋਧ ਨੇ ਸਰਕਾਰ ਦੀ ਹਾਲਤ ਬਹੁਤ ਪਤਲੀ ਕਰ ਦਿੱਤੀ ਹੈ। ਆਲੋਚਨਾ ਇਸ ਕਰ ਕੇ ਵੀ ਹੋ ਰਹੀ ਹੈ ਕਿ ਜਦੋਂ ਮੁਲਕ ਦੇ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਸਨ ਤਾਂ ਨਰੇਂਦਰ ਮੋਦੀ ਖੁਦ ਆਧਾਰ ਕਾਰਡ ਦੀ ਨਿੱਤ ਦਿਨ ਆਲੋਚਨਾ ਕਰ ਰਹੇ ਸਨ। ਇਹੀ ਨਹੀਂ, ਉਹ ਤਾਂ ਆਧਾਰ ਕਾਰਡ ਉਤੇ ਹੋ ਰਹੇ ਖਰਚ ਦਾ ਹਿਸਾਬ ਵੀ ਮੰਗਦੇ ਰਹੇ ਹਨ। ਇਕ ਜਲਸੇ ਦੌਰਾਨ ਉਨ੍ਹਾਂ ਇਹ ਦਾਅਵਾ ਵੀ ਕਰ ਦਿੱਤਾ ਸੀ ਕਿ ਜਿੱਤਣ ਤੋਂ ਬਾਅਦ ਉਹ ਇਸ ਆਧਾਰ ਕਾਰਡ ਦਾ ਆਧਾਰ ਹੀ ਖਤਮ ਕਰ ਦੇਣਗੇ, ਪਰ ਹੋਇਆ ਇਸ ਤੋਂ ਐਨ ਉਲਟ। ਆਧਾਰ ਕਾਰਡ ਦੇ ਜ਼ਰੀਏ ਉਹ ਖੁਦ ਲੋਕਾਂ ਦੀ ਜੇਬ ਤੱਕ ਅੱਪੜਨਾ ਚਾਹੁੰਦੇ ਹਨ ਅਤੇ ਇਹ ਵੀ ਚਾਹੁੰਦੇ ਹਨ ਕਿ ਕੋਈ ਖਾਸ ਸਹੂਲਤ ਮੁਹੱਈਆ ਕਰਵਾਏ ਬਗੈਰ ਹੀ ਲੋਕਾਂ ਦੀ ਜੇਬਾਂ ਖਾਲੀ ਕਰ ਦਿੱਤੀਆਂ ਜਾਣ। ਇਸ ਇਕ ਮਸਲੇ ਨੇ ਮੋਦੀ ਸਰਕਾਰ ਦਾ ਝੂਠ ਸਭ ਦੇ ਸਾਹਮਣੇ ਨਸ਼ਰ ਕਰ ਦਿੱਤਾ ਅਤੇ ਸਰਕਾਰ ਇਸ ਮਸਲੇ ਉਤੇ ਮਿੱਟੀ ਪਾਉਣ ਲਈ ਹੁਣ ਨਿੱਤ ਦਿਨ ਨਵਾਂ ਬਹਾਨਾ ਘੜ ਰਹੀ ਹੈ।

ਇਨ੍ਹਾਂ ਦੋਹਾਂ ਮਾਮਲਿਆਂ ਨੇ ਪੱਤਰਕਾਰੀ ਦੀ ਤਾਕਤ ਦੀ ਨਿਸ਼ਾਨਦੇਹੀ ਕੀਤੀ ਹੈ। ਇਸ ਤਰ੍ਹਾਂ ਦਾ ਜਲੌਅ ਕੁਝ ਸਾਲ ਪਹਿਲਾਂ ਵੀ ਦੇਖਣ ਨੂੰ ਮਿਲਿਆ ਸੀ ਜਦੋਂ ਧਨਾਢ ਤੇ ਸਿਰਕੱਢ ਸਿਆਸੀ ਆਗੂ ਵਿਨੋਦ ਸ਼ਰਮਾ ਦਾ ਪੁੱਤਰ ਮਨੂ ਸ਼ਰਮਾ ਦਿੱਲੀ ਦੀ ਇਕ ਬਾਰ ਦੀ ਵਰਤਾਵੀ ਮੁਟਿਆਰ ਜੈਸਿਕਾ ਲਾਲ ਨੂੰ ਮਾਰਨ ਦੇ ਬਾਵਜੂਦ ਬਰੀ ਹੋ ਗਿਆ ਸੀ। ਮਸਲਾ ਇਹ ਸੀ ਕਿ ਜੈਸਿਕਾ ਲਾਲ ਨੇ ਇਕ ਖਾਸ ਸਮਾਂ ਸੀਮਾ ਤੋਂ ਬਾਅਦ ਮਨੂ ਸ਼ਰਮਾ ਅਤੇ ਉਸ ਦੇ ਦੋਸਤਾਂ ਨੂੰ ਸ਼ਰਾਬ ਵਰਤਾਉਣ ਤੋਂ ਨਾਂਹ ਕਰ ਦਿੱਤੀ ਸੀ। ਵਿਨੋਦ ਸ਼ਰਮਾ ਦੇ ਰਸੂਖ ਕਾਰਨ ਇਸ ਮਾਮਲੇ ਵਿਚ ਪੁਲਿਸ ਅਤੇ ਅਦਾਲਤੀ ਕਾਰਵਾਈ ਬੜੇ ਢਿੱਲੇ-ਮੱਠੇ ਢੰਗ ਨਾਲ ਹੋਈ ਅਤੇ ਆਖਰਕਾਰ, ਜੱਜ ਨੇ ਮਨੂ ਸ਼ਰਮਾ ਨੂੰ ਬਰੀ ਕਰ ਦਿੱਤਾ, ਪਰ ਇਸ ਤੋਂ ਬਾਅਦ ਮੀਡੀਆ ਨੇ ਜੋ ਭੂਮਿਕਾ ਨਿਭਾਈ, ਉਹ ਮਿਸਾਲੀ ਹੋ ਨਿਬੜੀ ਅਤੇ ਅੱਜ ਇਹ ਸ਼ਖਸ ਜੇਲ੍ਹ ਦੀਆਂ ਸੀਖਾਂ ਪਿਛੇ ਉਮਰ ਕੈਦ ਦੀ ਸਜ਼ਾ ਭੁਗਤ ਰਿਹਾ ਹੈ। ਇਹ ਵਾਰਦਾਤ 30 ਅਪਰੈਲ 1999 ਨੂੰ ਹੋਈ ਸੀ ਅਤੇ ਹੇਠਲੀ ਅਦਾਲਤ ਦਾ ਫੈਸਲਾ ਸੱਤ ਸਾਲ ਬਾਅਦ, 21 ਫਰਵਰੀ 2006 ਨੂੰ ਆਇਆ ਸੀ। ਵਿਨੋਦ ਸ਼ਰਮਾ ਦੇ ਰਸੂਖ ਕਾਰਨ ਇਸ ਮਾਮਲੇ ਵਿਚ ਹਰ ਕੋਈ ਮੁਲਜ਼ਮਾਂ ਦੇ ਹੱਕ ਵਿਚ ਹੀ ਭੁਗਤਿਆ, ਪਰ ਮੀਡੀਆ ਅਤੇ ਲੋਕਾਂ ਦੇ ਪਏ ਦਬਾਅ ਕਾਰਨ ਦਿੱਲੀ ਹਾਈ ਕੋਰਟ ਨੇ ਇਸ ਕੇਸ ਦੀ ਰੋਜ਼ਾਨਾ ਸੁਣਵਾਈ ਅਰੰਭ ਕਰ ਦਿੱਤੀ ਤੇ ਲਗਾਤਾਰ 25 ਦਿਨ ਇਹ ਕਾਰਵਾਈ ਚੱਲੀ। ਉਚ ਅਦਾਲਤ ਨੇ ਹੇਠਲੀ ਅਦਾਲਤ ਦਾ ਫੈਸਲਾ ਉਲਟਾ ਦਿੱਤਾ ਅਤੇ 20 ਦਸੰਬਰ 2006 ਨੂੰ ਮਨੂ ਸ਼ਰਮਾ ਨੂੰ ਉਮਰ ਕੈਦ ਦਾ ਫੈਸਲਾ ਸੁਣਾ ਦਿੱਤਾ। ਇਨ੍ਹਾਂ ਤਿੰਨਾਂ ਮਸਲਿਆਂ ਬਾਰੇ ਪੱਤਰਕਾਰੀ ਦੀ ਪਹੁੰਚ ਨੇ ਦਰਸਾਇਆ ਹੈ ਕਿ ਪੱਤਰਕਾਰੀ ਦਾ ਮਿਸ਼ਨ ਦਰਅਸਲ ਕੀ ਹੈ। ਅੱਜ ਜਦੋਂ ਪੱਤਰਕਾਰੀ ਦੇ ਵੱਡੇ ਹਿੱਸੇ ਉਤੇ 'ਗੋਦੀ ਪੱਤਰਕਾਰੀ' (ਭਾਵ ਸਰਕਾਰ ਜਾਂ ਧਨਾਢਾਂ ਦੇ ਹੱਕ ਵਿਚ ਭੁਗਤਣਾ) ਦੇ ਦੋਸ਼ ਲੱਗ ਰਹੇ ਹਨ ਤਾਂ ਪੱਤਰਕਾਰੀ ਦੀ ਅਜਿਹੀ ਪੈਂਠ ਆਸ ਦੀ ਕਿਰਨ ਜਗਾਉਂਦੀ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਖੰਡ, ਖੱਡ ਤੇ ਖਹਿਰਾ*

ਪੰਜ ਸਾਲ ਹੁਣ ਗੱਦੀ 'ਆਪਣੀ' ਏ, ਸੁਪਨੇ ਲਿਆਂ 'ਤੇ ਪਾਣੀ ਫਿਰ ਜਾਂਵਦਾ ਈ।
ਖੰਡ ਵੇਚ ਕੇ ਅਮੀਰ ਬਣਿਆ, ਖੱਡ ਵਿਚ ਵੀ ਹੱਥ ਅਜ਼ਮਾਂਵਦਾ ਈ।
ਦਾਮਨ ਚੋਰ ਦਾ ਕਦੇ ਨਾ ਰਹੇ ਚਿੱਟਾ, ਭਾਵੇਂ 'ਚਿੱਟ-ਕਲੀਨ' ਲੈ ਆਂਵਦਾ ਈ।
ਚੋਰ-ਮੋਰੀਆਂ ਨੰਗੀਆਂ ਕਰੇ ਖਹਿਰਾ, ਅਪੋਜੀਸ਼ਨ ਦੇ ਫਰਜ਼ ਨਿਭਾਂਵਦਾ ਈ।
ਦਾਅ-ਪੇਚ ਸਿਆਸਤ ਦੇ ਪੈਣ ਝੂਠੇ, ਸੋਸ਼ਲ ਮੀਡੀਆ ਜੌਹਰ ਦਿਖਾਂਵਦਾ ਈ।
ਚਾਰਾ ਛਕਣ 'ਤੇ ਕਿਸੇ ਨੂੰ ਕੈਦ ਹੋਈ, ਰੇਤਾ ਕਿਸੇ ਤੋਂ ਗੱਦੀ ਛਡਾਂਵਦਾ ਈ!

# ਭੀਮਾ-ਕੋਰੇਗਾਉਂ: ਮੁੱਖ ਸੁਨੇਹਾ ਤੇ ਅੱਜ ਦੀ ਸਿਆਸਤ

***ਜੇ ਭੀਮਾ-ਕੋਰੇਗਾਉਂ ਦੀ ਘਟਨਾ ਨੂੰ ਮਹਿਜ਼ ਅਮਨ-ਕਾਨੂੰਨ ਦੇ ਨਜ਼ਰੀਏ ਤੋਂ ਹੀ ਵੇਖਣਾ ਤੇ ਪਰਖਣਾ ਹੈ ਤਾਂ ਇਤਿਹਾਸਕ ਤੇ ਰਾਜਨੀਤਕ ਸੱਚ ਦੀਆਂ ਬਹੁਤ ਸਾਰੀਆਂ ਪਰਤਾਂ ਲੁਕੀਆਂ ਤੇ ਦੱਬੀਆਂ ਹੀ ਰਹਿਣਗੀਆਂ। ਜੇ ਉਨ੍ਹਾਂ ਪਰਤਾਂ ਨੂੰ ਉਭਾਰ ਕੇ ਉਪਰਲੀ ਸਤਹਿ 'ਤੇ ਲਿਆਂਦਾ ਜਾਵੇ ਤਾਂ ਕਿਸੇ ਵੀ ਸਰਕਾਰ ਨੂੰ, ਪਰ ਉਹ ਸੁਹਿਰਦ ਤੇ ਦੂਰਅੰਦੇਸ਼ ਹੋਵੇ ਤਾਂ ਉਸ ਲਈ ਆਪਣੀਆਂ ਨੀਤੀਆਂ ਤੇ ਪ੍ਰੋਗਰਾਮਾਂ ਦਾ ਨਵੇਂ ਸਿਰਿਓਂ ਜਾਇਜ਼ਾ ਲੈਣ ਦਾ ਇਹ ਢੁਕਵਾਂ ਤੇ ਸੁਨਹਿਰੀ ਮੌਕਾ ਹੈ।***

**ਕਰਮਜੀਤ ਸਿੰਘ**
ਫੋਨ: +91-99150-91063

ਜੇ ਭੀਮਾ-ਕੋਰੇਗਾਉਂ ਦੀ ਘਟਨਾ ਨੂੰ ਮਹਿਜ਼ ਅਮਨ-ਕਾਨੂੰਨ ਦੇ ਨਜ਼ਰੀਏ ਤੋਂ ਹੀ ਵੇਖਣਾ ਤੇ ਪਰਖਣਾ ਹੈ ਤਾਂ ਇਤਿਹਾਸਕ ਤੇ ਰਾਜਨੀਤਕ ਸੱਚ ਦੀਆਂ ਬਹੁਤ ਸਾਰੀਆਂ ਪਰਤਾਂ ਲੁਕੀਆਂ ਤੇ ਦੱਬੀਆਂ ਹੀ ਰਹਿਣਗੀਆਂ। ਜੇ ਉਨ੍ਹਾਂ ਪਰਤਾਂ ਨੂੰ ਉਭਾਰ ਕੇ ਉਪਰਲੀ ਸਤਹਿ 'ਤੇ ਲਿਆਂਦਾ ਜਾਵੇ ਤਾਂ ਕਿਸੇ ਵੀ ਸਰਕਾਰ ਨੂੰ, ਪਰ ਉਹ ਸੁਹਿਰਦ ਤੇ ਦੂਰਅੰਦੇਸ਼ ਹੋਵੇ ਤਾਂ ਉਸ ਲਈ ਆਪਣੀਆਂ ਨੀਤੀਆਂ ਤੇ ਪ੍ਰੋਗਰਾਮਾਂ ਦਾ ਨਵੇਂ ਸਿਰਿਓਂ ਜਾਇਜ਼ਾ ਲੈਣ ਦਾ ਇਹ ਢੁਕਵਾਂ ਤੇ ਸੁਨਹਿਰੀ ਮੌਕਾ ਹੈ। ਜੇ ਇਸ ਘਟਨਾ ਨੂੰ ਹੋਰ ਘਟਨਾਵਾਂ ਵਾਂਗ ਸਾਧਾਰਨ ਸਮਝ ਕੇ ਅੱਖਾਂ ਮੀਟ ਲਵਾਂਗੇ ਤਾਂ ਇਸ ਤੋਂ ਵੀ ਵਿਰਾਟ ਅਤੇ ਭਿਆਨਕ ਘਟਨਾਵਾਂ ਸਾਡਾ ਸਵਾਗਤ ਕਰਨਗੀਆਂ।

ਜੇ ਨਵੇਂ ਸਾਲ ਦੇ ਪਹਿਲੇ ਦਿਨ ਹੀ ਹੋਈ ਇਸ ਘਟਨਾ ਅਤੇ ਉਸ ਤੋਂ ਪਿੱਛੋਂ ਮਹਾਰਾਸ਼ਟਰ ਦੇ ਕਈ ਹਿੱਸਿਆਂ ਵਿਚ ਵਾਪਰੀਆਂ ਹਿੰਸਕ ਵਾਰਦਾਤਾਂ ਨੂੰ ਇਤਿਹਾਸਕ ਨਜ਼ਰੀਏ ਤੋਂ ਵੇਖਿਆ ਜਾਏ ਤਾਂ ਇਹ ਅਤੀਤ ਦੀਆਂ ਯਾਦਾਂ ਦਾ ਮੇਲਾ ਹੈ, ਜਾਂ ਇਉਂ ਕਹਿ ਲਵੋ ਕਿ ਭੀਮਾ-ਕੋਰੇਗਾਉਂ ਵਿਚ ਛਿੜ ਲੱਗੀ, ਜਿਥੇ ਯਾਦਾਂ ਇਕ-ਦੂਜੇ ਨਾਲ ਖਹਿ ਕੇ ਲੰਘਦੀਆਂ ਹਨ, ਇਕ ਦੂਜੇ ਨਾਲ ਟਕਰਾਉਂਦੀਆਂ ਹਨ। ਇਤਿਹਾਸ ਦਾ ਇਹ ਅਜੀਬ ਵਿਅੰਗ ਸੀ ਕਿ ਇਹ ਯਾਦਾਂ ਇਕ ਦੂਜੇ ਤੋਂ ਉਲਟ ਇਤਿਹਾਸ ਦਾ ਬਿਰਤਾਂਤ ਸਿਰਜਦੀਆਂ ਹਨ। ਇਹ ਯਾਦਾਂ ਜਿਥੇ ਮਰਾਠਾ ਤੇ ਉਚ ਜਾਤੀਆਂ ਨੂੰ ਉਦਾਸ ਕਰਦੀਆਂ ਹਨ, ਉਥੇ ਦੂਜੇ ਪਾਸੇ ਦਲਿਤਾਂ ਨੂੰ ਇਸ ਘਟਨਾ ਵਿਚੋਂ ਆਪਣੀ ਸ਼ਾਨਾਮੱਤੀ ਬਹਾਦਰੀ, ਦਲੇਰੀ, ਦ੍ਰਿੜ੍ਹਤਾ ਅਤੇ ਪ੍ਰਚੰਡ ਅਣਖ ਦਾ ਦੀਦਾਰ ਹੁੰਦਾ ਹੈ। ਉਨ੍ਹਾਂ ਨੂੰ ਪੇਸ਼ਵਾ ਹਕੂਮਤ ਦੀ ਵਿਦਾਇਗੀ ਵਿਚੋਂ ਆਪਣੀ ਮੁਕਤੀ ਨਜ਼ਰ ਆਉਂਦੀ ਹੈ।

ਇਤਿਹਾਸ ਨੇ ਇਹ ਗਵਾਹੀ ਦਿੱਤੀ ਹੈ ਕਿ ਅੱਜ ਤੋਂ 200 ਸਾਲ ਪਹਿਲਾਂ, ਅਰਥਾਤ ਪਹਿਲੀ ਜਨਵਰੀ 1818 ਨੂੰ ਆਖਰੀ ਪੇਸ਼ਵਾ ਬਾਜੀ ਰਾਓ (ਦੂਜਾ) ਅਤੇ ਅੰਗਰੇਜ਼ਾਂ ਵਿਚ ਫ਼ੈਸਲਾਕੁਨ ਯੁੱਧ ਹੋਇਆ। ਇਸ ਯੁੱਧ ਦੀ ਵਿਸ਼ੇਸ਼ ਗੱਲ ਇਹ ਸੀ ਕਿ ਇਸ ਵਿਚ ਇਕ ਪਾਸੇ ਮਹਾਰ ਬਰਾਦਰੀ ਦੇ ਸਿਪਾਹੀ ਸਨ, ਜੋ ਅੰਗਰੇਜ਼ਾਂ ਵੱਲੋਂ ਹੋ ਕੇ ਲੜੇ। ਉਹ ਪੇਸ਼ਵਾ ਦੀਆਂ ਨਜ਼ਰਾਂ ਵਿਚ ਸਭ ਤੋਂ ਨੀਵੀਂ ਜਾਤ ਦੇ ਲੋਕ ਸਨ ਅਤੇ ਲੜਾਈ ਸਮੇਂ ਉਨ੍ਹਾਂ ਦੀ ਗਿਣਤੀ 500 ਦੇ ਕਰੀਬ ਸੀ। ਦੂਜੇ ਪਾਸੇ ਪੇਸ਼ਵਾ ਦੇ ਫ਼ੌਜੀਆਂ ਦੀ ਗਿਣਤੀ 20 ਹਜ਼ਾਰ ਤੋਂ ਵੀ ਉਪਰ ਸੀ। ਪੇਸ਼ਵਾ ਦੀ ਫ਼ੌਜ ਹਾਰ ਗਈ ਅਤੇ ਜਿੱਤ ਦਾ ਸਿਹਰਾ ਮਹਾਰ ਫ਼ੌਜੀਆਂ ਨੂੰ ਜਾਂਦਾ ਹੈ, ਜਿਨ੍ਹਾਂ ਨੇ ਪੇਸ਼ਵਾ ਦਾ ਰਾਜ ਖ਼ਤਮ ਕਰਨ ਵਿਚ ਵੱਡਾ ਰੋਲ ਅਦਾ ਕੀਤਾ। ਉਸ ਤੋਂ ਪਿੱਛੋਂ ਅੰਗਰੇਜ਼ਾਂ ਨੇ ਭੀਮਾ-ਕੋਰੇਗਾਉਂ ਵਿਚ ਆਪਣੀ ਜਿੱਤ ਦੀ ਯਾਦਗਾਰ ਕਾਇਮ ਕੀਤੀ। ਦਿਲਚਸਪ ਗੱਲ ਇਹ ਹੋਈ ਕਿ ਦਲਿਤਾਂ ਲਈ ਇਹ ਯਾਦਗਾਰ ਉਨ੍ਹਾਂ ਦੀ ਆਪਣੀ ਯਾਦਗਾਰ ਬਣ ਗਈ ਅਤੇ ਇਕ ਤਰ੍ਹਾਂ ਨਾਲ ਉਨ੍ਹਾਂ ਲਈ ਤੀਰਥ ਸਥਾਨ ਬਣ ਗਿਆ। ਹਰ ਸਾਲ ਉਹ ਪਹਿਲੀ ਜਨਵਰੀ ਨੂੰ ਇਸ ਥਾਂ 'ਤੇ ਇਕੱਠੇ ਹੁੰਦੇ ਹਨ ਅਤੇ ਜੰਗ ਵਿਚ ਲੜੇ ਉਨ੍ਹਾਂ ਪੁਰਖਿਆਂ ਨੂੰ ਯਾਦ ਕਰਦੇ ਹਨ ਜਿਨ੍ਹਾਂ ਨੇ ਪੇਸ਼ਵਾ ਵੱਲੋਂ ਉਨ੍ਹਾਂ ਨਾਲ ਕੀਤੇ ਧੱਕਿਆਂ, ਬੇਇਨਸਾਫੀਆਂ ਅਤੇ ਜ਼ੁਲਮਾਂ ਦਾ ਇਤਿਹਾਸਕ ਬਦਲਾ ਲਿਆ ਸੀ।

ਪਰ ਇਤਿਹਾਸ ਦੀ ਇਕ ਹੋਰ ਵਿਆਖਿਆ ਵੀ ਕੀਤੀ ਜਾਂਦੀ ਹੈ, ਕਿਉਂਕਿ ਪਾਠ ਪੁਸਤਕਾਂ ਇਤਿਹਾਸ ਦਾ ਵੱਖਰਾ ਬਿਰਤਾਂਤ ਸਿਰਜਦੀਆਂ ਹਨ। ਇਸ ਵਿਆਖਿਆ ਮੁਤਾਬਕ ਇਹ ਯੁੱਧ ਅਸਲ ਵਿਚ ਅੰਗਰੇਜ਼ ਸਾਮਰਾਜਵਾਦ ਅਤੇ ਰਾਸ਼ਟਰਵਾਦ ਵਿਚਕਾਰ ਜੰਗ ਸੀ। ਇਸ ਲਈ ਅੰਗਰੇਜ਼ਾਂ ਨਾਲ ਹੋ ਕੇ ਲੜਨ ਵਾਲਿਆਂ ਨੂੰ ਇਕ ਇਤਿਹਾਸ ਰਾਸ਼ਟਰ ਵਿਰੋਧੀ ਵੀ ਕਹਿੰਦਾ ਹੈ, ਪਰ ਦਲਿਤ ਇਸ ਘਟਨਾ ਨੂੰ ਵੱਖਰੇ ਨਜ਼ਰੀਏ ਨਾਲ ਵੇਖਦੇ ਹਨ। ਦਲਿਤਾਂ ਦੀ ਮਾਨਸਿਕਤਾ ਵਿਚ ਵੱਖਰਾ ਦ੍ਰਿਸ਼ਟੀਕੋਣ ਸਥਾਪਤ ਕਰਨ ਅਤੇ ਇਸ ਘਟਨਾ ਵਿਚ ਨਵੀਂ ਰੂਹ ਫੂਕਣ ਦਾ ਕੰਮ ਅਸਲ ਵਿਚ ਦਲਿਤਾਂ ਦੇ ਮਸੀਹਾ ਬਾਬਾ ਸਾਹਿਬ ਅੰਬੇਦਕਰ ਦੇ ਹਿੱਸੇ ਆਇਆ, ਜਦੋਂ ਦਲਿਤ ਨੀਵੀਆਂ ਜਾਤੀਆਂ ਦੇ ਇਹ ਸਿਰਮੌਰ ਦਾਨਿਸ਼ਵਰ ਜਨਵਰੀ 1927 ਵਿਚ ਕੋਰੇਗਾਉਂ ਵਿਚ ਆਏ ਅਤੇ ਉਨ੍ਹਾਂ ਨੂੰ ਦਲਿਤਾਂ ਦੀ ਇਸ ਜਿੱਤ ਵਿਚ ਰੂਹਾਨੀ ਝਲਕ ਵੀ ਮਹਿਸੂਸ ਹੋਈ। ਬਸ, ਉਸ ਸਮੇਂ ਤੋਂ ਲੈ ਕੇ ਹਰ ਸਾਲ ਹਜ਼ਾਰਾਂ ਦਲਿਤ ਪਹਿਲੀ ਜਨਵਰੀ ਨੂੰ ਇਕੱਠੇ ਹੋ ਕੇ ਅਤੀਤ ਵਿਚ ਹੋਈ ਜਿੱਤ ਦਾ ਜਸ਼ਨ ਮਨਾਉਂਦੇ ਹਨ, ਪਰ ਇਸ ਸਾਲ ਇਹ ਗਿਣਤੀ ਲੱਖਾਂ ਤਕ ਪਹੁੰਚ ਗਈ ਸੀ। ਦੂਜੇ ਪਾਸੇ ਉਚ ਜਾਤੀਆਂ ਅਤੇ ਮਰਾਠਿਆਂ ਨੂੰ ਇਉਂ ਲੱਗਦਾ ਸੀ ਕਿ ਇਹ ਤਾਂ ਹੇਠਲੀ ਉਤੇ ਆ ਗਈ ਹੈ। ਇੰਜ ਬੀਤੇ ਦੇ ਇਕ ਦੌਰ ਵਿਚ ਦੋ ਯਾਦਾਂ ਇਕ-ਦੂਜੇ ਨਾਲ ਵਰਤਮਾਨ ਦੌਰ ਵਿਚ ਟਕਰਾਈਆਂ ਅਤੇ ਇਸ ਵਿਚ ਪਹਿਲ ਕਰਨ ਦਾ ਇਲਜ਼ਾਮ ਮਰਾਠਿਆਂ ਉਤੇ ਲੱਗਦਾ ਹੈ। ਸਾਰਾ ਮਹਾਰਾਸ਼ਟਰ ਹਿੰਸਾ ਦੀ ਲਪੇਟ ਵਿਚ ਆ ਗਿਆ ਅਤੇ ਰਾਜਨੀਤਕ ਵਿਦਵਾਨਾਂ ਅਤੇ ਪਾਰਟੀਆਂ ਨੂੰ ਇਹ ਪਤਾ ਨਹੀਂ ਸੀ ਲੱਗ ਰਿਹਾ ਹੈ ਕਿ ਉਹ ਲਕੀਰ ਦੇ ਇਕ ਪਾਸੇ ਖਲੋਣ, ਹਾਲਾਂਕਿ ਜਾਤਾਂ ਅਤੇ ਅੰਨ੍ਹੇ ਰਾਸ਼ਟਰਵਾਦ ਦੇ ਆਧਾਰ 'ਤੇ ਸਮਾਜ ਵਿਚ ਵੰਡੀਆਂ ਪਾਉਣ ਅਤੇ ਸਫਬੰਦੀ ਕਰਨ ਵਿਚ ਉਨ੍ਹਾਂ ਦਾ ਵੀ ਚੋਖਾ ਯੋਗਦਾਨ ਹੈ।

ਕਈ ਰਾਜਨੀਤਕ ਵਿਦਵਾਨ ਕੋਰੇਗਾਉਂ ਦੀ ਘਟਨਾ ਬਾਰੇ ਇਹ ਟਿੱਪਣੀ ਵੀ ਕਰਦੇ ਹਨ ਕਿ ਇਹ ਜੰਗ ਕੋਈ ਇਤਿਹਾਸਕ ਨਹੀਂ ਹੈ। ਇਹ ਯੁੱਧ ਤਾਂ ਅਸਲ ਵਿਚ ਆਪਣੀ ਵੱਖਰੀ ਪਛਾਣ ਦੀ ਜੱਦੋਜਹਿਦ ਸੀ, ਇਹ ਬਰਾਦਰੀ ਲਈ ਯੁੱਧ ਸੀ। ਸਮਾਜਿਕ ਬੇਇਨਸਾਫੀਆਂ ਵਿਰੁਧ ਫ਼ੈਸਲਾਕੁਨ ਸੰਘਰਸ਼ ਸੀ, ਜਿਸ ਵਿਚ ਦਲਿਤਾਂ ਨੇ ਇਹ ਸਿੱਧ ਕੀਤਾ ਕਿ ਉਹ ਵੀ ਕਿਸੇ ਨਾਲੋਂ ਘੱਟ ਨਹੀਂ ਅਤੇ ਜੇ ਉਨ੍ਹਾਂ ਨੂੰ ਮੌਕੇ ਦਿੱਤੇ ਜਾਣ ਤਾਂ ਉਹ ਹੋਰਨਾਂ ਨਾਲੋਂ ਦੋ ਰੱਤੀਆਂ ਵੱਧ ਹੀ ਹਨ। ਕੋਈ ਸਮਾਂ ਸੀ ਜਦੋਂ ਪੇਸ਼ਵਾ ਬਰਾਦਰੀ ਨੇ ਦਲਿਤਾਂ ਦੀ ਤਰਜ਼-ਏ-ਜ਼ਿੰਦਗੀ ਲਈ ਅਜਿਹੇ ਗ਼ੈਰ-ਮਨੁੱਖੀ ਨਿਯਮ ਕਾਇਮ ਕਰ ਦਿੱਤੇ ਕਿ ਉਨ੍ਹਾਂ ਨੇ ਅੰਗਰੇਜ਼ਾਂ ਦੀ ਫ਼ੌਜ ਵਿਚ ਭਰਤੀ ਹੋਣ ਨੂੰ ਤਰਜੀਹ ਦਿੱਤੀ। ਉਨ੍ਹਾਂ ਨੂੰ ਮੰਦਰਾਂ ਵਿਚ ਜਾਣ ਦੀ ਮਨਾਹੀ ਸੀ, ਸਾਂਝੇ ਤਲਾਬ ਅਤੇ ਖੂਹਾਂ ਤੋਂ ਪਾਣੀ ਨਹੀਂ ਭਰ ਸਕਦੇ ਸਨ, ਆਪਣੀ ਪਛਾਣ ਦੱਸਣ ਲਈ ਬਾਂਸ ਜਾਂ ਢੋਲ ਖੜਕਾਉਣਾ ਪੈਂਦਾ ਸੀ ਤਾਂ ਜੋ ਉਚ ਜਾਤੀ ਦੇ ਲੋਕ ਉਨ੍ਹਾਂ ਦੀ ਭਿੱਟ ਤੋਂ ਬਚ ਸਕਣ। ਉਹ ਹੁਣ ਇਉਂ ਮਹਿਸੂਸ ਕਰਦੇ ਹਨ ਕਿ ਸਦੀਆਂ ਤੋਂ ਉਨ੍ਹਾਂ ਉਤੇ ਢਾਹੇ ਜਾਣ ਵਾਲੇ ਜ਼ਖ਼ਮਾਂ ਦੀ ਦਾਸਤਾਨ ਕੋਰੇਗਾਉਂ ਵਿਚ ਇਕਾਗਰ ਹੋ ਜਾਂਦੀ ਹੈ, ਜਿਥੇ ਉਹ ਹਰ ਸਾਲ ਸਮਾਜਿਕ ਬੇਇਨਸਾਫ਼ੀ ਵਿਰੁਧ ਸੰਘਰਸ਼ ਕਰਨ ਦਾ ਇਕਰਾਰ ਕਰਦੇ ਹਨ। ਉਨ੍ਹਾਂ ਨੂੰ ਇਉਂ ਮਹਿਸੂਸ ਹੁੰਦਾ ਹੈ, ਜਿਵੇਂ ਉਨ੍ਹਾਂ ਦਾ ਅਵਚੇਤਨ ਮਨ ਜਥੇਬੰਦਕ ਚੇਤਨਾ ਦਾ ਰੂਪ ਧਾਰ ਕੇ ਭੀਮਾ-ਕੋਰੇਗਾਉਂ ਵਿਚ ਨਵੀਂ ਅੰਗੜਾਈ ਭਰਦਾ ਹੈ।

***ਫਿਕਰਾਂ ਦੀਆਂ ਲਕੀਰਾਂ ਭਾਜਪਾ ਦੇ ਰਾਜਨੀਤਕ ਚਿਹਰਿਆਂ ਤੋਂ ਵੀ ਪੜ੍ਹੀਆਂ ਜਾ ਸਕਦੀਆਂ ਹਨ ਜਿਨ੍ਹਾਂ ਨੇ ਰਾਸ਼ਟਰਵਾਦ, ਦੇਸ਼ ਭਗਤੀ, ਮੁਸਲਮਾਨ ਵਿਰੋਧੀ ਤੇ ਹਿੰਦੂਤਵ ਦੇ ਨਾਂ ਹੇਠ ਬੇਲਗਾਮ ਤਾਕਤਾਂ ਨੂੰ ਗੁਪਤ ਤੇ ਪ੍ਰਤੱਖ ਹੱਲਾਸ਼ੇਰੀ ਦੇ ਕੇ ਇਹ ਹਾਲਤ ਪੈਦਾ ਕਰ ਦਿੱਤੀ ਹੈ ਕਿ ਉਨ੍ਹਾਂ ਦੀ ਆਪਣੀ ਸਿਰਜਣਾ ਹੀ ਹੁਣ ਉਨ੍ਹਾਂ ਲਈ ਮੁਸੀਬਤ ਬਣਦੀ ਜਾ ਰਹੀ ਹੈ। ਹਾਲਾਤ ਇਸ ਤਰ੍ਹਾਂ ਦੇ ਬਣਦੇ ਜਾ ਰਹੇ ਹਨ, ਜਿਥੇ ਸਿਆਸੀ ਵਿਰੋਧੀ ਇਕ ਮੰਚ 'ਤੇ ਇਕੱਠੇ ਹੋਣ ਦੇ ਆਸਾਰ ਪੈਦਾ ਹੋ ਗਏ ਹਨ।***

ਇਕ ਹੋਰ ਨੁਕਤਾ ਵੀ ਦਿਲਚਸਪੀ ਨਾਲ ਵੇਖਿਆ ਜਾ ਰਿਹਾ ਹੈ। ਪੰਜਾਬ ਦੇ ਦਲਿਤ ਭਾਈਚਾਰੇ ਨੇ ਵੱਡੀ ਪੱਧਰ 'ਤੇ ਕੋਰੇਗਾਉਂ ਦੀ ਘਟਨਾ ਨਾਲ ਆਪਣੀ ਡੂੰਘੀ ਸਾਂਝ ਦਾ ਇਜ਼ਹਾਰ ਨਹੀਂ ਕੀਤਾ, ਪਰ ਇਸ ਰੁਝਾਨ ਨੂੰ ਹੈਰਾਨੀ ਤੇ ਦਿਲਚਸਪੀ ਨਾਲ ਵੇਖਿਆ ਜਾ ਰਿਹਾ ਹੈ ਕਿ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਦਲਿਤਾਂ ਦੇ ਦਰਦ ਨਾਲ ਆਪਣੀ ਸਾਂਝ ਅਤੇ ਹਮਾਇਤ ਦਾ ਪ੍ਰਗਟਾਵਾ ਕੀਤਾ। ਪੰਜਾਬ ਦੀ ਸਿਆਸਤ ਦੇ ਸੰਜੀਦਾ ਹਲਕਿਆਂ ਦਾ ਕਹਿਣਾ ਹੈ ਕਿ ਜੇ ਪੰਜਾਬ ਦੇ ਦਲਿਤ ਗੁਰ-ਇਤਿਹਾਸ ਨਾਲ ਜੁੜ ਕੇ ਦੇਸ਼ ਵਿਚ ਹੋਰਨੀਂ ਥਾਈਂ ਦਲਿਤਾਂ ਉਤੇ ਹੋ ਰਹੇ ਅੱਤਿਆਚਾਰਾਂ ਦੀ ਵਿਆਖਿਆ ਕਰਨ ਅਤੇ ਆਰਥਿਕ ਤੌਰ 'ਤੇ ਲੁੱਟੇ ਜਾ ਰਹੇ ਹੋਰਨਾਂ ਭਾਈਚਾਰਿਆਂ ਨਾਲ ਸਾਂਝ ਤੇ ਸਹਿਯੋਗ ਕਰਨ ਤਾਂ ਰਾਜਨੀਤੀ ਦੇ ਮੈਦਾਨ ਵਿਚ ਇਕ ਨਵੀਂ ਸਫਬੰਦੀ ਉਭਰ ਸਕਦੀ ਹੈ।

ਸੰਜੀਦਾ ਹਲਕੇ ਆਮ ਆਦਮੀ ਪਾਰਟੀ ਦੀ ਪੰਜਾਬ ਲੀਡਰਸ਼ਿਪ ਨੂੰ ਸਵਾਲਾਂ ਦੇ ਘੇਰੇ ਵਿਚ ਲੈ ਕੇ ਆਏ ਹਨ। ਇਸ ਪਾਰਟੀ ਦੇ ਅੱਧੇ ਤੋਂ ਵੱਧ ਵਿਧਾਇਕ ਦਲਿਤ ਹਨ, ਪਰ ਕੋਰੇਗਾਉਂ ਘਟਨਾ ਦੀ ਮਹੱਤਤਾ ਪ੍ਰਤੀ ਉਨ੍ਹਾਂ ਦੀ ਬੇਰੁਖੀ ਇਸ ਹੱਦ ਤਕ ਵੇਖਣ ਵਿਚ ਆਈ ਹੈ ਕਿ ਉਨ੍ਹਾਂ ਵੱਲੋਂ ਇਸ ਵਿਆਪਕ ਵਰਤਾਰੇ ਬਾਰੇ ਕੋਈ ਹਾਂ-ਪੱਖੀ ਟਿੱਪਣੀ ਹੀ ਨਹੀਂ ਆਈ। ਕੀ ਇਹ ਇਸ ਕਰ ਕੇ ਹੈ ਕਿ 'ਆਪ' ਦੀ ਕੇਂਦਰੀ ਤੇ ਪੰਜਾਬ ਦੀ ਲੀਡਰਸ਼ਿਪ ਵਿਚ ਉਚੀਆਂ ਜਾਤੀਆਂ ਦਾ ਬੋਲਬਾਲਾ ਤੇ ਪ੍ਰਭਾਵ ਹੈ? ਜਾਂ ਕੀ ਦਲਿਤ ਵਿਧਾਇਕਾਂ ਅੰਦਰ ਦਲਿਤਾਂ ਦੇ ਹੱਕਾਂ ਲਈ ਆਵਾਜ਼ ਬੁਲੰਦ ਕਰਨ ਦੀ ਹਿੰਮਤ, ਹੌਸਲਾ ਤੇ ਬੌਧਿਕ ਯੋਗਤਾ ਤੇ ਸਮਰੱਥਾ ਹੀ ਨਹੀਂ?

ਰਾਜ ਸਭਾ ਦੀ ਭੀਮਾ-ਕੋਰੇਗਾਉਂ ਘਟਨਾ ਬਾਰੇ ਬਹਿਸ ਵੀ ਕੁਲ ਮਿਲਾ ਕੇ ਅਮਨ-ਕਾਨੂੰਨ ਦੀ ਵਿਗੜੀ ਹਾਲਤ ਤਕ ਹੀ ਸੀਮਤ ਰਹੀ। ਕੋਰੇਗਾਉਂ ਤੋਂ ਪਾਰ ਜਾਣ ਤੇ ਵੇਖਣ ਦੇ ਯਤਨ ਨਹੀਂ ਹੋਏ। ਹੁਣ ਜਿਥੇ ਦਲਿਤਾਂ ਦੀ ਇਕਮੁਠਤਾ ਅਤੇ ਏਕਤਾ ਨਵਾਂ ਵਰਤਾਰਾ ਹੈ, ਉਥੇ ਮੁਕਾਬਲੇ ਵਿਚ ਇਕ ਹੋਰ ਸ਼ਕਤੀਸ਼ਾਲੀ ਵਰਤਾਰਾ ਵੀ ਉਭਰ ਕੇ ਸਾਹਮਣੇ ਆਇਆ ਹੈ, ਜਿਸ ਵਿਚ ਜੱਟ, ਜਾਟ, ਪਟੇਲ, ਮਰਾਠੇ ਅਤੇ ਇਥੋਂ ਤਕ ਬ੍ਰਾਹਮਣ ਵੀ ਦਲਿਤਾਂ ਵਾਂਗ ਰਾਖਵੇਂਕਰਨ ਦੀ ਮੰਗ ਕਰ ਰਹੇ ਹਨ। ਇਹ ਨਵ-ਰਾਖਵਾਂਕਰਨ ਦੀ ਮੰਗ ਕਿਹੜਾ ਮੋੜ ਕੱਟੇਗੀ, ਉਸ ਦੀ ਇਕ ਮਿਸਾਲ ਹਾਲ ਵਿਚ ਹੀ ਗੁਜਰਾਤ ਅਸੈਂਬਲੀ ਦੀਆਂ ਚੋਣਾਂ ਵਿਚ ਹਾਰਦਿਕ ਪਟੇਲ ਦਾ ਉਭਰਨਾ, ਫੈਲਣਾ ਤੇ ਪ੍ਰਭਾਵਸ਼ਾਲੀ ਹੋਣਾ ਹੈ। ਡੂੰਘੇ ਫਿਕਰਾਂ ਦੀਆਂ ਲਕੀਰਾਂ ਭਾਜਪਾ ਦੇ ਰਾਜਨੀਤਕ ਚਿਹਰਿਆਂ ਤੋਂ ਵੀ ਪੜ੍ਹੀਆਂ ਜਾ ਸਕਦੀਆਂ ਹਨ ਜਿਨ੍ਹਾਂ ਨੇ ਰਾਸ਼ਟਰਵਾਦ, ਦੇਸ਼ ਭਗਤੀ, ਮੁਸਲਮਾਨ ਵਿਰੋਧੀ ਤੇ ਹਿੰਦੂਤਵ ਦੇ ਨਾਂ ਹੇਠ ਬੇਲਗਾਮ ਤਾਕਤਾਂ ਨੂੰ ਗੁਪਤ ਤੇ ਪ੍ਰਤੱਖ ਹੱਲਾਸ਼ੇਰੀ ਦੇ ਕੇ ਇਹ ਹਾਲਤ ਪੈਦਾ ਕਰ ਦਿੱਤੀ ਹੈ ਕਿ ਉਨ੍ਹਾਂ ਦੀ ਆਪਣੀ ਸਿਰਜਣਾ ਹੀ ਹੁਣ ਉਨ੍ਹਾਂ ਲਈ ਮੁਸੀਬਤ ਬਣਦੀ ਜਾ ਰਹੀ ਹੈ। ਹਾਲਾਤ ਇਸ ਤਰ੍ਹਾਂ ਦੇ ਬਣਦੇ ਜਾ ਰਹੇ ਹਨ, ਜਿਥੇ ਸਿਆਸੀ ਵਿਰੋਧੀ ਇਕ ਮੰਚ 'ਤੇ ਇਕੱਠੇ ਹੋਣ ਦੇ ਆਸਾਰ ਪੈਦਾ ਹੋ ਗਏ ਹਨ। ਇੰਜ 2019 ਦੀਆਂ ਲੋਕ ਸਭਾ ਚੋਣਾਂ ਵਿਚ ਭਾਜਪਾ ਵੱਲੋਂ ਵੱਡੀਆਂ ਤੇ ਬੇਮਿਸਾਲ ਜਿੱਤਾਂ ਦੀਆਂ ਉਮੀਦਾਂ ਦੇ ਰਾਹ 'ਚ ਹੁਣ ਕਾਫੀ ਕੰਡੇ ਵਿਛ ਗਏ ਹਨ।

# ਜੱਜਾਂ ਦੀ ਬਗਾਵਤ, ਨਿਆਂ ਪ੍ਰਣਾਲੀ ਅਤੇ ਜਵਾਬਦੇਹੀ


12 ਜਨਵਰੀ ਨੂੰ ਹਿੰਦੁਸਤਾਨ ਦੀ ਸੁਪਰੀਮ ਕੋਰਟ ਦੇ ਚਾਰ ਸਿਖ਼ਰਲੇ ਜੱਜਾਂ ਵਲੋਂ ਚੀਫ ਜਸਟਿਸ ਦੀਪਕ ਮਿਸ਼ਰਾ ਦੀਆਂ ਮਨਮਾਨੀਆਂ ਦਾ ਜਨਤਕ ਤੌਰ 'ਤੇ ਪਰਦਾਫਾਸ਼ ਕੀਤੇ ਜਾਣ ਨੇ ਹਲਚਲ ਪੈਦਾ ਕਰ ਦਿੱਤੀ। ਕਿਹਾ ਜਾ ਰਿਹਾ ਹੈ ਕਿ ਚਾਹ ਪਾਰਟੀ ਉਪਰ ਮਾਮਲਾ ਹੱਲ ਹੋ ਗਿਆ ਹੈ, ਪਰ ਮਾਮਲੇ ਦੀ ਨਜ਼ਾਕਤ ਦੇ ਮੱਦੇਨਜ਼ਰ ਇਹ ਐਨੀ ਛੇਤੀ ਸੰਭਵ ਨਹੀਂ ਜਾਪਦਾ। ਮੁਲਕ ਦੇ ਇਤਿਹਾਸ ਵਿਚ ਪਹਿਲੀ ਵਾਰ ਹੋਇਆ ਹੈ ਕਿ ਚੋਟੀ ਦੇ ਜੱਜਾਂ ਨੇ ਸਿਖ਼ਰਲੀ ਅਦਾਲਤ ਅੰਦਰਲੀਆਂ ਗੰਭੀਰ ਗੜਬੜਾਂ ਨੂੰ ਮੀਡੀਆ ਜ਼ਰੀਏ ਆਮ ਨਾਗਰਿਕਾਂ ਅੱਗੇ ਪੇਸ਼ ਕੀਤਾ

ਬੂਟਾ ਸਿੰਘ
ਫੋਨ: +91-94634-74342

ਹੈ। ਜਿਥੇ ਜਾਗਰੂਕ ਬੁੱਧੀਜੀਵੀਆਂ ਅਤੇ ਹੋਰ ਇਨਸਾਫ਼ਪਸੰਦ ਲੋਕਾਂ ਨੇ ਸਿਖ਼ਰਲੇ ਜੱਜਾਂ ਦੇ ਇਸ ਕਦਮ ਦੀ ਤਾਰੀਫ਼ ਕੀਤੀ ਹੈ, ਉਥੇ ਬਹੁਤ ਸਾਰੇ ਸਾਬਕਾ ਸੀਨੀਅਰ ਜੱਜ ਵੀ ਉਹਨਾਂ ਦੀ ਹਮਾਇਤ ਵਿਚ ਅੱਗੇ ਆਏ ਹਨ। ਕਾਰਨ ਚਾਹੇ ਕੋਈ ਵੀ ਹੋਣ, ਹਿੰਦੂਤਵ ਕੈਂਪ ਅਤੇ ਚੰਦ ਸਨਕੀ ਜੱਜਾਂ ਨੂੰ ਛੱਡ ਕੇ ਵਿਆਪਕ ਹਿੱਸਿਆਂ ਨੇ ਜੱਜਾਂ ਦੇ ਇਸ ਦਲੇਰ ਕਦਮ ਦੀ ਸ਼ਲਾਘਾ ਕੀਤੀ ਹੈ। ਇਹ ਚਾਰੇ ਜੱਜ - ਜਸਟਿਸ ਚੇਲਾਮੇਸ਼ਵਰ, ਜਸਟਿਸ ਰੰਜਨ ਗੋਗੋਈ, ਜਸਟਿਸ ਮਦਨ ਬੀ ਲੋਕੁਰ ਤੇ ਜਸਟਿਸ ਕੁਰੀਅਨ ਜੋਸਫ਼ - ਚੀਫ਼ ਜਸਟਿਸ ਤੋਂ ਬਾਅਦ ਸਭ ਤੋਂ ਸੀਨੀਅਰ ਜੱਜ ਹਨ ਅਤੇ ਇਹਨਾਂ ਵਿਚੋਂ ਰੰਜਨ ਗੋਗੋਈ ਅਕਤੂਬਰ ਮਹੀਨੇ ਚੀਫ਼ ਜਸਟਿਸ ਬਣਾਏ ਜਾਣ ਵਾਲੇ ਹਨ। ਇਸ ਬੇਮਿਸਾਲ ਕਦਮ ਤੋਂ ਸਪਸ਼ਟ ਹੈ ਕਿ ਉਹਨਾਂ ਦੇ ਇਤਰਾਜ਼ ਵਿਅਕਤੀਗਤ ਨਹੀਂ, ਸਿਖ਼ਰਲੀ ਅਦਾਲਤ ਦੇ ਕਾਰ-ਵਿਹਾਰ ਨੂੰ ਲੈ ਕੇ ਹਨ; ਇਹ ਫੌਰੀ ਨਹੀਂ ਲੰਮੇ ਸਮੇਂ ਤੋਂ ਸੁਲਗ ਰਹੇ ਸਨ ਅਤੇ ਜੱਜਾਂ ਦੀ ਨਿਯੁਕਤੀ ਵਿਚ ਜਿਸ ਤਰ੍ਹਾਂ ਦਾ ਸੱਤਾਧਾਰੀ ਦਖ਼ਲ ਅਤੇ ਦਬਾਓ ਹੈ, ਉਸ ਨੂੰ ਉਹ ਬਰਦਾਸ਼ਤ ਨਹੀਂ ਕਰ ਪਾ ਰਹੇ।

ਜੱਜਾਂ ਨੇ ਆਪਣੇ ਸੰਬੋਧਨ ਵਿਚ ਖ਼ਬਰਦਾਰ ਕੀਤਾ ਹੈ ਕਿ 'ਲੋਕਤੰਤਰ ਖ਼ਤਰੇ ਵਿਚ ਹੈ', ਕਿਉਂਕਿ ਦੇਸ਼ ਦੀ ਸਰਵਉਚ ਅਦਾਲਤ ਦੇ ਚੀਫ਼ ਜਸਟਿਸ ਨਾਜ਼ੁਕ ਅਤੇ ਬਹੁਤ ਹੀ ਅਹਿਮ ਮਾਮਲਿਆਂ ਵਿਚ ਜੱਜਾਂ ਦੇ ਬੈਂਚ ਬਣਾਉਣ ਅਤੇ ਕੇਸਾਂ ਉਹਨਾਂ ਦੇ ਸਪੁਰਦ ਕਰਦੇ ਵਕਤ ਅਦਾਲਤੀ ਸ਼ਿਸ਼ਟਾਚਾਰ ਅਤੇ ਮਰਿਯਾਦਾਵਾਂ ਦੀਆਂ ਧੱਜੀਆਂ ਉਡਾ ਰਹੇ ਹਨ, ਤੇ ਮਨਮਾਨੀਆਂ ਕਰ ਰਹੇ ਹਨ। ਇਹ ਸਭ ਉਹਨਾਂ ਨੇ ਅਕਤੂਬਰ 2017 ਵਿਚ ਸੱਤ ਸਫ਼ੇ ਦੀ ਚਿੱਠੀ ਲਿਖ ਕੇ ਚੀਫ਼ ਜਸਟਿਸ ਨੂੰ ਭੇਜਿਆ ਸੀ, ਪਰ ਕੋਈ ਹੁੰਗਾਰਾ ਨਹੀਂ ਮਿਲਿਆ। ਆਪਣੇ ਕੰਮਕਾਰ ਦੇ ਤਰੀਕੇ ਨੂੰ ਸੁਧਾਰਨ ਦੀ ਬਜਾਏ ਚੀਫ਼ ਜਸਟਿਸ ਮਨਮਾਨੀਆਂ ਉਪਰ ਬਜ਼ਿੱਦ ਹਨ। ਹਾਲ ਹੀ ਵਿਚ ਮਰਹੂਮ ਜਸਟਿਸ ਲੋਇਆ ਦੀ ਮੌਤ ਦੇ ਮਾਮਲੇ ਬਾਰੇ ਸੀਨੀਅਰ ਜੱਜਾਂ ਨੂੰ ਨਜ਼ਰਅੰਦਾਜ਼ ਕਰ ਕੇ ਬੈਂਚ ਬਣਾਏ ਜਾਣ ਨੇ ਸੰਕਟ ਨੂੰ ਸਿਖ਼ਰ 'ਤੇ ਪਹੁੰਚਾ ਦਿੱਤਾ। ਜਦੋਂ ਇਸ ਮਾਮਲੇ ਵਿਚ ਇਹ ਚਾਰੇ ਜੱਜ ਚੀਫ਼ ਜਸਟਿਸ ਨੂੰ ਮਿਲੇ, ਉਸ ਨੇ ਕੋਈ ਹੁੰਗਾਰਾ ਨਹੀਂ ਦਿੱਤਾ।

ਮੁਲਕ ਦੀ ਸਰਵਉਚ ਅਦਾਲਤ ਦਾ ਚੀਫ਼ ਜਸਟਿਸ 'ਮਾਸਟਰ ਆਫ ਰੋਸਟਰ' ਹੈ; ਭਾਵ ਉਸ ਕੋਲ ਅਹਿਮ ਮਾਮਲਿਆਂ ਬਾਰੇ ਜੱਜਾਂ ਦੇ ਬੈਂਚ ਬਣਾਉਣ ਅਤੇ ਸੁਣਵਾਈ ਲਈ ਮਾਮਲੇ ਬੈਂਚਾਂ ਦੇ ਹਵਾਲੇ ਕਰਨ ਦੀ ਚੁਣੌਤੀ-ਰਹਿਤ ਤਾਕਤ ਹੈ। ਇਹ ਤਾਕਤ ਹੀ ਉਸ ਨੂੰ ਸੰਵੇਦਨਸ਼ੀਲ ਮਾਮਲਿਆਂ ਵਿਚ ਆਪਣੀ ਪਸੰਦ ਦੇ ਨਤੀਜੇ ਹਾਸਲ ਕਰਨ ਲਈ ਸੀਨੀਅਰ ਅਤੇ ਖ਼ਾਸ ਖ਼ੇਤਰ ਦੇ ਵਿਸ਼ੇਸ਼ ਮਾਹਰ ਜੱਜਾਂ ਨੂੰ ਨਜ਼ਰਅੰਦਾਜ਼ ਕਰਨ ਦੀਆਂ ਮਨਮਾਨੀਆਂ ਦੇ ਸਮਰੱਥ ਬਣਾਉਂਦੀ ਹੈ। ਇਸ ਮਨੋਰਥ ਲਈ ਉਸ ਵਲੋਂ ਆਪਣੇ ਮਨਪਸੰਦ ਜੂਨੀਅਰ ਜਾਂ ਗ਼ੈਰਮਾਹਰ ਜੱਜਾਂ ਦੇ ਬੈਂਚ ਬਣਾਏ ਜਾ ਰਹੇ ਹਨ ਅਤੇ ਉਹਨਾਂ ਕੋਲੋਂ ਮਨਚਾਹੇ ਅਦਾਲਤੀ ਆਰਡਰ ਕਰਵਾਏ ਜਾ ਰਹੇ ਹਨ। ਚਾਰ ਜੱਜਾਂ ਨੇ ਕੁਝ ਅਹਿਮ ਮਾਮਲਿਆਂ ਦੀਆਂ ਮਿਸਾਲਾਂ ਦਿੱਤੀਆਂ ਹਨ ਜਿਹਨਾਂ ਬਾਰੇ ਫ਼ੈਸਲੇ ਅਵਾਮੀ ਹਿਤ ਅਤੇ ਨਿਆਂ ਦੇ ਸਵਾਲ ਨਾਲ ਡੂੰਘੇ ਰੂਪ ਵਿਚ ਜੁੜੇ ਹੋਏ ਹਨ। 'ਕੈਂਪੇਨ ਫਾਰ ਜੁਡੀਸ਼ੀਅਲ ਅਕਾਊਂਟੇਬਲਿਟੀ ਐਂਡ ਰਿਫਾਰਮ' ਬਨਾਮ ਯੂਨੀਅਨ ਆਫ ਇੰਡੀਆ ਮਾਮਲੇ ਵਿਚ ਜਿਹਨਾਂ ਜੱਜਾਂ ਦੇ ਬੈਂਚ ਨੇ ਫ਼ੈਸਲਾ ਦਿੱਤਾ, ਉਹ ਚੀਫ਼ ਜਸਟਿਸ ਨੇ ਸੀਨੀਅਰ ਜੱਜਾਂ ਨੂੰ ਨਜ਼ਰਅੰਦਾਜ਼ ਕਰ ਕੇ ਬਣਾਇਆ ਸੀ। ਨਾਗਰਿਕਾਂ ਦੀ ਨਿੱਜਤਾ ਵਿਚ ਸੰਨ੍ਹ ਦੇ ਖ਼ਦਸ਼ੇ ਕਾਰਨ ਅਧਾਰ ਕਾਰਡ ਲਾਜ਼ਮੀ ਕਰਾਰ ਦਿੱਤੇ ਜਾਣ ਦਾ ਫ਼ਰਮਾਨ ਮੁੱਢ ਤੋਂ ਹੀ ਸਵਾਲਾਂ ਦੇ ਘੇਰੇ ਵਿਚ ਹੈ। ਇਸ ਦੀ ਸੰਵੇਦਨਸ਼ੀਲਤਾ ਦੇ ਮੱਦੇਨਜ਼ਰ ਜੱਜਾਂ ਦੇ ਬੈਂਚ ਨੇ 2015 ਵਿਚ ਕਿਹਾ ਸੀ ਕਿ ਇਸ ਮਾਮਲੇ ਬਾਰੇ ਤੈਅ ਕਰਨ ਲਈ ਇਸ ਨੂੰ ਵਡੇਰੇ ਬੈਂਚ ਦੇ ਹਵਾਲੇ ਕੀਤਾ ਜਾਵੇ, ਚੀਫ਼ ਜਸਟਿਸ ਨੇ ਇਸ ਸਲਾਹ ਦੀ ਵੀ ਕੋਈ ਪ੍ਰਵਾਹ ਨਹੀਂ ਕੀਤੀ। ਇਸੇ ਤਰ੍ਹਾਂ ਸੀ.ਬੀ.ਆਈ. ਦੇ ਇਕ ਐਡੀਸ਼ਨਲ ਡਾਇਰੈਕਟਰ ਦੀ ਨਿਯੁਕਤੀ ਦੇ ਮਾਮਲੇ ਵਿਚ ਹੋਇਆ। ਜਸਟਿਸ ਲੋਇਆ ਦੀ ਸ਼ੱਕੀ ਹਾਲਾਤ ਵਿਚ ਮੌਤ ਦੇ ਮਾਮਲੇ ਵਿਚ ਪਟੀਸ਼ਨ ਬਾਰੇ ਬੈਂਚ ਵੀ ਸੀਨੀਅਰ ਜੱਜਾਂ ਨੂੰ ਨਜ਼ਰਅੰਦਾਜ਼ ਕਰ ਕੇ ਬਣਾਇਆ ਗਿਆ। ਫਰਵਰੀ ਮਹੀਨੇ ਬਾਬਰੀ ਮਸਜਿਦ ਦਾ ਮਾਮਲਾ ਸੁਣਵਾਈ ਲਈ ਸੁਪਰੀਮ ਕੋਰਟ ਵਿਚ ਪੇਸ਼ ਹੋਣ ਵਾਲਾ ਹੈ। ਚੀਫ਼ ਜਸਟਿਸ ਦੀਆਂ ਮਨਮਾਨੀਆਂ ਦੇ ਮੱਦੇਨਜ਼ਰ ਸੀਨੀਅਰ ਜੱਜਾਂ ਨੂੰ ਇਹ ਤੌਖਲਾ ਵੀ ਹੋਵੇਗਾ ਕਿ ਇਸ ਮਾਮਲੇ ਵਿਚ ਬੈਂਚ ਬਣਾਏ ਜਾਣ ਪ੍ਰਤੀ ਵਤੀਰਾ ਕਿਸ ਤਰ੍ਹਾਂ ਦਾ ਹੋਵੇਗਾ। ਲਿਹਾਜ਼ਾ ਇਹ ਮਹਿਜ਼ ਅਦਾਲਤੀ ਸ਼ਿਸ਼ਟਾਚਾਰ ਦੀ ਉਲੰਘਣਾ ਦਾ ਮਾਮਲਾ ਨਹੀਂ, ਬਲਕਿ ਅਦਾਲਤੀ ਅਹੁਦੇ ਉਪਰ ਆਪਣੇ ਕੰਟਰੋਲ ਦੇ ਜ਼ੋਰ ਸਿਆਸੀ ਤੌਰ 'ਤੇ ਅਹਿਮ ਕੇਸਾਂ 'ਚ ਆਪਣੀ ਪਸੰਦ ਦੇ ਫ਼ੈਸਲੇ ਹਾਸਲ ਕਰਨ ਦੀ ਸੋਚੀ-ਸਮਝੀ ਧੱਕੇਸ਼ਾਹੀ ਦਾ ਮਾਮਲਾ ਹੈ।



ਨਿਆਂ ਪ੍ਰਣਾਲੀ ਦੇ ਸਿਖ਼ਰਲੇ ਪੱਧਰ 'ਤੇ ਚੱਲ ਰਿਹਾ ਇਹ ਪ੍ਰਸ਼ਾਸਨਿਕ ਟਕਰਾਓ ਕੇਂਦਰੀ ਸੱਤਾ ਉਪਰ ਸੰਘ ਪਰਿਵਾਰ ਦੇ ਕਾਬਜ਼ ਹੋਣ ਤੋਂ ਬਾਅਦ ਜ਼ੋਰ ਫੜ ਚੁੱਕੀਆਂ ਤਾਨਾਸ਼ਾਹ ਤਾਕਤਾਂ ਦੀਆਂ ਮਨਮਾਨੀਆਂ ਦਾ ਸੂਚਕ ਹੈ। ਇਸ ਦੀ ਤਹਿ ਹੇਠ ਸਿਖ਼ਰਲੀ ਅਦਾਲਤ ਦੇ ਕਾਰਵਿਹਾਰ ਵਿਚ ਸੱਤਾਧਾਰੀ ਧਿਰ ਦੀ ਧੌਂਸਬਾਜ਼ ਦਖ਼ਲਅੰਦਾਜ਼ੀ ਕੰਮ ਕਰ ਰਹੀ ਹੈ। ਇਸ ਦਾ ਇਕੋ ਇਕ ਮਨੋਰਥ ਸੰਘ ਪਰਿਵਾਰ ਦੇ ਚਹੇਤੇ ਮੁਜਰਿਮਾਂ ਅਤੇ ਕਾਰਪੋਰੇਟਾਂ ਦੇ ਹੱਕ ਵਿਚ ਫ਼ੈਸਲੇ ਕਰਵਾਉਣਾ ਅਤੇ ਉਹਨਾਂ ਦੀਆਂ ਕਾਰਵਾਈਆਂ ਉਪਰ ਸੰਵਿਧਾਨਕ ਮੋਹਰ ਲਗਵਾਉਣਾ ਹੈ। ਪਿਛਲੇ ਸਾਲਾਂ ਦੌਰਾਨ ਉਭਰੇ ਫਿਰਕੂ ਧੌਂਸਬਾਜ਼ ਨਿਜ਼ਾਮ ਦੇ ਹਿਤਾਂ ਲਈ ਵੱਖ ਵੱਖ ਅਦਾਰਿਆਂ ਨੂੰ ਬਰਬਾਦ ਕਰਨ ਦੇ ਹਿੰਦੂਤਵੀ ਯਤਨ ਸਪਸ਼ਟ ਦੇਖੇ ਜਾ ਸਕਦੇ ਹਨ। ਇਸ ਦੀ ਇਕ ਮੁੱਖ ਮਿਸਾਲ ਸੋਹਰਾਊਦੀਨ ਮਾਮਲੇ ਵਿਚ ਭਾਜਪਾ ਪ੍ਰਧਾਨ ਅਮਿਤ ਸ਼ਾਹ ਨੂੰ ਕਲੀਨ ਚਿੱਟ ਦਿਵਾਉਣ ਲਈ ਜਸਟਿਸ ਲੋਇਆ ਨਾਲ ਜੁੜਿਆ ਵਿਵਾਦ ਹੈ। ਜਦੋਂ ਜਸਟਿਸ ਲੋਇਆ ਨਹੀਂ ਝੁਕੇ, ਤਾਂ ਉਸ ਦੀ ਥਾਂ ਲਾਏ ਜੱਜ ਨੇ ਪਹਿਲੇ ਦਿਨ ਹੀ 12000 ਪੰਨੇ ਦੀ ਚਾਰਜਸ਼ੀਟ ਵਾਲੇ ਮਾਮਲੇ ਦਾ ਫ਼ੈਸਲਾ 15 ਮਿੰਟ ਵਿਚ ਹੀ ਸੁਣਾ ਦਿੱਤਾ। ਇਸ ਨੇ ਸਪਸ਼ਟ ਕਰ ਦਿੱਤਾ ਸੀ, 'ਆਜ਼ਾਦ' ਮੰਨੀ ਜਾਂਦੀ ਨਿਆਂ ਪ੍ਰਣਾਲੀ ਨੂੰ ਸਿਆਸੀ ਰਸੂਖ਼ਵਾਨ ਅਤੇ ਪੈਸੇ ਵਾਲੇ ਲੋਕ ਕਿੰਨਾ ਸੌਖਿਆਂ ਅਗਵਾ ਕਰ ਸਕਦੇ ਹਨ।

ਉਪਰੋਕਤ ਘਟਨਾਕ੍ਰਮ ਨਿਆਂ ਪ੍ਰਣਾਲੀ ਦੀਆਂ ਪ੍ਰਸ਼ਾਸਨਿਕ ਰਵਾਇਤਾਂ, ਨਿਆਂਇਕ ਸ਼ਿਸਟਾਚਾਰ ਦੀਆਂ ਧੱਜੀਆਂ ਉਡਾਉਣ ਦੇ ਲੰਮੇ ਅਮਲ 'ਚੋਂ ਪੈਦਾ ਹੋਇਆ ਅਟੱਲ ਸੰਕਟ ਹੈ, ਕਿਉਂਕਿ ਨਿਆਂ ਪ੍ਰਣਾਲੀ ਦੀ ਅਖੌਤੀ 'ਆਜ਼ਾਦੀ' ਦੇ ਨਾਂ ਹੇਠ ਇਸ ਦੀ ਜਵਾਬਦੇਹੀ ਦਾ ਕੋਈ ਮਕੈਨਿਜ਼ਮ ਹੈ ਹੀ ਨਹੀਂ। ਚਾਰ ਸੀਨੀਅਰ ਜੱਜ ਹੁਣ ਜੋ ਕਹਿ ਰਹੇ ਹਨ ਇਹ ਉਹ ਅਹਿਮ ਸਰੋਕਾਰ ਹੈ ਜਿਸ ਉਪਰ ਦੇਸ਼ ਦੇ ਰੌਸ਼ਨਖ਼ਿਆਲ ਬੁੱਧੀਜੀਵੀ, ਜਮਹੂਰੀ ਮੁੱਲਾਂ ਲਈ ਲੜ ਰਹੇ ਲੋਕ ਪੱਖੀ ਵਕੀਲ ਅਤੇ ਸ਼ਹਿਰੀ ਆਜ਼ਾਦੀਆਂ ਤੇ ਜਮਹੂਰੀ ਹੱਕਾਂ ਦੀ ਰਾਖੀ ਲਈ ਜੂਝ ਰਹੇ ਜਾਗਰੂਕ ਹਿੱਸੇ ਲੰਮੇ ਸਮੇਂ ਤੋਂ ਲਗਾਤਾਰ ਜ਼ੋਰ ਦੇ ਰਹੇ ਹਨ। ਕੌੜੀ ਹਕੀਕਤ ਇਹ ਹੈ ਕਿ ਸੀਮਤ ਜਮਹੂਰੀ ਗੁੰਜਾਇਸ਼ ਨੂੰ ਪਹਿਲਾਂ ਹੀ ਬੇਥਾਹ ਖ਼ੋਰਾ ਲਾਇਆ ਜਾ ਚੁੱਕਾ ਹੈ ਅਤੇ ਸਿਖ਼ਰਲੀ ਅਦਾਲਤੀ ਪ੍ਰਣਾਲੀ ਅੰਦਰਲੀ ਪ੍ਰਸ਼ਾਸਨਿਕ ਗੜਬੜ ਵਲੋਂ ਇਸ ਵਿਚ ਚੋਖੀ ਨਾਂਹ ਪੱਖੀ ਭੂਮਿਕਾ ਨਿਭਾਈ ਗਈ ਹੈ।

ਹੁਕਮਰਾਨਾਂ ਦੀਆਂ ਆਰਥਿਕ ਅਤੇ ਸਮਾਜੀ ਪਾੜੇ ਨੂੰ ਜ਼ਰਬਾਂ ਦੇਣ ਵਾਲੀਆਂ ਨੀਤੀਆਂ ਅਤੇ ਹਿੰਦੂਤਵੀ ਧੌਂਸਬਾਜ਼ੀ ਦੇ ਸਤਾਏ ਅਤੇ ਜਾਬਰ ਰਾਜਤੰਤਰ ਦੇ ਦਰੜੇ ਆਮ ਨਾਗਰਿਕਾਂ ਸਾਹਮਣੇ ਨਿਆਂ ਦੀ ਆਖ਼ਰੀ ਉਮੀਦ ਨਿਆਂ ਪ੍ਰਣਾਲੀ ਹੀ ਹੈ। ਜੇ ਨਿਆਂ ਪ੍ਰਣਾਲੀ ਦੇ ਸਿਖ਼ਰਲੇ ਪੱਧਰ 'ਤੇ ਇਸ ਕਦਰ ਪ੍ਰਸ਼ਾਸਨਿਕ ਧਾਂਦਲੀ ਹੈ ਤਾਂ ਹਾਈਕੋਰਟਾਂ ਵੀ ਇਸੇ ਤਰ੍ਹਾਂ ਕੰਮ ਕਰਨਗੀਆਂ ਅਤੇ ਨਿਆਂ ਸ਼ਾਸਤਰ ਅਨੁਸਾਰ, ਹੇਠਲੇ ਅਦਾਲਤੀ ਫ਼ੈਸਲਿਆਂ ਦੇ ਖ਼ਿਲਾਫ਼ ਕਾਨੂੰਨੀ ਚਾਰਾਜੋਈ ਕਰਨ ਅਤੇ ਨਿਆਂ ਸ਼ਾਸਤਰ ਦੇ ਆਧਾਰ 'ਤੇ ਉਪਰਲੀਆਂ ਅਦਾਲਤਾਂ ਵਿਚ ਨਿਆਂ ਹਾਸਲ ਕਰਨ ਦੀ ਕਮਜ਼ੋਰ ਉਮੀਦ ਵੀ ਖ਼ਤਮ ਹੋ ਜਾਵੇਗੀ। ਪਿਛਲੇ ਸਾਲਾਂ ਵਿਚ ਧਾਰਮਿਕ ਘੱਟ ਗਿਣਤੀਆਂ ਦੇ ਕਤਲੇਆਮ, ਝੂਠੇ ਪੁਲਿਸ ਮੁਕਾਬਲਿਆਂ, ਕਾਰਪੋਰੇਟ ਸਰਮਾਏਦਾਰੀ+ਹੁਕਮਰਾਨਾਂ ਅਤੇ ਭ੍ਰਿਸ਼ਟ ਨੌਕਰਸ਼ਾਹੀ ਦੀਆਂ ਬੇਮਿਸਾਲ ਧਾਂਦਲੀਆਂ ਲਈ ਜ਼ਿੰਮੇਵਾਰ ਵਿਅਕਤੀਆਂ ਨੂੰ ਅਦਾਲਤਾਂ ਵਿਚ ਕਲੀਨ ਚਿਟਾਂ ਦਿੱਤੇ ਜਾਣ ਦੇ ਫ਼ੈਸਲੇ ਥੋਕ ਰੂਪ ਵਿਚ ਸੁਣਾਏ ਗਏ ਅਤੇ ਹੁਣ ਵੀ ਸੁਣਾਏ ਜਾ ਰਹੇ ਹਨ, ਜਦਕਿ ਦੂਜੇ ਪਾਸੇ ਦੱਬੇ-ਕੁਚਲੇ ਲੋਕਾਂ ਦੀ ਜਥੇਬੰਦ ਹੱਕ-ਜਤਾਈ ਦੇ ਹਮਾਇਤੀ ਬੁੱਧੀਜੀਵੀਆਂ, ਲੋਕ ਹਿਤਾਂ ਲਈ ਜੂਝਣ ਵਾਲੇ ਸਿਆਸੀ ਅਤੇ ਜਮਹੂਰੀ ਕਾਰਕੁਨਾਂ, ਪੱਤਰਕਾਰਾਂ ਅਤੇ ਆਮ ਲੋਕਾਂ ਨੂੰ ਕੁਚਲਣ ਵਾਲੇ ਖੁੱਲ੍ਹੇਆਮ ਪੱਖਪਾਤੀ ਅਤੇ ਤੁਅੱਸਬੀ ਅਦਾਲਤੀ ਫ਼ੈਸਲੇ ਹਾਲਤ ਦੀ ਨਜ਼ਾਕਤ ਦੇ ਪ੍ਰਤੱਖ ਸਬੂਤ ਹਨ। ਜੱਜ ਲੋਇਆ ਦੀ ਸ਼ੱਕੀ ਹਾਲਾਤ ਵਿਚ ਮੌਤ ਨੇ ਬਹੁਤ ਵੱਡਾ ਸਵਾਲ ਖੜ੍ਹਾ ਕੀਤਾ ਸੀ ਕਿ ਜੇ ਨਿਆਂ ਦੇਣ ਵਾਲਾ ਜੱਜ ਵੀ ਮਹਿਫੂਜ਼ ਨਹੀਂ ਤਾਂ ਤਾਨਾਸ਼ਾਹ ਬਿਰਤੀ ਵਾਲੇ ਧੱਕੜ ਨਿਜ਼ਾਮ ਵਿਚ ਆਮ ਨਾਗਰਿਕ ਕਿੰਨੇ ਬੇਵਸ ਹੋਣਗੇ। ਹਾਲੀਆ ਘਟਨਾਕ੍ਰਮ ਨੇ ਪਰਦਾ ਚੁੱਕ ਦਿੱਤਾ ਹੈ ਕਿ ਲੋਇਆ ਮਾਮਲੇ ਵਿਚ ਜਨ ਹਿੱਤ ਪਟੀਸ਼ਨ ਨਾਲ ਸ਼ੁਰੂ ਹੋਏ ਕਾਨੂੰਨੀ ਅਮਲ ਨੂੰ ਕਿਵੇਂ ਰੋਕਿਆ ਅਤੇ ਪ੍ਰਭਾਵਿਤ ਕੀਤਾ ਜਾ ਰਿਹਾ ਹੈ। ਹਾਲ ਹੀ ਵਿਚ ਮਰਹੂਮ ਲੋਇਆ ਦੇ ਬੇਟੇ ਉਪਰ ਦਬਾਅ ਪਾ ਕੇ ਉਸ ਕੋਲੋਂ ਮੀਡੀਆ ਅੱਗੇ ਇਹ ਬਿਆਨ ਦਿਵਾਇਆ ਗਿਆ ਹੈ ਕਿ ਉਹਨਾਂ ਨੂੰ ਜਸਟਿਸ ਲੋਇਆ ਦੀ ਮੌਤ ਬਾਰੇ ਕੋਈ ਸ਼ੱਕ ਨਹੀਂ। ਜਿਸ ਨਾਜ਼ੁਕ ਮਾਹੌਲ ਵਿਚ ਇਹ ਬਿਆਨ ਦਿਵਾਇਆ ਗਿਆ ਹੈ, ਇਸ ਪਿੱਛੇ ਕੰਮ ਕਰ ਰਹੇ ਸੱਤਾਧਾਰੀ ਧਿਰ ਦੇ ਹਿਤ ਸਾਫ਼ ਦੇਖੇ ਜਾ ਸਕਦੇ ਹਨ। ਚਾਹੇ ਅਮਿਤ ਸ਼ਾਹ ਨੂੰ ਬਰੀ ਕਰਨ ਲਈ ਜੱਜ ਨੂੰ ਵੱਡੀ ਰਿਸ਼ਵਤ ਦੀ ਪੇਸ਼ਕਸ਼ ਸੀ, ਜਾਂ ਆਧਾਰ ਕਾਰਡ ਬਾਰੇ ਚੀਫ਼ ਜਸਟਿਸ ਵਲੋਂ ਨਵੇਂ ਬੈਂਚ ਦੀ ਨਿਯੁਕਤੀ, ਹਰ ਅਹਿਮ ਮਾਮਲੇ ਵਿਚ ਸੱਤਾਧਾਰੀ ਧਿਰ ਦੀਆਂ ਤਰਜੀਹਾਂ ਅਤੇ ਹਿਤਾਂ ਅਨੁਸਾਰ, ਅਦਾਲਤੀ ਮਰਿਯਾਦਾ ਨੂੰ ਬੇਕਿਰਕੀ ਨਾਲ ਤੋੜਿਆ-ਮਰੋੜਿਆ ਜਾ ਰਿਹਾ ਹੈ। ਦਰਅਸਲ, ਇਹ ਇਸ ਕੌੜੀ ਹਕੀਕਤ ਨੂੰ ਦਰਸਾਉਂਦਾ ਹੈ ਕਿ ਹੁਕਮਰਾਨ ਪੁਰਾਣੇ ਤਰੀਕਿਆਂ ਨਾਲ ਰਾਜ ਕਰਨ ਤੋਂ ਅਸਮਰੱਥ ਹਨ ਅਤੇ ਹੁਣ ਉਹ ਸੰਵਿਧਾਨਕ ਤੇ ਰਸਮੀ ਕਾਰਵਿਹਾਰ ਦਾ ਮਖੌਟਾ ਲਾਹ ਕੇ ਧੱਕੜ ਤਰੀਕਿਆਂ ਨਾਲ ਰਾਜ ਕਰਨ ਦੀ ਪੁਰਜ਼ੋਰ ਰੁਚੀ ਦਿਖਾ ਰਹੇ ਹਨ।

ਇਹ ਹਕੀਕਤ ਭੁੱਲਣੀ ਨਹੀਂ ਚਾਹੀਦੀ ਕਿ ਮੌਜੂਦਾ ਚੀਫ਼ ਜਸਟਿਸ ਦੀਆਂ ਮਨਮਾਨੀਆਂ ਤੋਂ ਪਹਿਲਾਂ ਵੀ ਸਿਖ਼ਰਲੀ ਅਦਾਲਤ ਦਾ ਕਾਰਵਿਹਾਰ ਕਦੇ ਵੀ ਪੂਰੀ ਤਰ੍ਹਾਂ ਨਿਆਂ ਸ਼ਾਸਤਰ ਅਨੁਸਾਰ ਨਹੀਂ ਰਿਹਾ। ਸਿੱਖ ਕਤਲੇਆਮ (1984), ਗੁਜਰਾਤ ਵਿਚ ਮੁਸਲਿਮ ਕਤਲੇਆਮ (2002) ਅਤੇ ਇਸ ਤਰ੍ਹਾਂ ਦੇ ਹੋਰ ਕਈ ਮਾਮਲਿਆਂ ਵਿਚ ਦਹਾਕਿਆਂ ਤੋਂ ਨਿਆਂ ਲਈ ਭਟਕਦੇ ਮਜ਼ਲੂਮਾਂ ਪ੍ਰਤੀ ਸ਼ਾਇਦ ਹੀ ਕਿਸੇ ਸੀਨੀਅਰ ਜੱਜ ਨੇ ਕਦੇ ਸੰਵੇਦਨਸ਼ੀਲਤਾ ਦਿਖਾਈ ਹੋਵੇ। ਨਿਆਂ ਪ੍ਰਣਾਲੀ ਆਜ਼ਾਦ ਨਹੀਂ ਹੈ, ਜਿਵੇਂ ਦਾਅਵਾ ਕੀਤਾ ਜਾਂਦਾ ਹੈ। ਇਹ ਸਥਾਪਤ ਪ੍ਰਬੰਧ ਦਾ ਅਨਿੱਖੜ ਹਿੱਸਾ ਹੈ ਅਤੇ ਸਿਖ਼ਰਲੇ ਜੱਜ ਵੀ ਜ਼ਿਆਦਾਤਰ ਸਮਾਜ ਵਿਚ ਭਾਰੂ ਡਾਢੀਆਂ ਤਾਕਤਾਂ ਦੇ ਨਜ਼ਰੀਏ ਮੁਤਾਬਿਕ ਫ਼ੈਸਲੇ ਕਰਦੇ ਹਨ। ਇਹ ਨਿਆਂ ਨਹੀਂ ਮਹਿਜ਼ ਅਦਾਲਤੀ ਫ਼ਰਮਾਨ ਹੁੰਦੇ ਹਨ, ਜਿਵੇਂ ਅਫ਼ਜ਼ਲ ਗੁਰੂ ਨੂੰ ਫਾਂਸੀ ਦੇ ਮਾਮਲੇ ਵਿਚ ਹੋਇਆ ਸੀ। ਹੁਣ ਵਾਲੀ ਸੱਤਾਧਾਰੀ ਧਿਰ ਸਰੇਆਮ ਮਨਮਾਨੀਆਂ ਉਪਰ ਤੁਲੀ ਹੋਈ ਹੈ, ਕੋਈ ਲੁਕੋਅ ਨਹੀਂ ਰੱਖ ਰਹੀ। ਇਸ ਮਾਹੌਲ ਵਿਚ ਇਹਨਾਂ ਜੱਜਾਂ ਨੂੰ ਘੁਟਣ ਮਹਿਸੂਸ ਹੋ ਰਹੀ ਹੈ, ਜਿਸ ਨੇ ਉਹਨਾਂ ਨੂੰ ਬਗ਼ਾਵਤ ਲਈ ਉਕਸਾਇਆ ਹੈ।

ਇਸ ਨਾਜ਼ੁਕ ਮੋੜ ਉਪਰ ਜਾਗਰੂਕ ਨਾਗਰਿਕਾਂ ਸਿਰ ਇਹ ਵੱਡੀ ਜ਼ਿੰਮੇਵਾਰੀ ਹੈ ਕਿ ਸਿਖ਼ਰਲੇ ਜੱਜਾਂ ਵਲੋਂ ਅਦਾਲਤੀ ਧਾਂਦਲੀਆਂ ਅਤੇ ਚੀਫ਼ ਜਸਟਿਸ ਦੀਆਂ ਮਨਮਾਨੀਆਂ ਨੂੰ ਚੁਣੌਤੀ ਦੇਣ ਲਈ ਚੁੱਕੇ ਦਰੁਸਤ ਕਦਮ ਦੀ ਹਮਾਇਤ ਵਿਚ ਜ਼ੋਰਦਾਰ ਆਵਾਜ਼ ਉਠਾਈ ਜਾਵੇ, ਅਤੇ ਇਸ ਸਰਵਉਚ ਅਦਾਰੇ ਦੇ ਕਾਰਵਿਹਾਰ ਬਾਰੇ ਆਮ ਲੋਕਾਂ ਨੂੰ ਸੁਚੇਤ ਕਰਦੇ ਹੋਏ ਵਿਆਪਕ ਲੋਕ ਰਾਇ ਖੜ੍ਹੀ ਕੀਤੀ ਜਾਵੇ। ਇਹ ਵੀ ਜ਼ਰੂਰੀ ਹੈ ਕਿ ਮੌਜੂਦਾ ਚੀਫ਼ ਜਸਟਿਸ ਦੀਪਕ ਮਿਸ਼ਰਾ ਨੂੰ ਤੁਰੰਤ ਹਟਾਉਣ ਅਤੇ ਉਸ ਦੇ ਖ਼ਿਲਾਫ਼ ਮਹਾਂਦੋਸ਼ ਚਲਾਉਣ ਦੀ ਮੰਗ ਕਰਨ ਦੇ ਨਾਲ-ਨਾਲ ਨਿਆਂ ਪ੍ਰਣਾਲੀ ਨੂੰ ਜਵਾਬਦੇਹ ਬਣਾਉਣ ਦਾ ਸਵਾਲ ਵੀ ਪ੍ਰਮੁੱਖਤਾ ਨਾਲ ਉਠਾਇਆ ਜਾਵੇ।

---

# ਸੁਪਰੀਮ ਕੋਰਟ ਦਾ ਸਿਸਟਮ ਤੇ ਜੱਜ

ਸੁਪਰੀਮ ਕੋਰਟ ਦੇ ਚਾਰ ਸਭ ਤੋਂ ਸੀਨੀਅਰ ਜੱਜਾਂ ਨੇ ਭਾਰਤੀ ਨਿਆਂਪਾਲਿਕਾ ਦੇ ਇਤਿਹਾਸ ਦਾ ਰੌਸ਼ਨ, ਜਗਮਗ ਕਰਦਾ ਪਲ ਪੈਦਾ ਕਰ ਦਿੱਤਾ। ਉਨ੍ਹਾਂ ਭਾਰਤੀ ਇਤਿਹਾਸ ਦਾ ਉਹ ਦਿਨ ਯਾਦ ਕਰਾ ਦਿੱਤਾ ਜਦੋਂ 1977 ਵਿਚ ਜਗਜੀਵਨ ਰਾਮ ਤੇ ਹੇਮਵਤੀ ਨੰਦਨ ਬਹੂਗੁਣਾ, ਇੰਦਰਾ ਗਾਂਧੀ ਦੀ ਸਰਕਾਰ ਵਿਚੋਂ ਵਾਕ-ਆਊਟ ਕਰ ਗਏ ਸਨ। ਉਸ ਵੇਲੇ ਭਾਰਤੀ ਸਿਆਸਤ ਸਦਾ ਲਈ ਬਦਲ ਗਈ। ਹੁਣ 12 ਜਨਵਰੀ ਤੋਂ ਬਾਅਦ ਭਾਰਤ ਦੀ ਉਚੇਰੀ

ਹਰੀਸ਼ ਖਰੇ

ਨਿਆਂਪਾਲਿਕਾ ਵੀ ਪਹਿਲਾਂ ਵਰਗੀ ਨਹੀਂ ਰਹੇਗੀ।

ਸੁਪਰੀਮ ਕੋਰਟ ਰਵਾਇਤਾਂ, ਕਾਰਜ ਵਿਧਾਨਾਂ ਤੇ ਪ੍ਰੋਟੋਕੋਲਾਂ ਦੀ ਖ਼ੁਰਾਕ ਉਪਰ ਫਲਦਾ-ਫੁਲਦਾ ਹੈ। ਹੋਰ ਸੰਸਥਾਵਾਂ ਵਾਂਗ ਇਹਨੇ ਵੀ ਅੰਦਰੂਨੀ ਇਖ਼ਲਾਕ ਜ਼ਾਬਤਾ ਵਿਕਸਿਤ ਕੀਤੀ ਹੋਈ ਹੈ। ਇਸ ਦੇ ਬਾਵਜੂਦ ਉਨ੍ਹਾਂ ਚੀਫ਼ ਜਸਟਿਸ ਦੀਪਕ ਮਿਸ਼ਰਾ ਪ੍ਰਤੀ ਆਪਣੀ ਨਾਖ਼ੁਸ਼ੀ ਤੇ ਅਸੰਤੋਖ ਦਾ ਜਨਤਕ ਤੌਰ 'ਤੇ ਪ੍ਰਗਟਾਵਾ ਕਰਨਾ ਵਾਜਬ ਸਮਝਿਆ।

ਅਜਿਹਾ ਕਿਉਂ ਹੋਇਆ? ਜ਼ਾਹਿਰ ਹੈ ਕਿ ਕੋਈ ਬਹੁਤ ਗੰਭੀਰ ਵਜ੍ਹਾ ਜ਼ਰੂਰ ਹੋਵੇਗੀ। ਉਨ੍ਹਾਂ ਆਪਣੇ ਸ਼ਿਕਵੇ ਤੋਂ ਪਹਿਲਾਂ ਚੀਫ਼ ਜਸਟਿਸ ਨੂੰ ਲਿਖ਼ਤੀ ਤੌਰ 'ਤੇ ਜਾਣੂ ਕਰਵਾਇਆ ਸੀ, ਪਰ ਕੋਈ ਹੱਲ ਨਹੀਂ ਨਿਕਲਿਆ। ਜੋ ਪੱਤਰ ਉਨ੍ਹਾਂ ਹੁਣ ਜਨਤਕ ਕੀਤਾ, ਉਹ ਚੀਫ਼ ਜਸਟਿਸ ਨੂੰ ਆਪਹੁਦਰੇ ਪ੍ਰਸ਼ਾਸਕ ਵਜੋਂ ਪੇਸ਼ ਕਰਦਾ ਹੈ।

ਜਿਹੜਾ ਵੀ ਬੰਦਾ ਭਾਰਤ ਦਾ ਚੀਫ਼ ਜਸਟਿਸ ਬਣਦਾ ਹੈ, ਉਸ ਤੋਂ ਇਹ ਤਵੱਕੋ ਕੀਤੀ ਜਾਂਦੀ ਹੈ ਕਿ ਉਹ ਸੂਹਜਮਈ ਅਗਵਾਈ ਦੇਵੇ। ਜਿਸ ਸੰਸਥਾ ਦਾ ਉਹ ਮੁਖੀ ਹੈ, ਉਸ ਦੀ ਸਿਹਤਮੰਦੀ ਤੇ ਮਜ਼ਬੂਤੀ ਬਰਕਰਾਰ ਰੱਖਣ ਲਈ ਅਜਿਹਾ ਕਰਨਾ ਨਿਹਾਇਤ ਜ਼ਰੂਰੀ ਹੈ। ਜੇ ਕੋਈ ਚੀਫ਼ ਜਸਟਿਸ ਮਹਿਸੂਸ ਕਰਦਾ ਹੈ ਕਿ ਉਸ ਪਾਸ ਅਦਾਲਤ ਨੰਬਰ ਇਕ ਦਾ ਕੰਮਕਾਜੀ ਅਕਸ ਸ਼ਾਨਦਾਰ ਬਣਾਉਣ ਲਈ ਲੋੜੀਂਦੀ ਦਾਨਿਸ਼ਮੰਦੀ ਤੇ ਵਿਦਵਤਾ ਮੌਜੂਦ ਨਹੀਂ, ਤਾਂ ਉਸ ਪਾਸੋਂ ਇਹੋ ਤਵੱਕੋ ਕੀਤੀ ਜਾਂਦੀ ਹੈ ਕਿ ਉਹ ਆਪਣੀ ਅਗਵਾਈ ਵਾਲੇ ਬੈਂਚ ਵਿਚ ਅਜਿਹੇ ਰੌਸ਼ਨ ਦਿਮਾਗ਼ਾਂ ਨੂੰ ਸ਼ਾਮਲ ਕਰ ਲਵੇ ਜੋ ਉਸ ਬੈਂਚ ਨੂੰ ਵੱਧ ਆਲਮਾਨਾ ਤੇ ਵੱਧ ਬੌਧਿਕ ਅਕਸ ਬਖ਼ਸ਼ ਸਕਣ। ਸੁਪਰੀਮ ਕੋਰਟ ਵਰਗੀ ਸੰਸਥਾ ਵਿਚ, ਜਿਵੇਂ ਸਰਦਾਰ ਪਟੇਲ ਨੇ ਭਾਰਤ ਦਾ ਪਹਿਲਾ ਚੀਫ਼ ਜਸਟਿਸ ਬਣਨ ਵਾਲੇ ਹਰੀਲਾਲ ਕਾਨੀਆ ਨੂੰ ਉਸ ਦੀ ਹਲਫ਼ਦਾਰੀ ਤੋਂ ਤਿੰਨ ਦਿਨ ਪਹਿਲਾਂ ਕਿਹਾ ਸੀ, 'ਚੀਫ਼ ਵੱਲੋਂ ਆਪਣੇ ਜੱਜ ਭਰਾਵਾਂ ਨਾਲ ਨਿਭਣ ਲੱਗਿਆਂ 'ਛੋਟਾਪਣ ਦਿਖਾਏ ਜਾਣ ਦੀ ਗੁੰਜਾਇਸ਼ ਹੀ ਨਹੀਂ ਹੈ।'

ਜੇ ਜਸਟਿਸ ਚੇਲਾਮੇਸ਼ਵਰ ਅਤੇ ਬਾਕੀ ਜੱਜਾਂ ਦੇ ਪੱਤਰ ਦੇ ਅਸਲ ਅਰਥਾਂ ਨੂੰ ਸਮਝਣ ਦੀ ਕੋਸ਼ਿਸ਼ ਕਰੀਏ ਤਾਂ ਸਪਸ਼ਟ ਹੋ ਜਾਂਦਾ ਹੈ ਕਿ ਅਸਲ ਮਾਜਰਾ ਪੂਰੇ ਨਾਟਕੀ ਘਟਨਾਕ੍ਰਮ ਦੀਆਂ ਨਿੱਜੀ, ਬੌਧਿਕ ਜਾਂ ਨਿਆਂਇਕ ਖ਼ਾਮੀਆਂ ਜਾਂ ਖ਼ੂਬੀਆਂ ਤੋਂ ਪਾਰ ਦਾ ਹੈ। ਅਸਹਿਮਤੀ ਦਾ ਮੁੱਢਲਾ ਬਿੰਦੂ ਇਹ ਹੈ ਕਿ ਸੰਸਥਾ (ਨਿਆਂਪਾਲਿਕਾ) ਦੇ ਈਮਾਨ ਨੂੰ ਕਿਵੇਂ ਬਰਕਰਾਰ ਰੱਖਿਆ ਜਾਵੇ। ਪੱਤਰ ਵਿਚ ਕਿਉਂਕਿ, ਉਚੇਰੀ ਨਿਆਂ ਪਾਲਿਕਾ ਵਿਚ ਨਿਯੁਕਤੀਆਂ ਲਈ ਵਿਧੀ-ਵਿਧਾਨ ਦਾ ਜ਼ਿਕਰ ਨੁਕੀਲੇ ਢੰਗ ਨਾਲ ਕੀਤਾ ਗਿਆ ਹੈ, ਇਸ ਲਈ ਮੰਨਿਆ ਜਾ ਸਕਦਾ ਹੈ ਕਿ ਸਾਡੇ ਗੰਧਲੇ ਸਿਆਸਤਦਾਨਾਂ ਦੀ ਫੁੱਟਪਾਊ ਬਿਰਤੀ ਤੇ ਨੀਤੀ ਨੇ ਸੁਪਰੀਮ ਕੋਰਟ ਵਰਗੀ ਸਿਖ਼ਰਲੀ ਨਿਆਂਇਕ ਸੰਸਥਾ ਨੂੰ ਵੀ ਇਹ ਲਾਗ ਲਾ ਦਿੱਤੀ ਹੈ। ਦਰਅਸਲ, ਨਵ ਭਾਰਤ ਤੇ ਇਸ ਦੀ ਕੁਝ ਨਵਾਂ 'ਸਿਰਜਣ' ਦੀ ਰੁਚੀ ਦਾ ਨਿਆਂ ਪਾਲਿਕਾ ਉਪਰ ਦਬਾਅ ਬਣਨਾ ਹੀ ਸੀ। ਚੀਫ਼ ਜਸਟਿਸ ਮਿਸ਼ਰਾ ਬਾਰੇ ਤਾਂ ਪਹਿਲਾਂ ਹੀ ਇਹ ਪ੍ਰਭਾਵ ਹੈ ਕਿ ਉਹ ਨਿਆਂਪਾਲਿਕਾ ਦੇ ਸੰਸਥਾਗਤ ਸਨਮਾਨ ਤੇ ਗੌਰਵ ਦੀ ਹਿਫ਼ਾਜ਼ਤ ਦੇ ਬਹੁਤੇ ਵੱਡੇ ਮੁਦਈ ਨਹੀਂ।

ਬਿਨਾਂ ਕਿਸੇ ਝਿਜਕ ਦੇ ਮੰਨਿਆ ਜਾ ਸਕਦਾ ਹੈ ਕਿ 1950ਵਿਆਂ ਦੇ ਸ਼ੁਰੂ ਤੋਂ ਹੀ ਕਾਰਜ ਪਾਲਿਕਾ ਤੇ ਨਿਆਂ ਪਾਲਿਕਾ ਦਾ ਤਵਾਜ਼ਨ, ਸਮੇਂ ਦੀ ਹੁਕਮਰਾਨ ਪਾਰਟੀ ਦੇ ਸਿਆਸੀ ਦਬਦਬੇ ਮੁਤਾਬਿਕ ਤੈਅ ਹੁੰਦਾ ਆਇਆ ਸੀ। ਇਹ ਤਾਂ 1990ਵਿਆਂ ਦੇ ਅੱਧ ਵਿਚਕਾਰ ਵਾਪਰਿਆ ਕਿ ਨਿਆਂਪਾਲਿਕਾ ਨੇ ਸਿਆਸਤੀ ਜਗਤ ਦੇ ਦਬਾਅ ਨਾਲ ਸਿਝਣ ਲਈ ਆਪਣੀ ਢੁਕਵੀਂ ਕਿਲ੍ਹਾਬੰਦੀ ਕਰ ਲਈ; ਪਰ ਹੋਰ ਸੰਸਥਾਵਾਂ ਵਾਂਗ ਨਿਆਂਪਾਲਿਕਾ ਵੀ ਬੰਦਿਆਂ ਵੱਲੋਂ ਹੀ ਚਲਾਈ ਜਾਂਦੀ ਹੈ, ਤੇ ਅਸੀਂ ਇਸ ਛਲਾਵੇ ਵਿਚ ਨਹੀਂ ਰਹਿ ਸਕਦੇ ਕਿ ਜੱਜ ਦੈਵੀ ਹਸਤੀਆਂ ਜਾਂ ਸੰਤ ਹੁੰਦੇ ਹਨ। ਉਹ ਵੀ ਸਮਾਜ ਵਿਚ ਮੌਜੂਦ ਹਿੰਸਕ ਜਜ਼ਬਾਤ, ਗੁੱਸੇ-ਗਿਲਿਆਂ ਜਾਂ ਯਕੀਨਦਹਾਨੀਆਂ ਤੋਂ ਨਿਰਲੇਪ ਨਹੀਂ ਰਹਿੰਦੇ। ਉਨ੍ਹਾਂ ਦੇ ਘਰਾਂ ਵਿਚ ਵੀ 'ਅਲਮਾਰੀਆਂ' ਹਨ। ਸਾਰਿਆਂ ਦੀਆਂ ਨਾ ਸਹੀ, ਪਰ ਕਈਆਂ ਦੀਆਂ ਮਜਬੂਰੀਆਂ ਹੁੰਦੀਆਂ ਹਨ। ਅਸੀਂ ਭਾਵੇਂ ਇਹ ਦਿਖਾਵਾ ਕਰਦੇ ਹਾਂ ਕਿ ਜੱਜਾਂ ਦੀਆਂ ਕੋਈ ਸਿਆਸੀ ਨਿਯੁਕਤੀਆਂ ਨਹੀਂ ਹੁੰਦੀਆਂ, ਪਰ ਸੱਚ ਤਾਂ ਇਹ ਹੈ ਕਿ ਕੁਝ ਜੱਜਾਂ ਦੀ ਸਿਆਸੀ ਵਿਚਾਰਧਾਰਾ ਵੀ ਹੁੰਦੀ ਹੈ, ਵਿਚਾਰਧਾਰਕ ਝੁਕਾਅ ਵੀ ਹੁੰਦੇ ਹਨ ਅਤੇ ਨਾਲ ਨਾਲ ਸਿਆਸੀ ਸਰਪ੍ਰਸਤ ਵੀ ਹੁੰਦੇ ਹਨ।

ਇਸ ਮਾਮਲੇ ਵਿਚ ਜੱਜ ਬੀ.ਐਚ. ਲੋਯਾ ਵਾਲੇ ਕੇਸ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਇਹ ਉਹ ਕੇਸ ਹੈ ਜਿਸ ਉਤੇ ਨਿਆਂ ਪਾਲਿਕਾ ਦੀ ਇਹ ਭੂਮਿਕਾ ਟਿਕੀ ਹੋਈ ਹੈ ਕਿ ਸਾਡੇ ਮੁਲਕ ਅੰਦਰ ਕਾਨੂੰਨ ਮੁਤਾਬਿਕ ਰਾਜ ਪ੍ਰਬੰਧ ਚੱਲਦਾ ਹੈ ਜਾਂ ਨਹੀਂ। ਇਕ ਅਤਿਅੰਤ ਸੰਵੇਦਨਸ਼ੀਲ ਕੇਸ ਦੀ ਸੁਣਵਾਈ ਕਰਨ ਵਾਲੇ ਜੱਜ ਦੀ ਜਦੋਂ ਭੇਤਭਰੀ ਮੌਤ ਹੋ ਜਾਂਦੀ ਹੈ ਤਾਂ ਹਰ ਨਿਆਂਇਕ ਅਧਿਕਾਰੀ ਦਾ ਇਸ ਮੌਤ ਨੂੰ ਲੈ ਕੇ ਤ੍ਰਸਤ ਹੋਣਾ ਸੁਭਾਵਿਕ ਹੈ। ਜੇ ਇਹ ਸੋਚ ਜਾਂ ਧਾਰਨਾ ਹਾਵੀ ਹੋ ਜਾਵੇ ਕਿ ਇਕ ਅਤਿਅੰਤ ਸ਼ਕਤੀਸ਼ਾਲੀ ਸਿਆਸੀ ਸ਼ਖ਼ਸੀਅਤ ਕਿਸੇ ਜੱਜ ਨੂੰ ਡਰਾ ਸਕਦੀ ਹੈ, ਜਾਂ ਕੋਈ ਜੱਜ ਆਪਣੀ ਸਰੀਰਕ ਸੁਰੱਖਿਆ ਨੂੰ ਲੈ ਕੇ ਖ਼ੁਦ ਨੂੰ ਕਮਜ਼ੋਰ ਸਮਝਣਾ ਸ਼ੁਰੂ ਕਰ ਦੇਵੇ ਤਾਂ ਕੀ ਸਮੁੱਚਾ ਨਿਆਂ-ਤੰਤਰ ਸੁਰੱਖਿਅਤ ਰਹਿ ਸਕੇਗਾ?

ਇਸ ਵੇਲੇ ਲੋਕਾਂ ਨੂੰ ਵੀ ਮੁੜ ਭਰੋਸਾ ਦੇਣ ਦੀ ਲੋੜ ਹੈ ਕਿ ਉਨ੍ਹਾਂ ਕੋਲ ਅਜੇ ਵੀ ਨਿਆਂ ਪਾਲਿਕਾ ਦੇ ਰੂਪ ਵਿਚ ਸੁਰੱਖਿਆ ਮੌਜੂਦ ਹੈ- ਇਕ ਅਜਿਹੀ ਨਿਆਂ ਪਾਲਿਕਾ ਜੋ ਦੇਸ਼ ਦੇ ਕਾਨੂੰਨ ਦੀ ਮੁਹਾਫਿਜ਼ ਵਾਲੀ ਆਪਣੀ ਭੂਮਿਕਾ ਨਾਲ ਕੋਈ ਸਮਝੌਤਾ ਕਰਨ ਲਈ ਤਿਆਰ ਨਹੀਂ। ਅਜਿਹਾ ਭਰੋਸਾ ਧੜੇਬੰਦੀ ਪੈਦਾ ਕਰਨ ਵਾਲਾ ਨਹੀਂ, ਧੜੇਬੰਦੀ ਮਿਟਾਉਣ ਵਾਲਾ ਚੀਫ਼ ਜਸਟਿਸ ਹੀ ਦੇ ਸਕਦਾ ਹੈ।

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ
ਫੋਨ: 408-915-1268

# ਸ਼ੁਕਰਾਨੇ ਅਤੇ ਵਧਾਈਆਂ ਦੇ ਨੁਸਖੇ

ਸਮਾਜ 'ਚ ਵਿਚਰਦਿਆਂ ਕਿਸੇ ਦਾ ਸ਼ੁਕਰਾਨਾ ਕਰਨ ਜਾਂ ਮੁਬਾਰਕਬਾਦ ਦੇਣ ਦੇ ਵਿਸ਼ੇ 'ਤੇ ਕੁਝ ਸਤਰਾਂ ਲਿਖਣ ਦੀ ਸ਼ੁਰੂਆਤ ਵਿਵੇਕ ਦੇ ਭੰਡਾਰ ਸਵਾਮੀ ਵਿਵੇਕਾਨੰਦ ਜੀ ਤੋਂ ਹੀ ਕਰਦੇ ਹਾਂ। ਕਹਿੰਦੇ ਨੇ, ਆਪਣੇ ਅਮਰੀਕਾ ਭ੍ਰਮਣ ਮੌਕੇ ਸਵਾਮੀ ਜੀ ਕਿਤੇ ਰੇਲ ਗੱਡੀ ਵਿਚ ਸਫਰ ਕਰ ਰਹੇ ਸਨ। ਸੀਟ 'ਤੇ ਬੈਠੇ ਬੈਠੇ ਉਹ ਆਪਣੇ ਝੋਲੇ ਵਿਚੋਂ ਸੰਤਰਾ ਕੱਢ ਕੇ ਛਿਲਣ ਲੱਗ ਪਏ। ਸਾਹਮਣੇ ਬੈਠੀ ਗੋਰੀ ਮੈਡਮ ਦਾ ਬੱਚਾ ਉਨ੍ਹਾਂ ਵੱਲ ਗਹੁ ਨਾਲ ਦੇਖਣ ਲੱਗਾ। ਸਵਾਮੀ ਜੀ ਨੇ ਲਾਡ ਪਿਆਰ ਨਾਲ ਉਸ ਬੱਚੇ ਨੂੰ ਕੋਲ ਸੱਦ ਕੇ ਉਸ ਨੂੰ ਸੰਤਰੇ ਦੀਆਂ ਕੁਝ ਫਾੜੀਆਂ ਫੜਾ ਦਿਤੀਆਂ। ਜਦ ਉਹ ਬੱਚਾ ਸੰਤਰੇ ਦੀਆਂ ਫਾੜੀਆਂ ਲੈ ਕੇ ਵਾਪਸ ਆਪਣੀ ਮਾਂ ਕੋਲ ਆਇਆ ਤਾਂ ਅੱਗਿਉਂ ਉਹਦੀ ਮਾਂ ਉਸ ਨੂੰ ਕੁਝ ਗੁੱਸੇ ਨਾਲ ਘੂਰਨ ਲੱਗ ਪਈ।

ਇਹ ਵੇਖ ਕੇ ਸਵਾਮੀ ਜੀ ਨੇ ਬੜੀ ਨਿਮਰਤਾ ਨਾਲ ਗੋਰੀ ਨੂੰ ਕਿਹਾ, ਮੈਡਮ ਇਸ ਪਿਆਰੇ ਬੱਚੇ ਨੇ ਮੈਥੋਂ ਸੰਤਰਾ ਮੰਗਿਆ ਨਹੀਂ ਸੀ, ਸਗੋਂ ਮੈਂ ਹੀ ਮੋਹ ਨਾਲ ਇਸ ਨੂੰ ਦੋ ਕੁ ਫਾੜੀਆਂ ਦਿਤੀਆਂ ਹਨ, ਪਰ ਤੁਸੀ ਇਸ ਨੂੰ ਗੁੱਸੇ ਕਿਉਂ ਹੋ ਰਹੇ ਹੋ? ਮੈਡਮ ਕਹਿੰਦੀ, ਸ੍ਰੀਮਾਨ ਜੀ, ਮੈਂ ਇਸ ਨੂੰ ਗੁੱਸੇ ਇਸ ਕਰ ਕੇ ਹੋ ਰਹੀ ਹਾਂ, ਕਿਉਂਕਿ ਇਹ ਸੰਤਰਾ ਲੈ ਕੇ ਤੁਹਾਨੂੰ 'ਥੈਂਕ ਯੂ' ਕਹੇ ਬਗ਼ੈਰ ਹੀ ਮੇਰੇ ਕੋਲ ਆ ਗਿਆ। ਇਹ ਭਵਿਖ ਵਿਚ ਅਜਿਹੀ ਗਲਤੀ ਨਾ ਕਰੇ, ਇਸ ਲਈ ਇਹਨੂੰ ਸਬਕ ਦੇਣਾ ਜ਼ਰੂਰੀ ਸੀ।

---

ਹੁਣ ਜ਼ਮਾਨਾ ਭਾਵੇਂ ਬਹੁਤ ਤਰੱਕੀ ਕਰ ਗਿਆ ਹੈ ਅਤੇ ਤਾਲੀਮ ਦੇ ਪਸਾਰ ਸਦਕਾ ਥੈਂਕ ਯੂ, ਸ਼ੁਕਰੀਆ ਜਾਂ ਮੁਬਾਰਕਾਂ-ਜਿਹੇ ਤੇਹ-ਮੋਹ ਵਾਲੇ ਲਫਜ਼ ਅਕਸਰ ਸਾਡੇ ਕੰਨੀਂ ਪੈਂਦੇ ਰਹਿੰਦੇ ਹਨ, ਪਰ ਮੇਰੀ ਇਕ ਦਿਲਚਸਪ ਹੱਡਬੀਤੀ ਹੈ ਜਿਸ ਤੋਂ ਪਤਾ ਲਗਦਾ ਹੈ ਕਿ ਕੀਤੇ ਜਾਂ ਕਰਵਾਏ ਗਏ ਕੰਮਾਂ ਲਈ ਧੰਨਵਾਦ ਕਰਨ ਦਾ ਪੇਂਡੂਆਂ ਤੇ ਸ਼ਹਿਰੀਆਂ ਵਿਚ ਫਰਕ ਸਮਝਿਆ ਜਾਂਦਾ ਰਿਹਾ ਹੈ।

ਬੀਬੀ ਰਜਿੰਦਰ ਕੌਰ ਭੱਠਲ ਪੰਜਾਬ ਸਰਕਾਰ ਵਿਚ ਮੰਤਰੀ ਹੁੰਦੇ ਸਨ। ਉਨ੍ਹਾਂ ਦੇ ਮਹਿਕਮੇ ਵਿਚ ਕੰਮ ਕਰਦੇ ਮੇਰੇ ਰਿਸ਼ਤੇਦਾਰ ਦੀ ਦੂਰ-ਦੁਰਾਡੇ ਬਦਲੀ ਹੋ ਗਈ। ਅਸੀਂ ਬਦਲੀ ਰੁਕਵਾਉਣ ਲਈ ਅਜਿਹਾ ਅਕਾਲੀ ਜਥੇਦਾਰ ਲਭਿਆ, ਜਿਸ ਨੇ ਦਾਅਵਾ ਕੀਤਾ ਕਿ ਮੰਤਰੀ ਬੀਬੀ ਨਾਲ ਉਹਦੀ ਚਿਰੋਕਣੀ ਨੇੜਤਾ ਹੋਣ ਕਰ ਕੇ ਉਹ ਸਾਡਾ ਕੰਮ ਕਰਵਾ ਦੇਵੇਗਾ।

ਅਸੀਂ ਉਸ ਨੂੰ ਨਾਲ ਲੈ ਕੇ ਚੰਡੀਗੜ੍ਹ ਗਏ। ਬੀਬੀ ਨੇ ਬਹੁਤ ਆਉ-ਭਗਤ ਕੀਤੀ ਅਤੇ ਆਪਣੇ ਪੀ.ਏ. ਨੂੰ ਕਹਿ ਕੇ ਸਬੰਧਿਤ ਅਫਸਰ ਨੂੰ ਫੋਨ ਮਿਲਾਇਆ। ਸਾਡੇ ਸਾਹਮਣੇ ਹੀ ਉਸ ਨੂੰ ਸਾਡੇ ਰਿਸ਼ਤੇਦਾਰ ਕਰਮਚਾਰੀ ਦਾ ਨਾਂ ਤੇ ਪਤਾ ਦੱਸ ਕੇ ਬਦਲੀ ਰੱਦ ਕਰਨ ਲਈ ਆਖ ਦਿੱਤਾ।

ਅੱਠ-ਦਸ ਕੁ ਦਿਨ ਉਡੀਕਣ ਤੋਂ ਬਾਅਦ ਜਦ ਕੰਮ ਦੀ ਕੋਈ ਉਘ-ਸੁਘ ਨਾ ਨਿਕਲੀ ਤਾਂ ਅਸੀਂ ਉਸੇ ਜਥੇਦਾਰ ਨੂੰ ਨਾਲ ਲੈ ਕੇ ਫਿਰ ਚੰਡੀਗੜ੍ਹ ਚਾਲੇ ਪਾ ਦਿਤੇ। ਦਫਤਰ ਬੈਠੇ ਬੀਬੀ ਭੱਠਲ ਸਾਡੇ ਵਾਲੇ ਜਥੇਦਾਰ ਨੂੰ ਵੇਖ ਕੇ ਹੈਰਾਨੀ ਨਾਲ ਕਹਿੰਦੇ ਕਿ ਤੁਹਾਡਾ ਕੰਮ ਹੋਇਆ ਈ ਨਹੀਂ ਹਾਲੇ ਤੱਕ?

"ਓ ਬੀਬੀ ਜੀ, ਗੱਲ ਸੁਣੋ ਮੇਰੀ...!" ਸ਼ੁੱਧ ਪੇਂਡੂ ਜਥੇਦਾਰ ਠੇਠ ਪੰਜਾਬੀ 'ਚ ਕਹਿੰਦਾ, "ਮੰਤਰੀਆਂ-ਸੰਤਰੀਆਂ ਕੋਲੋਂ ਕੰਮ ਕਰਵਾਉਣ ਤੋਂ ਬਾਅਦ ਦੁਬਾਰਾ ਸ਼ਹਿਰੀਏ ਆਉਂਦੇ ਹੁੰਦੇ ਆ 'ਡੱਬਾ' ਲੈ ਕੇ। ਪੇਂਡੂ ਤਾਂ ਦੁਬਾਰਾ ਆਉਂਦੇ ਹੀ ਨਹੀਂ ਹੁੰਦੇ ਸ਼ੁਕਰਾਨਾ-ਸ਼ਕਰੂਨਾ ਕਰਨ! ਜੇ ਉਹ ਮੁੜ ਕੇ ਆ ਜਾਣ ਤਾਂ ਸਮਝ ਲਉ ਕਿ ਉਨ੍ਹਾਂ ਦਾ ਕੰਮ ਹੋਇਆ ਨਹੀਂ ਹੋਵੇਗਾ।"

ਜਥੇਦਾਰ ਨੇ ਤਨਜ਼ ਨਾਲ ਦੱਸ ਦਿਤਾ ਬੀਬੀ ਨੂੰ ਕਿ ਬਦਲੀ ਕੈਂਸਲ ਨਹੀਂ ਹੋਈ।

---

ਹੁਣ ਤਕ ਦੀ ਜ਼ਿੰਦਗੀ ਵਿਚ ਮੈਂ ਖੁਦ ਉਮੀਦਵਾਰ ਹੁੰਦਿਆਂ ਦੋ ਚੋਣਾਂ ਲੜੀਆਂ। ਸੌ ਤੋਂ ਵੱਧ ਪਿੰਡਾਂ ਅਤੇ ਕਸਬਿਆਂ, ਸ਼ਹਿਰਾਂ 'ਤੇ ਆਧਾਰਤ ਸ਼੍ਰੋਮਣੀ ਕਮੇਟੀ ਦੇ ਲੰਬੇ ਚੌੜੇ ਚੋਣ ਹਲਕੇ ਤੋਂ ਪਹਿਲਾਂ ਤੇ ਆਪਣੇ ਪਿੰਡ ਦੀ ਸਰਪੰਚੀ ਵਾਲੀ ਚੋਣ ਲੜਨ ਦਾ ਮਗਰੋਂ ਸਬੱਬ ਬਣਿਆ। ਸਾਡੇ ਪਿੰਡ ਦੇ ਸਿਆਸੀ ਹਾਲਾਤ ਤੋਂ ਚੰਗੀ ਤਰ੍ਹਾਂ ਵਾਕਿਫ ਮੇਰੇ ਪ੍ਰੋਫੈਸਰ ਮਿੱਤਰ ਨੇ ਮੈਨੂੰ ਖਬਰਦਾਰ ਕਰਦਿਆਂ ਸ਼ੰਕਾ ਜ਼ਾਹਰ ਕੀਤਾ ਕਿ ਸਾਰੀਆਂ ਚੋਣਾਂ ਨਾਲੋਂ ਪਿੰਡ ਦੀ ਸਰਪੰਚੀ ਵਾਲੀ ਚੋਣ ਕਈ ਪੱਖਾਂ ਤੋਂ ਸੰਵੇਦਨਸ਼ੀਲ ਤੇ ਕਿਸੇ ਹੱਦ ਤਕ 'ਖਤਰਨਾਕ' ਵੀ ਹੋ ਸਕਦੀ ਹੈ। ਉਸ ਦਾ ਫਿਕਰ ਇਹੀ ਸੀ ਕਿ ਖੁਦਾ ਨਾ ਖਾਸਤਾ, ਹਾਰ ਜਾਣ ਦੀ ਸੂਰਤ ਵਿਚ ਮੈਂ ਬੇਇਜ਼ਤੀ ਨਾ ਕਰਵਾ ਬੈਠਾਂ।

ਉਹੀ ਗੱਲ ਹੋਈ! ਅਤਿ ਦੀ ਅਕਾਊ ਤੇ ਥਕਾਊ ਇਸ ਚੋਣ ਵਿਚ ਭਾਵੇਂ ਮੇਰੇ ਹਮਾਇਤੀਆਂ ਨੇ ਅੱਸੀ ਤੋਂ ਨੱਬੇ ਵੋਟਾਂ ਦੇ ਫਰਕ ਨਾਲ ਜਿੱਤਣ ਦੇ ਅੰਦਾਜ਼ੇ ਲਾਏ ਹੋਏ ਸਨ, ਪਰ ਹੋਈ ਸਾਡੇ ਨਾਲ 'ਆਮ ਆਦਮੀ ਪਾਰਟੀ' ਵਾਲੀ ਹੀ। ਮਹਿਜ਼ ਦਸ ਬਾਰਾਂ ਵੋਟਾਂ ਨਾਲ ਮੈਨੂੰ ਜਿੱਤ ਨਸੀਬ ਹੋਈ।

ਖੈਰ ਮੈਂ ਜਿੱਤਣ ਸਾਰ ਸਭ ਤੋਂ ਪਹਿਲਾਂ ਖੁਸ਼ੀ 'ਚ ਖੀਵੇ ਹੁੰਦਿਆਂ ਉਸ ਪ੍ਰੋਫੈਸਰ ਮਿੱਤਰ ਨੂੰ ਖੁਸ਼ਖਬਰੀ ਸੁਣਾਈ। ਬਾਗੋ-ਬਾਗ ਹੁੰਦਿਆਂ ਉਸ ਨੇ ਮੈਨੂੰ ਵਧਾਈਆਂ ਦਿੱਤੀਆਂ। ਛੇਤੀ ਹੀ ਪਿੰਡ ਆ ਕੇ ਲੱਡੂ ਖਾਣ ਦੀ ਗੱਲ ਕਰਦਿਆਂ ਫੋਨ ਬੰਦ ਕਰ ਦਿਤਾ। ਹਮਾਇਤੀਆਂ ਦੇ ਘੜਮੱਸ ਵਿਚ ਬੈਠੇ ਨੂੰ ਪੰਜ-ਦਸ ਕੁ ਮਿੰਟ ਬਾਅਦ ਉਹਦਾ ਫਿਰ ਫੋਨ ਆ ਗਿਆ, ਪਰ ਉਹਦੇ ਮੂੰਹੋਂ ਉਹੀ 'ਵਧਾਈਆਂ ਹੋਣ' ਵਾਲੀ ਮੁਹਾਰਨੀ ਸੁਣ ਕੇ, ਮੈਂ ਨਿਮਰ ਭਾਵ ਨਾਲ ਪੁੱਛਿਆ ਕਿ ਪ੍ਰੋਫੈਸਰ ਸਾਹਿਬ, ਵਧਾਈਆਂ ਹੋ ਨਹੀਂ ਗਈਆਂ ਪਹਿਲੋਂ ਆਪਣੀਆਂ? ਉਸ ਬਾਰੀਕਬੀਨ ਬੁੱਧੀਵਾਨ ਦੋਸਤ ਨੇ ਜਵਾਬ ਵਜੋਂ ਜਿਹੜੇ ਸ਼ਬਦ ਕਹੇ, ਉਨ੍ਹਾਂ ਨੂੰ ਉਦੋਂ ਤੋਂ ਲੈ ਕੇ ਹੁਣ ਤੱਕ ਮੈਂ ਖੁਦ ਅਮਲ ਵਿਚ ਲਿਆਉਂਦਾ ਆ ਰਿਹਾ ਹਾਂ, ਜਦੋਂ ਵੀ ਕਿਤੇ ਅਜਿਹਾ ਮੌਕਾ-ਮੇਲ ਬਣੇ। ਪਤਾ ਉਸ ਨੇ ਬੜੇ ਮੋਹ ਭਿੱਜੇ ਸ਼ਬਦਾਂ ਵਿਚ ਕੀ ਕਿਹਾ?

ਕਹਿੰਦਾ, "ਸੱਜਣਾਂ, ਤੂੰ ਮੈਨੂੰ ਫੋਨ ਕਰ ਕੇ ਜਿੱਤਣ ਦੀ ਖੁਸ਼ਖਬਰੀ ਦਿੱਤੀ। ਉਸ ਦੇ ਜਵਾਬ ਵਿਚ ਮੈਂ ਵੀ ਖੁਸ਼ੀ ਦਾ ਇਜ਼ਹਾਰ ਕਰ ਦਿਤਾ। ਚਿੱਠੀ ਆਉਣ ਵਾਂਗ ਉਹ ਤੇਰਾ ਫੋਨ ਮੈਨੂੰ ਆਇਆ ਸੀ। ਮੇਰੇ ਵਲੋਂ ਤੈਨੂੰ ਵਧਾਈਆਂ ਤਾਂ ਹੁਣ ਦਿੱਤੀਆਂ ਜਾ ਰਹੀਆਂ ਨੇ।" ਹੈ ਕਿ ਨਹੀਂ, ਇਹ ਮੋਹ-ਮੁਹੱਬਤ ਤੇ ਅਪਣੱਤ ਨਾਲ ਲਬਾਲਬ ਭਰਿਆ ਅਨੋਖਾ ਨੁਸਖਾ?

---

ਸ਼ੁਕਰਾਨੇ ਬਾਰੇ ਇਕ ਹੋਰ ਦਿਲਚਸਪ ਘਟਨਾ ਮੇਰੇ ਨਾਲ ਅਮਰੀਕਾ ਵਿਚ ਵਾਪਰੀ। ਸਾਡੇ ਇਕ ਸੱਜਣ ਅਮਰੀਕਾ ਵਿਚ ਨਵੇਂ-ਨਵੇਂ ਆਏ ਸਨ। ਇਕ ਦਿਨ ਕਾਰ ਭਜਾਈ ਹਾਈਵੇ 'ਤੇ ਜਾ ਰਹੇ ਸਨ। ਡਰਾਈਵਿੰਗ ਦਾ ਬਹੁਤਾ ਤਜਰਬਾ ਨਾ ਹੋਣ ਕਰ ਕੇ ਤੇਲ ਦੱਸਣ ਵਾਲੀ ਸੂਈ ਵੱਲ ਧਿਆਨ ਹੀ ਨਾ ਮਾਰਿਆ। ਰੁਕਦੀ ਰੁਕਦੀ ਕਾਰ ਰੁਕ ਗਈ। ਇੰਨਾ ਸ਼ੁਕਰ ਕਿ ਬਾਹਰ ਵਾਲੀ ਲੇਨ ਵਿਚ ਹੋਣ ਕਰ ਕੇ ਕਾਰ ਛੇਤੀ ਪਾਸੇ ਕੱਢ ਲਈ। ਉਹ ਬਾਹਰ ਨਿਕਲ ਕੇ ਆਲਾ-ਦੁਆਲਾ ਵੇਖਣ ਲੱਗ ਪਏ। ਮੋਬਾਈਲ ਫੋਨ ਉਦੋਂ ਨਹੀਂ ਹੁੰਦੇ ਸਨ। ਕੀ ਕਰਨ? ਕੀਹਦੀ ਮਾਂ ਨੂੰ ਮਾਸੀ ਕਹਿਣ ਵਾਲੀ ਸਥਿਤੀ ਵਿਚ ਫਸ ਗਏ ਵਿਚਾਰੇ। ਰੱਬ ਆਸਰੇ ਡੋਰੀਆਂ ਸੁੱਟ ਕੇ ਕੀੜਿਆਂ ਦੇ ਭੌਣ ਵਾਂਗ ਆਉਂਦੀਆਂ-ਜਾਂਦੀਆਂ ਕਾਰਾਂ ਵੱਲ ਵੇਖੀ ਗਏ।

ਇੰਨੇ ਨੂੰ ਇਕ ਗੋਰੇ ਨੇ ਉਨ੍ਹਾਂ ਦੀ ਕਾਰ ਅੱਗੇ ਆਪਣੀ ਗੱਡੀ ਖੜ੍ਹਾ ਦਿਤੀ। ਤੇਲ ਮੁੱਕ ਜਾਣ ਦੀ ਗੱਲ ਸੁਣ ਕੇ ਉਸ ਨੇ ਆਪਣੀ ਗੱਡੀ ਵਿਚ ਐਮਰਜੈਂਸੀ ਲਈ ਰੱਖੇ ਹੋਏ ਜੁਗਾੜ ਨਾਲ ਇਨ੍ਹਾਂ ਦੀ ਕਾਰ ਵਿਚ ਗੁਜ਼ਾਰੇ ਜੋਗਾ ਤੇਲ ਪਾ ਦਿੱਤਾ। ਸੱਜਣ ਜੀ ਨੇ ਜਦੋਂ ਬੜੀ ਨਿਮਰਤਾ ਨਾਲ ਗੋਰੇ ਨੂੰ 'ਥੈਂਕ ਯੂ' ਕਿਹਾ ਤਾਂ ਉਸ ਨੇ ਇਨ੍ਹਾਂ ਨੂੰ ਥੈਂਕਸ ਕਰਨ ਦੇ ਨਾਲ-ਨਾਲ ਇਕ ਹੋਰ ਪ੍ਰਣ ਕਰਨ ਲਈ ਬੇਨਤੀ ਕੀਤੀ। ਕਹਿਣ ਲੱਗਾ, ਮਾਈ ਡੀਅਰ, ਜਦੋਂ ਵੀ ਤੁਹਾਨੂੰ ਕਿਤੇ ਕੋਈ ਸੜਕ ਕਿਨਾਰੇ ਤੁਹਾਡੇ ਵਾਂਗ ਖੜ੍ਹਾ ਹੋਇਆ ਬੰਦਾ ਵਿਖਾਈ ਦੇਵੇ, ਤਦ ਉਸ ਕੋਲੋਂ ਚੁੱਪ ਕਰ ਕੇ ਨਹੀਂ ਲੰਘਣਾ। ਉਸ ਦੀ ਯਥਾ-ਸ਼ਕਤਿ ਮਦਦ ਜ਼ਰੂਰ ਕਰਨਾ। ਇਹੋ ਜਿਹੇ ਮੌਕੇ ਹਮੇਸ਼ਾ ਅੱਜ ਵਾਲੇ ਵਾਕਿਆ ਨੂੰ ਯਾਦ ਰੱਖਿਉ!

# ਹੁਣ ਸਿੱਖ ਲਹਿਰ ਜਮਾਤੀ ਸੰਘਰਸ਼ ਦੀ ਨੁਮਾਇੰਦਾ ਲਹਿਰ ਨਹੀਂ ਰਹੀ

ਪਿਛਲੇ ਦਿਨੀਂ ਪਿੰਡ ਟੌਹੜਾ ਦੀ ਦਲਿਤ ਵਿਦਿਆਰਥਣ ਵੀਰਪਾਲ ਕੌਰ ਨਾਲ ਹੋਈ ਕੁੱਟਮਾਰ ਅਤੇ ਦੁਰਵਿਹਾਰ ਦੀਆਂ ਖਬਰਾਂ ਆਈਆਂ। ਕਈ ਜਥੇਬੰਦੀਆਂ ਦੇ ਆਗੂਆਂ ਨੇ ਇਸ ਮਸਲੇ ਨੂੰ ਉਭਾਰਿਆ। ਪਹਿਲਾਂ ਇਸ ਮਾਮਲੇ ਬਾਰੇ ਸਰਕਾਰ ਅਤੇ ਜਥੇਬੰਦੀਆਂ ਨੇ ਬਹੁਤਾ ਕੁਝ ਨਹੀਂ ਕੀਤਾ ਪਰ ਜਦੋਂ ਇਹ ਖਬਰਾਂ ਸਾਰੇ ਪਾਸੇ ਫੈਲ ਗਈਆਂ ਤਾਂ ਸਰਕਾਰ ਨੇ ਸਾਰੇ ਸਟਾਫ ਦਾ ਤਬਾਦਲਾ ਕੀਤਾ ਅਤੇ ਦਲਿਤ ਲੜਕੀ ਨੂੰ ਇਨਸਾਫ ਦਿਵਾਉਣ ਦੀ ਗੱਲ ਕੀਤੀ ਗਈ।

ਵੀਰਪਾਲ ਕੌਰ ਨਾਲ ਵਧੀਕੀ ਦਾ ਇਹ ਮਾਮਲਾ ਨਾ ਤਾਂ ਪਹਿਲਾ ਹੈ ਅਤੇ ਨਾ ਆਖਰੀ।

ਹਜ਼ਾਰਾ ਸਿੰਘ
ਫੋਨ: 905-795-3428

ਦਲਿਤਾਂ ਨਾਲ ਵਧੀਕੀਆਂ ਅਤੇ ਦੁਰਵਿਹਾਰ ਦੇ ਮਾਮਲੇ ਬਾਕੀ ਦੇਸ਼ ਵਾਂਗ ਪੰਜਾਬ 'ਚ ਵੀ ਵਾਪਰਦੇ ਰਹਿੰਦੇ ਹਨ। ਬਹੁਤੇ ਮਾਮਲਿਆਂ ਦੀ ਕੋਈ ਚਰਚਾ ਵੀ ਨਹੀਂ ਹੁੰਦੀ। ਮਾਮਲਾ ਕੇਵਲ ਦੁਰਵਿਹਾਰ ਦਾ ਹੀ ਨਹੀਂ ਹੈ, ਕਦੇ ਕਦੇ ਪੰਜਾਬ ਦੇ ਸਿੱਖ ਜ਼ਿਮੀਦਾਰਾਂ ਵੱਲੋਂ ਗਰੀਬ ਸਿੱਖਾਂ (ਖਾਸ ਕਰਕੇ ਦਲਿਤਾਂ) ਨੂੰ ਬੰਧੂਆ ਮਜ਼ਦੂਰਾਂ ਵਾਂਗ ਰੱਖੇ ਜਾਣ ਸੰਬੰਧੀ ਵੀ ਖਬਰਾਂ ਆਉਂਦੀਆਂ ਰਹਿੰਦੀਆਂ ਹਨ। ਦਲਿਤਾਂ ਨੂੰ ਗੁਰਦੁਆਰੇ ਦੇ ਭਾਂਡੇ ਨਾ ਦੇਣ ਜਾਂ ਪਾਠ ਲਈ ਗੁਰੂ ਗ੍ਰੰਥ ਸਾਹਿਬ ਦੀ ਬੀੜ ਨਾ ਦੇਣ ਦੀਆਂ ਖਬਰਾਂ ਵੀ ਅਕਸਰ ਛਪਦੀਆਂ ਰਹਿੰਦੀਆਂ ਹਨ। ਪੰਜਾਬ ਵਿਚ ਦਲਿਤਾਂ ਨਾਲ ਹੋ ਰਹੇ ਇਸ ਵਤੀਰੇ ਨੂੰ ਕਈ ਹਲਕਿਆਂ ਨੇ ਸਿੱਖ ਸਿਧਾਂਤਾਂ ਦੇ ਨਜ਼ਰੀਏ ਤੋਂ ਵੇਖਣ ਦੀ ਕੋਸ਼ਿਸ਼ ਕੀਤੀ, ਕਈਆਂ ਨੇ ਇਸ ਦੇ ਹੱਲ ਲਈ ਅਕਾਲ ਤਖਤ ਦੇ ਸਹਿਯੋਗ ਨਾਲ ਕੋਈ ਯੋਜਨਾ ਬਣਾਏ ਜਾਣ ਦੀ ਲੋੜ ਮਹਿਸੂਸ ਕੀਤੀ। ਸ਼੍ਰੋਮਣੀ ਕਮੇਟੀ ਵੀ ਕਦੇ ਕਦੇ ਕੋਈ ਹਲਕਾ ਫੁਲਕਾ ਬਿਆਨ ਇਸ ਮਸਲੇ ਪ੍ਰਤੀ ਦੇ ਕੇ ਹਾਜ਼ਰੀ ਲਵਾ ਛਡਦੀ ਹੈ। ਪਰ ਦਲਿਤਾਂ ਨਾਲ ਹੁੰਦੇ ਇਸ ਮਾੜੇ ਵਿਹਾਰ ਪ੍ਰਤੀ ਸਿੱਖ ਜਥੇਬੰਦੀਆਂ ਤਕਰੀਬਨ ਖਾਮੋਸ਼ ਹੀ ਰਹਿੰਦੀਆਂ ਹਨ। ਹੁਣ ਵੀਰਪਾਲ ਕੌਰ ਦੇ ਕੇਸ ਵਿਚ ਵੀ ਐਸਾ ਹੀ ਵਾਪਰਿਆ ਹੈ। ਦਲਿਤ ਸੰਘਰਸ਼ ਵਿਚ ਲਾਲ ਝੰਡੇ ਤਾਂ ਨਜ਼ਰ ਆਉਂਦੇ ਹਨ ਪਰ ਪੰਥਕ ਜਥੇਬੰਦੀਆਂ ਸਮੇਤ ਪੀਲਾ ਝੰਡਾ ਗੈਰ ਹਾਜ਼ਿਰ ਹੁੰਦਾ ਹੈ।

ਕੀ ਸਿੱਖ ਲਹਿਰ ਦੇ ਮੌਜੂਦਾ ਸਰੂਪ ਵਿਚ ਇਨ੍ਹਾਂ ਦਲਿਤਾਂ ਦੀ ਬੰਦ ਖਲਾਸੀ ਦੇ ਕੋਈ ਤੱਤ ਮੌਜੂਦ ਹਨ? ਆਓ, ਇਸ ਬਾਰੇ ਸਿੱਖ ਲਹਿਰ ਦੇ ਇਤਿਹਾਸਕ ਪ੍ਰਸੰਗ ਤੋਂ ਵਿਚਾਰ ਕਰੀਏ।

ਸਿੱਖ ਲਹਿਰ ਦਾ ਮੁਢਲਾ ਉਦੇਸ਼ ਮਨੁਖੀ ਬਰਾਬਰੀ ਕਾਇਮ ਕਰਨਾ ਸੀ। ਸ਼ੁਰੂਆਤੀ ਦੌਰ ਵਿਚ ਇਹ ਲਹਿਰ ਸਮਾਜਿਕ ਬਰਾਬਰੀ ਦੀ ਪ੍ਰਾਪਤੀ ਦੇ ਸੰਘਰਸ਼ ਵਜੋਂ ਉਭਰੀ। ਇਸ ਦੌਰ ਵਿਚ ਜਾਤ-ਪਾਤ, ਊਚ-ਨੀਚ, ਛੂਆ-ਛਾਤ ਆਦਿ ਬੁਰਾਈਆਂ ਖਿਲਾਫ ਮੁਹਿੰਮ ਚੱਲੀ। ਸਭ ਮਨੁਖਾਂ ਦੇ ਬਰਾਬਰ ਹੋਣ ਦਾ ਪ੍ਰਚਾਰ ਹੋਇਆ ਅਤੇ ਸਿੱਖ ਲਹਿਰ ਵਿਚ ਸਭ ਨੂੰ ਅਮਲੀ ਤੌਰ 'ਤੇ ਬਰਾਬਰ ਦਾ ਸਤਿਕਾਰ ਦੇ ਕੇ ਨਿਵਾਜਿਆ ਜਾਣ ਲਗਾ। ਮੁਖ ਤੌਰ 'ਤੇ ਮਨੁਖੀ ਬਰਾਬਰੀ ਬਾਰੇ ਇਸ ਧਾਰਨਾ ਨੂੰ ਪ੍ਰਫੁਲਤ ਕਰਨ ਦੇ ਯਤਨ ਕੀਤੇ ਗਏ ਕਿ ਮਨੁਖ ਆਪਣੇ ਕੀਤੇ ਚੰਗੇ-ਮਾੜੇ ਕੰਮਾਂ ਕਾਰਨ ਉਚਾ ਜਾਂ ਨੀਵਾਂ ਹੁੰਦਾ ਹੈ, ਨਾ ਕਿ ਆਪਣੀ ਜਾਤ ਕਾਰਨ। ਇਸ ਦੇ ਨਾਲ ਹੀ ਫਜ਼ੂਲ ਕਿਸਮ ਦੀਆਂ ਪਰੰਪਰਾਗਤ ਧਾਰਮਿਕ ਰਸਮਾਂ ਦੇ ਜੂੜ ਖੋਲ੍ਹਣ ਦੇ ਯਤਨ ਵੀ ਕੀਤੇ ਗਏ। ਸੰਗਠਿਤ ਧਰਮਾਂ ਦੇ ਜੂਲੇ ਹੇਠੋਂ ਮੁਕਤ ਹੋਣ ਲਈ ਸੰਘਰਸ਼ ਦੀ ਸ਼ੁਰੂਆਤ ਉਸ ਵਕਤ ਦੇ ਇਨਸਾਨਾਂ ਲਈ ਆਜ਼ਾਦੀ ਵਲ ਪੁਟਿਆ ਇਕ ਅਹਿਮ ਕਦਮ ਸੀ। ਇਸ ਦੇ ਨਾਲ ਹੀ ਸਮਾਜ ਵਿਚ ਔਰਤ ਦੇ ਯੋਗਦਾਨ ਨੂੰ ਅਹਿਮੀਅਤ ਦਿਤੇ ਜਾਣ ਦਾ ਵਿਚਾਰ ਪੁੰਗਰਿਆ। ਸਮਾਜ ਵਿਚ ਔਰਤ ਦੇ ਸਤਿਕਾਰ ਦੀ ਗੱਲ ਚੱਲੀ। ਸਮਾਜਿਕ ਰੂਪ ਵਿਚ ਸ਼ੁਰੂ ਹੋਈ ਤਬਦੀਲੀ ਦੀ ਇਸ ਲਹਿਰ ਵਿਚੋਂ ਅੱਗੇ ਜਾ ਕੇ ਇਕ ਪੂਰਨ ਇਨਕਲਾਬ ਦੇ ਨਕਸ਼ ਉਭਰਨ ਲੱਗੇ। ਇਹ ਲਹਿਰ ਸਥਾਪਿਤ ਰਾਜਾਸ਼ਾਹੀ ਅਤੇ ਜਗੀਰਦਾਰੂ ਢਾਂਚੇ ਖਿਲਾਫ ਇਕ ਲੋਕ ਲਹਿਰ ਵਜੋਂ ਉਭਰਨ ਲੱਗੀ, ਜਿਸ ਨੇ ਹਥਿਆਰਬੰਦ ਟੱਕਰਾਂ ਦੀਆਂ ਛੋਟੀਆਂ ਪਗਡੰਡੀਆਂ ਸਿਰਜੀਆਂ। ਆਖਿਰ 1710 ਈਸਵੀ ਵਿਚ, ਜਦੋਂ ਯੂਰਪ ਵਿਚ ਅਜੇ ਕਿਸੇ ਇਨਕਲਾਬ ਦੀ ਚਿਣਗ ਵੀ ਪੈਦਾ ਨਹੀਂ ਸੀ ਹੋਈ, ਪੰਜਾਬ ਦੀ ਧਰਤੀ 'ਤੇ ਬਾਬਾ ਬੰਦਾ ਸਿੰਘ ਦੀ ਅਗਵਾਈ ਵਿਚ ਲੋਕ ਸ਼ਕਤੀ ਰਾਜਾਸ਼ਾਹੀ ਨਾਲ ਟਕਰਾ ਗਈ, ਜਿਸ ਨੇ ਸਥਾਪਿਤ ਰਾਜਾਸ਼ਾਹੀ ਦੇ ਖੰਡਰਾਂ ਉਪਰ ਮੂਲੋਂ ਹੀ ਨਵੀਂ ਕਿਸਮ ਦੇ ਇਨਕਲਾਬ ਦਾ ਪਰਚਮ ਲਹਿਰਾ ਦਿਤਾ। ਜਗੀਰਦਾਰੂ ਢਾਂਚਾ ਤਬਾਹ ਕਰਕੇ ਮੁਜ਼ਾਰਾਸ਼ਾਹੀ ਦਾ ਭੋਗ ਪਾ ਦਿਤਾ ਗਿਆ। ਹਲ ਵਾਹਕਾਂ ਨੂੰ ਜ਼ਮੀਨਾਂ ਦੇ ਮਾਲਕ ਬਣਾ ਦਿਤਾ ਗਿਆ। ਇਸ ਤਰ੍ਹਾਂ ਇਸ ਖਿੱਤੇ ਦੇ ਪੈਦਾਵਾਰੀ ਸਾਧਨ ਕੁਝ ਗਿਣਤੀ ਦੇ ਲੋਕਾਂ ਹੱਥੋਂ ਨਿਕਲ ਕੇ ਆਮ ਲੋਕਾਂ ਦੀ ਮਲਕੀਅਤ ਬਣ ਗਏ। ਨਵੇਂ ਰਾਜਨੀਤਕ ਪ੍ਰਬੰਧ ਵਿਚ ਲੋਕ ਰਾਜੇ ਦੀ ਪਰਜਾ ਨਾ ਰਹਿ ਕੇ ਰਾਜਨੀਤਕ ਸੱਤ੍ਹਾ ਵਿਚ ਭਾਈਵਾਲ ਬਣ ਗਏ। ਇਸ ਤਰ੍ਹਾਂ ਸਮਾਜਕ, ਧਾਰਮਕ ਖੇਤਰਾਂ ਵਿਚ ਦੀ ਆਪਣਾ ਪੈਂਡਾ ਤੈਅ ਕਰਦੀ ਹੋਈ ਸਿੱਖ ਲਹਿਰ ਰਾਜਨੀਤਕ ਅਤੇ ਆਰਥਿਕ ਪ੍ਰਬੰਧ ਨੂੰ ਮੂਲੋਂ ਹੀ ਬਦਲ ਦੇਣ ਵਾਲੇ ਪੂਰਨ ਇਨਕਲਾਬ ਦੇ ਨੇੜੇ ਪਹੁੰਚ ਗਈ, ਪਰ ਆਪਣੇ ਸੀਮਿਤ ਸਾਧਨਾਂ ਅਤੇ ਹਕੂਮਤੀ ਜ਼ਬਰ ਕਾਰਨ ਇਹ ਲਹਿਰ ਬਹੁਤਾ ਚਿਰ ਟਿਕ ਨਾ ਸਕੀ। ਭਾਵੇਂ ਇਸ ਥੋੜ-ਚਿਰੇ ਇਨਕਲਾਬੀ ਚਮਕਾਰੇ ਦੇ ਪ੍ਰਭਾਵ ਅਜ ਤਾਂਈ ਕਾਇਮ ਹਨ ਪਰ ਬਾਅਦ ਵਿਚ ਸਾਜ਼ਗਰ ਹਾਲਾਤ ਪੈਦਾ ਹੋਣ ਦੇ ਬਾਵਜੂਦ ਵੀ ਇਹ ਲਹਿਰ ਇਕ ਪੂਰਨ ਇਨਕਲਾਬ ਵੱਲ ਅੱਗੇ ਨਾ ਵਧ ਸਕੀ। ਇਸ ਦਾ ਮੁੱਖ ਕਾਰਨ ਇਸ ਲਹਿਰ ਵਿਚ ਪੈਦਾ ਹੋਏ ਕਈ ਐਬ ਸਨ। 1765 ਈਸਵੀ ਦੇ ਆਸ-ਪਾਸ ਜਦੋਂ ਚਿਰਾਂ ਤੋਂ ਸਥਾਪਤ ਰਾਜਾਸ਼ਾਹੀ ਮਰਨੇ ਪਈ ਹੋਈ ਸੀ, ਬਾਹਰਲੇ ਹਮਲੇ ਬੰਦ ਹੋ ਗਏ ਸਨ ਤਾਂ ਸਿੱਖ ਲਹਿਰ ਦੀਆਂ ਝੰਡਾ ਬਰਦਾਰ ਮਿਸਲਾਂ ਲੋਕ ਸ਼ਕਤੀ ਨੂੰ ਉਭਾਰ ਕੇ ਇਨਕਲਾਬ ਦੇ ਅਧੂਰੇ ਰਹਿ ਗਏ ਕਾਰਜ ਨੂੰ ਅੱਗੇ ਵਧਾਉਣ ਦੀ ਥਾਂ ਸਿਧਾਂਤਕ ਤੌਰ 'ਤੇ ਜਗੀਰਦਾਰੀ ਰੁਚੀਆਂ ਦਾ ਸ਼ਿਕਾਰ ਹੋ ਗਈਆਂ। ਇਸ ਤਰ੍ਹਾਂ ਇਹ ਸੰਘਰਸ਼ ਜਮਾਤੀ ਸੰਘਰਸ਼ ਦਾ ਗੂੜ੍ਹਾ ਰੰਗ ਫੜ੍ਹ ਕੇ ਕੋਈ ਇਤਿਹਾਸਕ ਜਲਵਾ ਦਿਖਾਉਣ ਤੋਂ ਪਹਿਲਾਂ ਹੀ ਇਨਕਲਾਬ ਦੀ ਪਟੜੀ ਤੋਂ ਲਹਿ ਗਿਆ। ਮਿਸਲਦਾਰਾਂ ਅੰਦਰ ਜਾਤੀ ਹਉਮੈ, ਰਾਜਸੱਤ੍ਹਾ ਦਾ ਮਜ਼ਾ ਮਾਨਣ ਦੀ ਲਲਕ ਅਤੇ ਪੁਰਾਣੀ ਰਾਜਾਸ਼ਾਹੀ ਵਾਲੀਆਂ ਧੱਕੜ, ਹੈਂਕੜਬਾਜ਼ ਅਤੇ ਲੋਕ ਦਬਾਊ ਕਰੁਚੀਆਂ ਪ੍ਰਬਲ ਹੋ ਜਾਣ ਨਾਲ ਕੇਵਲ ਇਨਕਲਾਬ ਨੂੰ ਹੀ ਪੁਠਾ ਗੇੜਾ ਨਹੀਂ ਆਇਆ ਸਗੋਂ ਇਨਕਲਾਬੀ ਸੋਚ ਵੀ ਗ੍ਰਹਿਣੀ ਗਈ।

***ਰਣਜੀਤ ਸਿੰਘ ਤੋਂ ਬਾਅਦ 1870 ਈਸਵੀ ਦੇ ਆਸ ਪਾਸ ਸ਼ੁਰੂ ਹੋਈ ਸਿੱਖ ਜਾਗ੍ਰਿਤੀ ਲਹਿਰ ਦੇ ਆਗੂਆਂ ਨੇ ਇਸ ਨੂੰ ਇਕ ਸੰਗਠਿਤ ਧਰਮ ਦਾ ਰੂਪ ਦੇਣ ਲਈ ਜ਼ੋਰ ਲਾ ਦਿਤਾ। ਜਿਵੇਂ ਜਿਵੇਂ ਸੰਗਠਨ ਮਜ਼ਬੂਤ ਹੁੰਦਾ ਗਿਆ, ਇਸ ਲਹਿਰ ਵਿਚੋਂ ਇਕ ਨਵੀਂ-ਨਰੋਈ ਲਹਿਰ ਵਾਲੀ ਤਾਜ਼ਗੀ ਅਤੇ ਖੁਸ਼ਬੂ ਖਤਮ ਹੋਣੀ ਸ਼ੁਰੂ ਹੋ ਗਈ। ਇਸ ਦੇ ਜਮਾਤੀ ਸੰਘਰਸ਼ ਦੀ ਨੁਮਾਇੰਦਗੀ ਕਰਨ ਵਾਲੇ ਖਾਸੇ ਦਾ ਖਾਤਮਾ ਹੋ ਗਿਆ। ਇਸ ਵਿਚ ਇਕ ਸੰਗਠਿਤ ਧਰਮ ਵਾਲੇ ਸਾਰੇ ਐਬਾਂ, ਜਿਵੇਂ ਕਬਜ਼ੇ ਦੀ ਭਾਵਨਾ, ਧਰਮ ਸੱਤ੍ਹਾ ਨੂੰ ਰਾਜਨੀਤਕ ਤਾਕਤ ਲਈ ਪੌੜੀ ਵਜੋਂ ਵਰਤਣਾ, ਲੋਕਾਂ ਦੀ ਸੋਚ ਅਤੇ ਰੋਹ ਨੂੰ ਲੋਕ ਹਿਤੈਸ਼ੀ ਦਿਸ਼ਾ ਤੋਂ ਭਟਕਾਉਣਾ, ਲੋਕ ਸ਼ਕਤੀ ਨੂੰ ਫਿਰਕਿਆਂ ਵਿਚ ਵੰਡ ਕੇ ਕਮਜ਼ੋਰ ਕਰਨਾ ਆਦਿ ਦਾ ਪਸਾਰਾ ਹੋ ਗਿਆ।***

18ਵੀਂ ਸਦੀ ਦੇ ਅਖੀਰਲੇ ਦਹਾਕੇ ਵਿਚ ਜਦੋਂ ਫਰਾਂਸ ਵਿਚ ਰਾਜਾਸ਼ਾਹੀ ਨੂੰ ਤਬਾਹ ਕਰਕੇ ਲੋਕਸ਼ਾਹੀ ਦਾ ਝੰਡਾ ਬੁਲੰਦ ਕਰਨ ਲਈ ਲੋਕ ਇਨਕਲਾਬ ਆਪਣੇ ਸਿਖਰ ਵਲ ਵਧ ਰਿਹਾ ਸੀ ਤਾਂ ਐਨ ਉਸੇ ਸਮੇਂ ਪੰਜਾਬ ਦੀ ਧਰਤੀ 'ਤੇ ਜਿਥੇ 80 ਵਰ੍ਹੇ ਪਹਿਲਾਂ ਲੋਕ ਇਨਕਲਾਬ ਨੇ ਬਿਜਲੀ ਵਰਗੀ ਥੋੜ-ਚਿਰੀ ਲਿਸ਼ਕ ਮਾਰੀ ਸੀ, ਰਣਜੀਤ ਸਿੰਘ ਇਨਕਲਾਬੀ ਲੋਕ ਲਹਿਰ ਨੂੰ ਕੁਰਾਹੇ ਪਾ ਕੇ ਮਰਦੀ ਜਾ ਰਹੀ ਰਾਜਾਸ਼ਾਹੀ ਪਰੰਪਰਾ ਨੂੰ ਮੁੜ ਜੀਵਿਤ ਕਰਕੇ ਆਪ ਮਹਾਰਾਜਾ ਬਣਨ ਦੇ ਇਨਕਲਾਬ ਵਿਰੋਧੀ ਪੁਠੇ ਕੰਮਾਂ ਵਿਚ ਗਲਤਾਨ ਸੀ। ਉਸ ਦੇ ਮਹਾਰਾਜਾ ਬਣਨ ਨਾਲ ਸਿੱਖ ਲਹਿਰ ਰਾਹੀਂ ਸ਼ੁਰੂ ਹੋਏ ਲੋਕ ਸੰਘਰਸ਼ ਦਾ ਇਕ ਅਧਿਆਏ ਖਤਮ ਹੋ ਗਿਆ ਅਤੇ ਇਹ ਲੋਕ ਲਹਿਰ ਇਕ ਪ੍ਰਚੰਡ ਇਨਕਲਾਬੀ ਲਹਿਰ ਦਾ ਰੂਪ ਧਾਰਨ ਦੀ ਥਾਂ ਜਗੀਰਦਾਰੂ ਰੁਚੀਆਂ ਦੀ ਵਲਗਣ ਅੰਦਰ ਕੈਦ ਹੋ ਕੇ ਰਹਿ ਗਈ।

ਰਣਜੀਤ ਸਿੰਘ ਤੋਂ ਬਾਅਦ 1870 ਈਸਵੀ ਦੇ ਆਸ ਪਾਸ ਸ਼ੁਰੂ ਹੋਈ ਸਿੱਖ ਜਾਗ੍ਰਿਤੀ ਲਹਿਰ ਦੇ ਆਗੂਆਂ ਨੇ ਇਸ ਨੂੰ ਇਕ ਸੰਗਠਿਤ ਧਰਮ ਦਾ ਰੂਪ ਦੇਣ ਲਈ ਜ਼ੋਰ ਲਾ ਦਿਤਾ। ਜਿਵੇਂ ਜਿਵੇਂ ਸੰਗਠਨ ਮਜ਼ਬੂਤ ਹੁੰਦਾ ਗਿਆ, ਇਸ ਲਹਿਰ ਵਿਚੋਂ ਇਕ ਨਵੀਂ-ਨਰੋਈ ਲਹਿਰ ਵਾਲੀ ਤਾਜ਼ਗੀ ਅਤੇ ਖੁਸ਼ਬੂ ਖਤਮ ਹੋਣੀ ਸ਼ੁਰੂ ਹੋ ਗਈ। ਇਸ ਦੇ ਜਮਾਤੀ ਸੰਘਰਸ਼ ਦੀ ਨੁਮਾਇੰਦਗੀ ਕਰਨ ਵਾਲੇ ਖਾਸੇ ਦਾ ਖਾਤਮਾ ਹੋ ਗਿਆ। ਇਸ ਵਿਚ ਇਕ ਸੰਗਠਿਤ ਧਰਮ ਵਾਲੇ ਸਾਰੇ ਐਬਾਂ, ਜਿਵੇਂ ਕਬਜ਼ੇ ਦੀ ਭਾਵਨਾ, ਧਰਮ ਸੱਤ੍ਹਾ ਨੂੰ ਰਾਜਨੀਤਕ ਤਾਕਤ ਲਈ ਪੌੜੀ ਵਜੋਂ ਵਰਤਣਾ, ਲੋਕਾਂ ਦੀ ਸੋਚ ਅਤੇ ਰੋਹ ਨੂੰ ਲੋਕ ਹਿਤੈਸ਼ੀ ਦਿਸ਼ਾ ਤੋਂ ਭਟਕਾਉਣ, ਲੋਕ ਸ਼ਕਤੀ ਨੂੰ ਫਿਰਕਿਆਂ ਵਿਚ ਵੰਡ ਕੇ ਕਮਜ਼ੋਰ ਕਰਨ ਆਦਿ ਦਾ ਪਸਾਰਾ ਹੋ ਗਿਆ। ਇਨ੍ਹਾਂ ਐਬਾਂ ਦੀ ਮਾਰ ਹੇਠ ਆਈ ਸਿੱਖ ਲਹਿਰ ਜਮਾਤੀ ਸੰਘਰਸ਼ ਤਿੱਖਾ ਕਰਨ ਵਿਚ ਕੋਈ ਹਿੱਸਾ ਪਾਉਣ ਦੀ ਥਾਂ ਸਥਾਪਤੀ ਦੇ ਹੱਕ 'ਚ ਭੁਗਤਣ ਲਗ ਪਈ।

ਪਿਛਲੇ ਸੱਠ ਸਾਲਾਂ ਦੌਰਾਨ ਸਿੱਖ ਧਰਮ ਦੇ ਢਾਂਚੇ ਉਪਰ ਕਾਬਿਜ਼ ਲੋਕਾਂ ਨੇ ਇਸ ਧਰਮ ਦੀ ਕਲਾ ਉਸੇ ਤਰ੍ਹਾਂ ਹੀ ਮਰੋੜ ਕੇ ਰੱਖੀ ਹੈ ਜਿਸ ਤਰ੍ਹਾਂ ਉਨ੍ਹਾਂ ਦੇ (ਜਗੀਰਦਾਰੂ) ਹਿਤਾਂ ਨੂੰ ਮਾਫਕ ਬੈਠਦਾ ਹੋਏ। ਪਿਛਲੀ ਸਦੀ ਦੇ 80ਵਿਆਂ ਦੇ ਦਹਾਕੇ ਦੌਰਾਨ ਪੰਜਾਬ ਵਿਚ ਚੱਲੀ ਲਹਿਰ ਦੌਰਾਨ ਜੇ ਲੋਕ ਹਿਤਾਂ ਦੀ ਤਰਜਮਾਨੀ ਕਰਨ ਵਾਲੀਆਂ ਕੁਝ ਤਰੰਗਾਂ ਪੈਦਾ ਵੀ ਹੋਈਆਂ, ਤਾਂ ਉਹ ਫਿਰਕੂ ਬਿਰਤੀਆਂ ਅਤੇ ਕੱਟੜਤਾ ਦੀਆਂ ਜ਼ੋਰਦਾਰ ਗੂੜ੍ਹੀਆਂ ਤਰੰਗਾਂ ਹੇਠ ਮਸਲੀਆਂ ਗਈਆਂ। ਅਜ ਦੇ ਆਗੂ ਜਗੀਰਦਾਰੂ ਰੁਚੀਆਂ ਦੇ ਨਾਲ ਨਾਲ ਸਰਮਾਏਦਾਰੀ ਜਮਾਤ ਦੇ ਭਿਆਲ ਵੀ ਬਣ ਗਏ ਹਨ ਜਿਨ੍ਹਾਂ ਦੇ ਜਾਤੀ ਅਤੇ ਜਮਾਤੀ ਹਿਤ ਆਮ ਲੋਕਾਂ (ਭਾਵੇਂ ਉਹ ਸਿੱਖ ਹੀ ਕਿਉਂ ਨਾ ਹੋਣ) ਨਾਲੋਂ ਵਖਰੇ ਹਨ। ਇਹੋ ਕਾਰਨ ਹੈ ਕਿ ਅਜ ਦੇ ਜਮਾਤੀ ਸੰਘਰਸ਼ ਵਿਚੋਂ ਸਿੱਖ ਲਹਿਰ ਗਾਇਬ ਹੈ। ਅਜ ਹੀ ਗਾਇਬ ਨਹੀਂ ਹੈ, ਅਸਲ ਵਿਚ ਲੋਕ ਹਿਤੈਸ਼ੀ ਪੈਂਤੜੇ ਤੋਂ ਖਿੜਕ ਕੇ ਇਹ ਲਹਿਰ ਮਿਸਲਾਂ ਵੇਲੇ ਹੀ ਜਮਾਤੀ ਸੰਘਰਸ਼ ਦੀ ਨੁਮਾਇੰਦਗੀ ਕਰਨ ਦੇ ਰਾਹੋਂ ਭਟਕ ਗਈ ਸੀ। ਐਵੇਂ ਨਹੀਂ ਸੀ ਗਿਆਨੀ ਗਿਆਨ ਸਿੰਘ ਨੂੰ ਲਿਖਣਾ ਪਿਆ:

ਇਸ ਦੇਸ ਤੇ ਸਿੱਖੀ ਉਠ ਗਈ,
ਦੂਰਿ ਜਾਇ ਲੀਤੀ ਵਾਸਿ।

ਸੋ, ਜੇ ਸਿੱਖ ਜਿਮੀਂਦਾਰ ਗਰੀਬ ਸਿੱਖਾਂ ਦਾ ਬੰਧੂਆਂ ਮਜਦੂਰਾਂ ਵਾਂਗ ਸ਼ੋਸ਼ਣ ਕਰ ਰਹੇ ਹਨ ਜਾਂ ਦਲਿਤਾਂ ਨਾਲ ਹੋ ਰਹੀਆਂ ਵਧੀਕੀਆਂ ਦੇ ਮਾਮਲਿਆਂ ਪ੍ਰਤੀ ਸਿੱਖ ਸੰਸਥਾਵਾਂ ਅਤੇ ਜਥੇਬੰਦੀਆਂ ਖਾਮੋਸ਼ ਰਹਿੰਦੀਆਂ ਹਨ ਤਾਂ ਇਹ ਮਸਲਾ ਨਿਰੋਲ ਮਲਿਕ ਭਾਗੋ ਅਤੇ ਭਾਈ ਲਾਲੋ ਦੇ ਚਲਦੇ ਆ ਰਹੇ ਜਮਾਤੀ ਸੰਘਰਸ਼ ਦਾ ਹੈ ਨਾ ਕਿ ਧਾਰਮਕ। ਇਨ੍ਹਾਂ ਮਜ਼ਦੂਰਾਂ ਅਤੇ ਦਲਿਤਾਂ ਦੀ ਮੁਕਤੀ ਦਾ ਰਾਹ ਸਿੱਖ ਲਹਿਰ ਵਿਚੋਂ ਤਲਾਸ਼ਣਾ ਵੀ ਵਾਜਿਬ ਨਹੀਂ ਹੋਏਗਾ, ਕਿਉਂਕਿ ਮਨੁਖੀ ਸੰਘਰਸ਼ ਦੇ ਇਸ ਪੜਾਅ ਤੇ ਮੌਜੂਦਾ ਸਿੱਖ ਲਹਿਰ ਦਾ ਖਾਸਾ ਮਲਿਕ ਭਾਗੋ ਵਰਗੇ ਜਗੀਰਦਾਰਾਂ ਅਤੇ ਸਰਮਾਏਦਾਰਾਂ ਦੀ ਪੁਸ਼ਤਪਨਾਹੀ ਕਰਦਾ ਹੈ ਨਾ ਕਿ ਭਾਈ ਲਾਲੋ ਵਰਗੇ ਕਿਰਤੀਆਂ ਦੀ।

# ਜਾਂਚ ਕਮਿਸ਼ਨਾਂ ਖਿਲਾਫ ਅਕਾਲੀ ਦਲ ਵਾਲੇ ਪੁੱਜੇ ਰਾਜਪਾਲ ਦਰਬਾਰ

**ਚੰਡੀਗੜ੍ਹ:** ਅਕਾਲੀ ਦਲ ਅਤੇ ਭਾਜਪਾ ਨੇ ਕੈਪਟਨ ਸਰਕਾਰ ਵੱਲੋਂ ਬੇਅਦਬੀ ਮਾਮਲਿਆਂ ਬਾਰੇ ਬਣਾਏ ਜਾਂਚ ਕਮਿਸ਼ਨ ਖਿਲਾਫ਼ ਰਾਜਪਾਲ ਕੋਲ ਪਹੁੰਚ ਕੀਤੀ ਹੈ। ਉਨ੍ਹਾਂ ਬਰਗਾੜੀ ਸਮੇਤ ਹੋਰ ਥਾਵਾਂ ਉਤੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮਾਮਲਿਆਂ ਦੀ ਜਾਂਚ ਸੁਪਰੀਮ ਕੋਰਟ ਦੇ ਮੌਜੂਦਾ ਜੱਜ ਨੂੰ ਸੌਂਪਣ ਦੀ ਮੰਗ ਕੀਤੀ। ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਅਤੇ ਭਾਜਪਾ ਦੇ ਸੂਬਾ ਪ੍ਰਧਾਨ ਵਿਜੈ ਕੁਮਾਰ ਸਾਂਪਲਾ ਦੀ ਅਗਵਾਈ ਹੇਠਲੇ ਵਫਦ ਨੇ ਰਾਜਪਾਲ ਵੀ.ਪੀ. ਸਿੰਘ ਬਦਨੌਰ ਨੂੰ ਦਿੱਤੇ ਦੋ ਪੱਤਰਾਂ ਰਾਹੀਂ ਮੰਗ ਕੀਤੀ ਕਿ ਉਹ ਕਿਸਾਨਾਂ ਤੇ ਖੇਤ ਮਜ਼ਦੂਰਾਂ ਸਿਰ ਚੜ੍ਹੇ ਲਗਭਗ 90 ਹਜ਼ਾਰ ਕਰੋੜ ਦੇ ਕਰਜ਼ੇ ਨੂੰ ਮੁਆਫ ਕਰਾਉਣ ਲਈ ਖੁਦ ਦਖਲ ਦੇਣ।

ਵਫਦ ਨੇ ਦੋਸ਼ ਲਾਇਆ ਕਿ ਬੇਅਦਬੀ ਮਾਮਲਿਆਂ ਦੀ ਜਾਂਚ ਇਕ ਅਜਿਹੇ ਵਿਸ਼ੇਸ਼ ਜਸਟਿਸ (ਸੇਵਾ ਮੁਕਤ) ਰਣਜੀਤ ਸਿੰਘ ਵੱਲੋਂ ਕੀਤੀ ਜਾ ਰਹੀ ਹੈ, ਜਿਨ੍ਹਾਂ ਨੇ ਹਮੇਸ਼ਾ ਹੀ ਕਾਂਗਰਸ ਦੇ ਹਿੱਤਾਂ ਲਈ ਕੰਮ ਕੀਤਾ ਹੈ ਅਤੇ ਅਕਾਲੀ ਦਲ ਨਾਲ ਵਿਤਕਰਾ ਕੀਤਾ ਹੈ। ਕਮਿਸ਼ਨ ਅਤੇ ਸਰਕਾਰ ਵਿਚਕਾਰ ਅਜਿਹੀ ਮਿਲੀਭੁਗਤ ਹੈ ਕਿ ਕਮਿਸ਼ਨ ਵੱਲੋਂ ਆਪਣੀ ਰਿਪੋਰਟ ਸੌਂਪੇ ਜਾਣ ਤੋਂ ਪਹਿਲਾਂ ਹੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਕਾਂਗਰਸ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਨੇ ਇਸ ਰਿਪੋਰਟ ਵਿਚਲੀਆਂ ਗੱਲਾਂ ਨੂੰ ਬੁੱਝ ਲਿਆ ਹੈ। ਵਫਦ ਨੇ ਕਿਹਾ ਕਿ ਅਕਾਲੀ-ਭਾਜਪਾ ਕਾਰਜਕਾਲ ਦੌਰਾਨ ਦਰਜ ਕੀਤੇ ਕੇਸਾਂ ਦੀਆਂ ਘਟਨਾਵਾਂ ਦੀ ਜਾਂਚ ਜਸਟਿਸ (ਸੇਵਾ ਮੁਕਤ) ਮਹਿਤਾਬ ਸਿੰਘ ਗਿੱਲ ਵੱਲੋਂ ਕੀਤੀ ਜਾ ਰਹੀ ਹੈ। ਇਹ ਜਾਂਚ ਵੀ ਸੁਪਰੀਮ ਕੋਰਟ ਦੇ ਕਿਸੇ ਮੌਜੂਦਾ ਜੱਜ ਨੂੰ ਸੌਂਪੀ ਜਾਣੀ ਚਾਹੀਦੀ ਹੈ।

ਇਕ ਵੱਖਰੇ ਮੈਮੋਰੰਡਮ ਰਾਹੀਂ ਕਿਸਾਨੀ ਕਰਜ਼ਿਆਂ ਦੀ ਗੱਲ ਕਰਦਿਆਂ ਵਫਦ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦਾ ਵਾਅਦਾ ਸ੍ਰੀ ਬਦਨੌਰ ਦੇ ਧਿਆਨ ਵਿਚ ਲਿਆਂਦਾ ਕਿ ਬੈਂਕਾਂ ਅਤੇ ਆੜ੍ਹਤੀਆਂ ਕੋਲੋਂ ਲਏ ਸਾਰੇ ਕਰਜ਼ੇ ਮੁਆਫ ਕਰ ਦਿੱਤੇ ਜਾਣਗੇ। ਵਫਦ ਨੇ ਇਸ ਦੀ ਵੀਡੀਓ ਰਿਕਾਰਡਿੰਗ ਵੀ ਰਾਜਪਾਲ ਨੂੰ ਸੌਂਪੀ। ਵਫਦ ਨੇ ਮੰਗ ਕੀਤੀ ਕਿ ਰਾਜਪਾਲ, ਪੰਜਾਬ ਸਰਕਾਰ ਨੂੰ ਕਾਂਗਰਸੀ ਆਗੂ ਹਰਿੰਦਰਪਾਲ ਸਿੰਘ ਮਾਨ ਖਿਲਾਫ਼ ਅਪਰਾਧਕ ਕੇਸ ਦਰਜ ਕਰ ਕੇ ਉਸ ਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਸਿੰਡੀਕੇਟ ਵਿਚੋਂ ਬਤੌਰ ਮੈਂਬਰ ਵਾਪਸ ਬੁਲਾਉਣ ਲਈ ਕਹਿਣ।



### ਅਕਾਲੀ ਦਲ ਕਾਰਵਾਈ ਤੋਂ ਘਬਰਾਇਆ: ਮਨਪ੍ਰੀਤ

**ਚੰਡੀਗੜ੍ਹ:** ਵਿੱਤ ਮੰਤਰੀ ਮਨਪ੍ਰੀਤ ਬਾਦਲ ਨੇ ਅਕਾਲੀ ਦਲ ਦੇ ਦੋਸ਼ਾਂ ਨੂੰ ਨਕਾਰਦਿਆਂ ਕਿਹਾ ਕਿ ਇਹ ਕਮਿਸ਼ਨ ਹਾਈ ਕੋਰਟ ਦੇ ਸੀਨੀਅਰ ਸਾਬਕਾ ਜੱਜਾਂ ਉਤੇ ਅਧਾਰਤ ਬਣਾਏ ਗਏ ਹਨ। ਉਨ੍ਹਾਂ ਕਿਹਾ ਕਿ ਕਮਿਸ਼ਨਾਂ ਦੀ ਕਾਰਵਾਈ ਤੋਂ ਅਕਾਲੀ ਦਲ ਘਬਰਾ ਗਿਆ ਹੈ।

### ਕਿਸੇ ਦਾਅ ਪੇਚ ਨੇ ਅਕਾਲੀਆਂ ਦੇ ਕੰਮ ਨਹੀਂ ਆਉਣਾ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਵੱਲੋਂ ਜਸਟਿਸ (ਸੇਵਾ ਮੁਕਤ) ਰਣਜੀਤ ਸਿੰਘ ਦੀ ਅਗਵਾਈ ਹੇਠ ਬੇਅਦਬੀ ਮਾਮਲਿਆਂ ਦੀ ਜਾਂਚ ਲਈ ਬਣੇ ਕਮਿਸ਼ਨ ਉਤੇ ਕੀਤੀਆਂ ਜਾ ਰਹੀਆਂ ਟਿੱਪਣੀਆਂ ਦੇ ਜਵਾਬ ਵਿਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਅਕਾਲੀਆਂ ਨੂੰ ਘੇਰਿਆ ਹੈ। ਮੁੱਖ ਮੰਤਰੀ ਨੇ ਕਿਹਾ ਕਿ ਅਕਾਲੀ ਆਗੂ ਬੇਅਦਬੀ ਦੇ ਕੇਸਾਂ ਵਿਚ ਦੋਸ਼ੀ ਸਾਬਤ ਹੋਣ ਡਰੋਂ ਢੰਗ-ਤਰੀਕੇ ਲੱਭਣ ਦੀ ਕੋਸ਼ਿਸ਼ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਕਿਸੇ ਵੀ ਤਰ੍ਹਾਂ ਦੇ ਦਾਅ-ਪੇਚ ਅਕਾਲੀਆਂ ਦੀ ਮਦਦ ਨਹੀਂ ਕਰ ਸਕਦੇ। ਉਨ੍ਹਾਂ ਕਿਹਾ ਕਿ ਨਿਰਾਸ਼ਾ ਵਿਚ ਘਿਰੇ ਹੋਏ ਅਕਾਲੀ ਆਪਣੀ ਸਿਆਸੀ ਹੋਂਦ ਬਚਾਉਣ ਲਈ ਲੋਕਾਂ ਵਿਚ ਹਾਜ਼ਰੀ ਲਵਾਉਣ ਲਈ ਮੁੱਦੇ ਲੱਭਣ ਦੀ ਅਸਫਲ ਕੋਸ਼ਿਸ਼ ਕਰ ਰਹੇ ਹਨ। ਅਕਾਲੀਆਂ ਨੂੰ ਤੋਹਮਤਬਾਜ਼ੀ ਵਿਚ ਗਲਤਾਨ ਹੋਣ ਦੀ ਥਾਂ ਸਰਕਾਰ ਵੱਲੋਂ ਕੀਤੇ ਜਾ ਰਹੇ ਕੰਮਾਂ ਦੀ ਸ਼ਲਾਘਾ ਕਰਨੀ ਚਾਹੀਦੀ ਹੈ।



### ਕਮਿਸ਼ਨਾਂ ਦੀ ਕਾਰਗੁਜ਼ਾਰੀ ਉਤੇ ਮਜੀਠੀਆ ਦੇ ਸਵਾਲ

**ਸ੍ਰੀ ਮੁਕਤਸਰ ਸਾਹਿਬ:** ਸਾਬਕਾ ਮਾਲ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਕਾਇਮ ਕੀਤੀਆਂ ਚਾਰ ਕਮਿਸ਼ਨਾਂ-ਜਸਟਿਸ ਮਹਿਤਾਬ ਸਿੰਘ ਕਮਿਸ਼ਨ, ਜਸਟਿਸ ਰਣਜੀਤ ਸਿੰਘ ਕਮਿਸ਼ਨ, ਟੀ. ਹੱਕ ਕਮਿਸ਼ਨ ਤੇ ਜਸਟਿਸ ਨਾਰੰਗ ਕਮਿਸ਼ਨ ਦੀ ਕਾਰਗੁਜ਼ਾਰੀ 'ਤੇ ਦੋਸ਼ ਲਾਉਂਦਿਆਂ ਕਿਹਾ ਕਿ ਅਸਲ ਵਿਚ ਇਹ ਕਮਿਸ਼ਨ ਉਸੇ ਤਰ੍ਹਾਂ ਦੀ ਰਿਪੋਰਟ ਹੀ ਤਿਆਰ ਕਰਦੇ ਹਨ, ਜਿਸ ਤਰ੍ਹਾਂ ਦੀ ਮੁੱਖ ਮੰਤਰੀ ਵੱਲੋਂ ਇੱਛਾ ਜ਼ਾਹਰ ਕੀਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਜਸਟਿਸ ਰਣਜੀਤ ਸਿੰਘ ਕਮਿਸ਼ਨ ਨੂੰ ਸਿਰਫ ਕਾਂਗਰਸੀਆਂ 'ਤੇ ਦਰਜ ਹੋਏ ਪਰਚੇ ਹੀ ਦਿੱਸਦੇ ਹਨ, ਜਦਕਿ ਅਕਾਲੀਆਂ ਉਤੇ ਹੋਣ ਵਾਲਾ ਕੋਈ ਪਰਚਾ ਕਮਿਸ਼ਨ ਨੇ ਨਹੀਂ ਵੇਖਿਆ।



# ਝੂਠੇ ਕੇਸ: ਗਿੱਲ ਕਮਿਸ਼ਨ ਦੀਆਂ ਸਿਫਾਰਸ਼ਾਂ ਤੋਂ ਅਫਸਰਸ਼ਾਹੀ ਨੇ ਪਾਸਾ ਵੱਟਿਆ

**ਚੰਡੀਗੜ੍ਹ:** ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਕਾਂਗਰਸ ਆਗੂਆਂ ਤੇ ਵਰਕਰਾਂ ਵਿਰੁੱਧ ਝੂਠੇ ਕੇਸ ਬਣਾਉਣ ਵਾਲੇ ਅਧਿਕਾਰੀਆਂ ਵਿਰੁੱਧ ਮਿਸਾਲੀ ਕਾਰਵਾਈਆਂ ਕਰਨ ਦੀਆਂ ਬੜ੍ਹਕਾਂ ਮਾਰਨ ਵਾਲੀ ਕਾਂਗਰਸੀ ਲੀਡਰਸ਼ਿਪ ਸੱਤਾ 'ਚ ਆਉਣ ਤੋਂ ਬਾਅਦ ਅਜਿਹੇ ਅਧਿਕਾਰੀਆਂ ਵਿਰੁੱਧ ਕਾਰਵਾਈ ਤੋਂ ਟਾਲਾ ਵੱਟ ਰਹੀ ਹੈ।

ਹਾਲਾਂਕਿ ਜਸਟਿਸ ਮਹਿਤਾਬ ਸਿੰਘ ਕਮਿਸ਼ਨ ਵੱਲੋਂ 4 ਦਰਜਨ ਤੋਂ ਵੱਧ ਅਜਿਹੇ ਅਧਿਕਾਰੀਆਂ ਦੇ ਨਾਂ ਲੈ ਕੇ ਆਪਣੀਆਂ ਹੁਣ ਤੱਕ ਦਿੱਤੀਆਂ ਚਾਰ ਰਿਪੋਰਟਾਂ 'ਚ ਕਾਰਵਾਈ ਕੀਤੇ ਜਾਣ ਦੀ ਸਿਫਾਰਸ਼ ਕੀਤੀ ਗਈ ਹੈ। ਕਮਿਸ਼ਨ ਨੂੰ ਕੁੱਲ 4371 ਸ਼ਿਕਾਇਤਾਂ ਪ੍ਰਾਪਤ ਹੋਈਆਂ ਸਨ, ਜਿਨ੍ਹਾਂ ਵਿਚੋਂ ਹੁਣ ਤੱਕ 497 ਸ਼ਿਕਾਇਤਾਂ ਦੀ ਪੜਤਾਲ ਕਰ ਕੇ 222 ਵਿਚ ਕਿਸੇ ਤਰ੍ਹਾਂ ਦੀ ਕੋਈ ਕਾਰਵਾਈ ਦੀ ਸਿਫਾਰਸ਼ ਨਹੀਂ ਕੀਤੀ ਸੀ, ਜਦੋਂ ਕਿ 275 ਸ਼ਿਕਾਇਤਾਂ ਸਬੰਧੀ ਸਰਕਾਰ ਨੂੰ ਲਿਖਿਆ ਸੀ, ਕਿ ਇਹ ਕੇਸ ਝੂਠੇ ਪਾਏ ਗਏ ਹਨ, ਇਸ ਲਈ ਇਨ੍ਹਾਂ ਨੂੰ ਵਾਪਸ ਲਿਆ ਜਾਵੇ। ਸਰਕਾਰ ਵੱਲੋਂ ਜ਼ਿਲ੍ਹਾ ਪੱਧਰ ਉਤੇ ਡਿਪਟੀ ਕਮਿਸ਼ਨਰ, ਜ਼ਿਲ੍ਹਾ ਪੁਲਿਸ ਮੁਖੀ ਅਤੇ ਡਿਸਟ੍ਰਿਕ ਅਟਾਰਨੀ ਉਤੇ ਅਧਾਰਤ ਕਮੇਟੀਆਂ ਦਾ ਗਠਨ ਕੀਤਾ ਹੈ, ਜੋ ਕੇਸ ਵਾਪਸ ਲੈਣ ਸਬੰਧੀ ਸਿਫਾਰਸ਼ਾਂ ਉਤੇ ਅੱਗੋਂ ਅਮਲ ਲਈ ਕੰਮ ਕਰ ਰਹੀਆਂ ਹਨ।




ਹੁਣ ਮੁੱਖ ਮੰਤਰੀ ਦੇ ਪ੍ਰਮੁੱਖ ਸਕੱਤਰ ਵੱਲੋਂ ਇਕ ਮੀਟਿੰਗ 'ਚ ਦੱਸਿਆ ਗਿਆ ਕਿ ਜਿਨ੍ਹਾਂ 275 ਕੇਸਾਂ ਵਿਚ ਐਫ.ਆਈ.ਆਰ. ਰੱਦ ਕਰਨ ਅਤੇ ਕੇਸ ਵਾਪਸ ਲੈਣ ਦੀਆਂ ਸਿਫਾਰਸ਼ਾਂ ਕੀਤੀਆਂ ਗਈਆਂ ਹਨ, ਉਨ੍ਹਾਂ 'ਚੋਂ 195 ਕੇਸਾਂ ਵਿਚ ਕਮੇਟੀਆਂ ਨੇ ਕੇਸ ਵਾਪਸ ਲੈਣ ਲਈ ਅਦਾਲਤਾਂ ਨੂੰ ਲਿਖ ਦਿੱਤਾ ਹੈ, ਜਦੋਂ ਕਿ ਇਨ੍ਹਾਂ ਵਿਚੋਂ 80 ਕੇਸਾਂ ਵਿਚ ਡਿਪਟੀ ਕਮਿਸ਼ਨਰਾਂ ਵੱਲੋਂ ਅਜੇ ਰਿਪੋਰਟਾਂ ਭੇਜੀਆਂ ਜਾਣੀਆਂ ਹਨ।

ਦਿਲਚਸਪ ਗੱਲ ਇਹ ਹੈ ਕਿ ਜਿਨ੍ਹਾਂ ਕੇਸਾਂ 'ਚ ਝੂਠੀਆਂ ਸ਼ਿਕਾਇਤਾਂ ਦਾਇਰ ਕਰਨ ਲਈ ਜਸਟਿਸ ਮਹਿਤਾਬ ਸਿੰਘ ਵੱਲੋਂ ਧਾਰਾ 182 (ਝੂਠੀ ਸ਼ਿਕਾਇਤ ਦੇਣ) ਦੇ ਦੋਸ਼ ਅਧੀਨ ਕਾਰਵਾਈ ਲਈ ਸਿਫਾਰਸ਼ ਕੀਤੀ ਸੀ, ਪਰ ਪੁਲਿਸ ਵਿਭਾਗ ਵੱਲੋਂ ਅਜਿਹੇ ਕੇਸਾਂ ਸਬੰਧੀ ਅਜੇ ਅੱਗੋਂ ਕੋਈ ਕਾਰਵਾਈ ਨਹੀਂ ਕੀਤੀ ਗਈ।

ਇਸੇ ਤਰ੍ਹਾਂ ਜਿਨ੍ਹਾਂ ਪੁਲਿਸ ਅਧਿਕਾਰੀਆਂ ਵਿਰੁੱਧ ਝੂਠੇ ਕੇਸ ਬਣਾਉਣ ਅਤੇ ਸਰਕਾਰੀ ਅਹੁਦੇ ਦਾ ਦੁਰਉਪਯੋਗ ਕਰਨ ਦੇ ਦੋਸ਼ਾਂ ਹੇਠ ਕਾਰਵਾਈ ਕਰਨ ਲਈ ਕਮਿਸ਼ਨ ਨੇ ਕਿਹਾ ਹੈ, ਉਨ੍ਹਾਂ ਸਬੰਧੀ ਵੀ ਰਾਜ ਦੇ ਪੁਲਿਸ ਮੁਖੀ ਤੋਂ ਰਿਪੋਰਟ ਮੰਗੀ ਗਈ ਸੀ। ਸੂਚਨਾ ਅਨੁਸਾਰ ਪੁਲਿਸ ਵਿਭਾਗ ਅਜਿਹੀ ਕਿਸੇ ਕਾਰਵਾਈ ਦੇ ਵਿਰੁੱਧ ਹੈ ਅਤੇ ਡੀ.ਜੀ.ਪੀ. ਦਫਤਰ ਵੱਲੋਂ ਇਸ ਮੁੱਦੇ 'ਤੇ ਕੋਈ ਜੁਆਬ ਦੇਣ ਦੀ ਥਾਂ ਚੁੱਪ ਸਾਧ ਲਈ ਗਈ ਹੈ।

# ਪਰਵਾਸੀਆਂ ਦੀ ਸਹੂਲਤ ਲਈ ਨਵੇਂ ਕਾਨੂੰਨ ਵਿਚ ਅੜਿੱਕਾ

**ਚੰਡੀਗੜ੍ਹ:** ਪਰਵਾਸੀ ਭਾਰਤੀਆਂ ਦੇ ਮਸਲਿਆਂ ਦੇ ਛੇਤੀ ਨਿਪਟਾਰੇ ਤੇ ਜਾਇਦਾਦਾਂ ਦੀ ਰੱਖਿਆ ਲਈ ਨਵਾਂ ਕਾਨੂੰਨ ਬਣਾਉਣ ਦੇ ਮਾਮਲੇ ਉਤੇ ਮੁੱਖ ਮੰਤਰੀ ਦਫਤਰ ਅਤੇ ਮਾਲ ਵਿਭਾਗ ਦੇ ਅਧਿਕਾਰੀਆਂ ਵਿਚਾਲੇ ਗੰਭੀਰ ਮਤਭੇਦ ਹਨ। ਇਸ ਮਾਮਲੇ ਸਬੰਧੀ ਮੁੱਖ ਮੰਤਰੀ ਦਫਤਰ ਦੇ ਅਧਿਕਾਰੀਆਂ ਅਤੇ ਮਾਲ ਵਿਭਾਗ ਤੇ ਐਨ.ਆਰ.ਆਈ. ਵਿਭਾਗ ਦੇ ਸੀਨੀਅਰ ਅਧਿਕਾਰੀਆਂ ਦੀ ਮੀਟਿੰਗ ਵਿਚ ਪਰਵਾਸੀ ਭਾਰਤੀਆਂ ਦੀਆਂ ਵਧ ਰਹੀਆਂ ਮੁਸ਼ਕਲਾਂ ਦੇ ਛੇਤੀ ਨਿਪਟਾਰੇ ਸਬੰਧੀ ਵਿਚਾਰ-ਵਟਾਂਦਰਾ ਕੀਤਾ ਗਿਆ।




ਇਨ੍ਹਾਂ ਸਮੱਸਿਆਵਾਂ ਦੇ ਹੱਲ ਲਈ ਨਵਾਂ ਕਾਨੂੰਨ ਬਣਾਉਣ ਲਈ ਬਿੱਲ ਲਿਆਉਣ ਦੀ ਗੱਲ ਛਿੜੀ ਤਾਂ ਮਾਲ ਵਿਭਾਗ ਦੇ ਅਧਿਕਾਰੀਆਂ ਨੇ ਕਿਹਾ ਕਿ ਪਹਿਲਾਂ ਹੀ ਬਹੁਤ ਸਾਰੇ ਕਾਨੂੰਨ ਮੌਜੂਦ ਹਨ ਅਤੇ ਜੇਕਰ ਇਨ੍ਹਾਂ ਨੂੰ ਹੀ ਸਖਤੀ ਨਾਲ ਲਾਗੂ ਕਰ ਦਿੱਤਾ ਜਾਵੇ ਤਾਂ ਨਵਾਂ ਕਾਨੂੰਨ ਬਣਾਉਣ ਦੀ ਲੋੜ ਹੀ ਨਹੀਂ।

ਮੁੱਖ ਮੰਤਰੀ ਦਫਤਰ ਦੇ ਅਧਿਕਾਰੀਆਂ ਨੇ ਕਿਹਾ ਕਿ ਕਾਂਗਰਸ ਨੇ ਆਪਣੇ ਚੋਣ ਮਨੋਰਥ ਪੱਤਰ ਵਿਚ ਪਰਵਾਸੀ ਭਾਰਤੀਆਂ ਦੇ ਹਿੱਤਾਂ ਦੀ ਸੁਰੱਖਿਆ ਲਈ ਕਈ ਵਾਅਦੇ ਕੀਤੇ ਹਨ, ਜਿਨ੍ਹਾਂ ਦੀ ਪੂਰਤੀ ਲਈ ਨਵਾਂ ਕਾਨੂੰਨ ਬਣਾਉਣ ਤੇ ਜਾਇਦਾਦਾਂ ਸਮੇਤ ਹੋਰ ਮਾਮਲਿਆਂ ਦੀ ਹਿਫਾਜ਼ਤ ਲਈ ਵਿਵਸਥਾ ਕੀਤੀ ਜਾਣੀ ਸ਼ਾਮਲ ਹੈ। ਵਿਚਾਰ-ਵਟਾਂਦਰੇ ਮਗਰੋਂ ਐਨ.ਆਰ.ਆਈ. ਵਿਭਾਗ ਨੂੰ ਪਹਿਲਾਂ ਬਣੇ ਸਾਰੇ ਕਾਨੂੰਨਾਂ ਦਾ ਅਧਿਐਨ ਕਰ ਕੇ ਅਜਿਹਾ ਬਿੱਲ ਤਿਆਰ ਕਰਨ ਲਈ ਕਿਹਾ ਗਿਆ, ਜਿਸ ਰਾਹੀਂ ਪਰਵਾਸੀਆਂ ਦੇ ਹਿੱਤਾਂ ਦੀ ਰਾਖੀ ਯਕੀਨੀ ਬਣਾਈ ਜਾ ਸਕੇ ਤੇ ਇਹ ਬਿੱਲ ਵਿਧਾਨ ਸਭਾ ਦੇ ਬਜਟ ਸੈਸ਼ਨ ਵਿਚ ਪੇਸ਼ ਕੀਤਾ ਜਾਵੇ। ਕਾਂਗਰਸ ਨੇ ਆਪਣੇ ਚੋਣ ਮਨੋਰਥ ਪੱਤਰ ਵਿਚ ਵਾਅਦਾ ਕੀਤਾ ਹੈ ਕਿ ਹਰੇਕ ਸ਼ਹਿਰ ਵਿਚ ਇਕ ਕੇਂਦਰ ਕਾਇਮ ਕੀਤਾ ਜਾਵੇਗਾ, ਜਿਥੇ ਪਰਵਾਸੀ ਭਾਰਤੀਆਂ ਦੀਆਂ ਸਮੱਸਿਆਵਾਂ ਪਹਿਲ ਦੇ ਆਧਾਰ ਉਤੇ ਹੱਲ ਕੀਤੀਆਂ ਜਾਣਗੀਆਂ।

ਇਕ ਪੋਰਟਲ ਵੀ ਬਣਾਇਆ ਜਾਵੇਗਾ, ਜਿਥੇ ਪਰਵਾਸੀ ਆਪਣੀ ਫੀਡਬੈਕ ਦੇ ਸਕਣਗੇ। ਪਰਵਾਸੀਆਂ ਲਈ ਓਮਬਡਸਮੈਨ ਸੰਸਥਾ ਬਣਾਈ ਜਾਵੇਗੀ। ਸਨਅਤੀ ਅਤੇ ਸਮਾਜਿਕ ਖੇਤਰਾਂ ਵਿਚ ਨਿਵੇਸ਼ ਲਈ ਪਰਵਾਸੀਆਂ ਨੂੰ ਪਹਿਲ ਦਿੱਤੀ ਜਾਵੇਗੀ ਤੇ ਸਿੰਗਲ ਵਿੰਡੋ ਸਿਸਟਮ ਬਣਾਇਆ ਜਾਵੇਗਾ ਜੋ 36 ਘੰਟਿਆਂ ਵਿਚ ਉਨ੍ਹਾਂ ਦੇ ਮਸਲਿਆਂ ਨੂੰ ਪ੍ਰਵਾਨਗੀ ਦੇਵੇਗਾ। ਟਰੈਵਲ ਏਜੰਟਾਂ ਦੀ ਲੁੱਟ ਤੋਂ ਬਚਾਉਣ ਲਈ ਵੀ ਵਿਭਾਗ ਵਿਚ ਵਿਸ਼ੇਸ਼ ਸੈਕਸ਼ਨ ਬਣਾਇਆ ਜਾਵੇਗਾ।

## ਸਿੱਧੀ ਵਿਦੇਸ਼ੀ ਨਿਵੇਸ਼ ਨੀਤੀ ਵਿਚ ਵੱਡੇ ਬਦਲਾਓ

**ਨਵੀਂ ਦਿੱਲੀ:** ਬਜਟ ਤੋਂ ਪਹਿਲਾਂ ਸਿੱਧੇ ਵਿਦੇਸ਼ੀ ਨਿਵੇਸ਼ (ਐਫ.ਡੀ.ਆਈ.) ਵਿਚ ਵੱਡੇ ਸੁਧਾਰ ਕਰਦਿਆਂ ਸਰਕਾਰ ਨੇ ਕਰਜ਼ੇ 'ਚ ਡੁੱਬੀ ਏਅਰ ਇੰਡੀਆ ਵਿਚ ਵਿਦੇਸ਼ੀ ਏਅਰਲਾਈਨਜ਼ ਨੂੰ 49 ਫੀਸਦੀ ਨਿਵੇਸ਼ ਦੀ ਮਨਜ਼ੂਰੀ ਦੇ ਦਿੱਤੀ। ਇਸ ਦੇ ਨਾਲ ਪ੍ਰਚੂਨ, ਉਸਾਰੀ ਅਤੇ ਬਿਜਲੀ ਘਰਾਂ 'ਚ ਨਿਵੇਸ਼ ਦੀਆਂ ਸ਼ਰਤਾਂ ਨੂੰ ਸੁਖਾਲਾ ਬਣਾ ਦਿੱਤਾ ਗਿਆ। ਕੇਂਦਰ ਸਰਕਾਰ ਨੇ ਮੈਡੀਕਲ ਯੰਤਰਾਂ ਅਤੇ ਵਿਦੇਸ਼ੀ ਫੰਡ ਹਾਸਲ ਕਰਨ ਵਾਲੀਆਂ ਆਡਿਟ ਫਰਮਾਂ ਨਾਲ ਜੁੜੀਆਂ ਕੰਪਨੀਆਂ ਨੂੰ ਵੀ ਵਿਦੇਸ਼ੀ ਸਿੱਧੇ ਨਿਵੇਸ਼ 'ਚ ਰਾਹਤ ਦੇ ਦਿੱਤੀ ਹੈ।

ਪ੍ਰਧਾਨ ਮੰਤਰੀ ਮੋਦੀ ਦੀ ਅਗਵਾਈ ਹੇਠ ਹੋਈ ਬੈਠਕ ਦੌਰਾਨ ਇਹ ਫੈਸਲੇ ਲਏ ਗਏ। ਇਸ ਕਦਮ ਨਾਲ ਵਿਦੇਸ਼ੀ ਪ੍ਰਚੂਨ ਕੰਪਨੀਆਂ ਨੂੰ ਹੁਲਾਰਾ ਮਿਲੇਗਾ ਜਿਸ ਲਈ ਸਰਕਾਰ ਨੇ ਸਿੰਗਲ ਬ੍ਰਾਂਡ ਪ੍ਰਚੂਨ ਕਾਰੋਬਾਰ ਲਈ 100 ਫੀਸਦੀ ਐਫ.ਡੀ.ਆਈ. ਤਹਿਤ ਪ੍ਰਵਾਨਗੀ ਦੇ ਦਿੱਤੀ ਹੈ। ਪਹਿਲਾਂ ਵੀ 100 ਫੀਸਦੀ ਐਫ.ਡੀ.ਆਈ. ਦੀ ਮਨਜ਼ੂਰੀ ਦਿੱਤੀ ਗਈ ਸੀ ਪਰ ਇਸ ਲਈ ਸਰਕਾਰ ਦੀ ਪ੍ਰਵਾਨਗੀ ਲੈਣੀ ਪੈਂਦੀ ਸੀ।

# ਹਰਿਮੰਦਰ ਸਾਹਿਬ ਮੱਥਾ ਟੇਕ ਗਦਗਦ ਹੋਏ ਅਦਾਕਾਰ ਨਾਨਾ ਪਾਟੇਕਰ

**ਅੰਮ੍ਰਿਤਸਰ:** ਬਾਲੀਵੁੱਡ ਫਿਲਮਾਂ ਰਾਹੀਂ ਲੋਕਾਂ ਦੇ ਦਿਲਾਂ ਵਿਚ ਵੱਖਰੀ ਥਾਂ ਬਣਾ ਚੁੱਕੇ ਨਾਨਾ ਪਾਟੇਕਰ ਆਪਣੀ ਪਤਨੀ ਤੇ ਕੁਝ ਦੋਸਤਾਂ ਸਮੇਤ ਹਰਿਮੰਦਰ ਸਾਹਿਬ ਮੱਥਾ ਟੇਕਣ ਪੁੱਜੇ। ਹਰਿਮੰਦਰ ਸਾਹਿਬ ਨਤਮਸਤਕ ਹੋਣ ਮਗਰੋਂ ਭਾਵੁਕ ਹੋਏ ਨਾਨਾ ਪਾਟੇਕਰ ਨੇ ਕਿਹਾ ਕਿ ਉਹ ਖੁਸ਼ਕਿਸਮਤ ਹਨ ਜੋ ਆਪਣੀ ਮੌਤ ਤੋਂ ਪਹਿਲਾਂ ਇਥੇ ਦਰਸ਼ਨ ਕਰਨ ਲਈ ਪਹੁੰਚ ਗਏ।

ਉਨ੍ਹਾਂ ਕਿਹਾ ਕਿ ਕਈ ਵਾਰ ਉਨ੍ਹਾਂ ਨੇ ਇਥੇ ਆਉਣ ਬਾਰੇ ਸੋਚਿਆ ਪਰ ਸਮਾਂ ਨਹੀਂ ਮਿਲਦਾ ਸੀ। ਉਹ ਛੋਟੇ ਭਰਾ ਦੀ ਬਦੌਲਤ ਉਹ ਇਥੇ ਪਹੁੰਚੇ ਹਨ। ਨਾਨਾ ਪਾਟੇਕਰ ਨੇ ਹਰਿਮੰਦਰ ਸਾਹਿਬ ਮੱਥਾ ਟੇਕਣ ਤੋਂ



ਇਲਾਵਾ ਸ੍ਰੀ ਗੁਰੂ ਰਾਮ ਦਾਸ ਲੰਗਰ ਹਾਲ ਵਿਖੇ ਲੰਗਰ ਦੀ ਸੇਵਾ ਕੀਤੀ ਤੇ ਜੂਠੇ ਭਾਂਡੇ ਵੀ ਸਾਫ ਕੀਤੇ। ਨਾਨਾ ਪਾਟੇਕਰ ਦਾ ਕਹਿਣਾ ਹੈ ਕਿ ਇਥੇ ਆ ਕੇ ਉਨ੍ਹਾਂ ਦੇ ਮਨ ਨੂੰ ਅਜੀਬ ਜਿਹਾ ਸਕੂਨ ਮਿਲਿਆ ਹੈ ਜੋ ਉਨ੍ਹਾਂ ਨੂੰ ਦੁਨੀਆਂ ਭਰ ਵਿਚ ਹੋਰ ਕਿਤੇ ਨਹੀਂ ਮਿਲਦਾ। ਉਨ੍ਹਾਂ ਕਿਹਾ ਕਿ ਅੰਮ੍ਰਿਤਸਰ ਵਿਚ ਕਾਫੀ ਠੰਢ ਹੈ ਪਰ ਜਦੋਂ ਅਸੀਂ ਹਰਿਮੰਦਰ ਸਾਹਿਬ ਦੀ ਪਰਿਕਰਮਾ ਵਿਚ ਦਾਖਲ ਹੁੰਦੇ ਹਾਂ ਤਾਂ ਸਾਨੂੰ ਕਿਸੇ ਤਰ੍ਹਾਂ ਦੀ ਠੰਢ ਦਾ ਵੀ ਅਹਿਸਾਸ ਨਹੀਂ ਹੁੰਦਾ। ਨਾਨਾ ਪਾਟੇਕਰ ਆਪਣੀ ਪਤਨੀ, ਭਰਾ ਤੇ ਬੀ.ਐਸ.ਐਫ ਦੇ ਆਈ.ਜੀ ਮੁਕੁਲ ਗੋਇਲ ਸਮੇਤ ਮੱਥਾ ਟੇਕਣ ਲਈ ਆਏ।

## ਗੈਂਗਸਟਰਾਂ ਲਈ ਜੇਲ੍ਹ 'ਚ ਵਿਸ਼ੇਸ਼ ਅਦਾਲਤਾਂ

**ਪਟਿਆਲਾ:** ਗੈਂਗਸਟਰਾਂ ਅਤੇ ਹੋਰ ਖਤਰਨਾਕ ਅਪਰਾਧੀਆਂ ਲਈ ਪਟਿਆਲਾ ਦੀ ਸੈਂਟਰਲ ਜੇਲ੍ਹ ਅੰਦਰ ਵਿਸ਼ੇਸ਼ ਅਦਾਲਤਾਂ ਲਗਾਉਣ ਦਾ ਰਾਹ ਪੱਧਰਾ ਹੋ ਗਿਆ ਹੈ। ਇਨ੍ਹਾਂ ਅਦਾਲਤਾਂ ਨੂੰ ਬਣਾਉਣ ਲਈ ਟੈਂਡਰ ਜਾਰੀ ਹੋ ਚੁੱਕੇ ਹਨ। ਖਤਰਨਾਕ ਅਪਰਾਧੀਆਂ ਨੂੰ ਜ਼ਿਲ੍ਹਾ ਅਦਾਲਤਾਂ ਵਿਚ ਲਿਜਾਣ ਜਿਹੇ ਜੋਖਮ ਤੋਂ ਬਚਿਆ ਜਾ ਸਕੇਗਾ।

ਜੇਲ੍ਹ ਵਿਭਾਗ ਦੇ ਸੀਨੀਅਰ ਅਧਿਕਾਰੀ ਨੇ ਇਸ ਦੀ ਤਸਦੀਕ ਕਰਦਿਆਂ ਕਿਹਾ ਕਿ ਸਰਕਾਰ ਨੇ ਇਹ ਮਾਮਲਾ ਨਿਆਂਪਾਲਿਕਾ ਨਾਲ ਉਠਾਇਆ ਹੈ ਅਤੇ ਵਧੀਕ ਸੈਸ਼ਨ ਜੱਜਾਂ ਤੇ ਕੁਝ ਨਿਆਇਕ ਮੈਜਿਸਟਰੇਟਾਂ ਦੀਆਂ ਅਦਾਲਤਾਂ ਲੱਗਣਗੀਆਂ। ਅਦਾਲਤੀ ਕੰਪਲੈਕਸ ਅਤੇ ਪੰਜਾਬ ਪੁਲਿਸ ਹਾਊਸਿੰਗ ਕਾਰਪੋਰੇਸ਼ਨ ਦੀਆਂ ਨਵੀਆਂ ਇਮਾਰਤਾਂ ਦੀ ਉਸਾਰੀ ਲਈ ਟੈਂਡਰ ਜਾਰੀ ਹੋ ਚੁੱਕੇ ਹਨ ਅਤੇ ਕੁਝ ਮਹੀਨਿਆਂ ਅੰਦਰ ਹੀ ਵੱਖਰੀ ਇਮਾਰਤ ਬਣ ਕੇ ਤਿਆਰ ਹੋ ਜਾਵੇਗੀ।

# ਖੂਬ ਰਿਹਾ ਪੰਜਵਾਂ 'ਛਣਕਾਟਾ ਵੰਗਾਂ ਦਾ' ਪ੍ਰੋਗਰਾਮ

**ਫਰੀਮਾਂਟ (ਬਿਊਰੋ):** ਇੱਕੀ ਇੰਟਰਨੈਸ਼ਨਲ ਐਂਟਰਟੇਨਮੈਂਟ ਅਤੇ ਐਸ. ਅਸ਼ੋਕ ਭੌਰਾ ਵਲੋਂ ਅਮੋਲਕ ਸਿੰਘ ਗਾਖਲ ਅਤੇ



ਅੰਮ੍ਰਿਤਾ ਵਿਰਕ

ਮੱਖਣ ਸਿੰਘ ਬੈਂਸ ਦੀ ਸਰਪ੍ਰਸਤੀ ਹੇਠ ਕਰਵਾਏ ਗਏ ਪੰਜਵੇਂ 'ਛਣਕਾਟਾ ਵੰਗਾਂ ਦਾ' ਪ੍ਰੋਗਰਾਮ ਵਿਚ ਕਰੀਬ ਛੇ ਘੰਟੇ ਗੀਤ-ਸੰਗੀਤ ਦੀ ਨਿਵੇਕਲੀ ਧਮਾਲ ਪੈਂਦੀ ਰਹੀ ਅਤੇ ਇਕ ਸਿਹਤਮੰਦ ਤੇ



ਦਰਸ਼ਕਾਂ ਦੇ ਢਿੱਡੀਂ ਪੀੜਾਂ ਪਾਉਂਦਾ ਭਜਨਾ ਅਮਲੀ

ਸੰਗੀਤਕ ਪ੍ਰੋਗਰਾਮ ਚਿਰਾਂ ਤੱਕ ਪੰਜਾਬੀਆਂ ਲਈ ਯਾਦ ਰੱਖਣਯੋਗ ਬਣ ਗਿਆ।

ਪ੍ਰੋਗਰਾਮ ਦਾ ਉਦਘਾਟਨ ਰਾਜਾ ਸਵੀਟਸ ਦੇ ਮੱਖਣ ਸਿੰਘ ਬੈਂਸ ਤੇ ਗਿਆਨੀ ਰਵਿੰਦਰ ਸਿੰਘ ਨੇ ਕੀਤਾ। ਨਵੇਂ ਵਰ੍ਹੇ ਨੂੰ ਜੀ ਆਇਆਂ ਆਖਦੇ ਇਸ ਪ੍ਰੋਗਰਾਮ ਵਿਚ ਲੋਕ ਨਾਚ, ਗੀਤ-ਸੰਗੀਤ, ਭੰਗੜਾ-ਗਿੱਧੇ, ਹਾਸਰਸ ਦੀਆਂ ਆਤਿਸ਼ਬਾਜ਼ੀਆਂ ਤੇ ਫੁਲਝੜੀਆਂ ਆਪੋ ਆਪਣੇ ਰੰਗ ਬਿਖੇਰਦੀਆਂ ਰਹੀਆਂ।

ਪ੍ਰੋਗਰਾਮ ਦੇ ਮੁੱਖ ਪ੍ਰਬੰਧਕ ਐਸ ਅਸ਼ੋਕ ਭੌਰਾ ਨੇ ਕਿਹਾ ਕਿ ਛਣਕਾਟੇ ਨੂੰ ਪੰਜਾਬੀਆਂ ਵਲੋਂ ਰੱਜ ਕੇ ਦਿੱਤਾ ਜਾਂਦੇ ਪਿਆਰ ਦਾ ਉਹ ਮੁੱਲ ਮੋੜ ਨਹੀਂ ਸਕਣਗੇ। ਮਾਹਿਲਪੁਰ ਦੇ ਸ਼ੌਂਕੀ ਮੇਲੇ ਤੋਂ ਬਾਅਦ ਜੇ ਅਮਰੀਕਾ 'ਚ ਛਣਕਾਟੇ ਨੂੰ ਰੱਜਵਾਂ ਮੋਹ ਮਿਲਿਆ ਹੈ ਤਾਂ ਇਹ ਉਨ੍ਹਾਂ ਦੀ ਸਾਹਿਤਕ ਤੇ ਸੰਗੀਤਕ ਲਿਖਣ ਸ਼ੈਲੀ ਦੀ ਮੁਹੱਬਤ ਦਾ ਸੁਨਹਿਰੀ ਸਿਰਨਾਵਾਂ ਹੈ।



ਸੋਨਾ ਵਾਲੀਆ ਦਾ ਇਕ ਅੰਦਾਜ਼

ਅਜੇ ਭੰਗੜਾ ਅਕੈਡਮੀ ਦੇ ਬਾਲ ਕਲਾਕਾਰਾਂ ਵਲੋਂ ਪੇਸ਼ ਭੰਗੜਾ ਅਤੇ ਨਿੱਕੀਆਂ ਬੱਚੀਆਂ ਦਾ ਭੰਗੜਾ ਪ੍ਰੋਗਰਾਮ ਦੀ ਸ਼ੁਰੂਆਤੀ ਖਿੱਚ ਬਣੇ। ਬਾਲ



ਸੱਤੀ ਸਤਵਿੰਦਰ

ਗਾਇਕ ਪ੍ਰਭਸਿਮਰਨ ਸਿੰਘ ਨੇ 'ਸੁੱਚਾ ਸੂਰਮਾ' ਪੇਸ਼ ਕੀਤਾ ਤੇ ਕੈਲੇਜਸ ਨੇ ਵੀ ਦੋ ਗੀਤ ਪੇਸ਼ ਕਰਕੇ ਵਾਹ ਵਾਹ ਖੱਟੀ। ਉਪਰੰਤ ਸੱਤੀ ਪਾਬਲਾ ਨੇ ਧਾਰਮਿਕ ਗੀਤ ਪਿਛੋਂ ਕੁਲਦੀਪ ਮਾਣਕ ਦੀਆਂ ਕੁਝ ਅਮਰ ਰਚਨਾਵਾਂ ਪੇਸ਼ ਕਰਕੇ ਮਾਹੌਲ ਨੂੰ ਮੇਲੇ ਦਾ ਪਹਿਲਾ ਰੰਗ ਦਿੱਤਾ। ਅਨੂਪ ਚੀਮਾ ਨੇ



ਭਜਨਾ ਅਮਲੀ ਤੇ ਜਸਵਿੰਦਰ ਧਨੋਆ

ਵਾਰ 'ਕਰਤਾਰ ਸਿੰਘ ਸਰਾਭਾ' ਬਾਖੂਬੀ ਪੇਸ਼ ਕੀਤੀ। ਛਣਕਾਟੇ ਦੀਆਂ ਸੰਗੀਤਕ ਵਾਛੜ ਕ੍ਰਿਸ਼ਮਾ ਡਾਂਸ ਅਕੈਡਮੀ ਦੀ ਜਯਾ ਸ਼ਰਮਾ ਨੇ ਪ੍ਰੋਗਰਾਮ ਦੇ ਟਾਈਟਲ ਗੀਤ 'ਤੇ ਕੋਰੀਓਗ੍ਰਾਫੀ ਪੇਸ਼ ਕਰਕੇ ਛਣਕਾਟੇ ਨੂੰ ਸੰਗੀਤਕ ਸੁਰਾਂ ਪ੍ਰਦਾਨ ਕਰ ਦਿੱਤੀਆਂ।

ਪੰਜਾਬ ਦੇ ਕਾਮੇਡੀ ਕਿੰਗ ਗੁਰਦੇਵ ਢਿੱਲੋਂ ਉਰਫ ਭਜਨਾ ਅਮਲੀ ਨੇ ਪਹਿਲੀ ਵਾਰ ਅਮਰੀਕਨ ਪੰਜਾਬੀਆਂ ਵਿਚ ਭਰਵੀਂ ਹਾਜ਼ਰੀ ਲਵਾਈ ਅਤੇ ਸਰੋਤਿਆਂ ਨੂੰ ਖੂਬ ਹਸਾਇਆ। ਉਸ ਦੀ ਸਹਿਯੋਗੀ ਕਲਾਕਾਰਾ ਸੰਤੀ ਦੀ



'ਛਣਕਾਟਾ ਵੰਗਾਂ ਦਾ' ਦੇ ਸਹਿਯੋਗੀ

ਗੈਰਹਾਜ਼ਰੀ ਵਿਚ ਜਸਵਿੰਦਰ ਧਨੋਆ ਨੇ ਇਹ ਕਾਰਜ ਮੁਕੰਮਲ ਕੀਤਾ। ਅਜੇ ਭੰਗੜਾ ਅਕੈਡਮੀ ਦੀਆਂ ਮੁਟਿਆਰਾਂ ਨੇ ਗਿੱਧਾ ਪੇਸ਼ ਕੀਤਾ।

ਮੰਚ ਸੰਚਾਲਨ ਕਲੀਆਂ ਦੇ ਬਾਦਸ਼ਾਹ

ਮਰਹੂਮ ਕੁਲਦੀਪ ਮਾਣਕ ਦੀ ਬੇਟੀ ਸ਼ਕਤੀ ਮਾਣਕ ਨੇ ਕੀਤਾ। ਜਗਦੇਵ ਭੰਡਾਲ ਨੇ ਹਾਈ ਕੁਆਲਿਟੀ ਫੇਸਬੁੱਕ ਲਾਈਵ ਕੀਤਾ, ਜਿਸ ਦਾ



ਸੱਤੀ ਪਾਬਲਾ

ਦੂਰ-ਦੁਰੇਡੇ ਬੈਠੇ ਦਰਸ਼ਕਾਂ ਨੇ ਵੀ ਅਨੰਦ ਮਾਣਿਆ। ਰਾਮਾ ਫੋਟੋ ਵੀਡੀਓ ਵਲੋਂ ਵੀਡੀਓ ਅਤੇ ਸਟਿੱਲ ਫੋਟੋਗ੍ਰਾਫੀ ਨਾਲ ਛਣਕਾਟੇ ਦੇ ਹਰ ਪਲ ਨੂੰ ਕੈਮਰੇ ਵਿਚ ਕੈਦ ਕੀਤਾ।

ਪਹਿਲੀ ਵਾਰ ਸੀ ਕਿ ਪ੍ਰੋਗਰਾਮ ਦਾ ਦਾਖਲਾ ਫਰੀ, ਪਾਰਕਿੰਗ ਫਰੀ ਤੇ ਖਾਣਾ ਵੀ ਫਰੀ ਸੀ। ਪਹਿਲੀ ਵਾਰ ਸੀ ਕਿ ਪੰਜਾਬ ਤੋਂ ਕਿਸੇ ਵਿਧਾਇਕ ਨੇ ਹਾਜ਼ਰੀ ਭਰੀ ਤੇ ਇਹ ਸ਼ਖਸੀਅਤ ਸੀ, ਹਲਕਾ ਬੰਗਾ ਤੋਂ ਵਿਧਾਇਕ ਡਾ. ਸੁਖਵਿੰਦਰ ਸੁੱਖੀ। ਪਹਿਲੀ ਵਾਰ ਸੀ ਕਿ ਐਲ ਈ ਡੀ 'ਤੇ ਇਸ ਪ੍ਰੋਗਰਾਮ ਨੂੰ ਕਲਰਫੁੱਲ ਬਣਾ ਕੇ ਪੇਸ਼ ਕੀਤਾ ਗਿਆ। ਲੈਥਰੋਪ ਦੇ ਪੰਜਾਬੀ ਮੇਅਰ ਸਨੀ ਧਾਲੀਵਾਲ ਇਸ ਪ੍ਰੋਗਰਾਮ ਦਾ ਹਿੱਸਾ ਬਣੇ। ਅਪੰਗ ਬੱਚਿਆਂ ਲਈ ਵਿਸ਼ਵ ਭਰ ਵਿਚ ਸਾਂਭ ਸੰਭਾਲ ਲਈ ਉਪਰਾਲੇ ਕਰ ਰਹੀ ਸੰਸਥਾ 'ਸਹਾਇਤਾ' ਵਲੋਂ ਵੱਖਰਾ ਕਾਊਂਟਰ ਖੋਲ੍ਹਿਆ ਜਿਸ ਨੂੰ ਪੰਜਾਬੀਆਂ ਤੋਂ ਚੰਗਾ ਹੁੰਗਾਰਾ ਵੀ ਮਿਲਿਆ।

ਆਸਾ ਸਿੰਘ ਮਸਤਾਨਾ ਦਾ ਪਰਿਵਾਰ ਵੀ ਸਮਾਗਮ ਵਿਚ ਹਾਜ਼ਰ ਹੋਇਆ ਤੇ ਉਸ ਦੀ ਪੋਤਰੀ ਗੁਰਨਿਮਰਤ ਮਸਤਾਨਾ ਦਾ ਸਨਮਾਨ ਵੀ ਕੀਤਾ ਗਿਆ। ਅਜੇ ਭੰਗੜਾ ਅਕੈਡਮੀ ਦੇ ਗੁਰਜਿੰਦਰ ਸਿੰਘ ਤੇ ਜਸਪਾਲ ਸਿੰਘ ਨੇ ਪ੍ਰੋਗਰਾਮ ਨੂੰ ਲੋਕ ਨਾਚਾਂ 'ਚ ਸ਼ਿੰਗਾਰਨ ਲਈ ਛਣਕਾਟਾ ਟੀਮ ਨੂੰ ਪੂਰਾ ਸਹਿਯੋਗ ਦਿੱਤਾ।

ਯੂ. ਕੇ. ਦੀ ਗਾਇਕਾ ਸੋਨਾ ਵਾਲੀਆ ਨੇ ਆਪਣਾ ਬਹੁਚਰਚਿਤ ਗੀਤ 'ਪਿੰਡਾਂ ਵਾਲੇ ਜੱਟ' ਅਤੇ ਅੱਧੀ ਦਰਜਨ ਹੋਰ ਗੀਤਾਂ ਨਾਲ ਨ੍ਰਿਤ ਪੇਸ਼ ਕਰਕੇ ਆਪਣਾ ਚੰਗਾ ਪ੍ਰਭਾਵ ਛੱਡਿਆ। ਸੱਤੀ

ਸਤਵਿੰਦਰ ਨੇ ਆਪਣੇ ਫੇਮ ਗੀਤ 'ਛੋਰਾ ਹਰਿਆਣੇ ਕਾ' ਦੇ ਨਾਲ ਨਾਲ ਅਨੇਕਾਂ ਗੀਤਾਂ ਨਾਲ ਹਰਿਆਣਵੀ ਹੋ ਕੇ ਵੀ ਪੰਜਾਬੀ ਗੀਤਾਂ ਦਾ



ਅਨੂਪ ਚੀਮਾ

ਮੋਹਲੇਧਾਰ ਮੀਂਹ ਵਰਸਾਇਆ। ਨਾਮੀ ਗਾਇਕਾ ਅੰਮ੍ਰਿਤਾ ਵਿਰਕ ਨੇ 'ਰਾਤੀਂ ਡੀ. ਜੇ. ਉਤੇ ਦੱਸ ਕਿਹਦੇ ਨਾਲ ਨੱਚਿਆ' ਤੋਂ ਲੈ ਕੇ ਕਰੀਬ ਇਕ ਦਰਜਨ ਗੀਤਾਂ ਤੋਂ ਇਲਾਵਾ ਟਰੱਕ ਡਰਾਈਵਰ



ਅਜੇ ਭੰਗੜਾ ਅਕੈਡਮੀ ਦੀਆਂ ਮੁਟਿਆਰਾਂ ਗਿੱਧਾ ਪੇਸ਼ ਕਰਨ ਵੇਲੇ

ਵੀਰਾਂ ਲਈ 'ਘਰੇ ਬਿੰਦ ਨਾ ਠਹਿਰਦਾ ਵੇ, ਕਦੇ ਬੰਬੇ, ਕਦੇ ਗੁਹਾਟੀ' ਗੀਤ ਪੇਸ਼ ਕਰ ਕੇ ਛਣਕਾਟੇ ਨੂੰ ਸੱਚੀਂ ਹੀ ਪੂਰੀ ਤਰ੍ਹਾਂ ਛਣਕਾਇਆ।

ਪ੍ਰੋਗਰਾਮ ਦੇ ਅਖੀਰ ਵਿਚ ਭਜਨਾ ਅਮਲੀ,



ਛੋਟੇ ਬੱਚਿਆਂ ਦੇ ਭੰਗੜੇ ਦਾ ਰੰਗ

ਅੰਮ੍ਰਿਤਾ ਵਿਰਕ, ਸੋਨਾ ਵਾਲੀਆ, ਸੱਤੀ ਸਤਵਿੰਦਰ, ਸੱਤੀ ਪਾਬਲਾ ਅਤੇ ਅਨੂਪ ਚੀਮਾ ਨੇ ਇਕੱਠਿਆਂ ਬੋਲੀਆਂ ਪੇਸ਼ ਕਰ ਕੇ ਹਾਜ਼ਰ ਪੰਜਾਬੀਆਂ ਨੂੰ ਖੂਬ ਨਚਾਇਆ।

ਇਸ ਮੌਕੇ ਹਾਜ਼ਰ ਸ਼ਖਸੀਅਤਾਂ ਵਿਚ ਹੋਰਨਾਂ ਤੋਂ ਇਲਾਵਾ ਗਾਖਲ ਭਰਾ-ਪਲਵਿੰਦਰ ਸਿੰਘ ਗਾਖਲ ਤੇ ਇਕਬਾਲ ਸਿੰਘ ਗਾਖਲ, ਰਣਜੀਤ

ਸਿੰਘ (ਰਾਣਾ) ਟੁੱਟ, ਇੰਦਰਜੀਤ ਸਿੰਘ ਥਿੰਦ, ਜੁਗਰਾਜ ਸਿੰਘ ਸਹੋਤਾ, ਨਰਿੰਦਰ ਸਿੰਘ ਸਹੋਤਾ, ਸੈਮ ਬੱਲ, ਸੁਖਦੇਵ ਗਰੇਵਾਲ, ਵਿਨੋਦ ਕੁਮਾਰ



ਸ਼ਕਤੀ ਮਾਣਕ

ਚੁੰਬਰ, ਰਾਮ ਮੂਰਤੀ ਸਰੋਏ, ਮਨਜਿੰਦਰ ਸੰਧੂ, ਮਿੱਕੀ ਸਰਾਂ, ਜਗਮੀਤ ਜੋਸਨ, ਰਾਜ ਭਨੋਟ, ਸੰਤੋਖ ਸਿੰਘ ਜੱਜ, ਮੇਜਰ ਸਿੰਘ ਬਰਾੜ, ਸਰਬਜੀਤ ਸਿੰਘ ਸਰਾਓ, ਹਰਜਿੰਦਰ ਜੌਹਲ, ਸੁਖਬੀਰ ਸਿੰਘ ਨਿੱਝਰ, ਸੋਹਣ ਸਿੰਘ ਨਾਗਰਾ, 'ਰੇਡੀਓ ਮਿਰਚੀ' ਤੋਂ ਐਸ. ਪੀ. ਸਿੰਘ, ਸੁੱਚਾ ਰਾਮ ਭਾਰਟਾ, ਧਰਮਪਾਲ ਝੰਮਟ, ਮੱਖਣ ਲੁਹਾਰ, ਸ਼ਿਕਾਗੋ ਪੀਜ਼ਾ ਤੋਂ ਸ. ਦਾਹੀਆ, ਜੱਸੀ ਬਰਾੜ, ਮਨਵੀਰ ਭੌਰਾ, ਅਨਮੋਲ ਭੌਰਾ, ਇੰਦਰਜੀਤ ਸਿੰਘ ਜੌਨੀ, ਸਤਨਾਮ ਬੱਲ, ਅਮਰੀਕ ਚੰਦ ਲਾਖਾ, ਇੰਡੀਅਨ ਕੇਅਰ ਐਸੋਸੀਏਸ਼ਨ, ਮਿਸ਼ਨ ਪੀਕ ਤੋਂ ਹੈਰੀ ਸਿੱਧੂ, ਸੁਖਰਾਜ ਧਾਲੀਵਾਲ, ਸੰਸਥਾ 'ਸਹਾਇਤਾ' ਦੇ ਡਾ. ਹਰਕੇਸ਼ ਸੰਧੂ, ਸਰੂਪ ਸਿੰਘ ਝੱਜ, ਪੰਜਾਬ ਲੋਕ ਰੰਗ ਦੇ ਸੁਰਿੰਦਰ ਧਨੋਆ, ਹਰਦੁੱਮਣ ਸਿੰਘ ਬਿੱਲਾ ਸੰਘੇੜਾ, ਡਾਇਮੰਡ ਟਰਾਂਸਪੋਰਟ ਦੇ ਭਿੰਦਾ ਗਾਖਲ, ਮਾਈਕ ਬੋਪਾਰਾਏ,

(ਬਾਕੀ ਅਗਲੇ ਸਫੇ 'ਤੇ)

# ਖੂਬ ਰਿਹਾ ਪੰਜਵਾਂ 'ਛਣਕਾਟਾ ਵੰਗਾਂ ਦਾ' ਪ੍ਰੋਗਰਾਮ

*(ਪਿਛਲੇ ਸਫੇ ਦੀ ਬਾਕੀ)*

ਰਣਵੀਰ ਘੋਲੀਆ, ਜਸਵੰਤ ਸਿੰਘ ਸਰਾਂ, ਰਮੇਸ਼ ਸੁਮਨ, ਸ਼ਸ਼ੀ ਪਾਲ, ਕਸ਼ਮੀਰੀ ਲਾਲ ਤੇ ਫਕੀਰ ਚੰਦ ਮਹਿਮੀ ਸ਼ਾਮਲ ਸਨ।



ਪ੍ਰਭਸਿਮਰਨ ਸਿੰਘ 'ਸੁੱਚਾ ਸੂਰਮਾ' ਪੇਸ਼ ਕਰਦਾ ਹੋਇਆ





ਐਸ ਅਸ਼ੋਕ ਭੌਰਾ ਅਤੇ ਵਿਧਾਇਕ ਡਾ. ਸੁਖਵਿੰਦਰ ਸੁੱਖੀ



ਗਾਖਲ ਤੇ ਸਹੋਤਾ ਪਰਿਵਾਰ ਨਾਲ ਗਾਇਕਾ ਸੋਨਾ ਵਾਲੀਆ

# ਪੰਜਾਬ ਸਪੋਰਟਸ ਕਲੱਬ ਸਿਨਸਿਨੈਟੀ ਨੇ ਮਨਾਈ ਲੋਹੜੀ

**ਸਿਨਸਿਨੈਟੀ, ਓਹਾਇਓ (ਬਿਊਰੋ):** ਸਥਾਨਕ ਖੇਡ ਤੇ ਸਭਿਆਚਾਰਕ ਸੰਸਥਾ ਪੰਜਾਬ ਸਪਰੋਟਸ ਐਂਡ ਕਲਚਰਲ ਕਲੱਬ ਵਲੋਂ ਲੰਘੀ 6 ਜਨਵਰੀ ਨੂੰ ਸ਼ੈਰਨਵਿਲ ਦੇ ਰਮਾਡਾ ਪਲਾਜ਼ਾ ਵਿਚ ਦੀ ਲੋਹੜੀ ਰਲ ਮਿਲ ਕੇ ਮਨਾਈ ਗਈ। ਸੁੰਦਰ ਮੁੰਦਰੀਏ-ਹੋ ਆਦਿ ਬਹੁਤ ਸਾਰੇ ਲੋਹੜੀ ਦੇ ਰਵਾਇਤੀ ਗੀਤ ਖੁਸ਼ੀ ਵਿਚ ਗਾਏ ਗਏ। ਨੱਚਣ ਦੇ ਸ਼ੌਕੀਨਾਂ ਨੇ ਖੂਬ ਅੱਡੀਆਂ ਖਿਰਕਾਈਆਂ।



ਲੋਹੜੀ ਮਨਾਈ ਗਈ। ਇਸ ਮੌਕੇ ਪੰਜਾਬੀ ਭਾਈਚਾਰੇ ਦੇ ਲੋਕ ਹੱਡ ਚੀਰਵੀਂ ਠੰਡ ਦੇ ਬਾਵਜੂਦ ਹੁਮਹੁਮਾ ਕੇ ਪਹੁੰਚੇ। ਹਾਲ ਪੂਰੀ ਤਰ੍ਹਾਂ ਭਰਿਆ ਹੋਇਆ ਸੀ।

ਨਵੇਂ ਵਿਆਹੇ ਜੋੜਿਆਂ ਅਤੇ ਬੱਚੇ-ਬੱਚੀਆਂ

ਪੰਜਾਬ ਸਪੋਰਟਸ ਕਲੱਬ ਦੇ ਪ੍ਰਧਾਨ ਬਲਕਾਰ ਬਾਠ ਨੇ ਇਸ ਸਮਾਗਮ ਲਈ ਭਾਈਚਾਰੇ ਦਾ ਸਹਿਯੋਗ ਵਾਸਤੇ ਧੰਨਵਾਦ ਕੀਤਾ। ਕਲੱਬ ਵਲੋਂ ਨਵੇਂ ਵਿਆਹੇ ਜੋੜਿਆਂ ਅਤੇ ਬੱਚੇ-ਬੱਚੀਆਂ ਦੇ ਮਾਪਿਆਂ ਨੂੰ ਖਾਸ ਕਰਕੇ ਵਧਾਈ ਦਿੱਤੀ।

## ਬਿਨਾ ਡਰਾਈਵਰ ਚੱਲਣ ਵਾਲੀ ਕਾਰ ਤਿਆਰ

**ਨਵੀਂ ਦਿੱਲੀ:** 'ਸੈਲਫ ਡਰਾਈਵਿੰਗ' ਕਾਰ ਦੀਆਂ ਚਰਚਾਵਾਂ ਜ਼ੋਰਾਂ ਉਤੇ ਹਨ। ਅਮਰੀਕਾ ਦੀ ਵੱਡੀ ਕੰਪਨੀ ਜਨਰਲ ਮੋਟਰਜ਼ ਇਸ ਮੁਕਾਬਲੇ ਵਿਚ ਵੱਡਾ ਕਦਮ ਪੁੱਟਣ ਜਾ ਰਹੀ ਹੈ। ਕੰਪਨੀ ਨੇ ਅਜਿਹੀ ਸੈਲਫ ਡਰਾਈਵਿੰਗ ਕਾਰ ਪੇਸ਼ ਕੀਤੀ ਹੈ ਜਿਸ ਵਿਚ ਨਾ ਤਾਂ ਸਟੇਅਰਿੰਗ ਹੈ ਤੇ ਨਾ ਹੀ ਬਰੇਕ ਤੇ ਰੇਸ ਦਾ ਪੈਡਲ।

ਕੰਪਨੀ ਅਮਰੀਕੀ ਸਰਕਾਰ ਤੋਂ ਇਸ ਕਾਰ ਦੀ ਮਨਜ਼ੂਰੀ ਦਾ ਇੰਤਜ਼ਾਰ ਕਰ ਰਹੀ ਹੈ। ਅਗਲੇ ਸਾਲ ਇਸ ਕਾਰ ਦੇ ਬਾਜ਼ਾਰ ਵਿਚ ਆਉਣ ਦੀ ਉਮੀਦ ਹੈ। ਸ਼ੁਰੂਆਤ ਵਿਚ ਇਸ ਕਾਰ ਦਾ ਇਸਤੇਮਾਲ ਟੈਕਸੀ ਦੇ ਤੌਰ ਉਤੇ ਕੀਤਾ ਜਾਵੇਗਾ ਜੋ ਫਿਕਸ ਰੂਟ ਉਤੇ ਸਫਰ ਕਰੇਗੀ। ਕਾਰ ਨੂੰ ਐਪ ਰਾਹੀਂ ਕਮਾਂਡ ਕੀਤਾ ਜਾਵੇਗਾ।

ਕਾਰ ਦੇ ਡੈਸ਼ ਬੋਰਡ ਉਤੇ ਸਿਰਫ ਇੰਫੋਟੇਨਮੈਂਟ ਸਿਸਟਮ ਦਿੱਤਾ ਗਿਆ ਹੈ। ਇਹ ਕੰਪਨੀ ਦੀਆਂ ਹੋਰ ਕਾਰਾਂ ਵਾਂਗ ਹੀ ਹੈ। ਪਿੱਛੇ ਬੈਠਣ ਵਾਲੇ ਮੁਸਾਫਰਾਂ ਲਈ ਵੀ ਅਲੱਗ ਇੰਫੋਟੇਨਮੈਂਟ ਸਿਸਟਮ ਦਿੱਤਾ ਗਿਆ ਹੈ। ਫੋਰਡ ਕੰਪਨੀ ਨੇ ਵੀ 2012 ਵਿਚ ਅਜਿਹੀ ਕਾਰ ਲਾਂਚ ਕਰਨ ਦਾ ਐਲਾਨ ਕੀਤਾ ਹੈ। ਇਸ ਤੋਂ ਇਲਾਵਾ ਉਬਰ ਤੇ ਗੂਗਲ ਵੀ ਸੈਲਫ ਡਰਾਈਵਿੰਗ ਕਾਰ ਬਣਾ ਰਹੀਆਂ ਹਨ ਪਰ ਇਸ ਵਿਚ ਮੈਨੂਅਲ ਕੰਟਰੋਲ ਵੀ ਦਿੱਤਾ ਹੋਵੇਗਾ।


TRUCK STOP 40

SAYRE, OK 73662

ਰੋਟੀ ਬਣਾਉਣ ਵਾਲੇ ਅਤੇ ਗੈਸ ਸਟੇਸ਼ਨ ਲਈ ਕੈਸ਼ੀਅਰ ਦੀ ਲੋੜ ਹੈ



ਮਕੈਨਿਕ ਅਤੇ ਮਕੈਨਿਕ ਹੈਲਪਰ ਦੀ ਲੋੜ ਹੈ

ਸੰਪਰਕ ਕਰੋ:

ਫੋਨ: 832-512-7172

580-447-9366




913 W. Irving Park Rd. Itasca, IL

Authentic Indian Cuisine

*ਬਰੇਕ ਫਾਸਟ *ਲੰਚ *ਡਿਨਰ

ਵਧੀਆ ਸਾਫ-ਸੁਥਰਾ ਮਾਹੌਲ, ਸਵਾਦੀ ਖਾਣਾ



ਅਸੀਂ ਕੈਟਰਿੰਗ ਵੀ ਕਰਦੇ ਹਾਂ

ਕੇ ਕੇ ਪੰਮਾ

ਫੋਨ: 847-219-7432

847-773-6130

# ਕਰਜ਼ਾ ਮੁਆਫੀ: ਸਰਕਾਰ ਦੀ ਨੀਤੀ ਤੇ ਨੀਅਤ ਉਤੇ ਉਠੇ ਸਵਾਲ

**ਸੰਗਰੂਰ:** ਕਰਜ਼ਾ ਮੁਆਫੀ ਪ੍ਰਤੀ ਸਰਕਾਰ ਦੀ ਨੀਤੀ ਤੇ ਨੀਅਤ ਉਪਰ ਲਗਾਤਾਰ ਸਵਾਲ ਉਠ ਰਹੇ ਹਨ। ਕਰਜ਼ਾ ਮੁਆਫੀ ਸਕੀਮ ਦੀਆਂ ਸ਼ਰਤਾਂ ਦੀ ਸਖਤੀ ਅੱਗੇ ਕਿਸਾਨ ਬੇਵੱਸ ਨਜ਼ਰ ਆ ਰਹੇ ਹਨ ਕਿਉਂਕਿ ਦੋ ਲੱਖ ਤੱਕ ਕਰਜ਼ਾ ਮੁਆਫੀ ਦੀ ਹੱਦ ਕਿਸਾਨਾਂ ਦੇ ਗਲੇ ਨਹੀਂ ਉਤਰ ਰਹੀ। ਪਹਿਲੇ ਪੜਾਅ ਵਿਚ ਕਰਜ਼ਾ ਮੁਆਫੀ ਸਕੀਮ ਦੀਆਂ ਜਾਰੀ ਸੂਚੀਆਂ ਨੇ ਵੀ ਕਿਸਾਨਾਂ ਵਿਚ ਭੰਬਲਭੂਸਾ ਪੈਦਾ ਕੀਤਾ ਹੈ।

ਭਾਵੇਂ ਪਹਿਲੇ ਪੜਾਅ 'ਚ ਕਰਜ਼ਾ ਮੁਆਫੀ ਦੀਆਂ ਸ਼ਰਤਾਂ ਅਨੁਸਾਰ ਕਿਸਾਨ ਸਹਿਕਾਰੀ ਸੁਸਾਇਟੀ ਦਾ ਮੈਂਬਰ ਤੇ ਉਸ ਪਿੰਡ ਵਿਚ ਢਾਈ ਏਕੜ ਤੱਕ ਜ਼ਮੀਨ ਦਾ ਮਾਲਕ ਹੋਣਾ ਚਾਹੀਦਾ ਹੈ, ਪਰ ਰੱਜੇ-ਪੁੱਜੇ ਕਿਸਾਨਾਂ ਦਾ ਇਸ ਸੂਚੀ 'ਚ ਨਾਮ ਆਉਣਾ ਕਰਜ਼ਾ ਮੁਆਫੀ ਲਈ ਬਣਾਈ ਪਾਲਿਸੀ 'ਤੇ ਸਵਾਲ ਖੜ੍ਹੇ ਜ਼ਰੂਰ ਕਰਦਾ ਹੈ। ਮਿਸਾਲ ਵਜੋਂ ਪਿੰਡ ਗੱਗੜਪੁਰ ਵਿਚ ਲੱਗੀ ਕਰਜ਼ਾ ਮੁਆਫੀ ਦੀ ਸੂਚੀ 'ਚ ਇਕ ਆੜ੍ਹਤੀਏ ਤੇ ਦੋ ਸਰਕਾਰੀ ਮੁਲਾਜ਼ਮਾਂ ਦਾ ਨਾਮ ਵੀ ਸ਼ਾਮਲ ਹੈ। ਇਸ ਵਿਚ ਇਨ੍ਹਾਂ ਲਾਭਪਾਤਰੀਆਂ ਦਾ ਕਸੂਰ ਨਹੀਂ ਸਗੋਂ ਸਰਕਾਰੀ ਪੱਧਰ ਉਤੇ ਇਸ ਮੁੱਦੇ ਵੱਲ ਧਿਆਨ ਦੇਣ ਦੀ ਲੋੜ ਹੀ ਨਹੀਂ ਸਮਝੀ ਗਈ।

ਮਾਨਸਾ ਜ਼ਿਲ੍ਹੇ ਦੇ ਦੋ ਪਿੰਡਾਂ ਵਿਚ ਕਿਸਾਨਾਂ ਸਿਰ ਚੜ੍ਹੇ ਕਰਜ਼ੇ ਤੋਂ ਤਕਰੀਬਨ ਤਿੰਨ-ਚਾਰ ਗੁਣਾ ਜ਼ਿਆਦਾ ਕਰਜ਼ਾ ਮੁਆਫੀ ਆ ਗਈ ਹੈ। ਕਈ ਕਿਸਾਨਾਂ ਦੇ ਸਿਰ ਕਰਜ਼ਾ ਘੱਟ ਹੈ, ਜਦੋਂਕਿ ਸਰਕਾਰ ਨੇ ਮੁਆਫੀ ਜ਼ਿਆਦਾ ਦਿੱਤੀ ਹੈ।

ਬੁਢਲਾਡਾ ਦੇ ਪਿੰਡ ਆਂਡਿਆਂਵਾਲੀ ਤੇ ਰਾਮਗੜ੍ਹ ਸਾਹਪੁਰੀਆਂ (ਝਲਬੂਟੀ) ਦੇ ਕਿਸਾਨਾਂ ਨੇ ਇਸ ਮਾਮਲੇ ਦੀ ਡਿਪਟੀ ਕਮਿਸ਼ਨਰ ਤੋਂ ਉਚ ਪੱਧਰੀ ਪੜਤਾਲ ਦੀ ਮੰਗ ਕੀਤੀ ਹੈ। ਹਲਕਾ ਬੁਢਲਾਡਾ ਤੋਂ 'ਆਪ' ਦੇ ਵਿਧਾਇਕ ਬੁੱਧ ਰਾਮ ਨੇ ਇਸ ਮਾਮਲੇ ਪਿੱਛੇ ਵੱਡੀ ਹੇਰਾਫੇਰੀ ਹੋਣ ਦੇ ਦੋਸ਼ ਲਾਉਂਦਿਆਂ ਜਾਂਚ ਮੰਗੀ ਹੈ। ਕਿਸਾਨਾਂ ਦਾ ਕਹਿਣਾ ਹੈ ਕਿ ਉਨ੍ਹਾਂ ਸਹਿਕਾਰੀ ਸਭਾ ਦਾ ਕਰਜ਼ਾ ਤਾਂ ਘੱਟ ਦੇਣਾ ਸੀ, ਪਰ ਕਰਜ਼ਾ ਮੁਆਫੀ ਵਾਲੀ ਸੂਚੀ ਵਿਚ ਮੁਆਫ ਕੀਤੀ ਰਕਮ ਜ਼ਿਆਦਾ ਦੱਸੀ ਗਈ ਹੈ।

ਸ਼ਿਕਾਇਤ ਅਨੁਸਾਰ ਗੁਰਬਾਜ ਸਿੰਘ ਦੇ ਸਿਰ 40 ਹਜ਼ਾਰ ਦਾ ਕਰਜ਼ਾ ਹੈ, ਜਦੋਂਕਿ ਮੁਆਫੀ ਦੀ ਰਕਮ 1.70 ਲੱਖ ਦੱਸੀ ਗਈ ਹੈ। ਇਸੇ ਤਰ੍ਹਾਂ ਤਰਸੇਮ ਸਿੰਘ ਨੇ ਸਭਾ ਦਾ 35 ਹਜ਼ਾਰ ਦਾ ਕਰਜ਼ਾ ਦੇਣਾ ਸੀ, ਪਰ ਉਸ ਨੂੰ ਮੁਆਫੀ 1.36 ਲੱਖ ਦੀ ਦਿੱਤੀ ਗਈ ਹੈ।

ਕਿਸਾਨ ਕਪੂਰ ਸਿੰਘ 'ਤੇ ਸਹਿਕਾਰੀ ਸਭਾ ਦਾ 12150 ਰੁਪਏ ਕਰਜ਼ਾ ਸੀ, ਜਿਸ ਦੇ ਉਲਟ ਉਸ ਨੂੰ ਮੁਆਫੀ 1.27 ਲੱਖ ਦੀ ਮਿਲੀ ਹੈ। ਇਸੇ ਤਰ੍ਹਾਂ ਜਗਮੇਲ ਸਿੰਘ ਨੂੰ 38070 ਬਦਲੇ 1.66 ਲੱਖ, ਕੁਲਵੰਤ ਕੌਰ ਨੂੰ 22,600 ਬਦਲੇ 58,256 ਰੁਪਏ ਦੀ ਮੁਆਫੀ ਦਿੱਤੀ ਗਈ ਹੈ। ਕਿਸਾਨਾਂ ਵੱਲੋਂ ਮਾਮਲੇ ਦੀ ਜਾਂਚ ਦੀ ਮੰਗ ਕੀਤੀ ਹੈ। ਦੱਸ ਦਈਏ ਕਿ ਕਾਂਗਰਸ ਨੇ ਚੋਣਾਂ ਵੇਲੇ ਖੁਦਕੁਸ਼ੀ ਪੀੜਤ ਕਿਸਾਨਾਂ ਅਤੇ ਮਜ਼ਦੂਰ ਪਰਿਵਾਰਾਂ ਦਾ ਸਮੁੱਚਾ ਕਰਜ਼ਾ ਮੁਆਫ ਕਰਨ ਦਾ ਐਲਾਨ ਕੀਤਾ ਸੀ। ਇਸ ਮੁਤਾਬਕ 10.22 ਲੱਖ ਕਿਸਾਨਾਂ ਨੂੰ ਲਗਭਗ 9500 ਕਰੋੜ ਰੁਪਏ ਦੀ ਰਾਹਤ ਦੇਣੀ ਸੀ।



## ਪਰਲ ਗਰੁੱਪ ਦੇ ਕਰੋੜਪਤੀ ਐਮ.ਡੀ. ਦਾ ਵੀ ਕਰਜ਼ਾ ਮੁਆਫ

**ਚੰਡੀਗੜ੍ਹ:** ਕਿਸਾਨਾਂ ਦੀ ਕਰਜ਼ ਮੁਆਫੀ ਸੂਚੀ ਵਿਚ ਪਰਲ ਗਰੁੱਪ (ਪੀ.ਏ.ਸੀ.ਐਲ.) ਦੇ ਐਮ.ਡੀ. ਸੁਖਦੇਵ ਸਿੰਘ ਦਾ ਨਾਮ ਵੀ ਸ਼ਾਮਲ ਹੈ। ਲੋਕਾਂ ਨਾਲ ਠੱਗੀ ਕਰਨ ਦੇ ਇਲਜ਼ਾਮ ਤਹਿਤ ਜੇਲ੍ਹ ਕੱਟ ਰਹੇ ਸੁਖਦੇਵ ਸਿੰਘ ਦਾ ਸਰਕਾਰ ਨੇ ਇਕ ਲੱਖ 74 ਹਜ਼ਾਰ ਦਾ ਕਰਜ਼ ਮੁਆਫ ਕੀਤਾ ਹੈ। ਰੋਪੜ ਜ਼ਿਲ੍ਹੇ ਦੇ ਪਿੰਡ ਝੱਲੀਆਂ ਕਲਾਂ ਵਿਚ ਕੋਆਪ੍ਰੇਟਿਵ ਸੁਸਾਇਟੀ ਵਿਚ ਲੱਗੀ ਸੂਚੀ ਵਿਚ ਉਸ ਦਾ ਨਾਮ 26ਵੇਂ ਨੰਬਰ ਉਤੇ ਦਰਜ ਹੈ। ਪਿੰਡ ਦੇ ਲੋਕਾਂ ਵਿਚ ਉਸ ਦਾ ਨਾਮ ਸੂਚੀ ਵਿਚ ਆਉਣ ਕਾਰਨ ਰੋਸ ਹੈ।

## ਕਿਸਾਨ ਬੋਧ ਸਿੰਘ ਦਾ ਗਿਲਾ

**ਗੁਰਦਾਸਪੁਰ:** 'ਕਰਜ਼ ਖਤਮ ਕੁਰਕੀ ਖਤਮ, ਫਸਲ ਦੀ ਪੂਰੀ ਰਕਮ' ਦਾ ਵਾਅਦਾ ਕਿਸਾਨ ਬੋਧ ਸਿੰਘ ਨੂੰ ਲਾਅਰਾ ਜਾਪ ਰਿਹਾ ਹੈ। ਬੋਧ ਸਿੰਘ ਉਹ ਕਿਸਾਨ ਹੈ, ਜਿਸ ਨੇ ਕਾਂਗਰਸ ਮੈਨੀਫੈਸਟੋ ਦਾ ਪ੍ਰਮੁੱਖ ਐਲਾਨ, ਕਿਸਾਨ ਕਰਜ਼ ਮੁਆਫੀ 'ਤੇ ਸਹਿਮਤੀ ਫਾਰਮ ਭਰਿਆ ਸੀ। ਕੈਪਟਨ ਅਮਰਿੰਦਰ ਸਿੰਘ ਨੇ ਖੁਦ ਜਾ ਕੇ ਉਸ ਦਾ ਫਾਰਮ ਭਰਿਆ ਸੀ। ਡੇਰਾ ਬਾਬਾ ਨਾਨਕ ਦੇ ਪਿੰਡ ਕੋਟਲੀ ਦੇ ਕਿਸਾਨ ਬੋਧ ਸਿੰਘ ਨੇ ਦੱਸਿਆ ਕਿ ਉਸ ਕੋਲ 31 ਕਨਾਲ ਖੇਤੀ ਯੋਗ ਜ਼ਮੀਨ ਹੈ। ਉਸ ਨੇ ਆਪਣੀ ਜ਼ਮੀਨ ਗਿਰਵੀਂ ਰੱਖ ਕੇ ਪੰਜਾਬ ਗ੍ਰਾਮੀਣ ਬੈਂਕ ਤੋਂ ਕਰਜ਼ ਲਿਆ ਸੀ ਜੋ ਹੁਣ ਤੱਕ 5 ਲੱਖ ਰੁਪਏ ਹੋ ਗਿਆ ਹੈ। ਅਕਤੂਬਰ 2016 ਵਿਚ ਕੈਪਟਨ ਅਮਰਿੰਦਰ ਸਿੰਘ ਨੇ ਖੁਦ ਉਸ ਦਾ ਫਾਰਮ ਭਰਵਾਇਆ ਸੀ ਪਰ ਹਾਲੇ ਤੱਕ ਉਸ ਤੱਕ ਕੋਈ ਲਾਭ ਨਹੀਂ ਪਹੁੰਚਿਆ। ਬੋਧ ਸਿੰਘ ਨੇ ਕਿਹਾ ਕਿ ਉਸ ਨੂੰ ਬੈਂਕ ਨੇ ਕਰਜ਼ ਚੁਕਾਉਣ ਲਈ ਕਈ ਨੋਟਿਸ ਵੀ ਭੇਜੇ ਹਨ। ਬੈਂਕ ਅਧਿਕਾਰੀ ਘਰ ਆ ਕੇ ਉਨ੍ਹਾਂ ਨੂੰ ਤੰਗ ਕਰਦੇ ਹਨ। ਉਨ੍ਹਾਂ ਕੈਪਟਨ ਅਮਰਿੰਦਰ ਸਿੰਘ ਨੂੰ ਆਪਣਾ ਵਾਅਦਾ ਪੂਰਾ ਕਰਨ ਦੀ ਅਪੀਲ ਕੀਤੀ। ਮੁੱਖ ਮੰਤਰੀ ਨੇ ਸੱਤ ਜਨਵਰੀ ਨੂੰ ਤਕਰੀਬਨ 47 ਹਜ਼ਾਰ ਕਿਸਾਨਾਂ ਨੂੰ ਸਹਿਕਾਰੀ ਸਭਾਵਾਂ ਦੇ ਕਰਜ਼ ਨੂੰ ਮੁਆਫ ਕਰਨ ਵਾਲੇ ਪ੍ਰਮਾਣ ਪੱਤਰ ਵੰਡੇ ਸਨ।



# ਕਿਸਾਨੀ ਸੰਕਟ ਅੱਗੇ ਬੌਣੀ ਪਈ ਕਰਜ਼ ਮੁਆਫੀ, ਨਾ ਰੋਕ ਸਕੀ ਖੁਦਕੁਸ਼ੀਆਂ

**ਬਠਿੰਡਾ:** ਕਿਸਾਨੀ ਸੰਕਟ ਅੱਗੇ ਕਰਜ਼ਾ ਮੁਆਫੀ ਬੌਣੀ ਜਾਪਦੀ ਹੈ। ਛੋਟੀ ਮੁਆਫੀ ਵਾਲੇ ਕਿਸਾਨ ਕਦੇ ਮੁਆਫ ਹੋਈ ਰਕਮ ਵੱਲ ਵੇਖਦੇ ਹਨ ਤੇ ਕਦੇ ਸਿਰ ਚੜ੍ਹੇ ਕਰਜ਼ੇ ਵੱਲ। ਕੈਪਟਨ ਹਕੂਮਤ ਨੇ ਮਾਨਸਾ 'ਚ ਸਰਕਾਰੀ ਸਮਾਗਮ ਕਰ ਕੇ ਪੰਜ ਜ਼ਿਲ੍ਹਿਆਂ ਦੇ ਕਿਸਾਨਾਂ ਲਈ ਕਰਜ਼ਾ ਮੁਆਫੀ ਦੀ ਸ਼ੁਰੂਆਤ ਕੀਤੀ। ਮੋਟੇ ਤੌਰ ਉਤੇ ਵੇਖੀਏ ਤਾਂ ਕਰਜ਼ਾ ਮੁਆਫੀ ਮਗਰੋਂ ਵੀ ਨਰਮਾ ਪੱਟੀ ਵਿਚ ਖੁਦਕੁਸ਼ੀਆਂ ਦਾ ਵਰਤਾਰਾ ਘਟਿਆ ਨਹੀਂ ਹੈ। ਮੁਢਲੇ ਪੜਾਅ ਉਤੇ ਢਾਈ ਏਕੜ ਵਾਲੇ ਬਠਿੰਡਾ, ਮਾਨਸਾ, ਮੁਕਤਸਰ, ਫ਼ਰੀਦਕੋਟ ਤੇ ਮੋਗਾ ਵਿਚਲੇ ਕਿਸਾਨਾਂ ਦੇ 170 ਕਰੋੜ ਰੁਪਏ ਮੁਆਫ ਕੀਤੇ ਗਏ ਹਨ।

ਬਠਿੰਡਾ ਦੇ ਪਿੰਡ ਰਾਏਕੇ ਕਲਾਂ ਦੇ ਕਿਸਾਨ ਗੁਰਚਰਨ ਸਿੰਘ ਦਾ 852 ਰੁਪਏ ਤੇ ਪਿੰਡ ਜੀਦਾ ਦੇ ਬੁੱਗਰ ਸਿੰਘ ਦਾ 576 ਰੁਪਏ ਦਾ ਕਰਜ਼ਾ ਮੁਆਫ ਹੋਇਆ। ਕਿਸਾਨ ਆਖਦੇ ਹਨ ਕਿ ਵੋਟਾਂ ਵੇਲੇ ਕੈਪਟਨ ਨੇ ਵਾਅਦਿਆਂ ਦੇ ਤਾਂ ਖੁੱਲ੍ਹੇ ਗੱਫੇ ਵਰਤਾਏ, ਪਰ ਹੁਣ ਹਕੀਕਤ 'ਚ ਲਿਆਉਣ ਮੌਕੇ ਹੱਥ ਘੁੱਟ ਲਿਆ।

ਮੋਗਾ ਦੇ ਪਿੰਡ ਨੱਥੂਵਾਲਾ ਗਰਬੀ ਦੇ ਨਿਰਮਲ ਸਿੰਘ ਦਾ ਭਰੋਸਾ ਹਾਲੇ ਟੁੱਟਿਆ ਨਹੀਂ। ਭਾਵੇਂ ਉਸ ਦਾ ਨਾਮ ਮੁਆਫੀ ਵਾਲੀ ਸੂਚੀ ਵਿਚ ਨਹੀਂ ਆਇਆ, ਫਿਰ ਵੀ ਉਸ ਨੂੰ ਉਮੀਦ ਹੈ ਕਿ ਦੂਸਰੀ ਸੂਚੀ 'ਚ ਉਸ ਦਾ ਨਾਂ ਜ਼ਰੂਰ ਆਵੇਗਾ। ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਜੱਦੀ ਪਿੰਡ ਬਾਦਲ ਦੇ ਸਿਰਫ ਤਿੰਨ ਕਿਸਾਨਾਂ ਨੂੰ ਕਰਜ਼ਾ ਮੁਆਫੀ ਦਾ ਲਾਭ ਮਿਲਿਆ ਜਦਕਿ ਸਹਿਕਾਰੀ ਸਭਾ ਬਾਦਲ ਵੱਲੋਂ 62 ਕਿਸਾਨਾਂ ਦੀ ਸੂਚੀ ਭੇਜੀ ਗਈ ਸੀ।

ਮਾਨਸਾ ਦੇ ਪਿੰਡ ਆਂਡਿਆਂਵਾਲੀ ਵਿਚ ਉਲਟੀ ਗੰਗਾ ਵਗੀ ਹੈ, ਉਥੇ ਕਰਜ਼ਾ ਘੱਟ ਸੀ ਤੇ ਕਿਸਾਨਾਂ ਦੀ ਮੁਆਫ਼ੀ ਜ਼ਿਆਦਾ ਆਈ ਹੈ। ਬਠਿੰਡਾ ਦੇ ਪਿੰਡ ਲਾਲੇਆਣਾ ਦਾ ਕਿਸਾਨ ਮੇਘਾ ਸਿੰਘ ਕਰਜ਼ਾ ਮੁਆਫੀ ਤੋਂ ਬਾਗੋ ਬਾਗ ਹੈ। ਉਹ ਦੱਸਦਾ ਹੈ ਕਿ ਉਸ ਸਿਰ ਸਿਰਫ 40 ਹਜ਼ਾਰ ਦਾ ਕਰਜ਼ਾ ਸੀ ਜੋ ਹੁਣ ਮੁਆਫੀ ਵਾਲੀ ਸੂਚੀ ਵਿਚ ਆ ਗਿਆ ਹੈ। ਮਾਨਸਾ ਦੇ ਪਿੰਡ ਭੈਣੀ ਬਾਘਾ ਦੇ ਤਿੰਨ ਕਿਸਾਨ ਭਰਾਵਾਂ 'ਚੋਂ ਸਿਕੰਦਰ ਸਿੰਘ ਦਾ ਨਾਂ ਕਰਜ਼ਾ ਸੂਚੀ ਵਿਚੋਂ ਗਾਇਬ ਹੈ। ਉਹ ਨਿਰਾਸ਼ਾ 'ਚ ਆਖਦਾ ਹੈ ਕਿ 'ਇਕ ਵਾਰੀ ਤਾਂ ਝਟਕਾ ਲੱਗ ਗਿਆ ਹੈ, ਹੁਣ ਜਦੋਂ ਮਾਫ ਹੋਊ, ਉਦੋਂ ਹੀ ਮਨ ਖੜੂ।'

ਫਰੀਦਕੋਟ ਦੇ ਪਿੰਡ ਵਾੜਾ ਭਾਈਕਾ ਦਾ ਮਲਕੀਤ ਸਿੰਘ ਇਸ ਗੱਲੋਂ ਖੁਸ਼ ਹੈ ਕਿ ਉਸ ਦਾ ਸਹਿਕਾਰੀ ਸਭਾ ਦਾ ਪੂਰਾ ਕਰਜ਼ਾ ਮੁਆਫ ਹੋ ਗਿਆ। ਉਸ ਦਾ ਪ੍ਰਤੀਕਰਮ ਸੀ ਕਿ ਛੋਟੀ ਕਿਸਾਨੀ ਦੀ ਆਰਥਿਕਤਾ ਨੂੰ ਠੁੰਮ੍ਹਣਾ ਦੇਣ ਲਈ ਸਰਕਾਰ ਠੋਸ ਨੀਤੀ ਘੜੇ ਤੇ ਸਥਾਈ ਤੌਰ 'ਤੇ ਬਦਲਵੇਂ ਪ੍ਰਬੰਧ ਕਰੇ।

## ਮੁਆਫੀ ਖੁਦਕੁਸ਼ੀਆਂ ਦਾ ਸਥਾਈ ਹੱਲ ਨਹੀਂ: ਮਨਪ੍ਰੀਤ

**ਬਠਿੰਡਾ:** ਵਿੱਤ ਮੰਤਰੀ ਮਨਪ੍ਰੀਤ ਬਾਦਲ ਨੇ ਕਿਹਾ ਕਿ ਕਰਜ਼ਾ ਮੁਆਫੀ ਖੁਦਕੁਸ਼ੀ ਦਾ ਹੱਲ ਨਹੀਂ ਤੇ ਨਾ ਹੀ ਇਹ ਸਥਾਈ ਹੱਲ ਹੈ। ਇਸ ਦੇ ਬਹੁ ਪਰਤੀ ਹੱਲ ਲੱਭਣੇ ਪੈਣਗੇ। ਉਨ੍ਹਾਂ ਕਿਹਾ ਕਿ ਮਰਜ਼ ਦੀ ਦਵਾਈ ਹੈ, ਪਰ ਸਮਾਂ ਲੱਗਦਾ ਹੈ। ਕਰਜ਼ਾ ਮੁਆਫੀ ਦੀ ਰਸਮੀ ਸ਼ੁਰੂਆਤ ਹੋਈ ਹੈ ਤੇ ਤਿੰਨ ਮਹੀਨਿਆਂ ਵਿਚ ਪ੍ਰਕਿਰਿਆ ਮੁਕੰਮਲ ਹੋਵੇਗੀ।

# ਸ਼ਾਹੂਕਾਰ ਕਰਜ਼ੇ ਦੇ ਜੰਜਾਲ ਤੋਂ ਮੁਕਤੀ ਬਾਰੇ ਸਰਕਾਰ ਅਜੇ ਵੀ ਚੁੱਪ ਬੈਠੀ

**ਚੰਡੀਗੜ੍ਹ:** ਪੰਜਾਬ ਦੇ ਕਿਸਾਨਾਂ ਨੂੰ ਸ਼ਾਹੂਕਾਰਾ ਕਰਜ਼ੇ ਦੇ ਜੰਜਾਲ ਤੋਂ ਮੁਕਤ ਕਰਾਉਣ ਲਈ ਬਾਦਲ ਸਰਕਾਰ ਵੱਲੋਂ ਹੋਂਦ ਵਿਚ ਲਿਆਂਦੇ ਕਾਨੂੰਨ 'ਦਿ ਪੰਜਾਬ ਸੈਟਲਮੈਂਟ ਆਫ ਐਗਰੀਕਲਚਰਲ ਇਨਡੈਟਿਡਨੈਸ ਬਿੱਲ 2016 (ਖੇਤੀ ਕਰਜ਼ਿਆਂ ਦਾ ਨਿਬੇੜਾ ਬਿੱਲ) ਸਹੀ ਢੰਗ ਨਾਲ ਲਾਗੂ ਨਾ ਹੋਣ ਕਾਰਨ ਆੜ੍ਹਤੀਆਂ ਦਾ ਕਰਜ਼ਾ ਅਜੇ ਵੀ ਕਿਸਾਨਾਂ ਲਈ 'ਵਿੱਤੀ ਆਫਤ' ਤੋਂ ਘੱਟ ਨਹੀਂ ਹੈ।

ਕੈਪਟਨ ਸਰਕਾਰ ਨੇ ਇਸ ਕਾਨੂੰਨ ਨੂੰ ਲਾਗੂ ਕਰਨ ਲਈ ਭਾਵੇਂ ਸਥਾਨਕ ਸਰਕਾਰਾਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਦੀ ਅਗਵਾਈ ਹੇਠ ਵਿੱਤ ਮੰਤਰੀ ਮਨਪ੍ਰੀਤ ਬਾਦਲ ਅਤੇ ਪੰਚਾਇਤ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਉਤੇ ਅਧਾਰਿਤ ਇਕ ਵਿਸ਼ੇਸ਼ ਕਮੇਟੀ ਵੀ ਬਣਾਈ ਸੀ, ਪਰ ਇਹ ਵੀ ਹਾਲ ਦੀ ਘੜੀ ਕਿਸੇ ਠੋਸ ਨਤੀਜੇ ਉਤੇ ਨਹੀਂ ਪਹੁੰਚੀ।

ਕਮੇਟੀ ਵਿਚ ਸ਼ਾਮਲ ਇਕ ਮੰਤਰੀ ਨੇ ਉਕਤ ਕਾਨੂੰਨ ਨੂੰ ਬੇਜਾਨ ਕਰਾਰ ਦਿੰਦਿਆਂ ਕਿਹਾ ਕਿ ਜਿੰਨਾ ਚਿਰ ਸ਼ਾਹੂਕਾਰਾ ਕਰਜ਼ੇ ਨੂੰ ਸਰਕਾਰੀ ਆਡਿਟ ਅਧੀਨ ਨਹੀਂ ਲਿਆਂਦਾ ਜਾਂਦਾ, ਕਰਜ਼ੇ ਤੋਂ ਦੁੱਗਣੀ ਰਾਸ਼ੀ ਮੋੜ ਚੁੱਕੇ ਕਿਸਾਨਾਂ ਦੇ ਕਰਜ਼ੇ ਉਤੇ ਲਕੀਰ ਮਾਰਨ ਦੀ ਕਾਨੂੰਨੀ ਵਿਵਸਥਾ ਨਹੀਂ ਕੀਤੀ ਜਾਂਦੀ ਤੇ ਜ਼ਮੀਨ ਸਿਰਫ ਹੱਲ ਵਾਹਕ ਦੀ ਰਹਿਣ ਦਾ ਕਾਨੂੰਨ ਵਿਚ ਬੰਦੋਬਸਤ ਨਹੀਂ ਕੀਤਾ ਜਾਂਦਾ, ਉਨਾ ਚਿਰ ਕਿਸਾਨਾਂ ਨੂੰ ਸ਼ਾਹੂਕਾਰਾ ਕਰਜ਼ੇ ਤੋਂ ਮੁਕਤੀ ਨਹੀਂ ਦਿਵਾਈ ਜਾ ਸਕਦੀ।

ਮੰਨਿਆ ਜਾ ਰਿਹਾ ਹੈ ਕਿ ਕਮੇਟੀ ਵੱਲੋਂ ਬਜਟ ਸੈਸ਼ਨ ਤੱਕ ਰਿਪੋਰਟ ਦਿੱਤੀ ਜਾ ਸਕਦੀ ਹੈ। ਕਾਨੂੰਨ ਨੂੰ ਕਿਸਾਨ ਪੱਖੀ ਬਣਾਉਣ ਲਈ ਸਿਆਸੀ ਇੱਛਾ ਸ਼ਕਤੀ ਦੀ ਘਾਟ ਹਾਕਮ ਧਿਰਾਂ ਵਿਚ ਹਮੇਸ਼ਾ ਹੀ ਰੜਕਦੀ ਰਹੀ ਹੈ। ਕਿਸਾਨਾਂ ਨੂੰ ਸ਼ਾਹੂਕਾਰਾ ਕਰਜ਼ੇ ਤੋਂ ਮੁਕਤੀ ਦਿਵਾਉਣ ਲਈ ਕੈਪਟਨ ਅਮਰਿੰਦਰ ਸਿੰਘ ਨੇ ਸਾਲ 2006 ਵਿਚ ਦਿਹਾਤੀ ਕਰਜ਼ਾ ਨਿਪਟਾਰਾ ਕਾਨੂੰਨ ਲਿਆਉਣ ਦਾ ਮੁੱਢ ਬੰਨ੍ਹਿਆ ਸੀ।

ਕਿਸਾਨੀ ਨੂੰ ਕਰਜ਼ਾ ਮੁਕਤ ਕਰਨ ਦਾ ਵਾਅਦਾ ਕਰ ਕੇ ਇਕ ਵਾਰ ਫਿਰ ਉਹ ਸੱਤਾ ਵਿਚ ਤਾਂ ਆ ਗਏ, ਪਰ ਇਹ ਵੀ ਤੱਥ ਹੈ ਕਿ ਇਕ ਦਹਾਕਾ ਪਹਿਲਾਂ ਕੈਪਟਨ ਅਮਰਿੰਦਰ ਸਿੰਘ ਵੀ ਸ਼ਾਹੂਕਾਰਾਂ ਦੀ ਤਾਕਤ ਦੇ ਸਾਹਮਣੇ ਆਪਣੀ ਇੱਛਾ ਸ਼ਕਤੀ ਦਾ ਮੁਜ਼ਾਹਰਾ ਕਰਨ ਵਿਚ ਸਫਲ ਨਹੀਂ ਹੋ ਸਕੇ ਸਨ। ਇਥੋਂ ਤੱਕ ਕਿ ਕਿਸਾਨਾਂ ਨੂੰ ਜਿਣਸਾਂ ਦੀ ਸਿੱਧੀ ਅਦਾਇਗੀ ਦੇਣ ਲਈ 2006 ਵਿਚ ਜਾਰੀ ਨੋਟੀਫਿਕੇਸ਼ਨ ਨੂੰ ਵੀ ਅਜਿਹੀਆਂ ਬਰੇਕਾਂ ਲੱਗੀਆਂ ਕਿ ਕਿਸਾਨ, ਆੜ੍ਹਤੀਆਂ ਦੇ ਜਾਲ ਵਿਚੋਂ ਨਿਕਲ ਹੀ ਨਹੀਂ ਸਕਿਆ। ਕੈਪਟਨ ਅਮਰਿੰਦਰ ਸਿੰਘ ਵੱਲੋਂ ਕਾਨੂੰਨ ਲਿਆਉਣ ਦੀ ਕੀਤੀ ਸ਼ੁਰੂਆਤ ਨੂੰ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਸਿਰੇ ਲਾਉਣ ਦਾ ਯਤਨ ਤਾਂ ਕੀਤਾ, ਪਰ ਸਰਕਾਰ ਦੀ ਨੀਅਤ ਪੂਰੀ ਤਰ੍ਹਾਂ ਕਿਸਾਨ ਪੱਖੀ ਨਾ ਹੋਣ ਕਾਰਨ ਇਹ ਕਾਨੂੰਨ ਵੀ ਕਿਸਾਨ ਪੱਖੀ ਨਾ ਹੋ ਕੇ ਸ਼ਾਹੂਕਾਰਾਂ ਦੇ ਪੱਖ ਦਾ ਹੀ ਹੋ ਨਿਬੜਿਆ ਤੇ ਸਹੀ ਢੰਗ ਨਾਲ ਲਾਗੂ ਵੀ ਨਹੀਂ ਹੋ ਸਕਿਆ।

ਵਿਧਾਨ ਸਭਾ ਵੱਲੋਂ ਪਾਸ ਇਸ ਕਾਨੂੰਨ ਮੁਤਾਬਕ ਕਿਸਾਨਾਂ ਅਤੇ ਸ਼ਾਹੂਕਾਰਾਂ ਦਰਮਿਆਨ ਕਰਜ਼ੇ ਦੇ ਵਿਵਾਦ ਨੂੰ ਨਿਬੇੜਨ ਲਈ ਸਰਕਾਰ ਵੱਲੋਂ ਜ਼ਿਲ੍ਹਾ ਅਤੇ ਸੂਬਾਈ ਪੱਧਰ ਉਤੇ ਟ੍ਰਿਬਿਊਨਲਾਂ ਦਾ ਗਠਨ ਕੀਤਾ ਜਾਣਾ ਸੀ ਜੋ ਨਹੀਂ ਕੀਤਾ ਗਿਆ। ਇਸ ਕਾਨੂੰਨ ਦੀ ਵਿਵਸਥਾ ਮੁਤਾਬਕ ਸੂਬਾਈ ਟ੍ਰਿਬਿਊਨਲ ਵੱਲੋਂ ਕਰਜ਼ੇ ਸਬੰਧੀ ਸੁਣਾਇਆ ਗਿਆ ਫੈਸਲਾ ਅੰਤਿਮ ਮੰਨਿਆ ਜਾਣਾ ਹੈ।

## ਮੁਆਫੀ 'ਤੇ ਕੈਪਟਨ ਦਾ ਅਕਾਲੀਆਂ ਨੂੰ ਮੋੜਵਾਂ ਜਵਾਬ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਸਾਨ ਕਰਜ਼ਾ ਮਾਮਲੇ ਬਾਰੇ ਅਕਾਲੀ ਦਲ ਉਤੇ ਤਿੱਖਾ ਸ਼ਬਦੀ ਹਮਲਾ ਕੀਤਾ ਹੈ।"ਉਨ੍ਹਾਂ ਕਿਹਾ ਕਿ ਜਿਨ੍ਹਾਂ ਨੇ ਆਪਣੇ ਕਾਰਜ ਕਾਲ ਦੌਰਾਨ ਆਪਣੀਆਂ ਹੱਦੋਂ ਵੱਧ ਘਟੀਆ ਨੀਤੀਆਂ ਨਾਲ ਕਿਸਾਨਾਂ ਨੂੰ ਕਰਜ਼ੇ ਦੇ ਜੰਜਾਲ ਵਿਚ ਧੱਕ ਦਿੱਤਾ ਸੀ, ਉਨ੍ਹਾਂ ਵੱਲੋਂ ਹੁਣ ਮੇਰੇ ਤੋਂ 90,000 ਕਰੋੜ ਰੁਪਏ ਦੇ ਕਰਜ਼ਾ ਮੁਆਫੀ ਪੈਕੇਜ ਦੀ ਮੰਗ ਕੀਤੀ ਜਾ ਰਹੀ ਹੈ। ਅਕਾਲੀ ਆਪਣੇ ਸੌੜੇ ਸਿਆਸੀ ਹਿੱਤਾਂ ਖਾਤਰ ਸਭ ਕਰ ਰਹੇ ਹਨ ਤੇ ਕਿਸਾਨਾਂ ਨੂੰ ਉਨ੍ਹਾਂ ਦੀਆਂ ਗੱਲਾਂ ਵੱਲ ਧਿਆਨ ਨਹੀਂ ਦੇਣਾ ਚਾਹੀਦਾ।

# ਤਾਲਿਬਾਨ ਨੇ ਭੁੱਟੋ ਦੀ ਹੱਤਿਆ ਦੀ ਸਾਜ਼ਿਸ਼ ਕਬੂਲੀ

**ਇਸਲਾਮਾਬਾਦ:** ਪਾਕਿਸਤਾਨੀ ਤਾਲਿਬਾਨ ਨੇ ਦਾਅਵਾ ਕੀਤਾ ਹੈ ਕਿ 2007 ਵਿਚ ਸਾਬਕਾ ਪ੍ਰਧਾਨ ਮੰਤਰੀ ਬੇਨਜ਼ੀਰ ਭੁੱਟੋ ਦੀ ਹੱਤਿਆ ਉਨ੍ਹਾਂ ਨੇ ਕੀਤੀ ਸੀ। ਪਾਬੰਦੀਸ਼ੁਦਾ ਅਤਿਵਾਦੀ ਸੰਗਠਨ ਦੀ ਇਕ ਕਿਤਾਬ 'ਚ ਇਹ ਖੁਲਾਸਾ ਹੋਇਆ ਹੈ ਕਿ ਬੇਨਜੀਰ ਭੁੱਟੋ ਸੱਤਾ ਵਿਚ ਵਾਪਸੀ ਉਤੇ 'ਮੁਜਾਹਦੀਨ' ਖਿਲਾਫ਼ ਅਮਰੀਕਾ ਨਾਲ ਸਹਿਯੋਗ ਕਰਨ ਦੀ ਯੋਜਨਾ ਬਣਾ ਰਹੀ ਸੀ, ਇਸ ਲਈ ਉਸ ਦੀ ਹੱਤਿਆ ਕੀਤੀ ਗਈ।

ਮਾਰੇ ਗਏ ਪਾਕਿਸਤਾਨੀ ਤਾਲਿਬਾਨ ਦੇ ਸੰਸਥਾਪਕ ਬੈਤੁੱਲਾਹ ਮਹਿਸੂਦ ਦੇ ਹਵਾਲੇ ਨਾਲ ਕਿਤਾਬ 'ਚ ਇਹ ਦਾਅਵਾ ਕੀਤਾ ਗਿਆ ਕਿ ਯੋਜਨਾਬੱਧ ਤਰੀਕੇ ਨਾਲ ਬੇਨਜ਼ੀਰ ਭੁੱਟੋ ਦੀ ਵਾਪਸੀ ਅਮਰੀਕਾ ਦੇ ਇਸ਼ਾਰਿਆਂ 'ਤੇ ਕੀਤੀ ਗਈ ਸੀ




ਕਿਉਂਕਿ ਉਨ੍ਹਾਂ ਨੇ ਉਸ ਨੂੰ 'ਮੁਜਾਹਿਦੀ-ਏ-ਇਸਲਾਮ' ਖਿਲਾਫ਼ ਇਕ ਯੋਜਨਾ ਦਿੱਤੀ ਸੀ ਜਦਕਿ ਬੈਤੁੱਲਾਹ ਨੂੰ ਇਸ ਯੋਜਨਾ ਬਾਰੇ ਜਾਣਕਾਰੀ ਮਿਲ ਗਈ ਸੀ।

ਦੱਸਣਯੋਗ ਹੈ ਕਿ 27 ਦਸੰਬਰ 2007 ਨੂੰ ਇਕ ਚੋਣ ਰੈਲੀ ਨੂੰ ਸੰਬੋਧਨ ਕਰਨ ਤੋਂ ਕੁਝ ਸਮੇਂ ਬਾਅਦ ਹੀ ਪਾਕਿਸਤਾਨ ਪੀਪਲਜ਼ ਪਾਰਟੀ (ਪੀ.ਪੀ.ਪੀ.) ਦੀ ਪ੍ਰਧਾਨ ਬੇਨਜ਼ੀਰ ਭੁੱਟੋ ਦੀ ਰਾਵਲਪਿੰਡੀ 'ਚ ਇਕ ਆਤਮਘਾਤੀ ਹਮਲੇ 'ਚ ਹੱਤਿਆ ਕਰ ਦਿੱਤੀ ਗਈ ਸੀ। ਕਿਤਾਬ ਅਨੁਸਾਰ ਆਤਮਘਾਤੀ ਬੰਬਾਰ ਬਿਲਾਲ ਉਰਫ ਸਈਦ ਅਤੇ ਇਕਰਾਮੁੱਲਾ ਨੂੰ ਭੁੱਟੋ 'ਤੇ ਹਮਲਾ ਕਰਨ ਦਾ ਕੰਮ ਸੌਂਪਿਆ ਗਿਆ ਸੀ। ਆਤਮਘਾਤੀ ਹਮਲਾਵਰ ਬਿਲਾਲ ਨੇ ਪਹਿਲਾਂ ਆਪਣੇ ਪਿਸਤੌਲ ਨਾਲ ਭੁੱਟੇ ਦੀ ਗਰਦਨ 'ਤੇ ਗੋਲੀ ਮਾਰੀ ਅਤੇ ਫਿਰ ਆਪਣੇ ਆਪ ਨੂੰ ਉਡਾ ਲਿਆ।

# ਬੱਚਿਆਂ ਨੂੰ ਘਰ ਵਿਚ ਬੰਧਕ ਬਣਾਉਣ ਦੇ ਦੋਸ਼ ਹੇਠ ਪਤੀ-ਪਤਨੀ ਗ੍ਰਿਫਤਾਰ

**ਲਾਸ ਏਂਜਲਸ (ਬਿਊਰੋ):** ਦੱਖਣੀ ਕੈਲੀਫੋਰਨੀਆ ਦਾ ਇੱਕ ਗੋਰਾ ਪਤੀ-ਪਤਨੀ ਜੋੜਾ ਇਸ ਸਮੇਂ ਜੇਲ੍ਹ ਦੀ ਹਵਾ ਖਾ ਰਿਹਾ ਹੈ। ਇਸ ਜੋੜੇ 'ਤੇ ਆਪਣੇ ਹੀ ਬੱਚਿਆਂ ਨੂੰ ਖਤਰੇ ਵਿਚ ਪਾਉਣ ਤੇ ਉਨ੍ਹਾਂ 'ਤੇ ਤਸ਼ੱਦਦ ਢਾਹੁਣ ਦਾ ਦੋਸ਼ ਲੱਗਿਆ ਹੈ। ਤਲਾਸ਼ੀ ਦੌਰਾਨ ਉਨ੍ਹਾਂ ਦੇ ਘਰ ਵਿਚੋਂ 12 ਬੱਚੇ ਮੰਜਿਆਂ ਨਾਲ ਬੰਨੇ ਹੋਏ ਮਿਲੇ।

ਡੇਵਿੱਡ ਟਰਪਿਨ (57) ਅਤੇ ਲੁਇਸ ਟਰਪਿਨ (49) ਪਤੀ-ਪਤਨੀ ਰਿਵਰਸਾਈਡ ਕਾਉਂਟੀ ਜੇਲ੍ਹ ਵਿਚ ਬੰਦ ਹਨ ਅਤੇ ਉਨ੍ਹਾਂ ਦੀ ਜ਼ਮਾਨਤ 9 ਮਿਲੀਅਨ ਡਾਲਰ ਰੱਖੀ ਗਈ ਹੈ। ਰਿਵਰਸਾਈਡ ਸ਼ੈਰਿਫ ਡਿਪਾਰਟਮੈਂਟ ਨੇ ਸੋਮਵਾਰ ਇਕ ਪ੍ਰੈਸ ਕਾਨਫਰੰਸ ਵਿਚ ਦੱਸਿਆ ਕਿ



*ਡੇਵਿੱਡ ਟਰਪਿਨ ਤੇ ਲੁਇਸ ਟਰਪਿਨ*

ਤਹਿਕੀਕਾਤ ਉਸ ਸਮੇਂ ਸ਼ੁਰੂ ਹੋਈ ਜਦੋਂ ਐਤਵਾਰ ਸਵੇਰੇ ਲਾਸ ਏਂਜਲਸ ਤੋਂ 70 ਮੀਲ ਪੂਰਬ ਦੱਖਣ ਵਾਲੇ ਪਾਸੇ ਸਥਿਤ ਸ਼ਹਿਰ ਪਿਰਸ ਤੋਂ ਮਾਂ-ਬਾਪ ਦੇ ਚੁੰਗਲ 'ਚੋ ਭੱਜੀ 17 ਸਾਲਾ ਕੁੜੀ ਨੇ 911 ਕਾਲ ਕਰਕੇ ਪੁਲਿਸ ਨੂੰ ਸੂਚਿਤ ਕੀਤਾ ਕਿ ਉਹ ਕਿਸੇ ਤਰ੍ਹਾਂ ਬਚ ਨਿਕਲੀ ਹੈ ਪਰ ਉਸ ਦੇ ਹੋਰ 12 ਭੈਣ-ਭਰਾਵਾਂ ਨੂੰ ਉਸ ਦੇ ਮਾਪਿਆਂ ਨੇ ਕੈਦੀ ਬਣਾਇਆ ਹੋਇਆ ਹੈ। ਕੁੜੀ ਏਨੀ ਕਮਜ਼ੋਰ ਸੀ ਕਿ ਜਦੋਂ ਪੁਲਿਸ ਵਾਲਿਆਂ ਨੇ ਪਹਿਲੀ ਨਜ਼ਰ ਵੇਖਿਆ ਤਾਂ ਉਨ੍ਹਾਂ ਸੋਚਿਆ ਸ਼ਾਇਦ ਇਹ 10 ਕੁ ਸਾਲ ਦੀ ਕੁੜੀ ਹੈ।

ਜਦੋਂ ਪੁਲਿਸ ਵਾਲੇ ਟਰਪਿਨ ਜੋੜੇ ਦੇ ਘਰ ਪਹੁੰਚੇ ਤਾਂ ਬਹੁਤ ਸਾਰੇ ਬੱਚੇ ਹਨੇਰੇ ਵਿਚ ਗੰਦਗੀ ਭਰੀ ਥਾਂ 'ਤੇ ਮੰਜਿਆਂ ਨਾਲ ਲੋਹੇ ਦੀਆਂ ਚੇਨਾਂ ਨਾਲ ਬੰਨੇ ਹੋਏ ਮਿਲੇ ਅਤੇ ਇਸ ਜਗ੍ਹਾ ਤੋਂ ਬਹੁਤ ਬਦਬੂ ਆ ਰਹੀ ਸੀ। ਪੁੱਛ-ਗਿੱਛ ਦੌਰਾਨ ਟਰਪਿਨ ਪਤੀ-ਪਤਨੀ ਕੋਈ ਠੋਸ ਜਵਾਬ ਨਾ ਦੇ ਸਕੇ। ਜਦੋਂ ਅਧਿਕਾਰੀ ਮੌਕੇ 'ਤੇ ਪਹੁੰਚੇ ਤਾਂ ਉਨ੍ਹਾਂ ਸੋਚਿਆ ਕਿ ਸਾਰੇ ਬੱਚੇ ਨਾਬਾਲਗ ਹੀ ਹਨ ਪਰ ਪੜਤਾਲ ਤੋਂ ਪਤਾ ਲੱਗਾ ਕਿ ਇਨ੍ਹਾਂ ਬੱਚਿਆਂ ਵਿਚੋਂ 7 ਜਣੇ 18 ਸਾਲ ਤੋਂ ਉਪਰ ਹਨ। ਬੱਚੇ ਭੁੱਖ ਅਤੇ ਪਿਆਸ ਨਾਲ ਤੜਫ ਰਹੇ ਸਨ। ਪਾਣੀ ਵਗੈਰਾ ਪਿਆਉਣ ਤੋਂ ਬਾਅਦ ਇਨ੍ਹਾਂ ਨੂੰ ਲੋਕਲ ਹਸਪਤਾਲ ਵਿਚ ਭਰਤੀ ਕਰਵਾਇਆ ਗਿਆ।

ਟਰਪਿਨ ਜੋੜਾ 2010 ਵਿਚ ਟੈਕਸਸ ਸਟੇਟ ਤੋਂ ਪਿਰਸ ਆ ਕੇ ਵੱਸਿਆ ਸੀ ਤੇ 2011 ਵਿਚ ਉਨ੍ਹਾਂ ਨੇ ਆਪਣਾ ਦੀਵਾਲਾ ਕੱਢ ਦਿੱਤਾ ਸੀ। ਇਹ ਘਰ, ਜਿੱਥੇ ਟਰਪਿਨ ਜੋੜਾ ਰਹਿ ਰਿਹਾ ਸੀ, ਨੂੰ ਇੱਕ ਸਕੂਲ ਅਤੇ ਡੇਵਿਡ ਟਰਪਿਨ ਨੇ ਆਪਣੇ ਆਪ ਨੂੰ ਸਕੂਲ ਦਾ ਪ੍ਰਿੰਸੀਪਲ ਸ਼ੋਅ ਕੀਤਾ ਹੋਇਆ ਸੀ। ਡੇਵਿਡ ਕਿੱਤੇ ਵਜੋਂ ਇੰਜੀਨੀਅਰ ਹੈ ਤੇ ਲੁਇਸ ਟਰਪਿਨ ਨੇ ਆਪਣੇ ਆਪ ਨੂੰ ਘਰ ਬਣਾਉਣ ਵਾਲੀ ਵਿਖਾਇਆ ਹੋਇਆ ਹੈ। ਪੁਲਿਸ ਗਵਾਂਢੀਆਂ ਤੋਂ ਜੋੜੇ ਦੇ ਰਹਿਣ-ਸਹਿਣ ਅਤੇ ਬੱਚਿਆਂ ਦੇ ਮੇਲ-ਮਿਲਾਪ ਬਾਰੇ ਪੁੱਛ ਗਿੱਛ ਕਰ ਰਹੀ ਹੈ।


EVEREST
TRANSPORT INC
APPLY NOW
Goldy: (260) 797-1122
Percy: (260) 206-5522
Office: (317) 992-2950
Fax: (317) 731-4173
APPLY NOW
Email:- Hiring@useverestransport.com
We're HIRING
Great Carrier
Company Driver's
Own-Operators
We are doing Dispatch in dedicated routes
Consistents Loads Competitive Pay
Great home time, great pay.
Friendly work, frieldy staff.
For Team ¢60 (Cents) Per Mile + Safety Bonus
For Single Driver ¢50 (Cents) Per Mile

OM Transportation Inc. &
Nand Freight Brokerage
Plainfield, IL
Owner Operators
& Company
Drivers Wanted





Valid CDL Class A License For Local,
Regional & OTR Work.
Van & Reefer
Manminder Heer 630-709-5331
Onkar Heer 630-396-0777
omtrans1@yahoo.com

Noblesville Trucks and Trailers Repair Shop
15203 Stony Creek Way, Noblesville, IN 46060
ਇਥੇ ਹਰ ਤਰ੍ਹਾਂ ਦੇ ਟਰੱਕਾਂ ਦੀ ਤਸੱਲੀਬਖਸ਼
ਰਿਪੇਅਰ ਕੀਤੀ ਜਾਂਦੀ ਹੈ





ਵਧੀਆ ਤੇ ਭਰੋਸੇਯੋਗ ਸਰਵਿਸ
*Clutch transmition differential drive line ਦੀ ਰਿਪੇਅਰ ਵੀ ਕਰਦੇ ਹਾਂ।
*ਟਰੱਕ ਅਤੇ ਰੀਫਲ ਆਇਲ ਚੇਂਜ
*ਟਰੱਕਾਂ ਅਤੇ ਟਰੇਲਰਾਂ ਦੀ ਸਸਪੈਂਸ਼ਨ ਬੁਸ਼ਿੰਗ
*ਏਅਰ ਡਰਾਇਰ, ਰੇਡੀਏਟਰ, ਕੰਪਰੈਸ਼ਰ ਅਤੇ ਕਿੰਗ ਪਿੰਨਜ਼ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ
24 ਘੰਟੇ ਰੋਡ ਸਰਵਿਸ
(150 ਮੀਲ ਦੇ ਏਰੀਏ ਵਿਚ)
ਡਰਾਈਵਰਾਂ ਦੇ ਰੋਟੀ-ਪਾਣੀ ਅਤੇ ਸ਼ਾਵਰ ਦਾ ਇੰਤਜ਼ਾਮ






ਹੋਰ ਜਾਣਕਾਰੀ ਲਈ ਸੰਪਰਕ ਕਰੋ, ਗੁਰਬਖਸ਼ ਸਿੰਘ, ਫੋਨ: 317-800-2976
ਫੈਕਸ: 317-774-9665

# ਮੁਲਾਹਜ਼ੇਦਾਰਾਂ ਬਾਰੇ ਭੇਤ ਖੋਲ੍ਹਣ ਤੋਂ ਕੈਪਟਨ ਸਰਕਾਰ ਦਾ ਟਾਲਾ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾਲ ਤਾਇਨਾਤ ਸਿਆਸੀ ਮੁਲਾਹਜ਼ੇਦਾਰਾਂ (ਸਲਾਹਕਾਰਾਂ, ਓ.ਐਸ.ਡੀ. ਅਤੇ ਸਿਆਸੀ ਸਕੱਤਰ) ਦੀਆਂ ਗਤੀਵਿਧੀਆਂ ਬਾਰੇ ਮੁੱਖ ਮੰਤਰੀ ਦਾ ਦਫਤਰ ਕੁਝ ਵੀ ਦੱਸਣ ਤੋਂ ਇਨਕਾਰੀ ਹੈ।

ਮੁੱਖ ਮੰਤਰੀ ਨਾਲ ਤਾਇਨਾਤ ਇਸ ਵੱਡੀ ਫੌਜ ਵੱਲੋਂ ਸਰਕਾਰੀ ਕੰਮਾਂ ਵਿਚ ਨਿਭਾਈ ਗਈ ਭੂਮਿਕਾ ਬਾਰੇ ਸੂਚਨਾ ਅਧਿਕਾਰ ਕਾਨੂੰਨ ਤਹਿਤ ਪੁੱਛੇ ਗਏ ਸਵਾਲਾਂ ਦੇ ਜਵਾਬ ਦੇਣ ਤੋਂ ਅਸਿੱਧੇ ਢੰਗ ਨਾਲ ਇਨਕਾਰ ਕਰਦਿਆਂ ਪ੍ਰਾਰਥੀ ਨੂੰ ਵੱਖ-ਵੱਖ ਵਿਭਾਗਾਂ ਤੱਕ ਪਹੁੰਚ ਕਰਨ ਦਾ ਮਸ਼ਵਰਾ ਦਿੱਤਾ ਗਿਆ ਹੈ। ਗੈਰ ਸਰਕਾਰੀ ਸੰਸਥਾ 'ਹੈਲਪ' ਦੇ ਨੁਮਾਇੰਦੇ ਪਰਵਿੰਦਰ ਸਿੰਘ ਕਿੱਤਣਾ ਨੇ ਪੁੱਛਿਆ ਸੀ ਕਿ ਮੁੱਖ ਮੰਤਰੀ ਦੇ ਸਲਾਹਕਾਰਾਂ, ਓ.ਐਸ.ਡੀਜ਼. ਤੇ ਸਿਆਸੀ ਸਕੱਤਰਾਂ ਨੂੰ



ਤਨਖਾਹਾਂ/ਭੱਤਿਆਂ ਤੇ ਹੋਰ ਖਰਚਿਆਂ ਲਈ ਸਰਕਾਰੀ ਖਜ਼ਾਨੇ ਵਿਚੋਂ ਕਿੰਨੀ-ਕਿੰਨੀ ਰਕਮ ਦਿੱਤੀ ਜਾਂਦੀ ਹੈ। ਉਨ੍ਹਾਂ ਨੂੰ ਮਿਲੇ ਸਟਾਫ, ਵਾਹਨਾਂ ਅਤੇ ਦਫਤਰਾਂ ਆਦਿ ਬਾਰੇ ਜਾਣਕਾਰੀ ਵੀ ਮੰਗੀ ਗਈ ਸੀ। ਇਸ ਤੋਂ ਇਲਾਵਾ ਲੈਫਟੀਨੈਂਟ ਜਨਰਲ (ਸੇਵਾ ਮੁਕਤ) ਟੀ.ਐਸ. ਸ਼ੇਰਗਿੱਲ, ਭਰਤਇੰਦਰ ਸਿੰਘ ਚਾਹਲ, ਕਰਨਪਾਲ ਸੇਖੋਂ, ਵੀ.ਕੇ. ਗਰਗ, ਵਿਮਲ ਸੁੰਬਲੀ, ਕੈਪਟਨ ਸੰਦੀਪ ਸੰਧੂ, ਮੇਜਰ ਅਮਰਦੀਪ ਸਿੰਘ, ਗੁਰਪ੍ਰੀਤ ਸਿੰਘ, ਦਮਨਜੀਤ ਸਿੰਘ ਮੋਹੀ ਅਤੇ ਹੋਰ ਨਿਯੁਕਤ ਸਲਾਹਕਾਰਾਂ ਜਾਂ ਓ.ਐਸ.ਡੀਜ਼. ਵੱਲੋਂ ਮੁੱਖ ਮੰਤਰੀ ਨੂੰ ਹੁਣ ਤੱਕ ਭੇਜੀਆਂ ਸਲਾਹਾਂ ਨਾਲ ਸਬੰਧਤ ਫਾਈਲਾਂ ਦੀ ਗਿਣਤੀ, ਉਨ੍ਹਾਂ ਦੇ ਡਾਇਰੀ ਨੰਬਰ ਅਤੇ ਕੀਮਤੀ ਸਲਾਹਾਂ ਨਾਲ ਸਬੰਧਤ ਦਸਤਾਵੇਜ਼ਾਂ ਦੀ ਮੰਗ ਵੀ ਕੀਤੀ ਗਈ ਸੀ।

ਮੁੱਖ ਮੰਤਰੀ ਦਫਤਰ ਨੇ ਸੂਚਨਾ ਦਾ ਸਬੰਧ ਵੱਖ-ਵੱਖ ਵਿਭਾਗਾਂ ਨਾਲ ਹੋਣ ਦੀ ਗੱਲ ਆਖਦਿਆਂ ਕੇਂਦਰੀ ਪਰਸੋਨਲ ਮੰਤਰਾਲੇ, ਸ਼ਿਕਾਇਤ ਨਿਵਾਰਣ, ਪੈਨਸ਼ਨ ਅਤੇ ਸਿਖਲਾਈ ਵਿਭਾਗ ਦੇ ਇਕ ਪੱਤਰ ਦਾ ਹਵਾਲਾ ਦਿੰਦਿਆਂ ਵੱਖ-ਵੱਖ ਵਿਭਾਗਾਂ ਕੋਲ ਅਰਜ਼ੀਆਂ ਦੇਣ ਲਈ ਕਿਹਾ ਹੈ। ਆਰ.ਟੀ.ਆਈ. ਐਕਟ-2005 ਦੀ ਧਾਰਾ 4 (ਬੀ) ਰਾਹੀਂ ਸਪੱਸ਼ਟ ਕੀਤਾ ਗਿਆ ਹੈ ਕਿ ਸਬੰਧਤ ਸਰਕਾਰੀ ਦਫਤਰ ਦੇ ਅਧਿਕਾਰੀਆਂ/ਕਰਮਚਾਰੀਆਂ ਦੇ ਕੰਮ-ਕਾਜ, ਡਿਊਟੀਆਂ, ਸ਼ਕਤੀਆਂ ਆਦਿ ਸਬੰਧੀ ਵਿਸਥਾਰ ਸਹਿਤ ਪ੍ਰਕਾਸ਼ਤ ਕੀਤਾ ਜਾਣਾ ਲਾਜ਼ਮੀ ਹੁੰਦਾ ਹੈ। ਕਾਨੂੰਨ ਦੀ ਇਸੇ ਧਾਰਾ ਤਹਿਤ ਸਰਕਾਰ ਵੱਲੋਂ ਉਕਤ ਅਹੁਦੇਦਾਰਾਂ ਦੀਆਂ ਗਤੀਵਿਧੀਆਂ ਸਬੰਧੀ ਪ੍ਰਕਾਸ਼ਤ ਕੀਤੇ ਗਏ ਕਿਤਾਬਚੇ ਦੀ ਮੰਗ ਵੀ ਕੀਤੀ ਗਈ ਸੀ। ਪਿਛਲੀ ਅਕਾਲੀ-ਭਾਜਪਾ ਸਰਕਾਰ ਨੇ ਵੀ ਕੁਝ ਅਜਿਹਾ ਹੀ ਰਵੱਈਆ ਅਖਤਿਆਰ ਕੀਤਾ ਹੋਇਆ ਸੀ। ਤਤਕਾਲੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨਾਲ ਲੱਗੇ ਸਲਾਹਕਾਰਾਂ ਵੱਲੋਂ ਦਿੱਤੀਆਂ ਗਈਆਂ ਸਲਾਹਾਂ ਬਾਰੇ ਵੀ ਆਰ.ਟੀ.ਆਈ. ਤਹਿਤ ਜਾਣਕਾਰੀ ਮੰਗੀ ਗਈ ਸੀ। ਉਦੋਂ ਮੁੱਖ ਮੰਤਰੀ ਦਫਤਰ ਨੇ ਲਿਖਿਆ ਸੀ ਕਿ ਇਹ ਮਾਮਲਾ ਮੁੱਖ ਮੰਤਰੀ ਦੇ ਵਿਸ਼ੇਸ਼ ਅਧਿਕਾਰ ਵਿਚ ਆਉਂਦਾ ਹੈ। ਇਸ ਲਈ ਵਿਭਾਗ ਸੂਚਨਾ ਪ੍ਰਦਾਨ ਕਰਨ ਦੇ ਅਸਮਰੱਥ ਹੈ।

# ਘੱਗਰ ਘੁਟਾਲੇ ਦੀਆਂ ਪਰਤਾਂ ਮੁੜ ਫਰੋਲਣ ਦੀ ਤਿਆਰੀ

**ਪਟਿਆਲਾ:** ਬਹੁ-ਕਰੋੜੀ ਘੱਗਰ ਘੁਟਾਲੇ ਵਿਚ ਭ੍ਰਿਸ਼ਟ ਅਧਿਕਾਰੀਆਂ ਅਤੇ ਠੇਕੇਦਾਰ ਖਿਲਾਫ਼ ਦਰਜ ਕੇਸ ਪੰਜਾਬ ਸਰਕਾਰ ਨੇ ਮੁੜ ਖੋਲ੍ਹਣ ਦਾ ਫੈਸਲਾ ਲਿਆ ਹੈ। ਤਕਰੀਬਨ ਪੰਜ ਸਾਲ ਪਹਿਲਾਂ ਐਸ.ਪੀ. ਰੈਂਕ ਦੇ ਅਧਿਕਾਰੀ ਨੇ ਵਿਧਾਨ ਸਭਾ ਦੀ ਅਨੁਮਾਨ ਕਮੇਟੀ ਦੀ ਰਿਪੋਰਟ ਨੂੰ ਅਣਗੌਲਿਆ ਕਰਦਿਆਂ ਭ੍ਰਿਸ਼ਟ ਅਧਿਕਾਰੀਆਂ ਖਿਲਾਫ਼ ਦਰਜ ਐਫ.ਆਈ.ਆਰ. ਰੱਦ ਕਰਨ ਦੀ ਸਿਫਾਰਸ਼ ਕੀਤੀ ਸੀ। ਪ੍ਰੋਜੈਕਟ 2007 ਵਿਚ ਸ਼ੁਰੂ ਹੋਇਆ ਸੀ ਅਤੇ ਸਰਕਾਰ ਨੇ ਘੱਗਰ ਉਤੇ ਬੰਨ੍ਹ ਮਾਰਨ ਦਾ ਫੈਸਲਾ ਲਿਆ ਸੀ ਤਾਂ ਜੋ ਬਨੂੜ ਨਹਿਰ 'ਚ ਹਰ ਸਮੇਂ ਪਾਣੀ ਦੀ ਸਪਲਾਈ ਹੁੰਦੀ ਰਹੇ। ਇਹ ਕੰਮ ਛੇ ਮਹੀਨਿਆਂ ਦੇ ਅੰਦਰ ਮੁਕੰਮਲ ਹੋਣਾ ਸੀ ਪਰ ਸਿੰਜਾਈ ਅਧਿਕਾਰੀਆਂ ਵੱਲੋਂ ਇਕੋ ਠੇਕੇਦਾਰ ਨੂੰ 2009 ਤੱਕ ਕੰਮ ਪੂਰਾ ਕਰਨ ਦਾ ਸਮਾਂ ਦਿੱਤੇ ਜਾਣ ਦੇ ਬਾਵਜੂਦ ਇਹ ਕੰਮ ਅਜੇ ਵੀ ਲਟਕਿਆ ਪਿਆ ਹੈ। ਐਫ.ਆਈ.ਆਰ. ਦਰਜ ਹੋਣ ਮਗਰੋਂ ਠੇਕੇਦਾਰ ਪ੍ਰੋਜੈਕਟ ਵਿਚਾਲੇ ਹੀ ਛੱਡ



ਗਿਆ। ਦੋ ਸਾਲ ਪਹਿਲਾਂ ਹੱਦੋਂ ਵੱਧ ਦਰਾਂ 'ਤੇ ਟੈਂਡਰ ਕੱਢ ਕੇ ਇਹ ਕੰਮ ਵਿਵਾਦਤ ਠੇਕੇਦਾਰ ਗੁਰਿੰਦਰ ਸਿੰਘ ਨੂੰ ਸੌਂਪਿਆ ਗਿਆ। ਉਂਜ, ਪਿਛਲੇ ਸਾਲ ਅਗਸਤ ਵਿਚ ਉਸ ਖਿਲਾਫ਼ ਵੱਖਰੇ ਸਿੰਜਾਈ ਮਾਮਲੇ 'ਚ ਵਿਜੀਲੈਂਸ ਬਿਊਰੋ ਨੇ ਕੇਸ ਦਰਜ ਕੀਤਾ ਹੈ। ਵਿਧਾਨ ਸਭਾ ਕਮੇਟੀ ਦੇ ਚੇਅਰਮੈਨ ਵਿਰਸਾ ਸਿੰਘ ਵਲਟੋਹਾ ਵੱਲੋਂ 2010 'ਚ ਰਿਪੋਰਟ ਜਮ੍ਹਾਂ ਕਰਵਾਈ ਗਈ ਸੀ ਜਿਸ ਵਿਚ ਉਨ੍ਹਾਂ ਬਹੁ-ਕਰੋੜੀ ਘੁਟਾਲੇ 'ਚ ਕਾਰਜਕਾਰੀ ਇੰਜੀਨੀਅਰਾਂ ਅਤੇ ਠੇਕੇਦਾਰ ਖਿਲਾਫ਼ ਕਾਰਵਾਈ ਦੀ ਸਿਫਾਰਸ਼ ਕੀਤੀ ਸੀ। ਰਿਪੋਰਟ 'ਚ ਜ਼ਿਕਰ ਕੀਤਾ ਗਿਆ ਕਿ ਸਰਕਾਰ ਠੇਕੇਦਾਰ ਖਿਲਾਫ਼ ਐਫ.ਆਈ.ਆਰ. ਦਰਜ ਕਰਨ ਤੋਂ ਇਲਾਵਾ ਉਸ ਦਾ ਨਾਮ ਕਾਲੀ ਸੂਚੀ 'ਚ ਪਾਏ।

# ਕ੍ਰਾਂਤੀਕਾਰੀ ਆਗੂ ਦੀ ਸਿਗਾਰ 26 ਹਜ਼ਾਰ 950 ਡਾਲਰ 'ਚ ਨਿਲਾਮ

**ਮਿਆਮੀ:** ਕਿਊਬਾ ਦੇ ਕਰਾਂਤੀਕਾਰੀ ਆਗੂ ਫੀਦਲ ਕਾਸਤਰੋ ਦੇ ਦਸਤਖਤ ਵਾਲੇ ਲੱਕੜ ਦੇ ਬਣੇ ਪ੍ਰੀਮੀਅਮ ਸਿਗਾਰ ਬਾਕਸ ਦੀ 26 ਹਜ਼ਾਰ 950 ਡਾਲਰ ਵਿਚ ਨਿਲਾਮੀ ਕੀਤੀ ਗਈ ਹੈ। ਬੋਸਟਨ ਆਧਾਰਤ ਆਰ.ਆਰ. ਆਕਸ਼ਨ ਨੇ ਇਸ ਬਾਰੇ ਜਾਣਕਾਰੀ ਦਿੱਤੀ।



ਨਿਲਾਮੀ ਕਰਨ ਵਾਲੀ ਸੰਸਥਾ ਆਰ.ਆਰ. ਨੇ ਦੱਸਿਆ ਕਿ ਇਸ ਬਾਕਸ 'ਚ ਤਿਰਨੀਦਾਦ ਦੇ ਹੱਥ ਨਾਲ ਬਣੇ ਸਿਗਾਰ ਹਨ ਅਤੇ ਅਸਲੀ ਸੀਲ ਲੱਗੀ ਹੋਈ ਹੈ। ਕਾਸਤਰੋ (1926-2016) ਨੇ ਲੱਕੜੀ ਦਾ ਇਹ ਬਾਕਸ 2002 'ਚ ਇਕ ਸਮਾਜ ਸੇਵਿਕਾ ਡਾ. ਏਵਾ ਹਾਲਰ ਨੂੰ ਨੀਲੇ ਰੰਗ ਦੀ ਸਿਆਹੀ ਨਾਲ ਆਪਣੇ ਦਸਤਖਤ ਕਰ ਕੇ ਦਿੱਤਾ ਸੀ। ਇਹ ਬਾਕਸ ਕਾਸਤਰੋ ਦੀ ਉਸ ਤਸਵੀਰ ਨਾਲ ਵੇਚਿਆ ਗਿਆ ਜਿਸ ਵਿਚ ਉਹ ਏਵਾ ਨੂੰ ਬਾਕਸ 'ਤੇ ਦਸਤਖਤ ਕਰ ਕੇ ਦਿੰਦੇ ਵਿਖਾਈ ਦੇ ਰਹੇ ਹਨ। ਏਵਾ ਨੇ ਕਿਹਾ ਕਿ ਮੈਂ ਕਾਸਤਰੋ ਨੂੰ ਕਿਹਾ ਸੀ ਕਿ ਜੇ ਉਹ ਮੈਨੂੰ ਦਸਤਖਤ ਕਰ ਕੇ ਬਾਕਸ ਦੇਵੇਗਾ ਤਾਂ ਮੈਂ ਇਸ ਨੂੰ ਵੇਚ ਕੇ ਪੈਸਾ ਸਮਾਜ ਸੇਵਾ ਦੇ ਕੰਮਾਂ 'ਚ ਲਾਵਾਂਗੀ। ਤਿਰਨੀਦਾਦ ਦਾ ਇਹ ਸਿਗਾਰ 1969 'ਚ ਬਣਨਾ ਸ਼ੁਰੂ ਹੋਇਆ ਸੀ ਤੇ ਕਿਊਬਾ ਦੇ ਆਗੂ ਇਨ੍ਹਾਂ ਨੂੰ ਵਿਦੇਸ਼ੀ ਮਹਿਮਾਨਾਂ ਨੂੰ ਤੋਹਫੇ ਵਜੋਂ ਦਿੰਦੇ ਸਨ।

# ਪੰਜਾਬੀ ਵੱਲੋਂ ਪਤਨੀ ਤੇ ਸੱਸ ਦਾ ਕਤਲ

**ਟੋਰਾਂਟੋ:** ਕੈਨੇਡਾ ਵਿਚ ਪਤੀ ਨੇ ਪਿੰਡ ਛੋਕਰਾਂ ਨਾਲ ਸਬੰਧਤ ਪਤਨੀ ਤੇ ਉਸ ਦੀ ਮਾਂ ਦਾ ਕਤਲ ਕਰ ਦਿੱਤਾ। ਪਿੰਡ ਦੇ ਮੌਜੂਦਾ ਸਰਪੰਚ ਕੁਲਦੀਪ ਸਿੰਘ, ਉਨ੍ਹਾਂ ਦੀ ਪਤਨੀ ਅਵਤਾਰ ਕੌਰ, ਧੀ ਬਲਜੀਤ ਕੌਰ ਤੇ ਜਵਾਈ ਦਲਵਿੰਦਰ ਸਿੰਘ ਬਰੈਂਪਟਨ ਦੇ ਇਕੋ ਘਰ ਵਿਚ ਰਹਿੰਦੇ ਸਨ।

ਕਤਲ ਤੋਂ ਬਾਅਦ ਦਲਵਿੰਦਰ ਨੇ ਪੁਲਿਸ ਨੂੰ ਆਪ ਹੀ ਫੋਨ ਕਰ ਕੇ ਸੂਚਿਤ ਕੀਤਾ। ਵਾਰਦਾਤ ਸਮੇਂ ਕੁਲਦੀਪ ਸਿੰਘ ਘਰ ਨਹੀਂ ਸੀ ਤੇ ਉਨ੍ਹਾਂ ਨੂੰ ਗੁਆਂਢੀਆਂ ਨੇ ਫੋਨ 'ਤੇ ਸੂਚਨਾ ਦਿੱਤੀ ਕਿ ਉਨ੍ਹਾਂ ਦੇ ਘਰ ਪੁਲਿਸ ਆਈ ਹੈ। ਜਦੋਂ ਘਰ ਵਾਪਸ ਆ ਕੇ ਦੇਖਿਆ ਤਾਂ ਉਨ੍ਹਾਂ ਦੇ ਹੋਸ਼ ਹੀ ਉਡ ਗਏ। ਸਰਪੰਚ ਕੁਲਦੀਪ ਦੀ ਧੀ ਬਲਜੀਤ 2007 ਵਿਚ ਆਪਣੀ ਮਾਮੀ ਕੋਲ ਕੈਨੇਡਾ ਚਲੀ ਗਈ ਸੀ। ਤਕਰੀਬਨ ਦੋ ਸਾਲ ਪਹਿਲਾਂ ਉਸ ਦਾ ਵਿਆਹ ਜਲੰਧਰ ਦੇ ਪਿੰਡ ਸਮਰਾਵਾਂ ਨਾਲ ਸਬੰਧਤ ਦਲਵਿੰਦਰ ਸਿੰਘ ਨਾਲ ਹੋਇਆ ਸੀ। ਦੋਵਾਂ ਦਾ ਅੱਠ ਮਹੀਨਿਆਂ ਦਾ ਮੁੰਡਾ ਵੀ ਹੈ।

ਇਧਰ ਛੋਕਰਾਂ ਪਿੰਡ 'ਚ ਸਰਪੰਚ ਦੇ ਘਰ ਦੋਹਤੇ ਦੀ ਪਹਿਲੀ ਲੋਹੜੀ ਦੀਆਂ ਤਿਆਰੀਆਂ ਹੋ ਰਹੀਆਂ ਸਨ, ਪਰ ਪਿਤਾ ਵੱਲੋਂ ਦਿੱਤੀ ਖਬਰ ਨਾਲ ਘਰ ਵਿਚ ਮਾਤਮ ਛਾ ਗਿਆ। ਕੈਨੇਡਾ ਪੁਲਿਸ ਨੇ 33 ਸਾਲਾ ਪਤਨੀ ਬਲਜੀਤ ਕੌਰ ਤੇ 60 ਸਾਲਾ ਸੱਸ ਅਵਤਾਰ ਕੌਰ ਦੇ ਕਤਲ ਦੇ ਇਲਜ਼ਾਮ ਹੇਠ ਦਲਵਿੰਦਰ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਹੈ।

# ਬ੍ਰਿਟੇਨ 'ਚ ਪੰਜ ਲੱਖ ਨੌਕਰੀਆਂ ਉਤੇ ਤਲਵਾਰ

**ਲੰਡਨ:** ਜੇਕਰ ਬਰਤਾਨੀਆ ਯੂਰਪੀ ਸੰਘ (ਈ.ਯੂ.) ਨਾਲ ਵਪਾਰ ਸਮਝੌਤਾ ਕਰਨ ਵਿਚ ਨਾਕਾਮ ਰਹਿੰਦਾ ਹੈ ਤਾਂ ਦੇਸ਼ 'ਚ ਅਗਲੇ 12 ਸਾਲਾਂ 'ਚ ਪੰਜ ਲੱਖ ਨੌਕਰੀਆਂ ਜਾ ਸਕਦੀਆਂ ਹਨ। ਇਸ ਤੋਂ ਇਲਾਵਾ 50 ਅਰਬ ਪੌਂਡ (ਤਕਰੀਬਨ 4.3 ਲੱਖ ਕਰੋੜ ਰੁਪਏ) ਦੇ ਨਿਵੇਸ਼ ਦਾ ਨੁਕਸਾਨ ਵੀ ਉਠਾਉਣਾ ਪੈ ਸਕਦਾ ਹੈ। ਇਹ ਖੁਲਾਸਾ ਲੰਡਨ ਦੇ ਮੇਅਰ ਸਾਦਿਕ ਖਾਨ ਦੇ ਹੁਕਮ ਉਤੇ ਤਿਆਰ ਕੀਤੀ ਗਈ ਰਿਪੋਰਟ ਵਿਚ ਹੋਇਆ ਹੈ।

ਬ੍ਰੈਗਜ਼ਿਟ (ਯੂਰਪੀ ਯੂਨੀਅਨ ਤੋਂ ਬਰਤਾਨੀਆ ਦੇ ਵੱਖ ਹੋਣ) ਕਾਰਨ ਬਰਤਾਨੀਆ ਦੀਆਂ ਨੌਕਰੀਆਂ ਤੇ ਅਰਥਚਾਰੇ ਉਤੇ ਪੈਣ ਵਾਲੇ ਅਸਰ ਨੂੰ ਲੈ ਕੇ ਸਮੀਖਿਆ ਸ਼ੁਰੂ ਹੋ ਗਈ ਹੈ। ਸਲਾਹਕਾਰ ਸੰਸਥਾ ਕੈਂਬ੍ਰਿਜ ਇਕੋਨੋਮੈਟ੍ਰਿਕਸ ਨੇ ਇਸ ਰਿਪੋਰਟ ਨੂੰ ਤਿਆਰ ਕਰਨ ਵਿਚ ਉਧਾਰ ਬ੍ਰੈਗਜ਼ਿਟ ਤੋਂ ਲੈ ਕੇ ਸਖਤ ਬ੍ਰੈਗਜ਼ਿਟ ਤੱਕ ਦੀਆਂ ਪੰਜ ਸਥਿਤੀਆਂ 'ਤੇ ਗੌਰ ਕੀਤਾ ਕੀਤਾ। ਇਸ ਦੇ ਨਿਰਮਾਣ ਤੋਂ ਲੈ ਕੇ ਵਿੱਤ ਸਮੇਤ ਨੌਂ ਸਨਅਤਾਂ 'ਤੇ ਪੈਣ ਵਾਲੇ ਆਰਥਿਕ ਪ੍ਰਭਾਵ ਦੀ ਸਮੀਖਿਆ ਕੀਤੀ। ਰਿਪੋਰਟ ਮੁਤਾਬਕ, ਸਮਝੌਤਾ ਨਹੀਂ ਹੋਣ ਦੀ ਸਥਿਤੀ ਵਿਚ ਵਿੱਤੀ ਤੇ ਪੇਸ਼ੇਵਰ ਸੇਵਾਵਾਂ ਸਭ ਤੋਂ ਜ਼ਿਆਦਾ ਪ੍ਰਭਾਵਿਤ ਹੋਣਗੀਆਂ। ਸਾਦਿਕ ਖਾਨ ਨੇ ਕਿਹਾ, 'ਜੇਕਰ ਸਰਕਾਰ ਗੱਲਬਾਤ ਨੂੰ ਸਹੀ ਮੁਕਾਮ ਤੱਕ ਪਹੁੰਚਾਉਣ 'ਚ ਨਾਕਾਮ ਰਹੀ ਤਾਂ ਅਸੀਂ ਇਕ ਦਹਾਕੇ ਪਿੱਛੇ, ਯਾਨੀ ਵਿਕਾਸ ਤੇ ਰੁਜ਼ਗਾਰ ਦੀ ਵਾਧਾ ਦਰ ਹੇਠਾਂ ਚਲੀ ਜਾਵੇਗੀ।' ਬਰਤਾਨੀਆ ਤੇ ਈ.ਯੂ. ਛੇਤੀ ਹੀ ਅਹਿਮ ਦੌਰ ਦੀ ਗੱਲ ਕਰਨ ਜਾ ਰਹੇ ਹਨ। ਇਸ 'ਚ ਸਭ ਤੋਂ ਮੁਸ਼ਕਲ ਕੰਮ ਭਵਿੱਖ ਦੇ ਵਪਾਰਕ ਸਬੰਧਾਂ ਨੂੰ ਪਰਿਭਾਸ਼ਤ ਕਰਨ ਦਾ ਹੋਵੇਗਾ। ਦੋਵਾਂ ਧਿਰਾਂ 'ਚ ਪਿਛਲੇ ਮਹੀਨੇ ਟਕਰਾਅ ਬਾਰੇ ਵਿਆਪਕ ਸ਼ਰਤਾਂ ਉਤੇ ਸਹਿਮਤੀ ਬਣੀ ਸੀ। ਬਰਤਾਨੀਆ ਤੇ ਈਯੂ 'ਚ ਲੰਡਨ ਦੇ ਬਾਜ਼ਾਰ ਨੂੰ ਲੈ ਕੇ ਰੇੜਕਾ ਉਭਰ ਕੇ ਸਾਹਮਣੇ ਆਇਆ ਸੀ।

## ਜਗਦੀਸ਼ ਭੋਲਾ ਸਮੇਤ 6 ਮੁਲਜ਼ਮਾਂ ਵਿਰੁੱਧ ਦੋਸ਼ ਤੈਅ

**ਮੁਹਾਲੀ:** ਮੁਹਾਲੀ ਦੀ ਸੀ.ਬੀ.ਆਈ. ਅਦਾਲਤ ਨੇ ਬਹੁ ਚਰਚਿਤ ਡਰੱਗ ਤਸਕਰੀ ਮਾਮਲੇ ਵਿਚ ਨਾਮਜ਼ਦ ਮੁੱਖ ਮੁਲਜ਼ਮ ਤੇ ਬਰਖਾਸਤ ਡੀ.ਐਸ.ਪੀ. ਜਗਦੀਸ਼ ਸਿੰਘ ਭੋਲਾ ਸਮੇਤ ਛੇ ਮੁਲਜ਼ਮਾਂ ਪਰਵਿੰਦਰ ਸਿੰਘ, ਗੁਰਦੀਪ ਸਿੰਘ ਮਨਚੰਦਾ, ਰਜਿੰਦਰ ਸਿੰਘ, ਦਿਲਬਾਗ ਸਿੰਘ ਬੱਗਾ ਅਤੇ ਮੁਕੇਸ਼ ਕੁਮਾਰ ਬੌਬੀ ਵਿਰੁੱਧ ਦੋਸ਼ ਆਇਦ ਕੀਤੇ ਹਨ ਜਦੋਂਕਿ ਅਨੂਪ ਸਿੰਘ ਕਾਹਲੋਂ, ਵਰਿੰਦਰ ਸਿੰਘ ਉਰਫ ਰਾਜਾ, ਸਤਿੰਦਰ ਸਿੰਘ ਧਾਮਾ, ਸਰਬਜੀਤ ਸਿੰਘ ਸਾਬਾ, ਕੁਲਬੀਰ ਸਿੰਘ, ਅਜੇ ਜੈਨ, ਦਵਿੰਦਰ ਸਿੰਘ ਦੇਵ ਅਤੇ ਰਵਿੰਦਰ ਸਿੰਘ ਉਰਫ ਤਾਲੀ ਨੂੰ ਦੋਸ਼ ਮੁਕਤ ਕਰਾਰ ਦਿੰਦਿਆਂ ਡਿਸਚਾਰਜ ਕਰਨ ਦੇ ਆਦੇਸ਼ ਜਾਰੀ ਦਿੱਤੇ ਹਨ।

ਜਿਨ੍ਹਾਂ ਅੱਠ ਮੁਲਜ਼ਮਾਂ ਨੂੰ ਦੋਸ਼ ਮੁਕਤ ਕਰਾਰ ਦਿੱਤਾ ਗਿਆ ਹੈ, ਉਨ੍ਹਾਂ ਨੂੰ ਪਹਿਲਾਂ ਹੀ ਵਿਸ਼ੇਸ਼ ਜਾਂਚ ਟੀਮ (ਸਿੱਟ) ਵੱਲੋਂ ਕਲੀਨ ਚਿੱਟ ਦਿੱਤੀ ਗਈ ਸੀ, ਜਿਸ ਨੂੰ ਆਧਾਰ ਬਣਾ ਕੇ ਅਦਾਲਤ ਵੱਲੋਂ ਉਨ੍ਹਾਂ ਦੀ ਖਲਾਸੀ ਕੀਤੀ ਗਈ ਹੈ।

# ਹੁਣ ਫਾਰਚੂਨਰ ਦੇ ਸ਼ੌਕੀਨ ਨੇ ਹੋਏ ਪੰਜਾਬ ਦੇ ਵਜ਼ੀਰ

**ਬਠਿੰਡਾ:** ਪੰਜਾਬ ਵਿਚ ਅਕਾਲੀਆਂ ਤੇ ਕਾਂਗਰਸੀ ਦੇ ਸਿਆਸੀ ਰਾਹ ਭਾਵੇਂ ਵੱਖੋ ਵੱਖਰੇ ਹਨ, ਪਰ ਆਗੂਆਂ ਦਾ 'ਫਾਰਚੂਨਰ' ਦਾ ਸ਼ੌਕ ਇਕੋ ਜਿਹਾ ਹੈ। ਪੰਜਾਬ ਦੇ ਵਜ਼ੀਰ 'ਫਾਰਚੂਨਰ' ਦੇ ਸ਼ੌਕੀਨ ਹਨ। ਇਨ੍ਹਾਂ ਸਰਕਾਰੀ 'ਕੈਮਰੀ' ਲੈਣ ਤੋਂ ਪਾਸਾ ਵੱਟਿਆ ਹੈ। ਪੰਜਾਬ ਵਿਚ ਇਸ ਵੇਲੇ ਇਕੱਲੇ ਵਜ਼ੀਰ ਸਾਧੂ ਸਿੰਘ ਧਰਮਸੋਤ ਸਰਕਾਰੀ 'ਕੈਮਰੀ' ਗੱਡੀ ਵਰਤ ਰਹੇ ਹਨ ਜਦਕਿ ਬਾਕੀ ਸੱਤ ਮੰਤਰੀ ਇਸ ਮੌਕੇ ਪ੍ਰਾਈਵੇਟ ਗੱਡੀਆਂ ਵਰਤ ਰਹੇ ਹਨ। ਨਵਜੋਤ ਸਿੱਧੂ ਲੈਂਡ ਕਰੂਜ਼ਰ ਵਰਤ ਰਹੇ ਹਨ ਜਦਕਿ ਗੱਠਜੋੜ ਵਜ਼ਾਰਤ ਸਮੇਂ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਬਾਦਲ ਨੇ ਵੀ ਲੈਂਡ ਕਰੂਜ਼ਰ ਗੱਡੀਆਂ ਖਰੀਦੀਆਂ ਸਨ। ਕਿਸੇ ਵੇਲੇ ਅੰਬੈਸਡਰ ਗੱਡੀ ਵਜ਼ੀਰਾਂ ਦੀ ਪਹਿਲੀ ਪਸੰਦ ਹੁੰਦੀ ਸੀ। ਮੰਤਰੀ ਮਾਮਲੇ ਸ਼ਾਖਾ ਤੋਂ ਆਰ.ਟੀ.ਆਈ. ਰਾਹੀਂ ਪ੍ਰਾਪਤ ਜਾਣਕਾਰੀ ਅਨੁਸਾਰ ਸਿਹਤ ਮੰਤਰੀ ਬ੍ਰਹਮ ਮਹਿੰਦਰਾ, ਬਿਜਲੀ ਮੰਤਰੀ ਰਾਣਾ ਗੁਰਜੀਤ ਸਿੰਘ ਤੇ ਤਕਨੀਕੀ ਸਿੱਖਿਆ ਮੰਤਰੀ ਚਰਨਜੀਤ ਸਿੰਘ ਚੰਨੀ ਵੱਲੋਂ ਪ੍ਰਾਈਵੇਟ 'ਫਾਰਚੂਨਰ' ਗੱਡੀ ਦੀ ਵਰਤੋਂ ਕੀਤੀ ਜਾ ਰਹੀ ਹੈ ਜਿਨ੍ਹਾਂ ਦਾ ਤੇਲ ਤੇ ਮੁਰੰਮਤ ਦਾ ਖਰਚਾ ਸਰਕਾਰ ਦਿੰਦੀ ਹੈ।

ਵਿੱਤ ਮੰਤਰੀ ਮਨਪ੍ਰੀਤ ਬਾਦਲ ਵੀ ਪ੍ਰਾਈਵੇਟ 'ਫਾਰਚੂਨਰ' ਵਰਤ ਰਹੇ ਹਨ, ਪਰ ਉਹ ਫਿਲਹਾਲ ਤੇਲ ਖਰਚਾ ਨਹੀਂ ਲੈ ਰਹੇ। ਜਦੋਂ ਉਹ ਪਹਿਲੀ ਵਾਰ ਮੰਤਰੀ ਬਣੇ ਸਨ, ਉਦੋਂ ਉਨ੍ਹਾਂ ਨੂੰ ਕੈਮਰੀ ਗੱਡੀ ਦਿੱਤੀ ਗਈ ਸੀ ਜੋ ਉਨ੍ਹਾਂ 18



ਜੁਲਾਈ 2007 ਨੂੰ ਵਾਪਸ ਕਰ ਦਿੱਤੀ ਸੀ। ਪੰਚਾਇਤ ਮੰਤਰੀ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਅਤੇ ਸਿੱਖਿਆ ਮੰਤਰੀ ਅਰੁਣਾ ਚੌਧਰੀ ਵੱਲੋਂ ਪ੍ਰਾਈਵੇਟ 'ਇਨੋਵਾ' ਗੱਡੀ ਵਰਤੀ ਜਾ ਰਹੀ ਹੈ। ਸਰਕਾਰੀ ਗੱਡੀ ਵਰਤ ਰਹੇ ਜੰਗਲਾਤ ਮੰਤਰੀ ਸਾਧੂ ਸਿੰਘ ਧਰਮਸੋਤ ਦਾ ਕਹਿਣਾ ਸੀ ਕਿ ਉਨ੍ਹਾਂ ਦੀ ਸਰਕਾਰੀ ਗੱਡੀ ਚੰਗੀ ਹਾਲਤ ਵਿਚ ਹੈ ਅਤੇ ਕੋਈ ਦਿੱਕਤ ਨਹੀਂ ਹੈ। ਜਾਣਕਾਰੀ ਅਨੁਸਾਰ ਸਭ ਤੋਂ ਪਹਿਲਾਂ ਸਿਹਤ ਮੰਤਰੀ ਬ੍ਰਹਮ ਮਹਿੰਦਰਾ ਨੇ 7 ਅਪਰੈਲ 2017 ਤੋਂ ਪ੍ਰਾਈਵੇਟ ਗੱਡੀ ਵਰਤਣੀ ਸ਼ੁਰੂ ਕੀਤੀ ਜਦਕਿ ਸਭ ਤੋਂ ਬਾਅਦ 10 ਅਕਤੂਬਰ 2017 ਤੋਂ ਤਕਨੀਕੀ ਸਿੱਖਿਆ ਮੰਤਰੀ ਚਰਨਜੀਤ ਚੰਨੀ ਨੇ ਪ੍ਰਾਈਵੇਟ ਗੱਡੀ 'ਤੇ ਸਫਰ ਸ਼ੁਰੂ ਕੀਤਾ। ਪੰਜਾਬ ਸਰਕਾਰ ਵੱਲੋਂ 20 ਅਪਰੈਲ 2016 ਨੂੰ ਪ੍ਰਾਈਵੇਟ ਗੱਡੀ ਦੇ ਪ੍ਰਤੀ ਕਿਲੋਮੀਟਰ 15 ਰੁਪਏ ਦਿੱਤੇ ਗਏ ਜਦਕਿ ਪਹਿਲਾਂ ਪ੍ਰਤੀ ਕਿਲੋਮੀਟਰ 18 ਰੁਪਏ ਦਿੱਤਾ ਜਾਂਦਾ ਸੀ। ਇਸ ਤੋਂ ਇਲਾਵਾ 10 ਹਜ਼ਾਰ ਰੁਪਏ ਪ੍ਰਤੀ ਮਹੀਨਾ ਡਰਾਈਵਰ ਦੀ ਤਨਖਾਹ ਅਤੇ ਮੁਰੰਮਤ ਲਈ ਦਿੱਤੇ ਜਾਂਦੇ ਸਨ। ਕਈ ਵਜ਼ੀਰਾਂ ਦਾ ਤਰਕ ਹੈ ਕਿ ਪੁਰਾਣੀਆਂ ਗੱਡੀਆਂ ਦੀ ਹਾਲਤ ਚੰਗੀ ਨਹੀਂ ਹੈ ਜਿਸ ਕਰ ਕੇ ਉਹ ਪ੍ਰਾਈਵੇਟ ਵਾਹਨ ਵਰਤ ਰਹੇ ਹਨ। ਪਿਛਲੀ ਗੱਠਜੋੜ ਵਜ਼ਾਰਤ ਸਮੇਂ ਵੀ ਪੰਜ ਵਜ਼ੀਰ ਅਤੇ 11 ਮੁੱਖ ਸੰਸਦੀ ਸਕੱਤਰ ਪ੍ਰਾਈਵੇਟ ਗੱਡੀਆਂ ਵਰਤਦੇ ਰਹੇ ਹਨ। ਉਦੋਂ ਦੇ ਵਜ਼ੀਰ ਸਿਕੰਦਰ ਸਿੰਘ ਮਲੂਕਾ, ਸੁਰਜੀਤ ਸਿੰਘ ਰੱਖੜਾ, ਗੁਲਜ਼ਾਰ ਸਿੰਘ ਰਣੀਕੇ ਅਤੇ ਸੋਹਣ ਸਿੰਘ ਠੰਡਲ ਪ੍ਰਾਈਵੇਟ 'ਫਾਰਚੂਨਰ' ਵਰਤਦੇ ਰਹੇ ਹਨ ਜਦਕਿ ਵਜ਼ੀਰ ਜਨਮੇਜਾ ਸਿੰਘ ਸੇਖੋਂ ਬੀ.ਐਮ.ਡਬਲਿਊ/ਵੋਲਵੋ ਕਾਰ ਵਰਤਦੇ ਰਹੇ ਹਨ। ਤਤਕਾਲੀ ਮੁੱਖ ਸੰਸਦੀ ਸਕੱਤਰ ਹਰਮੀਤ ਸੰਧੂ ਤੇ ਮਨਤਾਰ ਬਰਾੜ ਕੋਲ ਵੀ ਪ੍ਰਾਈਵੇਟ 'ਫਾਰਚੂਨਰ' ਰਹੀ ਹੈ।

ਪੰਜਾਬ ਵਿਚ ਸਾਲ 2002-2007 ਦੌਰਾਨ ਕਾਂਗਰਸ ਸਰਕਾਰ ਸੀ। ਉਦੋਂ ਸਰਕਾਰ ਨੇ ਪੰਜ ਵਰ੍ਹਿਆਂ ਵਿਚ 13.70 ਕਰੋੜ ਰੁਪਏ ਖਰਚ ਕੇ ਕੁੱਲ 266 ਗੱਡੀਆਂ ਖਰੀਦੀਆਂ ਸਨ। ਵਜ਼ੀਰਾਂ ਲਈ 2.83 ਕਰੋੜ ਰੁਪਏ ਖਰਚ ਕੇ 18 ਕੈਮਰੀ ਗੱਡੀਆਂ ਖਰੀਦੀਆਂ ਗਈਆਂ ਸੀ। ਸਾਲ 2007-12 ਵਿਚ ਅਕਾਲੀ ਵਜ਼ਾਰਤ ਸਮੇਂ 9.69 ਕਰੋੜ ਦੀ ਲਾਗਤ ਨਾਲ ਕੁੱਲ 120 ਗੱਡੀਆਂ ਖਰੀਦੀਆਂ ਗਈਆਂ। ਗੱਠਜੋੜ ਸਰਕਾਰ ਨੇ 21 ਕੈਮਰੀ ਗੱਡੀਆਂ ਖਰੀਦੀਆਂ ਸਨ।

# ਸ਼ੁੱਧ ਹਵਾ ਦਾ ਤਰਸੇਵਾਂ

***ਸੰਸਾਰ ਭਰ ਵਿਚ ਜਿੰਨੀ ਤੇਜ਼ੀ ਨਾਲ ਪ੍ਰਦੂਸ਼ਣ ਵਧ ਰਿਹਾ ਹੈ, ਉਸ ਨੇ ਹਰ ਸੰਜੀਦਾ ਸ਼ਖਸ ਨੂੰ ਫਿਕਰ ਵਿਚ ਪਾ ਦਿੱਤਾ ਹੈ। ਵਾਤਾਵਰਨ ਨਾਲ ਜੁੜੇ ਲੋਕ ਇਸ ਮਾਰ ਤੋਂ ਬਚਾਅ ਲਈ ਵੱਖ-ਵੱਖ ਰਾਹ ਸੁਝਾਅ ਰਹੇ ਹਨ, ਪਰ ਜਾਗਰੂਕਤਾ ਦੇ ਪੱਧਰ 'ਤੇ ਅਜੇ ਇਸ ਪਾਸੇ ਬਹੁਤ ਕੁਝ ਕਰਨਾ ਬਾਕੀ ਹੈ। ਵਿਜੈ ਬੰਬੇਲੀ ਨੇ ਆਪਣੇ ਇਸ ਲੇਖ ਵਿਚ ਪ੍ਰਦੂਸ਼ਣ, ਖਾਸ ਕਰ ਕੇ ਹਵਾ ਦੇ ਪ੍ਰਦੂਸ਼ਣ ਬਾਰੇ ਵਿਸਥਾਰ ਸਹਿਤ ਖੁਲਾਸਾ ਕੀਤਾ ਹੈ। -ਸੰਪਾਦਕ***

ਸਾਡੇ ਆਲੇ-ਦੁਆਲੇ ਦੀ ਵਾਯੂਮੰਡਲੀ ਪਰਤ ਵਿਚ ਮੌਜੂਦ ਧੂੜ, ਧੂੰਆਂ, ਗੈਸ, ਬੂੰਦ, ਬਦਬੂ ਤੇ ਵਾਸ਼ਪ ਆਦਿ ਦੀ ਉਹ ਅਣਉਚਿਤ ਮਾਤਰਾ ਜੋ ਮਨੁੱਖਾਂ, ਪੌਦਿਆਂ ਜਾਂ ਜੀਵਾਂ ਲਈ ਨੁਕਸਾਨਦੇਹ ਪ੍ਰਭਾਵਾਂ ਦਾ ਕਾਰਨ ਬਣਦੀ ਹੈ, ਨੂੰ ਹਵਾ ਪ੍ਰਦੂਸ਼ਣ ਕਿਹਾ ਜਾਂਦਾ ਹੈ। ਹਵਾ-ਪ੍ਰਦੂਸ਼ਣ ਜੀਵਨ ਨੂੰ ਮਾਨਣ ਵਿਚ ਵਿਘਨ ਪਾਉਂਦਾ ਹੈ। ਵਾਪਰ ਰਹੀਆਂ ਅਨੇਕਾਂ ਕਿਰਿਆਵਾਂ ਦੇ ਫਲਸਰੂਪ ਸਾਡੇ ਵਾਯੂਮੰਡਲ ਵਿਚ ਵਿਭਿੰਨ ਪ੍ਰਦੂਸ਼ਣ-ਕਰਤਾ ਦਾਖ਼ਲ ਹੁੰਦੇ ਰਹਿੰਦੇ ਹਨ ਜਿਹੜੇ ਸਾਡੇ ਵਾਤਾਵਰਨੀ ਕਾਰਕਾਂ ਨਾਲ ਕਿਰਿਆ ਕਰ ਕੇ ਵਾਤਾਵਰਨ ਨੂੰ ਜ਼ਹਿਰੀਲਾ ਅਤੇ ਗੰਧਲਾ ਕਰ ਦਿੰਦੇ ਹਨ। ਗ਼ੈਰ-ਕੁਦਰਤੀ ਤੇ ਅਣਸਾਵੇਂ ਵਿਕਾਸ ਅਤੇ ਅਖੌਤੀ ਆਧੁਨਿਕਤਾ ਕਾਰਨ ਵਾਤਾਵਰਨ ਵਿਚ ਸਸਪੈਂਡਿਡ ਪਾਰਟੀਕਲ ਮੈਟਰ (ਐਸ.ਪੀ.ਐਮ.-ਜਿਹੜੇ ਤੱਤ

**ਵਿਜੈ ਬੰਬੇਲੀ**
**ਫੋਨ: +91-94634-39075**

ਹਵਾ ਵਿਚੋਂ ਮਨਫ਼ੀ ਚਾਹੀਦੇ ਹਨ) ਅਤੇ ਨਾਈਟਰੋਜਨ ਆਕਸਾਈਡ ਜ਼ਹਿਰ ਵਧ ਰਹੀ ਹੈ। ਹਵਾ ਵਿਚ ਐਸ.ਪੀ.ਐਮ. ਦੀ ਮਾਤਰਾ 100 ਤੋਂ 200 ਮਾਈਕ੍ਰੋਗ੍ਰਾਮ (ਲਘੂ ਗ੍ਰਾਮ) ਪ੍ਰਤੀ ਘਣ ਮੀਟਰ ਹੋਣੀ ਚਾਹੀਦੀ ਹੈ, ਪਰ ਬਹੁਤੇ ਇਲਾਕਿਆਂ ਵਿਚ ਇਸ ਦੀ ਮਾਤਰਾ 296 ਤੋਂ 586 ਮਾਈਕਰੋਗ੍ਰਾਮ ਪ੍ਰਤੀ ਘਣ ਮੀਟਰ ਹੋ ਗਈ ਹੈ। ਇਸੇ ਤਰ੍ਹਾਂ ਨਾਈਟਰੋਜਨ ਆਕਸਾਈਡ ਦੀ ਮਾਤਰਾ ਵੀ 30 ਮਾਈਕਰੋਗ੍ਰਾਮ ਪ੍ਰਤੀ ਕਿਊਬਕ ਮੀਟਰ ਹੋਣੀ ਚਾਹੀਦੀ ਹੈ ਜੋ 46 ਤੱਕ ਪੁੱਜ ਗਈ ਹੈ। ਸਲਫਰ ਡਾਇਆਕਸਾਈਡ (ਐਸ.ਓ.ਟੂ.) ਨਿਰਧਾਰਿਤ ਮਾਤਰਾ ਹਾਲਾਂ ਕਿ 30 ਮਾਈਕਰੋਗ੍ਰਾਮ ਤੋਂ ਘੱਟ ਹੈ, ਪਰ ਵਧ ਇਹ ਵੀ ਰਹੀ ਹੈ। ਯੁੱਧਾਂ, ਬਨਾਵਟੀ ਖਾਦਾਂ ਅਤੇ ਨਦੀਨ ਨਾਸ਼ਕ/ਕੀਟ ਨਾਸ਼ਕ ਦੇ ਵਾਸ਼ਪੀਕਰਨ ਸਮੇਤ ਵਾਹਨਾਂ ਅਤੇ ਸਨਅਤੀ ਇਕਾਈਆਂ ਵਿਚੋਂ ਨਿਕਲ ਰਹੇ ਜ਼ਹਿਰੀਲੇ ਧੂੰਏਂ ਅਤੇ ਖੇਤੀ ਰਹਿੰਦ-ਖੂੰਹਦ ਨੂੰ ਲਾਈਆਂ ਜਾਂਦੀਆਂ ਅੱਗਾਂ ਨੇ ਆਪਣਾ ਰੰਗ ਵਿਖਾਉਣਾ ਸ਼ੁਰੂ ਕਰ ਦਿੱਤਾ ਹੈ। ਇਸ ਤੋਂ ਬਿਨਾਂ ਸ਼ੋਰ ਪ੍ਰਦੂਸ਼ਣ ਨੇ ਵੀ ਹਵਾ ਦੇ ਜੜ੍ਹੀਂ ਅੱਕ ਦੇ ਦਿੱਤਾ ਹੈ। ਹੁਣ ਮਨੁੱਖ ਸ਼ੁੱਧ ਹਵਾ ਲਈ ਵੀ ਤਰਸੇਗਾ।

ਧਰਤੀ ਦੇ ਚੌਗਿਰਦੇ ਫੈਲੀ ਗੈਸੀ ਪਰਤ ਨੂੰ ਵਾਯੂਮੰਡਲ ਕਿਹਾ ਜਾਂਦਾ ਹੈ। ਇਹ ਕੁਦਰਤੀ ਗਤੀਸ਼ੀਲ ਸਿਸਟਮ ਹੈ। ਕੁਦਰਤੀ ਅਤੇ ਮਨੁੱਖ-ਨਿਰਮਾਣਿਤ ਸੋਮਿਆਂ ਤੋਂ ਅਨੇਕ ਠੋਸ ਦ੍ਰਵ ਅਤੇ ਗੈਸਾਂ ਲਗਾਤਾਰ ਵਾਯੂਮੰਡਲ ਵਿਚ ਪਹੁੰਚਦੀਆਂ ਰਹਿੰਦੀਆਂ ਹਨ। ਇਹ ਪਦਾਰਥ, ਹਵਾ ਦੇ ਕੰਧਾੜੇ ਚੜ੍ਹ, ਦੂਰ ਦੂਰ ਤਕ ਪਹੁੰਚ ਜਾਂਦੇ ਹਨ, ਆਪਸ ਵਿਚ ਰਲਗੱਡ ਹੋ ਜਾਂਦੇ ਹਨ। ਪਰਸਪਰ ਕ੍ਰਿਆਵਾਂ ਨਾਲ ਇਹ ਪਦਾਰਥ ਅਨੇਕ ਭੌਤਿਕ ਤੇ ਰਸਾਇਣਿਕ ਪਦਾਰਥਾਂ ਦੇ ਜਨਮਦਾਤਾ ਬਣ ਜਾਂਦੇ ਹਨ। ਸਮੇਂ ਨਾਲ ਇਹ ਨਵ-ਜਨਮੇ ਰਸਾਇਣੀ ਪਦਾਰਥ ਨਦੀਆਂ, ਦਰਿਆਵਾਂ, ਝੀਲਾਂ ਤੇ ਸਮੁੰਦਰਾਂ ਵਿਚ ਪਹੁੰਚ ਜਾਂਦੇ ਹਨ। ਸਵੱਛ ਤੇ ਖ਼ੁਸ਼ਕ ਹਵਾ ਵਿਚ ਘਣਫਲ ਵਜੋਂ 78.09 ਫ਼ੀਸਦੀ ਨਾਈਟਰੋਜਨ ਗੈਸ ਹੁੰਦੀ ਹੈ ਅਤੇ ਲਗਪਗ 20.94 ਪ੍ਰਤਿਸ਼ਤ ਆਕਸੀਜਨ ਗੈਸ। ਇਨ੍ਹਾਂ ਦੋਵੇਂ ਮੁੱਖ ਗੈਸਾਂ ਤੋਂ ਇਲਾਵਾ ਸਾਡੇ ਵਾਯੂਮੰਡਲ ਵਿਚ ਕਾਰਬਨ ਡਾਇਆਕਸਾਈਡ, ਹੀਲੀਅਮ, ਆਰਗਨ, ਕ੍ਰਿਪਟਾਨ, ਨਾਇਟਰਸ ਆਕਸਾਈਡ, ਜ਼ੀਕੋਨ ਤੇ ਕੁਝ ਕੁ ਹੋਰ ਕਾਰਬਾਨਿਕ ਗੈਸਾਂ ਹੁੰਦੀਆਂ ਹਨ ਜਿਨ੍ਹਾਂ ਦੀ ਕੁਲ ਮਾਤਰਾ ਲਗਪਗ 0.97 ਫ਼ੀਸਦੀ ਹੁੰਦੀ ਹੈ। ਇਨ੍ਹਾਂ ਗੈਸਾਂ ਦੀ ਮਾਤਰਾ ਭਿੰਨ ਭਿੰਨ ਸਥਾਨਾਂ ਵਿਚ ਸਮੇਂ ਨਾਲ ਬਦਲਦੀ ਰਹਿੰਦੀ ਹੈ।

ਮੁੱਖ ਢੰਗ ਤਿੰਨ ਹਨ- ਸੰਵੇਦਕ ਪਛਾਣ, ਭੌਤਿਕ ਮਾਪ ਅਤੇ ਪੌਦਿਆਂ, ਪਸ਼ੂਆਂ ਤੇ ਇਮਾਰਤਾਂ ਉਤੇ ਪ੍ਰਭਾਵਾਂ ਦੀ ਜਾਣਕਾਰੀ। ਸੰਵੇਦਕ ਪਛਾਣ ਆਮ ਕਰ ਕੇ ਹਵਾ ਪ੍ਰਦੂਸ਼ਣ ਸਮੱਸਿਆ ਦਾ ਪਹਿਲਾ ਸੂਚਕ ਹੁੰਦੀ ਹੈ। ਸੰਵੇਦਕ ਪਛਾਣ ਤੇਜ਼ ਤੇ ਅਸਾਧਾਰਨ ਬੂ, ਦ੍ਰਿਸ਼ਟਤਾ ਦੀ ਘਾਟ, ਅੱਖਾਂ ਵਿਚ ਰੜਕ, ਮੂੰਹ ਵਿਚ ਤੇਜ਼ਾਬੀ ਸੁਆਦ ਅਤੇ ਪੈਰਾਂ ਹੇਠ ਕਿਰਕ ਦਾ ਅਹਿਸਾਸ। ਇਹ ਢੰਗ ਆਤਮ-ਮਨੁੱਖੀ ਘਟਨਾ ਹੈ ਅਤੇ ਵੱਖ-ਵੱਖ ਵਿਅਕਤੀਆਂ ਲਈ ਅੱਡ-ਅੱਡ ਮਾਤਰਾ ਵਾਲੇ ਪ੍ਰਭਾਵ ਹੁੰਦੇ ਹਨ। ਭੌਤਿਕ ਮਾਪ-ਕਾਰਜ ਹਵਾ ਪ੍ਰਦੂਸ਼ਣ ਵਿਚ ਮੌਜੂਦ ਬਹੁਤ ਘੱਟ ਮਾਤਰਾ ਵਾਲੇ, ਪਰ ਜ਼ਹਿਰੀਲੇ ਪਦਾਰਥਾਂ ਜਾਂ ਰੇਡੀਓ-ਐਕਟਿਵ ਮਾਦੇ ਦੀ ਹੋਂਦ ਤੱਕ ਨੂੰ ਜਾਨਣ ਵਿਚ ਵੱਡੇ ਮਦਦਗਾਰ ਸਾਬਤ ਹੁੰਦੇ ਹਨ। ਹਵਾ ਪ੍ਰਦੂਸ਼ਣ ਵਾਲੇ ਖੇਤਰ ਵਿਚੋਂ ਹਵਾ ਦੇ ਨਮੂਨੇ ਲੈ ਕੇ ਉਨ੍ਹਾਂ ਦੀ ਵਿਗਿਆਨਕ ਵਿਧੀਆਂ ਰਾਹੀਂ ਜਾਂਚ ਇਸ ਕਾਰਜ ਵਿਚ ਸਹਾਈ ਹੁੰਦੀ ਹੈ।

ਹਵਾ ਪ੍ਰਦੂਸ਼ਣ ਨੂੰ ਸਮਝਣ ਲਈ ਕਈ ਵਰਗਾਂ ਵਿਚ ਵੰਡਿਆ ਜਾ ਸਕਦਾ ਹੈ। ਮੁੱਖ ਤੌਰ 'ਤੇ ਤਿੰਨ ਹਨ: ਵਿਅਕਤੀਗਤ, ਸਮੁਦਾਇਕ ਅਤੇ ਪੇਸ਼ਾਵਾਰਾਨਾ ਹਵਾ ਪ੍ਰਦੂਸ਼ਣ। ਸਿਗਰਟ-ਬੀੜੀ ਪੀਣਾ ਵਿਅਕਤੀਗਤ ਵਾਯੂ ਪ੍ਰਦੂਸ਼ਣ ਨੂੰ ਦਰਸਾਉਂਦਾ ਹੈ। ਕੋਲਾ ਬਾਲਣ ਜਾਂ ਬਿਜਲਈ ਊਰਜਾ ਪੈਦਾ ਕਰਨਾ, ਮੋਟਰਾਂ-ਗੱਡੀਆਂ ਦੀ ਵਰਤੋਂ ਆਦਿ ਸਮੁਦਾਇਕ (ਸਮੂਹਿਕ ਭਾਈਚਾਰਕ) ਹਵਾ ਪ੍ਰਦੂਸ਼ਣ ਦੀਆਂ ਉਦਾਹਰਨਾਂ ਹਨ। ਪੇਸ਼ਾਵਾਰਾਨਾ ਵਾਯੂ ਪ੍ਰਦੂਸ਼ਣ ਦਾ ਸਬੰਧ ਵਿਸ਼ੇਸ਼ ਧੰਦਿਆਂ ਜਿਵੇਂ ਖੇਤੀ ਅਤੇ ਉਦਯੋਗ ਨਾਲ ਸਬੰਧਿਤ ਕਾਰਜਾਂ ਕਾਰਨ ਹੁੰਦਾ ਹੈ।

ਸੂਰਜ ਦੀ ਰੌਸ਼ਨੀ ਵਿਚ ਕਈ ਤਰ੍ਹਾਂ ਦੇ ਅਣਜਲੇ ਹਾਈਡਰੋਕਾਰਬਨ, ਨਾਈਟਰੋਜਨ ਦੇ ਆਕਸਾਈਡਾਂ ਨਾਲ ਪ੍ਰਤੀਕ੍ਰਿਆ ਕਰ ਕੇ ਓਜ਼ੋਨ, ਅਲਡੀਹਾਈਡਜ਼ ਆਦਿ ਬਣਾਉਂਦੇ ਹਨ। ਇਨ੍ਹਾਂ ਨੂੰ ਵਿਗਿਆਨਕ ਸ਼ਬਦਾਵਲੀ ਵਿਚ ਫੋਟੋ ਕੈਮੀਕਲ ਅਕਸਾਈਡੈਂਟਸ ਆਖਦੇ ਹਨ। ਇਨ੍ਹਾਂ ਦੇ ਕਾਰਨ ਫੋਟੋ ਕੈਮੀਕਲ ਸਮੋਕ (ਧੂੰਆਂ+ਧੁੰਦ) ਬਣ ਜਾਂਦਾ ਹੈ। ਇਸ ਦੀ ਵਿਆਖਿਆ ਸਭ ਤੋਂ ਪਹਿਲਾਂ 1905 ਵਿਚ ਵਿਗਿਆਨੀ ਐਚ.ਏ. ਵੋਕਸ ਨੇ ਕੀਤੀ ਸੀ। ਸਮੋਕ ਫੋਟੋ ਕੈਮੀਕਲ ਵੀ ਹੋ ਸਕਦਾ ਹੈ ਅਤੇ ਕੋਲਾ ਬਾਲਣ ਨਾਲ ਵੀ ਬਣ ਸਕਦਾ ਹੈ। ਇਹ ਭੀੜ-ਭੜੱਕੇ ਵਾਲੇ ਖਿੱਤਿਆਂ ਅਤੇ ਸਨਅਤੀ ਖੇਤਰਾਂ ਵਿਚ ਬਹੁਤ ਹੁੰਦਾ ਹੈ। ਕਈ ਮੌਸਮਾਂ ਵਿਚ ਖਾਸ ਕਰ ਕੇ ਖੇਤੀ ਰਹਿੰਦ-ਖੂੰਹਦ ਨੂੰ ਅੱਗ ਲਾਉਣ ਅਤੇ ਯੁੱਧਾਂ ਵੇਲੇ ਤਾਂ ਇਹ ਬੇਹੱਦ ਵਧ ਜਾਂਦਾ ਹੈ। ਇਸ ਤੱਥ ਦੀ ਪੁਸ਼ਟੀ ਖਾੜੀ ਯੁੱਧ ਸਮੇਂ ਮਾਰਚ 1991 ਵਿਚ ਕਸ਼ਮੀਰ ਵਾਦੀ ਵਿਚ ਕਾਲੇ ਰੰਗ ਦੀ ਹੋਈ ਬਰਫਦਾਰੀ ਸਮੇਂ ਹੋ ਗਈ ਸੀ।

ਗੈਸ ਦੇ ਰੂਪ ਵਿਚ ਠੋਸ ਜਾਂ ਤਰਲ ਕਣਾਂ ਨੂੰ ਹਵਾ ਵਿਚ ਛੱਡਣ ਦੀ ਕਿਰਿਆ ਨੂੰ ਏਰੋਸੋਲ ਆਖਦੇ ਹਨ ਜਿਵੇਂ ਧੂੰਆਂ, ਧੂੜ, ਬਨਾਵਟੀ ਛਿੜਕਾਅ ਕਰਨਾ ਆਦਿ। ਇਨ੍ਹਾਂ ਵਿਚ ਕਲੋਰੋਫਲੂਰੋ ਕਾਰਬਨ ਹੁੰਦੇ ਹਨ ਜੋ ਹਵਾ ਨੂੰ ਦੂਸ਼ਿਤ ਕਰਦੇ ਹਨ ਅਤੇ ਜੀਵਨ ਨੂੰ ਖ਼ਤਰਾ ਪੈਦਾ ਕਰ ਦਿੰਦੇ ਹਨ। ਹਵਾ ਅੰਦਰ ਧੂੰਏਂ ਅਤੇ ਧੂੜ ਦੇ ਕਣਾਂ ਦੀ ਵੱਧ ਮਾਤਰਾ ਦੇ ਕਾਰਨ ਸੂਰਜ ਦੀ ਰੌਸ਼ਨੀ ਧਰਤੀ ਉਪਰ ਘੱਟ ਮਾਤਰਾ ਵਿਚ ਪੁੱਜਦੀ ਹੈ ਜਿਸ ਕਾਰਨ ਧਰਤੀ ਉਪਰਲਾ ਪ੍ਰਾਣੀ ਅਤੇ ਬਨਸਪਤੀ ਜੀਵਨ ਪ੍ਰਭਾਵਿਤ ਹੁੰਦਾ ਹੈ।

ਹਵਾ ਪ੍ਰਦੂਸ਼ਣ ਦਾ ਮੁੱਖ ਸਰੋਤ ਧੂੰਆਂ ਹੈ। ਇਹ ਧੂੰਆਂ ਬਨਸਪਤੀ ਨੂੰ ਅੱਗ ਲਾਉਣ, ਬਲਣ ਵਾਲੇ ਕੋਲੇ, ਪੈਟਰੋਲ, ਡੀਜ਼ਲ ਜਾਂ ਹੋਰ ਬਾਲਣਾਂ ਵਿਚੋਂ ਪੈਦਾ ਹੁੰਦਾ ਹੈ। ਕੋਲਾ ਤੇ ਪੈਟਰੋਲ ਆਦਿ ਦੇ ਬਲਣ ਨਾਲ ਸਲਫਰ ਡਾਈਅਕਸਾਈਡ ਕਾਰਬਨ ਤੇ ਅਕਸਾਈਡ ਵਰਗੀਆਂ ਗੈਸਾਂ ਹਵਾ ਵਿਚ ਮਿਲ ਕੇ ਇਸ ਨੂੰ ਪ੍ਰਦੂਸ਼ਿਤ ਕਰਦੀਆਂ ਹਨ। ਡੀਜ਼ਲ ਆਦਿ ਤੋਂ ਨਾਈਟਰੋਜਨ ਦੇ ਅਕਸਾਈਡ, ਹਾਈਡਰੋਕਾਰਬਨ ਅਤੇ ਕਾਰਬਨ ਮੋਨੋਅਕਸਾਈਡ ਵਰਗੀਆਂ ਜ਼ਹਿਰੀਲੀਆਂ ਗੈਸਾਂ ਹਵਾ ਵਿਚ ਰਲ ਜਾਂਦੀਆਂ ਹਨ। ਯੁੱਧ ਸਮੱਗਰੀ, ਰਾਕਟਾਂ, ਜੈੱਟ ਜਹਾਜ਼ਾਂ ਵਿਚੋਂ ਨਿਕਲਣ ਵਾਲਾ ਧੂੰਆਂ ਉਪਰਲੀ ਹਵਾ ਨੂੰ ਦੂਸ਼ਿਤ ਕਰ ਦਿੰਦਾ ਹੈ। ਜੰਗਲ, ਕਣਕ ਅਤੇ ਝੋਨੇ ਦੀ ਰਹਿੰਦ-ਖੂੰਹਦ ਨੂੰ ਅੱਗ ਲਾਉਣ ਨਾਲ ਪੈਦਾ ਹੋਣ ਵਾਲਾ ਧੂੰਆਂ ਤਾਂ ਉਸ ਮੌਕੇ ਹਵਾ ਨੂੰ ਬੇਹੱਦ ਦੂਸ਼ਿਤ ਕਰਦਾ ਹੈ। ਧਾਤਾਂ ਢਾਲਣ ਦੇ ਕਾਰਖਾਨਿਆਂ ਵਿਚੋਂ ਨਿਕਲਣ ਵਾਲਾ ਧੂੰਆਂ, ਧੂੜ ਆਦਿ ਦੇ ਵਿਚ ਕਈ ਅਜਿਹੀਆਂ ਧਾਤਾਂ ਦੇ ਕਣ ਹੁੰਦੇ ਹਨ ਜੋ ਸਿਹਤ ਲਈ ਹਾਨੀਕਾਰਕ ਹੁੰਦੀਆਂ ਹਨ। ਇਨ੍ਹਾਂ ਵਿਚ ਸਿੱਕਾ, ਕਰੋਮੀਅਮ, ਬੇਰੀਲੀਅਮ, ਨਿਕਲ, ਵੇਨਾਡੀਅਮ, ਸੰਖੀਆ, ਕੇਡੀਅਮ ਆਦਿ ਬਹੁਤ ਹੀ ਜ਼ਹਿਰੀਲੀਆਂ ਹਨ। ਧੂੜ ਕਣਾਂ ਅਤੇ ਕਾਰਬਨ ਡਾਈਅਕਸਾਈਡ ਦਾ ਮੌਸਮ ਉਪਰ ਬਹੁਤ ਬੁਰਾ ਅਸਰ ਪੈ ਰਿਹਾ ਹੈ। 1957 ਵਿਚ ਹਵਾ ਵਿਚਲੀ ਕਾਰਬਨ ਡਾਈਅਕਸਾਈਡ ਦੀ ਮਾਤਰਾ 311 ਪੀ.ਪੀ.ਐਮ. ਸੀ ਜੋ ਹੁਣ ਵਧ ਕੇ 338 ਪੀ.ਪੀ.ਐਮ. ਹੋ ਗਈ ਹੈ। ਵਾਯੂ ਮੰਡਲ ਵਿਚ ਹਰ ਸਾਲ ਇਕ ਮਿਲੀਅਨ (ਦਸ ਲੱਖ) ਪਿੱਛੇ ਇਕ ਭਾਗ ਕਾਰਬਨ ਡਾਈਅਕਸਾਈਡ ਦਾ ਵਾਧਾ ਹੁੰਦਾ ਹੈ। ਜੇ ਇਹ ਵਾਧਾ ਇਸੇ ਦਰ ਨਾਲ ਹੁੰਦਾ ਰਿਹਾ ਤਾਂ 21ਵੀਂ ਸਦੀ ਦੇ ਤੀਜੇ ਦਹਾਕੇ ਤੱਕ ਵਾਯੂ ਮੰਡਲ ਵਿਚ ਕਾਰਬਨ ਡਾਈਅਕਸਾਈਡ ਦੀ ਮਾਤਰਾ ਕਰੀਬ 61000 ਮਿਲੀਅਨ ਟਨ ਜਾਂ 420 ਪੀ.ਪੀ.ਐਮ. ਹੋ ਜਾਵੇਗੀ। ਭਾਰਤ ਵਿਚ ਇਸ ਨਾਲ ਤਾਪਮਾਨ ਵਿਚ 2 ਤੋਂ 3 ਦਰਜੇ ਸੈਂਟੀਗਰੇਡ ਦਾ ਵਾਧਾ ਹੋ ਜਾਵੇਗਾ ਜਿਸ ਨਾਲ ਵਾਸ਼ਪੀਕਰਨ ਦੀ ਦਰ ਪ੍ਰਤੀ ਦਿਨ 2 ਤੋਂ 3 ਮਿਲੀਮੀਟਰ ਵਧ ਜਾਵੇਗੀ। ਇਸ ਨਾਲ ਪਾਣੀ ਦਾ ਗੰਭੀਰ ਸੰਕਟ ਪੈਦਾ ਹੋ ਜਾਵੇਗਾ। ਵਾਯੂ ਮੰਡਲ ਵਿਚ ਵਧਦੀ ਜਾ ਰਹੀ ਕਾਰਬਨ ਡਾਈਅਕਸਾਈਡ ਦੀ ਮਾਤਰਾ ਨੇ ਗੰਭੀਰ ਖ਼ਤਰਾ ਪੈਦਾ ਕਰ ਦਿੱਤਾ ਹੈ। ਉਦਯੋਗਿਕ ਕ੍ਰਾਂਤੀ ਤੋਂ ਪਹਿਲਾਂ ਵਾਯੂ ਮੰਡਲ ਦੇ 10 ਲੱਖ ਭਾਗ ਵਿਚ ਕਾਰਬਨ ਡਾਈਅਕਸਾਈਡ ਦੀ ਮਾਤਰਾ 275 ਤੋਂ 285 ਭਾਗ ਤੱਕ ਸੀ। 1980 ਵਿਚ ਇਹ ਵਧ ਕੇ 338 ਹੋ ਗਈ ਹੈ। ਧਰਤੀ ਦੀ ਗਰਮਾਇਸ਼ ਦੀਰਘ ਤਰੰਗਾਂ ਰਾਹੀਂ ਉਡਦੀ ਹੈ। ਇਸ ਦਾ 90 ਫ਼ੀਸਦੀ ਹਿੱਸਾ ਵਾਯੂ ਮੰਡਲ ਸੋਕ ਲੈਂਦਾ ਹੈ। ਵਾਯੂ ਮੰਡਲ ਵਿਚ ਮੌਜੂਦ ਓਜ਼ੋਨ, ਕਾਰਬਨ ਡਾਈਅਕਸਾਈਡ ਅਤੇ ਵਾਸ਼ਪ ਕਣਾਂ ਕਾਰਨ ਸੂਰਜੀ ਊਰਜਾ ਧਰਤੀ ਦੇ ਵਾਯੂ ਮੰਡਲ ਵਿਚ ਹੀ ਰੋਕ ਲਈ ਜਾਂਦੀ ਹੈ ਜਿਸ ਦੇ ਭੈੜੇ ਪ੍ਰਭਾਵ ਪੈਂਦੇ ਹਨ।

ਪਹਿਲਾਂ ਪਹਿਲ ਸਿਰਫ਼ ਸਲਫਰ ਡਾਇਆਕਸਾਈਡ ਨੂੰ ਹੀ ਪੌਦਿਆਂ ਉਤੇ ਭੈੜੇ ਪ੍ਰਭਾਵ ਦਾ ਕਾਰਨ ਮੰਨਿਆ ਜਾਂਦਾ ਸੀ, ਪਰ ਨਵੇਂ ਕੀਟਨਾਸ਼ਕਾਂ ਤੇ ਜੜੀ-ਬੂਟੀ-ਨਾਸ਼ਕ ਦਵਾਈਆਂ ਦੀ ਖੋਜ ਉਪਰੰਤ ਪੌਦਿਆਂ ਉੱਤੇ ਮਾਰੂ ਪ੍ਰਭਾਵ ਪਾਉਣ ਵਾਲੇ ਪਦਾਰਥਾਂ ਵਿਚ ਵੱਡਾ ਵਾਧਾ ਹੋ ਗਿਆ। ਉਦਯੋਗਿਕ ਵਿਕਾਸ ਨਾਲ ਧਰਤੀ ਦੇ ਕੁਦਰਤੀ ਵਾਤਾਵਰਨ ਤੇ ਵਾਯੂ ਮੰਡਲ ਵਿਚ ਅਨੇਕ ਨਵੇਂ ਪ੍ਰਦੂਸ਼ਣ-ਕਰਤਾ ਪਹੁੰਚ ਗਏ। ਕਈ ਵਾਰ ਤਾਂ ਪ੍ਰਦੂਸ਼ਣ ਦੇ ਸਰੋਤ ਇਨ੍ਹਾਂ ਉਦਯੋਗਾਂ ਤੋਂ 100 ਮੀਲ ਦੀ ਦੂਰੀ 'ਤੇ ਮੌਜੂਦ ਬਨਸਪਤੀ ਉਤੇ ਵੀ ਮਾਰੂ ਪ੍ਰਭਾਵ ਪਾਉਂਦੇ ਨਜ਼ਰ ਆ ਜਾਂਦੇ ਹਨ। ਉਦਯੋਗਾਂ ਤੇ ਖ਼ਾਸ ਕਰ, ਧਾਤ-ਸੋਧਕ ਕਾਰਖ਼ਾਨਿਆਂ ਤੋਂ ਨਿਕਲ ਰਹੀਆਂ ਜ਼ਹਿਰੀਲੀਆਂ ਗੈਸਾਂ ਨੇ ਤਾਂ ਕਈ ਸਥਾਨਾਂ ਉਤੇ ਬਨਸਪਤੀ ਨੂੰ ਪੂਰੀ ਤਰ੍ਹਾਂ ਤਹਿਸ-ਨਹਿਸ ਕਰ ਦਿੱਤਾ ਹੈ। ਜਿਵੇਂ-ਜਿਵੇਂ ਵਾਯੂਮੰਡਲ ਵਿਚ ਕਣ ਰੂਪੀ ਪਦਾਰਥਾਂ ਦੀ ਮਾਤਰਾ ਵਧਦੀ ਜਾਂਦੀ ਹੈ, ਇਹ ਪਦਾਰਥ ਸੂਰਜ ਤੋਂ ਆ ਰਹੀ ਰੌਸ਼ਨੀ ਦਾ ਵਧੇਰੇ ਖਿੰਡਾਉ ਕਰਨ ਲਗਦੇ ਹਨ ਜਿਸ ਦੇ ਫਲਸਰੂਪ ਧਰਤੀ ਉਤੇ ਪਹੁੰਚ ਰਹੀ ਤਾਪ ਊਰਜਾ ਦੀ ਮਾਤਰਾ ਘਟਣ ਲਗਦੀ ਹੈ ਤੇ ਇਸ ਗ੍ਰਹਿ ਦਾ ਤਾਪਮਾਨ ਘਟਣਾ ਸ਼ੁਰੂ ਹੋ ਜਾਂਦਾ ਹੈ। ਵਿਸ਼ਵ-ਵਿਆਪੀ ਤੌਰ ਉਤੇ ਧਰਤੀ ਦੇ ਤਾਪਮਾਨ ਵਿਚ ਘਾਟਾ, ਸਾਡੇ ਵਾਯੂ ਮੰਡਲ ਵਿਚ ਵਧੇਰੇ ਪ੍ਰਦੂਸ਼ਣ-ਕਰਤਾ ਕਣਾਂ ਦੀ ਹੋਂਦ ਨਾਲ ਜੋੜਿਆ ਜਾਂਦਾ ਹੈ।

ਇਸ ਪ੍ਰਭਾਵ ਦੇ ਠੀਕ ਉਲਟ ਪ੍ਰਭਾਵ ਹੈ ਗਰੀਨ ਹਾਊਸ ਪ੍ਰਭਾਵ ਜੋ ਵਾਯੂ ਮੰਡਲ ਵਿਚ ਕਾਰਬਨ ਡਾਇਆਕਸਾਈਡ ਗੈਸ ਦੀ ਵਧੇਰੇ ਮਾਤਰਾ ਤੋਂ ਪੈਦਾ ਹੁੰਦਾ ਹੈ। ਅਜਿਹਾ ਅੰਦਾਜ਼ਾ ਹੈ ਕਿ ਜੇ ਮੌਜੂਦਾ ਦਰ ਨਾਲ ਹੀ, ਵਾਯੂ ਮੰਡਲ ਵਿਚ ਕਾਰਬਨ ਡਾਇਆਕਸਾਈਡ ਗੈਸ ਦੀ ਮਾਤਰਾ ਲਗਾਤਾਰ ਵਧਦੀ ਗਈ ਤਾਂ ਅਗਲੇ 5 ਦਹਾਕਿਆਂ ਅੰਦਰ ਧਰਤੀ ਦੇ ਵਿਸ਼ਵ-ਵਿਆਪੀ ਤਾਪਮਾਨ ਵਿਚ 4 ਦਰਜਾ ਸੈਲਸੀਅਸ ਦਾ ਵਾਧਾ ਹੋ ਜਾਵੇਗਾ। ਮਾਹਿਰਾਂ ਅਨੁਸਾਰ ਇਹ ਤਾਪਮਾਨ ਵਾਧਾ ਪ੍ਰਿਥਵੀ ਦੀਆਂ ਬਰਫ਼ਾਨੀ ਧਰੁਵੀ ਟੋਪੀਆਂ ਨੂੰ ਪਿਘਲਾ ਦੇਵੇਗਾ ਅਤੇ ਵਿਆਪਕ ਹੜ੍ਹਾਂ ਦਾ ਕਾਰਨ ਬਣੇਗਾ। ਮਗਰੋਂ ਜਲ-ਵਹਿਣ ਸੁੱਕ ਜਾਣਗੇ। -0-



***ਹਵਾ ਪ੍ਰਦੂਸ਼ਣ ਦਾ ਮੁੱਖ ਸਰੋਤ ਧੂੰਆਂ ਹੈ। ਇਹ ਧੂੰਆਂ ਬਨਸਪਤੀ ਨੂੰ ਅੱਗ ਲਾਉਣ, ਬਲਣ ਵਾਲੇ ਕੋਲੇ, ਪੈਟਰੋਲ, ਡੀਜ਼ਲ ਜਾਂ ਹੋਰ ਬਾਲਣਾਂ ਵਿਚੋਂ ਪੈਦਾ ਹੁੰਦਾ ਹੈ। ਕੋਲਾ ਤੇ ਪੈਟਰੋਲ ਆਦਿ ਦੇ ਬਲਣ ਨਾਲ ਸਲਫਰ ਡਾਈਅਕਸਾਈਡ ਕਾਰਬਨ ਤੇ ਅਕਸਾਈਡ ਵਰਗੀਆਂ ਗੈਸਾਂ ਹਵਾ ਵਿਚ ਮਿਲ ਕੇ ਇਸ ਨੂੰ ਪ੍ਰਦੂਸ਼ਿਤ ਕਰਦੀਆਂ ਹਨ। ਡੀਜ਼ਲ ਆਦਿ ਤੋਂ ਨਾਈਟਰੋਜਨ ਦੇ ਅਕਸਾਈਡ, ਹਾਈਡਰੋਕਾਰਬਨ ਅਤੇ ਕਾਰਬਨ ਮੋਨੋਅਕਸਾਈਡ ਵਰਗੀਆਂ ਜ਼ਹਿਰੀਲੀਆਂ ਗੈਸਾਂ ਹਵਾ ਵਿਚ ਰਲ ਜਾਂਦੀਆਂ ਹਨ। ਜੰਗਲ, ਕਣਕ ਅਤੇ ਝੋਨੇ ਦੀ ਰਹਿੰਦ-ਖੂੰਹਦ ਨੂੰ ਅੱਗ ਲਾਉਣ ਨਾਲ ਪੈਦਾ ਹੋਣ ਵਾਲਾ ਧੂੰਆਂ ਤਾਂ ਉਸ ਮੌਕੇ ਹਵਾ ਨੂੰ ਬੇਹੱਦ ਦੂਸ਼ਿਤ ਕਰਦਾ ਹੈ।***

# ਧਰਤੀ ਦੇ ਫ਼ਰਿਸ਼ਤੇ

**ਡਾ. ਗੁਰਮਿੰਦਰ ਸਿੱਧੂ**

ਬਹੁਤ ਵਰ੍ਹੇ ਪਹਿਲਾਂ ਦੀ ਘਟਨਾ ਹੈ, ਮੈਂ ਤੇ ਮੇਰੀ ਛੋਟੀ ਭੈਣ ਜਗਰਾਉਂ ਤੋਂ ਚੰਡੀਗੜ੍ਹ ਲਈ ਬੱਸ ਚੜ੍ਹੀਆਂ। ਕਾਹਲੀ ਵਿਚ ਮੈਂ ਵੱਡੇ ਪਰਸ ਵਿਚ ਪੈਸਿਆਂ ਵਾਲਾ ਛੋਟਾ ਪਰਸ ਰੱਖਣਾ ਭੁੱਲ ਗਈ। ਕੰਡਕਟਰ ਟਿਕਟਾਂ ਕੱਟਦਾ ਸਾਡੇ ਨੇੜੇ ਆ ਰਿਹਾ ਸੀ। ਮੈਂ ਘਬਰਾਈ ਹੋਈ ਪਰਸ ਦੀਆਂ ਸਾਰੀਆਂ ਜੇਬਾਂ ਫੋਲ ਰਹੀ ਸੀ ਕਿ ਸ਼ਾਇਦ ਕਿਸੇ ਜੇਬ ਵਿਚੋਂ ਪੈਸੇ ਲੱਭ ਜਾਣ, ਪਰ ਨਾ ਲੱਭੇ। ਮੈਂ ਆਪਣੀ ਭੈਣ ਨੂੰ ਕਿਹਾ, 'ਹੁਣ ਕੀ ਕਰੀਏ? ਕੰਡਕਟਰ ਕੀ ਕਹੂਗਾ, ਚੰਗੀਆਂ ਪੜ੍ਹੀਆਂ-ਲਿਖੀਆਂ ਲੱਗਦੀਆਂ ਨੇ, ਪਰ ਪੈਸੇ ਰੱਖਣ ਦੀ ਵੀ ਅਕਲ ਨ੍ਹੀਂ? ਹੁਣ ਤਾਂ ਉਤਰ ਵੀ ਨ੍ਹੀਂ ਸਕਦੀਆਂ, ਬੱਸ ਪੰਦਰਾਂ-ਵੀਹ ਕਿਲੋਮੀਟਰ ਅੱਗੇ ਆ ਗਈ, ਉਤੋਂ ਆਥਣ ਹੋਇਐ, ਅਖ਼ੀਰਲੀ ਬੱਸ ਐ।' ਪ੍ਰੇਸ਼ਾਨੀ ਦੇ ਆਲਮ ਵਿਚ ਮੈਂ ਆਲੇ-ਦੁਆਲੇ ਬੈਠੀਆਂ ਸਵਾਰੀਆਂ ਵੱਲ ਦੇਖਿਆ ਕਿ ਇਨ੍ਹਾਂ ਸਾਰਿਆਂ ਸਾਹਮਣੇ ਨਮੋਸ਼ੀ ਝੱਲਣੀ ਹੋਵੇਗੀ। ਖੌਰੇ ਕੰਡਕਟਰ ਕਿੰਨੀ ਉਚੀ ਉਚੀ ਬੋਲੂਗਾ? ਇਹ ਸੋਚ ਮੇਰਾ ਦਿਲ ਜ਼ੋਰ ਜ਼ੋਰ ਦੀ ਧੜਕ ਰਿਹਾ ਸੀ ਤੇ ਹੱਥ ਪੈਰ ਝੂਠੇ ਪੈ ਰਹੇ ਸਨ। ਇੰਨੇ ਨੂੰ ਉਹ ਕੋਲ ਆ ਕੇ ਬੋਲਿਆ, 'ਕਿਥੋਂ ਦੀ ਟਿਕਟ ਕੱਟਾਂ ਬੀਬਾ?' ਮੈਂ ਗੁੱਟ ਤੋਂ ਘੜੀ ਲਾਹ ਕੇ ਫੜਾਉਂਦਿਆਂ ਉਸ ਨੂੰ ਆਪਣੀ ਸਮੱਸਿਆ ਦੱਸੀ। ਕੁਝ ਪਲ ਉਹ ਖ਼ਾਮੋਸ਼ ਰਿਹਾ ਤੇ ਫਿਰ ਮੇਰੀ ਘੜੀ ਵਾਪਸ ਕਰਦਾ ਬੋਲਿਆ, 'ਕੋਈ ਨਾ ਭੈਣੇ! ਹੋ ਜਾਂਦੈ ਕਦੇ ਕਦੇ... ਆਹ ਲਓ ਚੰਡੀਗੜ੍ਹ ਦੀਆਂ ਦੋ ਟਿਕਟਾਂ। ਮੈਂ ਆਪਣੇ ਕੋਲੋਂ ਪਾ ਦਊਂ ਪੈਸੇ, ਘੜੀ ਨਹੀਂ ਲੈਣੀ ਮੈਂ ਥੋਡੀ।'

ਉਹ ਸਾਡੇ ਲਈ ਜਮਦੂਤ ਤੋਂ ਕੋਈ ਫ਼ਰਿਸ਼ਤਾ ਹੋ ਗਿਆ। ਮੈਂ ਵਾਰ ਵਾਰ ਉਸ ਦਾ ਸਿਰਨਾਵਾਂ ਮੰਗਿਆ ਤਾਂ ਕਿ ਉਸ ਨੂੰ ਪੈਸੇ ਭੇਜ ਸਕਾਂ, ਪਰ ਉਹ ਹਰ ਵਾਰ, 'ਕੋਈ ਗੱਲ ਨ੍ਹੀਂ ਭੈਣੇ' ਆਖਦਾ ਅੱਗੇ ਲੰਘ ਜਾਂਦਾ। ਚੰਡੀਗੜ੍ਹ ਬੱਸ ਸਟੈਂਡ ਆ ਗਿਆ ਤਾਂ ਉਹ ਸਾਡੇ ਕੋਲ ਆ ਕੇ ਬੋਲਿਆ, 'ਭੈਣੇ! ਰਿਕਸ਼ੇ ਜੋਗੇ ਪੈਸੇ ਹੈਗੇ ਐ?' 'ਕੋਈ ਨ੍ਹੀਂ ਵੀਰ! ਉਹ ਤਾਂ ਮੈਂ ਘਰ ਪਹੁੰਚ ਕੇ ਦੇ ਦਊਂ, ਪਰ ਤੇਰਾ ਐਡਰੈਸ?' 'ਛੱਡੋ ਭੈਣੇ! ਕਿਥੇ ਲੱਭਦੀਆਂ ਫਿਰੋਂਗੀਆਂ?' ਕਹਿੰਦਾ ਉਹ ਅਹੁ ਗਿਆ, ਅਹੁ ਗਿਆ। ਮੈਂ ਬੱਸ ਦਾ ਨੰਬਰ ਨੋਟ ਕੀਤਾ। ਮੇਰਾ ਹਮਸਫ਼ਰ ਕਈ ਵਾਰ ਉਸ ਦਿਨ ਵਾਲੇ ਸਮੇਂ 'ਤੇ ਜਗਰਾਉਂ ਬੱਸ-ਅੱਡੇ ਗਿਆ ਵੀ, ਪਰ ਨਾ ਉਹ ਬੱਸ ਲੱਭੀ, ਨਾ ਉਹ ਫ਼ਰਿਸ਼ਤਾ।

ਅਜਿਹੇ ਹੀ ਇਕ ਹੋਰ ਫ਼ਰਿਸ਼ਤੇ ਦੀ ਘਟਨਾ ਵੀ ਸਾਂਝੀ ਕਰਦੀ ਹਾਂ, ਜਿਹੜਾ ਮੈਂ ਬੇਹੱਦ ਲੋੜਵੰਦ ਹੋਣ ਦੇ ਬਾਵਜੂਦ ਸਿਰੇ ਦਾ ਸੰਤੋਖੀ ਦੇਖਿਆ। ਮੁਹਾਲੀ ਦੇ ਅੰਬ ਸਾਹਿਬ ਗੁਰਦੁਆਰੇ ਜਾਂਦਿਆਂ ਮੈਂ ਇਕ ਦਿਨ ਸੱਤ ਫੇਜ਼ ਦੀ ਡਿਸਪੈਂਸਰੀ ਨੇੜੇ ਸੜਕ ਕਿਨਾਰੇ ਬਜ਼ੁਰਗ ਬੈਠਾ ਦੇਖਿਆ। ਉਸ ਦੇ ਰੁੱਖੇ-ਰੁੱਖੇ ਚਿੱਟੇ ਕੇਸ, ਬੁਝੀਆਂ ਅੱਖਾਂ, ਸੁੱਜੇ ਹੋਏ ਹੱਥ ਪੈਰ, ਲੀਰਾਂ ਹੋਏ ਕੱਪੜੇ ਤੇ ਕੋਲ ਪਈ ਮੈਲੀ-ਕੁਚੈਲੀ ਗਠੜੀ ਉਸ ਦੀ ਤਰਸਯੋਗ ਹਾਲ ਬਿਆਨ ਕਰਦੀ ਸੀ। ਮੈਂ ਕੋਲੋਂ ਦੀ ਚੁੱਪ-ਚੁਪੀਤੇ ਲੰਘ ਤਾਂ ਗਈ, ਪਰ ਮਨ ਵਿਚ ਖ਼ਿਆਲ ਆਇਆ ਕਿ ਉਸ ਨੂੰ ਸ਼ਾਇਦ ਮਦਦ ਦੀ ਜ਼ਰੂਰਤ ਹੈ। ਪੈਰ ਅੱਗੇ ਵੱਲ ਚੁੱਕਾਂ ਤਾਂ ਪਿੱਛੇ ਨੂੰ ਪੈਣ, ਆਖਰ ਮੁੜ ਆਈ ਅਤੇ ਉਸ ਦੇ ਕੋਲ ਖੜ੍ਹ ਕੇ ਆਪਣਾ ਪਰਸ ਫੋਲਣ ਲੱਗੀ। ਮੇਰੀ ਦਸ ਰੁਪਏ ਦੇਣ ਦੀ ਮਨਸ਼ਾ ਸੀ, ਪਰ ਪਰਸ ਵਿਚ ਸਿਰਫ਼ ਸੌ ਰੁਪਏ ਦਾ ਨੋਟ ਹੀ ਸੀ। ਉਹ ਮੇਰੇ ਵੱਲ ਬੜੀ ਉਮੀਦ ਨਾਲ ਦੇਖ ਰਿਹਾ ਸੀ ਤੇ ਮੈਂ ਵੀ ਆਪਣਾ ਪੈਂਡਾ ਖੋਟਾ ਕੀਤਾ ਸੀ, ਇਸ ਲਈ ਇਹੋ ਨੋਟ ਉਸ ਵੱਲ ਵਧਾ ਦਿੱਤਾ। 'ਇੰਨੇ ਨੀ ਲੈਣੇ, ਦਸ ਰੁਪਈਏ ਹੈਗੇ ਤਾਂ ਦੇ ਦੇ... ਚਾਹ ਜੋਗੇ', ਉਸ ਦੇ ਮੂੰਹੋਂ ਠੇਠ ਪੰਜਾਬੀ ਸੁਣ ਕੇ ਹੈਰਾਨੀ ਜਿਹੀ ਹੋਈ। ਉਂਜ ਦੇਖਣ ਨੂੰ ਵੀ ਉਹ ਕੋਈ ਮੁਸੀਬਤ ਮਾਰਿਆ ਪੰਜਾਬੀ ਹੀ ਲੱਗਦਾ ਸੀ। 'ਰੱਖ ਲੋ ਬਾਬਾ ਜੀ! ਫੇਰ ਕੰਮ ਆਉਣਗੇ', ਮੈਂ ਕਿਹਾ; ਪਰ ਉਸ ਨੇ ਕਿਹਾ ਕਿ ਉਹ ਕਿੱਥੇ ਸਾਂਭਦਾ ਫਿਰੂ ਇੰਨੇ ਪੈਸੇ। ਉਹ ਮੈਥੋਂ ਬੇਲਾਗ ਜਿਹਾ ਹੋ ਕੇ ਆਪਣੀ ਗਠੜੀ ਫਰੋਲਣ ਲੱਗ ਪਿਆ।

ਮੈਂ ਕੁਝ ਦੇਰ ਅਬੋਲ ਖੜ੍ਹੀ ਰਹੀ ਤੇ ਫਿਰ ਗੁਰਦੁਆਰੇ ਵੱਲ ਤੁਰ ਪਈ। ਪਰਸ ਵਿਚ ਖੁੱਲ੍ਹੇ ਪੈਸੇ ਨਾ ਹੋਣ ਕਰ ਕੇ ਮੈਂ ਗ਼ਰੀਬ ਜਿਹੀ ਮਹਿਸੂਸ ਕਰ ਰਹੀ ਸਾਂ। ਗੁਰਦੁਆਰੇ ਜਾ ਕੇ ਦੇਗ ਕਰਵਾ ਕੇ ਨੋਟ ਤੁੜਾਇਆ ਤੇ ਮੱਥਾ ਟੇਕ ਕੇ ਕਾਹਲੀ ਕਾਹਲੀ ਪਿਛੇ ਵੱਲ ਤੁਰ ਪਈ। ਉਸ ਨੂੰ ਉਥੇ ਹੀ ਬੈਠਾ ਦੇਖ ਕੇ ਸਾਹ ਵਿਚ ਸਾਹ ਆਇਆ। ਮੇਰੇ ਦਸ ਰੁਪਏ ਦੇ ਨੋਟ ਨੇ ਉਸ ਨੂੰ ਪਤਾ ਨਹੀਂ ਕੋਈ ਖ਼ੁਸ਼ੀ ਦਿੱਤੀ ਕਿ ਨਾ, ਪਰ ਮੈਂ ਅੰਤਾਂ ਦਾ ਸਕੂਨ ਮਹਿਸੂਸ ਕਰ ਰਹੀ ਸਾਂ। -0-

# ਆਖਰੀ ਕੁੜੀ

## ਇਸਲਾਮਿਕ ਸਟੇਟ ਹੱਥੋਂ ਖੁਆਰ ਹੋਈਆਂ ਯਜ਼ੀਦੀ ਕੁੜੀਆਂ ਦੀ ਮਾਰਮਿਕ ਕਹਾਣੀ: ਦਿ ਲਾਸਟ ਗਰਲ



ਕਲਾ ਪਰਿਕਰਮਾ

ਅੱਜ ਕੱਲ੍ਹ ਚਰਚਾ ਵਿਚ ਆਈ ਕਿਤਾਬ 'ਦਿ ਲਾਸਟ ਗਰਲ' ਇਸਲਾਮਿਕ ਸਟੇਟ ਵਲੋਂ ਅਗਵਾ ਕੀਤੀਆਂ ਯਜ਼ੀਦੀ ਕੁੜੀਆਂ ਦੀ ਬੜੀ ਮਾਰਮਿਕ ਕਹਾਣੀ ਪੇਸ਼ ਕਰਦੀ ਹੈ ਅਤੇ ਇਹ ਕਹਾਣੀ ਯਜ਼ੀਦੀ ਮੁਟਿਆਰ ਨਾਦੀਆ ਮੁਰਾਦ ਨੇ ਸੁਣਾਈ ਹੈ। ਇਸ ਕਹਾਣੀ ਵਿਚ ਦਰਦ ਦਾ ਦਰਿਆ ਵਹਿੰਦਾ ਦਿਸਦਾ ਹੈ, ਪਰ ਕਿਤਾਬ ਦੇ ਅਖ਼ੀਰ ਵਿਚ ਇਹ ਕਹਾਣੀ ਪ੍ਰੇਰਣਾਮਈ ਹੋ ਨਿਬੜਦੀ ਹੈ: ਰਾਤ ਦੇ ਗੂੜ੍ਹੇ ਅਤੇ ਗਾੜ੍ਹੇ ਹਨੇਰੇ ਤੋਂ ਬਾਅਦ ਪਹੁ-ਫੁਟਾਲਾ ਜ਼ਰੂਰ ਆਉਂਦਾ ਹੈ।


**ਜਗਜੀਤ ਸਿੰਘ ਸੇਖੋਂ**

ਨਾਦੀਆ ਮੁਰਾਦ ਜਿਸ ਦਾ ਪੂਰਾ ਨਾਂ ਨਾਦੀਆ ਮੁਰਾਦ ਬਸੀ ਤਹਾ ਹੈ, ਦਾ ਜਨਮ ਇਰਾਕ ਦੇ ਨਿਨਵਿਹ ਸੂਬੇ ਦੇ ਜ਼ਿਲ੍ਹੇ ਸ਼ਿੰਗਲ ਵਿਚ ਪੈਂਦੇ ਨਿੱਕੇ ਜਿਹੇ ਪਿੰਡ ਕੋਚੋ ਵਿਚ 1993 ਨੂੰ ਹੋਇਆ। ਇਹ ਪਿੰਡ ਕਸਬਾ ਸ਼ਿੰਜਰ (ਜਿਸ ਨੂੰ ਬਹੁਤੀ ਵਾਰ ਸ਼ਿੰਗਲ ਵੀ ਕਹਿ ਲਿਆ ਜਾਂਦਾ ਹੈ) ਨੇੜੇ ਵਸਿਆ ਹੋਇਆ ਹੈ। ਅਗਸਤ 2014 ਵਿਚ ਇਸਲਾਮਿਕ ਸਟੇਟ ਦੇ ਜਹਾਦੀਆਂ ਨੇ ਇਰਾਕ ਦੇ ਇਸ ਪਿੰਡ ਉਪਰ ਕਬਜ਼ਾ ਕਰ ਲਿਆ। ਉਸ ਵੇਲੇ ਮੁਰਾਦ ਦੀ ਉਮਰ 21 ਸਾਲ ਸੀ, ਉਦੋਂ ਜਹਾਦੀਆਂ ਨੇ ਪਿੰਡ ਦੇ 600 ਯਜ਼ੀਦੀ ਲੋਕਾਂ ਨੂੰ ਮਾਰ ਮੁਕਾਇਆ। ਇਨ੍ਹਾਂ ਵਿਚ ਨਾਦੀਆ ਦੇ ਛੇ ਭਰਾ ਵੀ ਸ਼ਾਮਿਲ ਸਨ। ਪਿੰਡ ਦੀਆਂ ਕੁੜੀਆਂ ਅਤੇ ਔਰਤਾਂ ਨੂੰ ਗੁਲਾਮ ਬਣਾ ਲਿਆ ਗਿਆ। ਉਸ ਸਾਲ ਇਨ੍ਹਾਂ ਜਹਾਦੀਆਂ ਨੇ ਵੱਖ ਵੱਖ ਪਿੰਡਾਂ, ਕਸਬਿਆਂ ਤੋਂ 7000 ਦੇ ਕਰੀਬ ਯਜ਼ੀਦੀ ਔਰਤਾਂ ਨੂੰ ਕੈਦੀ ਬਣਾਇਆ। ਹੋਰ ਕੁੜੀਆਂ ਵਾਂਗ ਜਹਾਦੀਆਂ ਵੱਲੋਂ ਨਾਦੀਆ ਮੁਰਾਦ ਨੂੰ ਵੀ ਆਪਣੇ ਕਬਜ਼ੇ ਵਾਲੇ ਸ਼ਹਿਰ ਮੌਸੂਲ ਲਿਜਾਇਆ ਗਿਆ ਅਤੇ ਉਥੇ ਗੁਲਾਮ ਬਣਾ ਕੇ ਰੱਖਿਆ ਗਿਆ। ਇਨ੍ਹਾਂ ਕੁੜੀਆਂ ਨੂੰ ਸਿਗਰਟਾਂ ਨਾਲ ਦਾਗਿਆ ਜਾਂਦਾ ਰਿਹਾ ਅਤੇ ਵਿਰੋਧ ਕਰਨ 'ਤੇ ਲਗਾਤਾਰ ਜਬਰ-ਜਨਾਹ ਕੀਤਾ ਗਿਆ। ਇਕ ਦਿਨ ਜਦੋਂ ਨਾਦੀਆ ਨੂੰ ਬੰਦੀ ਬਣਾਉਣ ਵਾਲਾ ਸ਼ਖ਼ਸ ਤਾਲਾ ਲਾਉਣਾ ਭੁੱਲ ਗਿਆ ਤਾਂ ਉਹ ਉਥੋਂ ਬਚ ਨਿਕਲੀ ਅਤੇ ਇਸ ਤੋਂ ਬਾਅਦ ਉਸ ਨੇ ਆਪਣੀ ਕਹਾਣੀ 'ਦਿ ਲਾਸਟ ਗਰਲ' ਦੇ ਰੂਪ ਵਿਚ ਸਭ ਨੂੰ ਸੁਣਾਈ ਹੈ।




*ਨਾਦੀਆ ਮੁਰਾਦ ਦੀ ਕਿਤਾਬ 'ਦਿ ਲਾਸਟ ਗਰਲ' ਦਾ ਮੁਖੜਾ।*

'ਦਿ ਲਾਸਟ ਗਰਲ' ਅਸਲ ਵਿਚ ਧਾਰਮਿਕ ਕੱਟੜਪੰਥੀਆਂ ਦੀ ਸੋਚ ਅਤੇ ਸਿਆਸਤ ਨੂੰ ਪੇਸ਼ ਕਰਦੀ ਹੈ। ਕੁੜੀਆਂ ਨੂੰ ਗੁਲਾਮ ਬਣਾ ਕੇ ਜਿਸ ਤਰ੍ਹਾਂ ਦਾ ਵਿਹਾਰ ਇਨ੍ਹਾਂ 'ਧਾਰਮਿਕ ਲੜਾਕਿਆਂ' ਨੇ ਕੀਤਾ, ਉਹ ਕਈ ਕਿਸਮ ਦੇ ਸਵਾਲ ਪੈਦਾ ਕਰਦਾ ਹੈ; ਕਿ ਇਹ ਲੋਕ ਆਖਰ ਕਿਸ ਤਰ੍ਹਾਂ ਦੀ ਸਰਕਾਰ ਤੇ ਸਮਾਜ ਬਣਾਉਣਾ ਚਾਹੁੰਦੇ ਹਨ; ਕਿ ਇਨ੍ਹਾਂ ਲਈ ਮਨੁੱਖਤਾ ਲਈ ਕੋਈ ਦਰਦ ਵੀ ਹੈ ਜਾਂ ਨਹੀਂ; ਕਿ ਬਦਲਾ ਲੈਣ ਲਈ ਸਿਰਫ ਔਰਤਾਂ ਨੂੰ ਹੀ ਸ਼ਿਕਾਰ ਕਿਉਂ ਬਣਾਇਆ ਗਿਆ? ਇਨ੍ਹਾਂ ਜਹਾਦੀਆਂ ਦਾ ਮਕਸਦ ਆਖਰਕਾਰ ਹੈ ਕੀ? ਕਿਉਂ ਇਹ ਇੰਨੇ ਬੇਕਿਰਕ ਅਤੇ ਬੇਦਰਦ ਹੋ ਕੇ ਮਾਸੂਮ ਕੁੜੀਆਂ ਉਤੇ ਇਉਂ ਜ਼ੁਲਮ ਕਰਦੇ ਹਨ? ਨਾਦੀਆ ਨੇ ਆਪਣੀ ਕਿਤਾਬ ਵਿਚ ਅਜਿਹੇ ਸਵਾਲ ਤਾਂ ਭਾਵੇਂ ਨਹੀਂ ਕੀਤੇ, ਪਰ ਜਿਉਂ ਜਿਉਂ ਪਾਠਕ ਇਸ ਕਿਤਾਬ ਦੇ ਪੰਨੇ ਪਲਟਦਾ ਜਾਂਦਾ ਹੈ, ਅਜਿਹੇ ਸੈਆਂ ਸਵਾਲ ਖੁਦ-ਬ-ਖੁਦ ਉਸ ਦੇ ਜ਼ਿਹਨ ਵਿਚ ਤੂਫਾਨ ਵਾਂਗ ਉਠਣੇ ਸ਼ੁਰੂ ਹੋ ਜਾਂਦੇ ਹਨ। ਇਸ ਕਿਤਾਬ ਦੀ ਕਾਮਯਾਬੀ ਇਸੇ ਤੱਥ ਵਿਚ ਹੈ ਕਿ ਇਹ ਪਾਠਕ ਮਨ ਨੂੰ ਤਕੜਾ ਹਲੂਣਾ ਮਾਰਦੀ ਹੈ, ਝੰਜੋੜਦੀ ਹੈ। ਨਾਦੀਆ ਦੀ ਇਹ ਕਹਾਣੀ ਚਿਰਾਂ ਤੱਕ ਯਾਦ ਰੱਖੀ ਜਾਵੇਗੀ।



### ਇਹ ਦਰਦ ਦਾ ਦਰਿਆ ਹੈ...

*ਤਿੰਨ ਵਰ੍ਹਿਆਂ ਬਾਅਦ ਜਦੋਂ ਨਾਦੀਆ ਮੁਰਾਦ ਆਪਣੇ ਪਿੰਡ ਪਰਤੀ ਤਾਂ ਉਥੋਂ ਇਸਲਾਮਿਕ ਸਟੇਟ ਦੇ ਜਹਾਦੀਆਂ ਦਾ ਕਬਜ਼ਾ ਮੁੱਕ ਚੁੱਕਾ ਸੀ। ਪਿੰਡ ਪੁੱਜਦਿਆਂ ਹੀ ਉਸ ਦੀਆਂ ਭੁੱਬਾਂ ਨਿਕਲ ਗਈਆਂ। ਉਸ ਨੂੰ ਇਸਲਾਮਿਕ ਸਟੇਟ ਦੇ ਇਨ੍ਹਾਂ ਮਾਰਖੋਰੇ ਜਹਾਦੀਆਂ ਵਲੋਂ ਕੀਤੇ ਜ਼ੁਲਮ ਯਾਦ ਆਉਂਦੇ ਰਹੇ। ਉਸ ਨੂੰ ਯਕੀਨ ਹੀ ਨਹੀਂ ਸੀ ਆਉਂਦਾ ਕਿ ਉਹ ਐਨੇ ਤਸ਼ੱਦਦ ਅਤੇ ਖੌਫਨਾਕ ਵਕਤਾਂ ਵਿਚੋਂ ਲੰਘ ਕੇ ਮੁੜ ਆਪਣੇ ਪਿੰਡ ਪਹੁੰਚ ਗਈ ਹੈ। ਉਸ ਨੇ ਆਪਣੀ ਇਹ ਕਹਾਣੀ ਇਸ ਕਿਤਾਬ ਵਿਚ ਸੁਣਾਈ ਹੈ ਜੋ ਪਾਠਕ ਦੇ ਲੂੰ-ਕੰਡੇ ਖੜ੍ਹੇ ਕਰ ਦਿੰਦੀ ਹੈ। ਇਹ ਕਿਤਾਬ ਕਰਾਊਨ ਪਬਲਿਸ਼ਿੰਗ ਗਰੁੱਪ ਜੋ ਪੈਂਗੁਇਨ ਰੈਂਡਮ ਹਾਊਸ ਦਾ ਹੀ ਹਿੱਸਾ ਹੈ, ਨੇ ਛਾਪੀ ਹੈ। ਇਹ ਕਿਤਾਬ ਪਿਛਲੇ ਸਾਲ 7 ਨਵੰਬਰ 2017 ਨੂੰ ਹੀ ਰਿਲੀਜ਼ ਕੀਤੀ ਗਈ ਹੈ ਅਤੇ ਇਸ ਦੇ ਛਪਦਿਆਂ ਸਾਰ ਇਹ ਚਰਚਾ ਵਿਚ ਆ ਗਈ। ਇਸ ਕਿਤਾਬ ਦੇ ਵੱਖ ਵੱਖ ਭਾਸ਼ਾਵਾਂ ਵਿਚ ਅਨੁਵਾਦ ਦਾ ਕਾਰਜ ਵੱਡੀ ਪਧਰ 'ਤੇ ਚੱਲ ਰਿਹਾ ਹੈ।*

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ **ਦੋ ਤੋਂ ਚਾਰ ਸਤਰਾਂ** 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 28 ਜਨਵਰੀ 2018 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-309



**ਬਹੁਤ ਲੰਮੀ ਹੋ ਗਈ ਉਡੀਕ ਹੈ, ਪਾਣੀ ਬਾਝੋਂ ਹਰ ਜਿਊੜੇ ਦੀ ਚੀਕ ਹੈ।**
**ਸੰਭਲੀਏ, ਸਰਫਾ ਕਰਨਾ ਸਿੱਖੀਏ, ਤੜਫਣ ਨਾਲੋਂ ਸਰਫਾ ਕਰਨਾ ਠੀਕ ਹੈ।**

## ਕੈਪਸ਼ਨ ਮੁਕਾਬਲਾ-307



ਤੱਕੋ ਰੋਡਵੇਜ਼ ਦੀ ਲਾਰੀ
ਟੁੱਟੇ ਸ਼ੀਸ਼ੇ, ਟੁੱਟੀ ਬਾਰੀ।
ਲਟਕੀ ਜਨਤਾ ਥੱਲੇ, ਉਪਰ
ਜਾਨ ਦੀ ਜ਼ਿੰਮੇਵਾਰ ਸਵਾਰੀ।
ਨਾ ਕੋਈ ਡਰ ਕਾਨੂੰਨ ਸਭ ਨੂੰ
ਨਾ ਕੋਈ ਬਚਾਅ ਹੈ ਤਰਕੀਬ।
ਰੱਬ ਆਸਰੇ ਜ਼ਿੰਦਗੀ ਰਿੜ੍ਹਦੀ
ਮੌਤ ਦੀ ਚਿੰਤਾ ਨਾ ਕਰੇ ਗਰੀਬ।
***-ਸੇਵਾ ਸਿੰਘ ਨੂਰਪੁਰੀ, ਬੰਗਾ***

---

ਆ 'ਗੀ ਪੰਜਾਬ ਰੋਡਵੇਜ਼ ਦੀ ਲਾਰੀ
ਉਪਰੋਂ-ਅੰਦਰੋਂ ਭਰ 'ਗੀ ਸਾਰੀ।
ਕੰਡਕਟਰ ਅਵਾਜ਼ਾਂ ਜਾਵੇ ਮਾਰੀ
'ਚੱਲੋ ਬਠਿੰਡਾ-ਫੁੱਲੋ ਖਾਰੀ।'
ਬਚੀ ਕੋਈ ਨਾ ਟਾਕੀ ਬਾਰੀ।
ਬਣ 'ਗੀ ਛਕੜਾ ਇਹ ਵਿਚਾਰੀ।
***-ਜਗਮੀਤ ਸਿੰਘ ਪੰਧੇਰ***
***ਫੋਨ: 91-98783-37222***

---

ਸਰਕਾਰ ਨੇ ਕੀਤੇ ਅਹਿਮ ਫੈਸਲੇ,
ਸਰਕਾਰੀ ਮਹਿਕਮੇ ਰਹਿਣ ਨਾ ਦੇਣੇ।
ਧਰਮਾਂ-ਜਾਤਾਂ ਵਿਚ ਵੰਡ ਲੋਕਾਂ ਨੂੰ,
ਗੜ੍ਹ ਲੋਕਾਂ ਦੇ ਰਹਿਣ ਨਾ ਦੇਣੇ।
ਸਰਕਾਰਾਂ ਚੁਣਦੀਆਂ ਇੱਥੇ ਮਸ਼ੀਨਾਂ,
ਲੋਕਰਾਜ ਦਾ ਹੋਇਆ ਘਾਣ।
ਰੋਡਵੇਜ਼ ਦੀ ਬੱਸ ਨਹੀਂ ਇਕੱਲੀ,
ਹਰ ਥਾਂ ਲੋਕੀਂ ਧੱਕੇ ਖਾਣ।
***-ਗੁਰਦੇਵ ਸਿੰਘ ਢਿਪਾਲੀ, ਬਠਿੰਡਾ***
***ਫੋਨ: 91-94176-49275***

---

ਪੰਜਾਬ ਰੋਡਵੇਜ਼ ਦੀਆਂ ਲਾਰੀਆਂ
ਧੱਕੇ ਖਾਣ ਸਵਾਰੀਆਂ।
ਰੋਣ ਕਰਮਾਂ ਨੂੰ ਮਾਰੀਆਂ
ਨਾ ਬੂਹੇ, ਨਾ ਬਾਰੀਆਂ।

ਪ੍ਰਾਈਵੇਟ ਬੱਸਾਂ ਦੀ ਚਾਂਦੀ
ਸਰਕਾਰੀ ਖਸਮਾਂ ਨੂੰ ਖਾਣ।
ਨੀਲੇ ਅਤੇ ਚਿੱਟੇ ਰਲ ਕੇ
ਆਪਣੀਆਂ ਜੇਬਾਂ ਭਰੀ ਜਾਣ।
***-ਗੋਰਾ ਪ੍ਰਜਾਪਤ, ਨਿਊ ਯਾਰਕ***
***ਫੋਨ: 718-690-8403***

---

ਪੰਜਾਬ ਰੋਡਵੇਜ਼ ਦੀ ਲਾਰੀ
ਨੇੜੇ ਤੇੜੇ ਦੀ ਢੋਵੇ ਸਵਾਰੀ।
ਖੁੱਲ੍ਹੀ ਛੱਤ, ਖੁੱਲ੍ਹਾ ਵਿਹੜਾ
ਚੜ੍ਹ ਜਾਓ ਜਿੰਨੇ ਚੜ੍ਹ ਸਕਦੇ ਹੋ।
ਸਰਕਾਰੀ ਬੱਸ, ਸਰਕਾਰੀ ਮੁਲਾਜ਼ਮ
ਭਰੋਸਾ ਕਰਨੋਂ ਕਿਉਂ ਜਕਦੇ ਹੋ।
***-ਦਵਿੰਦਰ ਕੌਰ***

---

ਖਚਾਖਚ ਭਰ ਕੇ ਚੱਲਣ
ਰਾਜ ਸਰਕਾਰ ਦੀਆਂ ਲਾਰੀਆਂ।
'ਪੂਰੀਆਂ ਏਅਰ ਕੰਡੀਸ਼ਨਡ'
ਨਾ ਬੂਹੇ ਤੇ ਨਾ ਬਾਰੀਆਂ।
ਦੇਸ਼ 'ਚ ਭੀੜ ਦਾ ਕਾਨੂੰਨ ਚੱਲੇ
ਲੰਮੀਆਂ ਤਾਣੀਆਂ ਨੇ ਅਧਿਕਾਰੀਆਂ।
***-ਅਮਰਜੀਤ ਸਿੰਘ ਤੂਰ***
***ਫੋਨ: 91-98784-69639***

---

ਰਾਜੇ ਦੀ ਕੁਰਸੀ ਮਿਲੀ ਸਮਝਦੀ
ਬਹੇ ਸਵਾਰੀ ਬੱਸ 'ਚ ਲੈ ਕੇ ਸੀਟ।
ਭਰੀ ਭਰਾਈ ਚੱਲ ਪੈਂਦੀ
ਇਹ ਹੈ ਸਾਡੀ ਪੁਰਾਣੀ ਰੀਤ।
ਉਪਰ-ਥੱਲੇ ਬੈਠੀ ਸਵਾਰੀ
ਵਾਗੁਰੂ ਵਾਗੁਰੂ ਕਰਦੀ ਜਾਵੇ।
ਸਭ ਦੀ ਜਾਨ ਕੁੜਿੱਕੀ 'ਚ ਫਸੀ
ਸਪੀਡ ਫੜ੍ਹੀ, ਨਾਨਕੇ ਯਾਦ ਕਰਾਵੇ।
***-ਜਗਜੀਤ ਕੌਰ ਤੂਰ ਚੰਡੀਗੜ੍ਹ***

---

ਕਾਰਪੋਰੇਟ ਵਰਲਡ ਦਾ ਬੋਲਬਾਲਾ
ਨੀਲੇ-ਚਿੱਟੇ ਦਾ ਇਹ ਨਹੀਂ ਮਾਮਲਾ
ਇਹ ਤਾਂ ਹਨ ਸਿਰਫ ਹੱਥ ਠੋਕੇ।
ਅਸਲ ਮਾਮਲਾ ਤਾਂ ਨਿਜੀ ਨਿਵੇਸ਼ ਦਾ
ਕਿੰਜ ਜੇਬਾਂ ਭਰ ਮਾਲੋ ਮਾਲ ਹੋਣਾ।
ਲੰਮੇ ਰੂਟਾਂ ਦੀ ਅਜਾਰੇਦਾਰੀ
ਲੈ ਗਈ ਪ੍ਰਾਈਵੇਟ ਕੰਪਨੀ
ਨੋਟਾਂ ਦੇ ਨੋਟ ਇਹੀ ਬਣਾ ਰਹੇ।
ਟੁੱਟੇ ਭੱਜੇ ਰੂਟਾਂ 'ਤੇ ਚੱਲਦੀ ਰੋਡਵੇਜ਼।
***-ਦਰਸ਼ਨਪਾਲ ਦੋਸਾਂਝ***




# ਕਵੀਸ਼ਰੀ ਦੀ ਕਸਤੂਰੀ-ਬਲਵੰਤ ਸਿੰਘ ਪਮਾਲ

ਜਿਨ੍ਹਾਂ ਘਰਾਂ ਵਿਚ ਸੰਗੀਤ ਦਾ ਸਵਰਗ ਹੁੰਦਾ ਹੈ, ਉਥੇ ਕੁਦਰਤ ਦਾ ਗੈਰ ਹਾਜ਼ਰ ਹੋਣਾ ਸਵੀਕਾਰਿਆ ਹੀ ਨਹੀਂ ਜਾ ਸਕਦਾ। ਜਿਹੜਾ ਬੰਦਾ ਕਹੇ ਕਿ ਮੇਰਾ ਸੰਗੀਤ ਨਾਲ ਕੋਈ ਵਾਹ ਨਹੀਂ, ਉਹਦੇ ਕੰਨ ਵਿਚ ਫੂਕ ਮਾਰ ਕੇ ਪੁੱਛਿਓ ਕਿ ਮਿੱਤਰਾ ਦਿਲ ਦੀ ਧੜਕਣ, ਨਬਜ਼ ਦੀ ਟਿਕ ਟਿਕ ਤੇ ਸਾਹਾਂ ਦੀ ਤਾਲ ਏਸੇ ਦਾ ਹੀ ਹਿੱਸਾ ਨਹੀਂ ਹੈ! ਤੇ ਜਿਸ ਦਿਨ ਉਪਰ ਵਾਲੇ ਨੇ ਇਨ੍ਹਾਂ ਨੂੰ ਬੇਸੁਰੇ ਜਾਂ ਬੇ-ਤਾਲੇ ਕੀਤਾ ਤਾਂ ਬੰਸਰੀ ਵਰਗੀ ਜ਼ਿੰਦਗੀ ਬਾਂਸ ਵਰਗੀ ਹੋ ਜਾਵੇਗੀ। ਸੰਤ, ਫਕੀਰ ਜਾਂ ਗੁਰੂ ਜਿਸ ਧੁਨ ਦੀ ਆਵਾਜ਼ ਅੰਦਰੋਂ ਸੁਣਨ ਨੂੰ ਕਹਿੰਦੇ ਨੇ, ਉਹੀ ਤਾਂ ਵੱਡਾ ਸੰਗੀਤ ਹੈ ਤੇ ਇਹ 'ਅਨਹਦ' ਵਾਦਨ ਹਰ ਹਿਰਦੇ ਵਿਚ ਵਜਦੈ। ਢਾਡੀਆਂ ਨੇ ਦੱਸਿਆ ਹੈ ਕਿ ਢੱਡ-ਸਾਰੰਗੀ 'ਤੇ ਖੂਨ ਕਿਵੇਂ ਖੌਲਣ ਲਾਈਦਾ ਤੇ ਸਿੱਖ ਇਤਿਹਾਸ ਇਸ ਗੱਲ ਦੀ ਵੀ ਗਵਾਹੀ ਭਰਦਾ ਰਿਹਾ ਹੈ ਕਿ ਕਵੀਸ਼ਰੀ ਨਾਲ ਧੁਰ ਅੰਦਰ ਵੱਜਦੀਆਂ ਉਨ੍ਹਾਂ ਧੁਨਾਂ ਦੀ ਸਿਰਜਣਾ ਵੀ ਹੋ ਸਕਦੀ ਹੈ, ਜਿਥੇ ਵਸਤੂ ਸਾਜ਼ ਸ਼ਰਮਿੰਦਾ ਹੋ ਜਾਵੇ ਜਾਂ ਇਉਂ ਕਿ ਜੇ ਸੁਰਾਂ ਪੇਟੀਆਂ ਦੇ ਕਬਜ਼ੇ ਵਿਚ ਨਾ ਵੀ ਹੋਣ ਤਦ ਵੀ ਬਿਨਾ ਬੀਨ ਦੇ ਨਾਗ ਕੀਲਿਆ ਜਾ ਸਕਦਾ ਹੈ। ਕਵੀਸ਼ਰੀ ਦੀ ਗੱਲ ਇਸੇ ਲਈ ਬਲਵੰਤ ਸਿੰਘ ਪਮਾਲ ਤੋਂ ਸ਼ੁਰੂ ਕਰਨ ਲੱਗਾ ਹਾਂ।

ਨਾ ਵਹਿਮ ਹੈ, ਨਾ ਭਰਮ ਹੈ, ਸਗੋਂ ਸੱਚ ਹੈ ਕਿ ਜਦੋਂ ਮਾਲਵੇ ਦੇ ਵੀਹਵੀਂ ਸਦੀ ਦੇ ਕਵੀਸ਼ਰੀ ਇਤਿਹਾਸ ਤੋਂ ਪਰਦਾ ਉਠਿਆ ਤਾਂ ਬਲਵੰਤ ਸਿੰਘ ਪਮਾਲ ਕਵੀਸ਼ਰ ਦਾ ਨਾਂ ਹਰਫਾਂ ਨੂੰ ਸੋਨੇ ਦਾ ਗੁਲੂਬੰਦ ਚੜ੍ਹਾ ਦੇਵੇਗਾ। ਗੁੱਸਾ ਨਾ ਲੱਗੇ ਤਾਂ ਕਈ ਵਾਰ ਇਉਂ ਵੀ ਹੁੰਦਾ ਹੈ ਕਿ ਵਿਖਾਵੇ ਜਾਂ ਲੋਕ-ਲੱਜ ਨੂੰ ਸਿਰ ਤੇ ਸਰੀਰ ਭਾਵੇਂ ਕਈਆਂ ਅੱਗੇ ਝੁਕ ਜਾਂਦਾ ਹੋਵੇ ਪਰ ਇਨ੍ਹਾਂ ਦੋਹਾਂ ਦੇ ਨਾਲ ਜੇ ਕਿਸੇ ਸੰਗੀਤ ਪ੍ਰੇਮੀ ਦੀ ਆਤਮਾ ਤੇ ਮਨ ਵੀ ਨਾਲ ਹੀ ਨੀਵੇਂ ਹੋ ਜਾਣ ਤਾਂ ਸਹਿਜੇ ਹੀ ਉਹ ਨਾਂ ਕਵੀਸ਼ਰੀ ਦੀ ਮੁਕੰਮਲ ਮੂਰਤ 'ਪਮਾਲ' ਦਾ ਹੀ ਹੋ ਸਕਦਾ ਹੈ।

ਦਿੱਲੀ ਨੂੰ ਜਿੰਨਾ ਮਰਜ਼ੀ ਭੰਡੀ ਜਾਈਏ ਪਰ ਇਸ ਦੀ ਆਬੋ-ਹਵਾ ਵਿਚ ਜਦੋਂ ਗਾਲਿਬ ਦੀ ਮਹਿਕ ਉਠਦੀ ਹੈ ਤਾਂ ਦਿੱਲੀ ਨਾਲ ਘੁੱਟ ਕੇ ਗਲਵੱਕੜੀ ਪਾ ਲੈਣ ਨੂੰ ਜੀ ਕਰਦੈ। ਉਹ ਇਸ ਕਰਕੇ ਕਿ ਉਹ ਆਪ ਹੀ ਇਸ ਗੱਲ ਨੂੰ ਤਸਦੀਕ ਕਰਦਾ ਰਿਹੈ:

ਯੂੰ ਤੋ ਹੈ ਦੁਨੀਆਂ ਮੇ
ਸੁਖਨਵਰ ਬਹੁਤ ਅੱਛੇ
ਕਹਿਤੇ ਹੈਂ ਗਾਲਿਬ ਕਾ
ਅੰਦਾਜ਼ੇ ਬਿਆਂ ਔਰ ਹੈ।

ਇਸੇ ਲਈ ਜਿਥੇ ਸਿੱਖ ਜਗਤ ਵਿਚ ਕਈ ਥਾਂ ਕਵੀਸ਼ਰੀ ਬਲਵੰਤ ਸਿੰਘ ਪਮਾਲ ਦੇ ਨਾਂ ਨਾਲ ਦੁਪਹਿਰ ਖਿੜੀ ਵਾਂਗ ਹੱਸੇਗੀ, ਉਥੇ ਕਿਤੇ ਕਿਤੇ ਗਾਲਿਬ ਵਾਲੀ ਥਾਂ ਵੀ ਉਹਨੂੰ ਸਤਿਕਾਰ ਨਾਲ ਦਿੱਤੀ ਜਾਂਦੀ ਰਹੇਗੀ। ਇਹ ਗੱਲ ਮੈਂ ਇਸ ਕਰਕੇ ਕਹਿ ਰਿਹਾ ਹਾਂ ਕਿ ਮ੍ਰਿਗ ਤਾਂ ਬਹੁਤ ਹੁੰਦੇ ਹਨ ਪਰ ਕਸਤੂਰੀ ਮ੍ਰਿਗ ਇਕ ਹੁੰਦਾ ਹੈ, ਮਣੀ ਵਾਲਾ ਸੱਪ ਵੀ ਇਕ ਹੀ, ਲੱਕੜੀਆਂ ਵਿਚੋਂ ਚੰਦਨ ਵੀ ਇਕ ਹੀ, ਧਰੂ ਤਾਰਾ ਵੀ ਇਕ ਹੀ, ਝੀਲਾਂ 'ਚੋਂ ਮਾਨਸਰੋਵਰ ਵੀ ਇਕ ਹੀ ਤੇ ਇਵੇਂ ਹੀ ਫੁੱਲ ਤਾਂ ਬੜੇ ਹੋਣਗੇ ਪਰ ਗੁਲਾਬ ਦੀ ਰੀਸ ਨਹੀਂ ਹੋ ਸਕੇਗੀ। ਜਦੋਂ ਕਵੀਸ਼ਰੀ ਵਿਚ 'ਪਮਾਲ' ਦੀ ਬਾਤ ਪਵੇਗੀ ਤਾਂ ਹੁੰਗਾਰਾ ਸਾਰੇ 'ਕੱਠੇ ਹੀ ਭਰਨਗੇ।

ਦਿਮਾਗ ਦੀਆਂ ਫਿਰਕੀਆਂ ਤੇ ਅਰਥਾਂ ਦਾ ਧਾਗਾ ਸਹਿਜ ਸੁਭਾ ਜ਼ਰਾ ਲਪੇਟ ਕੇ ਦੇਖੋ ਤਾਂ ਹਾਲਾਤ ਮੂੰਹੋਂ ਬੋਲਣਗੇ ਜਾਂ ਇਸ ਮੁਹਾਵਰੇ ਨੂੰ ਅਰਥ ਹੋਰ ਡੂੰਘੇ ਮਿਲ ਜਾਣਗੇ ਕਿ ਸਿਆਣੇ ਦਾ ਕਿਹਾ ਤੇ ਔਲੇ ਦਾ ਖਾਧਾ ਪਿੱਛੋਂ ਤੇ ਦੇਰੀ ਨਾਲ ਸੁਆਦ ਕਿੰਨਾ ਦਿੰਦੇ ਹਨ ਜਾਂ ਸਿਆਲ ਦੀਆਂ ਲੱਗੀਆਂ ਪਿੜਾਂ 'ਚ ਕਿਵੇਂ ਟੁੱਟਦੀਆਂ ਹਨ? ਧਿਆਨ ਨਾਲ ਇਕਾਗਰ ਚਿਤ ਹੋ ਕੇ ਹੇਠਲੀਆਂ ਸਤਰਾਂ ਦੀ ਵਿਆਖਿਆ ਕਰਕੇ ਵੇਖੋ, ਕਿਹਾ ਤਾਂ ਕਿਸੇ ਵਕਤ ਪਮਾਲ ਨੇ ਸਹਿਜ ਸੁਭਾ ਹੀ ਹੋਣੈ:

ਜਿਹੜਾ ਦੁੱਖਾਂ ਦੇ ਵਿਚ ਨਾ ਕੰਮ ਆਵੇ,
ਐਸੇ ਮਤਲਬੀ ਯਾਰ ਦੀ ਲੋੜ ਕੀ ਏ।
ਵਿਹਲਾ ਜੋ ਗਰੀਬ ਦਾ ਖੂਨ ਪੀਵੇ,
ਖੁਦਗਰਜ਼ ਸਰਦਾਰ ਦੀ ਲੋੜ ਕੀ ਏ।
ਦੇਸ਼ ਕੌਮ ਦਾ ਕਰੇ ਨੁਕਸਾਨ ਜਿਹੜਾ,
ਬੇਈਮਾਨ ਸਰਕਾਰ ਦੀ ਲੋੜ ਕੀ ਏ।
ਜਿਹੜਾ ਝੂਠਿਆਂ ਦੀ ਕਰੇ ਤਰਜ਼ਮਾਨੀ,
ਝੋਲੀ ਚੁੱਕ ਅਖਬਾਰ ਦੀ ਲੋੜ ਕੀ ਏ।
ਸੁਣ ਕੇ ਬੰਦਾ ਜੇ ਬੰਦੇ ਦਾ ਬਣੇ ਵੈਰੀ,
ਝੂਠੇ ਗਲਤ ਪ੍ਰਚਾਰ ਦੀ ਲੋੜ ਕੀ ਏ।
ਤੇ ਜਿਹਦੇ ਕੋਲ ਬਲਵੰਤ ਇਨਸਾਫ ਹੀ ਨਹੀਂ,
ਐਡੀ ਭੈੜੀ ਸਰਕਾਰ ਦੀ ਲੋੜ ਕੀ ਏ।

ਸ਼ਾਇਦ ਪਮਾਲ ਜਾਣਦਾ ਸੀ ਕਿ ਆਉਣ ਵਾਲੇ ਸਮੇਂ ਦੀਆਂ ਨਸਲਾਂ ਨੂੰ ਇਸ ਹਾਲਾਤ ਨਾਲ ਜੂਝਣਾ ਹੀ ਪਵੇਗਾ। ਕਿਤੇ ਮੌਕਾ ਮਿਲੇ ਤਾਂ ਪਮਾਲ ਦੀਆਂ ਪੁਸਤਕਾਂ 'ਆਜ਼ਾਦੀ ਦੇ ਨਜ਼ਾਰੇ', 'ਸੰਮਨ-ਮੂਸਣ' ਤੇ 'ਜੀਵਨ ਅਤੇ ਰਚਨਾ ਕਵੀਸ਼ਰ ਬਲਵੰਤ ਸਿੰਘ ਪਮਾਲ' ਤੇ ਓਪਰੀ ਜਿਹੀ ਨਿਗ੍ਹਾ ਹੀ ਮਾਰ ਕੇ ਵੇਖਿਓ ਕਿ ਉਹ ਦਿਲ ਦੀਆਂ ਰਮਜ਼ਾਂ ਨੂੰ ਕਹਿ ਕਿਵੇਂ ਗਿਆ ਹੈ?

ਮਰਹੂਮ ਬਲਵੰਤ ਸਿੰਘ ਪਮਾਲ ਦੀ ਜੀਵਨ ਵਿਥਿਆ 'ਤੇ ਨਜ਼ਰਸਾਨੀ ਕਰਕੇ ਵੇਖੋ ਤਾਂ ਇਹ ਗੱਲ ਵੀ ਆਪਣੇ ਆਪ ਮੂੰਹੋਂ ਨਿਕਲ ਆਵੇਗੀ ਕਿ ਸਾਧਾਰਨ ਮਨੁੱਖਾਂ ਨੇ ਕਲਾ ਦੇ ਆਸਰੇ ਕਿੰਨੀਆਂ ਮਹਾਨ ਗੱਲਾਂ ਕੀਤੀਆਂ ਹਨ। ਪੁਰਾਣੀਆਂ ਪੰਜ ਜਮਾਤਾਂ ਪਾਸ ਇਸ ਮਹਾਨ ਕਵੀਸ਼ਰ ਦਾ ਜਨਮ ਜਿਲ੍ਹਾ ਲੁਧਿਆਣਾ ਦੇ ਪਿੰਡ ਪਮਾਲ ਵਿਚ 30 ਜੁਲਾਈ 1930 ਨੂੰ ਹੋਇਆ। ਉਹਦੀ ਮਾਤਾ ਦਾ ਨਾਂ ਸੰਤ ਕੌਰ ਤੇ ਪਿਤਾ ਦਾ ਨਾ ਬਚਨ ਸਿੰਘ ਸੀ, ਉਹ ਚਾਰ ਭਰਾਵਾਂ 'ਚੋਂ ਸਭ ਤੋਂ ਹੇਠਲੇ ਨੰਬਰ 'ਤੇ ਸੀ ਪਰ ਕੱਦ ਬਾਕੀਆਂ ਨਾਲੋਂ ਉਚਾ ਕੱਢ ਗਿਆ, ਏਨਾ ਕਿ ਸਿੱਖ ਜਗਤ ਇਸ ਗੱਲ 'ਤੇ ਮਾਣ ਕਰਦਾ ਰਹੇਗਾ ਕਿ ਪਮਾਲ ਦੀਆਂ ਲੀਹਾਂ ਦੀ ਪੈੜ ਕਦੇ ਵੀ ਫਿੱਕੀ ਨਹੀਂ ਪਵੇਗੀ।

ਇਸ ਮਹਾਨ ਕਵੀਸ਼ਰ ਦੀ ਗੱਲ ਅੱਗੇ ਤੋਰਦਿਆਂ ਇਕ ਜ਼ਖਮ ਆਪਣੇ ਆਪ ਹੱਥ ਨਾਲ ਕਈ ਵਾਰ ਛਿੱਲ ਹੋ ਜਾਂਦਾ ਹੈ। ਸਾਲ 1988 ਵਿਚ ਪ੍ਰੋ. ਮੋਹਨ ਸਿੰਘ ਮੇਲੇ ਤੋਂ ਅਗਲੇ ਦਿਨ ਯਾਨਿ ਇੱਕੀ ਅਕਤੂਬਰ ਨੂੰ ਜਗਦੇਵ ਸਿੰਘ ਜੱਸੋਵਾਲ ਕਹਿਣ ਲੱਗਾ, "ਚੱਲ ਅਸ਼ੋਕ ਸਾਰਾ ਦਿਨ ਕਵੀਸ਼ਰ ਪਮਾਲ ਕੋਲ ਕੱਟ ਕੇ ਆਉਂਦੇ ਆਂ, ਨਹੀਂ ਤਾਂ ਵਿਆਹ ਮੁੱਕਣ ਤੋਂ ਬਾਅਦ ਵਧਾਈਆਂ ਲੈਣ ਵਾਲੇ ਤੰਗ ਕਰੀ ਰੱਖਣਗੇ।" ਬਦਕਿਸਮਤੀ ਕਿ ਅਸੀਂ ਗਿਆਰਾਂ ਕੁ ਵਜੇ ਤੁਰਨ ਹੀ ਲੱਗੇ ਸਾਂ ਕਿ ਸਪੇਰਿਆਂ ਦੀਆਂ ਬੀਨਾਂ ਜੱਸੋਵਾਲ ਦੇ ਘਰ ਮੂਹਰੇ ਵੱਜਣ ਲੱਗ ਪਈਆਂ ਤੇ ਪਮਾਲ ਜਾਣ ਦਾ ਪ੍ਰੋਗਰਾਮ ਤਿਆਗ ਕੇ ਉਹ ਭੜਕ ਪਿਆ, "ਮੋਹਨ ਸਿੰਘ ਤਾਂ ਏਨਾ ਵਿਆਹ ਨੂੰ ਲਾਗੀਆਂ ਹੱਥੋਂ ਤੰਗ ਨ੍ਹੀਂ ਹੋਇਆ ਹੋਣਾ ਜਿੰਨਾ ਮੇਲੇ ਤੋਂ ਬਾਅਦ ਮੈਂ ਤੰਗ ਹੋ ਜਾਨਾਂ।" ਤੇ ਫਿਰ ਤੇਰ੍ਹਾਂ ਦਸੰਬਰ ਨੂੰ ਖਬਰ ਆ ਗਈ ਕਿ ਪਮਾਲ ਛੱਡ ਗਿਐ ਰੰਗਲੀ ਦੁਨੀਆਂ। ਘੜੀ ਦੀ ਗੱਲ ਸਿਆਣਿਆਂ ਦੇ ਕਹਿਣ ਵਾਂਗ ਕੋਹਾਂ ਦੂਰ ਚਲੀ ਗਈ ਤੇ ਫਿਰ ਇਸ ਮਹਾਨ ਸੁਰ ਨਾਲ ਮਿਲਣਾ ਸੁਪਨਾ ਬਣ ਕੇ ਰਹਿ ਗਿਆ।



ਕਵੀਸ਼ਰ ਬਲਵੰਤ ਸਿੰਘ ਪਮਾਲ ਆਪਣੇ ਸਾਥੀਆਂ ਸਾਧੂ ਸਿੰਘ ਤੇ ਗੁਰਦੇਵ ਸਿੰਘ ਨਾਲ

ਨਵੇਂ ਯੁੱਗ ਵਿਚ ਨਵੇਂ ਸ਼ਾਇਰਾਂ ਨੂੰ ਕਿਥੇ ਯਾਦ ਨੇ ਕਿ ਕਦੇ ਛੰਦ, ਕਬਿੱਤ ਵੀ ਹੁੰਦੇ ਸਨ? ਫਿਰ ਆਉਣ ਵਾਲੀਆਂ ਨਸਲਾਂ ਕਾਵਿ ਜਗਤ ਦੀਆਂ ਨਵੀਆਂ ਫਸਲਾਂ ਉਗਣ ਦੀ ਕਲਪਨਾ ਵੀ ਕਿਥੇ ਕਰ ਸਕਦੀਆਂ ਹਨ? ਸਵਾਇਆ ਛੰਦ ਅੰਦਰ ਪਮਾਲ ਲਿਖਦਾ ਹੀ ਖੂਬ ਨਹੀਂ ਸਗੋਂ ਨਿਭਾਉਂਦਾ ਵੀ ਬਾ-ਕਮਾਲ ਸੀ। ਘੱਟੋ ਘੱਟ ਏਦਾਂ ਦੀਆਂ ਰਚਨਾਵਾਂ ਦਾ ਦੌਰ ਕਿਥੇ ਪਰਤ ਆਉਣ ਦੀ ਆਸ ਹੈ:

ਜਾਤੀ ਝੇੜਿਆਂ ਦੀ ਰਹੇ ਲੋਕਾਂ 'ਚ ਲੜਾਈ ਨਾ
ਇਕ ਦੂਸਰੇ ਦਾ ਬੁਰਾ ਸੋਚੇ ਭਾਈ ਭਾਈ ਨਾ
ਸਾਰੇ ਪਿਆਰ ਦੇ ਪੁਜਾਰੀ ਹੋਣ ਧਰਮਾਤਮਾ
ਹੱਥ ਬੰਨ੍ਹ ਕੇ ਅਰਜ਼ ਸਾਡੀ ਪਰਮਾਤਮਾ...
ਬਲਵੰਤ ਦੇ ਛੰਦਾਂ 'ਚ ਭਰ ਦੇ ਵਿਸ਼ਾਲਤਾ
ਪ੍ਰਚਾਰ ਦਾ ਨਿਸ਼ਾਨਾ ਹੋਵੇ ਸਾਂਝੀਵਾਲਤਾ
ਭਲਾ ਸਾਰਿਆਂ ਦਾ ਲੋੜੇ ਖੁਸ਼ ਰਹੇ ਆਤਮਾ
ਹੱਥ ਬੰਨ੍ਹ ਕੇ ਅਰਜ਼ ਸਾਡੀ ਪਰਮਾਤਮਾ।

ਅਸਲ ਵਿਚ ਬਲਵੰਤ ਸਿੰਘ ਦਾ ਦਾਦਾ ਵੀ ਗਵੱਈਆ ਸੀ, ਇਸੇ ਕਰਕੇ ਗਾਉਣ ਦੀ ਲੋਰ ਨੇ ਉਹਨੂੰ ਉਛਲ ਉਛਲ ਕੇ ਘੇਰਿਆ। ਬੱਦੋਵਾਲ ਦੇ ਕਵੀਸ਼ਰ ਅਜੈਬ ਸਿੰਘ ਚੰਦਨ ਦੀ ਚੜ੍ਹਾਈ ਤੇ ਕਵੀਸ਼ਰੀ ਰੰਗ ਤੋਂ ਪ੍ਰਭਾਵਿਤ ਹੋ ਕੇ ਫਿਰ ਉਸੇ ਨੂੰ ਨਾ ਸਿਰਫ ਆਪਣਾ ਉਸਤਾਦ ਧਾਰਿਆ ਸਗੋਂ ਪਹਿਲਾਂ ਉਹਦੇ ਹੀ ਜਥੇ ਵਿਚ ਕਵੀਸ਼ਰੀ ਕੀਤੀ। ਪਮਾਲ ਕੋਲ ਜਿਹੜਾ ਹੋਰ ਵੱਡਾ ਗੁਣ ਸੀ, ਉਹ ਸੀ ਲਿਖਣ ਕਲਾ ਦਾ। ਪਰ ਇਥੇ ਇਹ ਗੱਲ ਕਰਕੇ ਕਈ ਵਾਰ ਏਦਾਂ ਲੱਗੇਗਾ ਕਿ ਜਿਵੇਂ ਗੱਡੀ ਦਾ ਗੇਅਰ ਤਾਂ ਪਿਛਲਾ ਪਾਇਆ ਹੋਵੇ ਪਰ ਗੱਡੀ ਅੱਗੇ ਪਿੱਛੇ ਦੌੜਨ ਦੀ ਥਾਂ ਸਾਇਡਾਂ ਵੱਲ ਦੌੜ ਪਈ ਹੋਵੇ। ਹੈਰਾਨੀ ਦੀ ਗੱਲ ਇਹ ਸੀ ਕਿ ਉਹਨੇ ਪੰਦਰਾਂ ਸਾਲ ਦੀ ਉਮਰ ਵਿਚ ਸਭ ਤੋਂ ਪਹਿਲਾਂ ਜਿਹੜੀ ਕਾਵਿ-ਰਚਨਾ ਲਿਖੀ, ਉਹ ਸੀ ਕਵੀਸ਼ਰੀ ਵਿਚ ਰਮਾਇਣ। ਉਸਤਾਦ ਮਾਰੇ ਮੱਥੇ 'ਤੇ ਹੱਥ ਕਿ ਅੰਗੂਰਾਂ ਦੀ ਵੇਲ ਨੂੰ ਖਰਬੂਜਾ ਕਿਵੇਂ ਲੱਗ ਗਿਆ?

ਅਠਵੰਜਾ ਸਾਲਾਂ ਦੀ ਉਮਰ ਵਿਚ ਆਮ ਬੰਦਾ ਸਰਕਾਰੀ ਨੌਕਰੀ ਤੋਂ ਮੁਕਤ ਹੁੰਦਾ ਹੈ ਪਰ ਦੁੱਖ ਕਿ ਸਾਡਾ ਇਹ ਸਭ ਤੋਂ ਪਿਆਰਾ ਕਵੀਸ਼ਰ ਏਨੀ ਉਮਰ ਵਿਚ ਹੋਣੀ ਨੇ ਜ਼ਿੰਦਗੀ ਤੋਂ ਹੀ ਸੇਵਾ ਮੁਕਤ ਕਰ ਦਿੱਤਾ। ਪਰ ਊਂ ਉਸ ਨੇ ਆਪਣਾ ਏਨਾ ਕੁ ਛੋਟਾ ਜੀਵਨ ਕਲਾ ਦੇ ਮੋਢਿਆਂ 'ਤੇ ਬਿਠਾ ਕੇ ਰੱਖਿਆ ਤੇ ਕਵੀਸ਼ਰੀ ਵਰਗੀ ਮਹਾਨ ਸੰਗੀਤ ਕਲਾ ਨੂੰ ਜਿਉਂਦਿਆਂ ਰੱਖਣ ਲਈ ਆਪਣੀ ਉਮਰ ਦਾ ਸਾਰਾ ਸਮਾਂ ਪੰਥ ਦੇ ਲੇਖੇ ਹੀ ਲਾਇਆ। ਇਤਫਾਕ, ਮੁਹੱਬਤ ਹੀ ਨਹੀਂ ਬਲਕਿ ਗਿਲੇ ਸ਼ਿਕਵਿਆਂ ਤੋਂ ਬਿਨਾ ਵੀ ਜ਼ਿੰਦਗੀ ਕਿਵੇਂ ਕੱਟੀਦੀ ਹੈ, ਇਸ ਦੀ ਮਿਸਾਲ ਉਸ ਨੇ ਸਭ ਤੋਂ ਵੱਡੀ ਇਹ ਪੇਸ਼ ਕੀਤੀ ਕਿ ਆਪਣੇ ਪਿੰਡ ਦੇ ਜਿਨ੍ਹਾਂ ਦੋ ਸਾਥੀਆਂ-ਸਾਧੂ ਸਿੰਘ ਅਤੇ ਗੁਰਦੇਵ ਸਿੰਘ ਨਾਲ ਮਿਲ ਕੇ ਕਵੀਸ਼ਰੀ ਜਥਾ ਬਣਾਇਆ ਤੇ ਜਿਥੇ ਲਾਈ ਸੀ, ਉਥੇ ਹੀ ਚਾਲੀ ਸਾਲਾਂ ਤੱਕ ਤੋੜ ਨਿਭਾ ਦਿੱਤੀ। ਆਮ ਤੌਰ 'ਤੇ ਕਵੀਸ਼ਰੀ ਅਤੇ ਢਾਡੀ ਜਥਿਆਂ ਵਿਚ ਤਾਂ ਕਈ ਵਾਰ 'ਸਾਈ' ਦੇ ਪੈਸੇ ਦੀ ਵੰਡ ਨੂੰ ਲੈ ਕੇ 'ਤੜੱਕ-ਤੜੱਕ' ਹੁੰਦੀ ਰਹੀ ਹੈ।

ਸੱਚ ਇਹ ਵੀ ਹੈ ਕਿ ਅਰਬੀ, ਫਾਰਸੀ ਤੇ ਉਰਦੂ ਜ਼ੁਬਾਨ ਦਾ ਡੂੰਘਾ ਗਿਆਨ ਹੋਣ ਕਰਕੇ ਉਹ ਸਾਰੇ ਦਾ ਸਾਰਾ ਹੀ ਆਪਣੀ ਕਲਾ ਵਿਚ ਏਨਾ ਹੇਠਾਂ ਉਤਰ ਗਿਆ ਤੇ ਆਪਣੇ ਦੈਵੀ ਤੇ ਮੀਰੀ ਗੁਣਾਂ ਰਾਹੀਂ ਇਤਿਹਾਸ ਅਤੇ ਗੁਰਬਾਣੀ ਵਾਲਾ ਸ਼ਰਧਾ ਦਾ ਫੁੱਲ ਗੁੰਦ ਕੇ ਉਹਨੇ ਸਿੱਖ ਜਗਤ ਦੀ ਝੋਲੀ ਵਿਚ ਦੋਵੇਂ ਹੱਥੀਂ ਪਾ ਦਿੱਤਾ। ਕਮਾਲ ਇਹ ਸੀ ਕਿ ਉਹਦੇ ਰੌਸ਼ਨ ਦਿਮਾਗ ਅੰਦਰ ਸ਼ਬਦਾਂ ਦਾ ਜੋ ਜ਼ਖੀਰਾ ਪੂਰੇ ਦਾ ਪੂਰਾ ਭਰਿਆ ਪਿਆ ਸੀ, ਉਸ ਦਾ ਕੋਈ ਬਦਲਵਾਂ ਰੂਪ ਬਣ ਸਕਣਾ ਔਖਾ ਹੀ ਨਹੀਂ, ਅਤਿ ਕਠਿਨ ਸੀ। ਉਹਨੂੰ ਜਾਣਨ, ਸੁਣਨ ਵਾਲੇ ਤੇ ਸਿੱਖ ਫਿਲਾਸਫਰ ਕਹਿ ਹੀ ਗਏ ਨੇ ਕਿ ਭਾਸ਼ਣ ਕਲਾ ਦਾ ਬਲਵੰਤ ਸਿੰਘ ਪਮਾਲ ਇਕ ਤਰ੍ਹਾਂ ਨਾਲ ਬਾਦਸ਼ਾਹ ਹੀ ਸੀ। ਦੀਵਾਨਾਂ 'ਤੇ ਸੱਦੇ ਉਤੇ ਜਾਣਾ, ਮੇਲਿਆਂ-ਜੋੜ ਮੇਲਿਆਂ 'ਤੇ ਸਾਈ ਲੈ ਕੇ ਜਾਣਾ, ਮੜ੍ਹਕ ਨਾਲ ਜਾਣਾ ਬਲਵੰਤ ਸਿੰਘ ਨੂੰ ਹੀ ਆਉਂਦਾ ਸੀ।

ਲਿਖਣ ਕਲਾ ਵਿਚ ਉਹ ਨਿਪੁੰਨ ਸੀ, ਕਾਵਿ ਜਗਤ ਵਿਚ ਲਿਖਣ ਦੀ ਸਾਇੰਸ ਕੀ ਹੁੰਦੀ ਹੈ, ਉਹ ਇਹ ਵੀ ਜਾਣਦਾ ਸੀ। ਉਹ ਪਿੰਗਲ ਦੇ ਸਿਰ ਤੋਂ ਆਪਣੇ ਸ਼ਬਦਾਂ ਦੇ ਨੋਟ ਵਾਰ ਕੇ ਸੁੱਟਦਾ ਰਿਹਾ ਹੈ। ਉਹਨੇ ਛੰਦ ਬੰਦੀ ਵਿਚ ਠੇਠ ਪੰਜਾਬੀ ਗੁਰਮੁਖੀ ਲਿਪੀ ਇਸ ਕਰਕੇ ਵਰਤੀ ਹੈ ਕਿ ਆਪਣਿਆਂ ਵਿਚ ਆਪਣੀ ਗੱਲ ਕਹਿਣ ਦਾ ਅੰਦਾਜ਼ ਆਪਣਾ ਹੀ ਹੋਣਾ ਚਾਹੀਦਾ ਹੈ। ਸ਼ਬਦਾਂ ਦੇ ਭੰਡਾਰ ਦਾ ਸੁਰੱਖਿਆ ਗਾਰਡ ਹੋਣ ਕਰਕੇ ਉਹਨੇ ਲੰਬੇ ਲੰਬੇ ਛੰਦ ਰਚੇ ਤੇ ਸੈਂਕੜੇ ਪ੍ਰਸੰਗਾਂ ਅੰਦਰ ਇਕ ਹਜ਼ਾਰ ਕਵੀਸ਼ਰੀ ਦੇ ਛੰਦਾਂ ਤੋਂ ਵਧ ਦੀ ਕਮਾਲ ਦੀ ਰਚਨਾ ਦਾ ਨਿਭਾ ਪੂਰਾ ਕਰਕੇ ਵਿਖਾਇਆ। ਲਿਖਣ ਦੀ ਹੁਨਰਮੰਦੀ ਵਿਚ ਜੇ ਕਿਸੇ ਕਵੀਸ਼ਰ ਦਾ ਕਾਫੀਆ ਤੰਗ ਨਹੀਂ ਸੀ ਤਾਂ ਉਹ ਕੇਵਲ ਬਲਵੰਤ ਸਿੰਘ ਪਮਾਲ ਹੀ ਸੀ।

ਕਵੀਸ਼ਰਾਂ ਵਿਚੋਂ ਪਹਿਲੇ ਸਮਿਆਂ 'ਚ ਰਿਕਾਰਡ ਹੋਣ ਵਾਲੇ ਪਮਾਲ ਨੇ ਗੁਰੂ ਗੋਬਿੰਦ ਸਿੰਘ ਜੀ ਦੀ ਲਾਸਾਨੀ ਕੁਰਬਾਨੀ ਤੇ ਪੁੱਤਰ ਵਾਰ ਕੇ, ਸਰਬੰਸ ਲੁਟਾ ਕੇ, ਸਿੱਖ ਕੌਮ ਨੂੰ ਚੜ੍ਹਦੀ ਕਲਾ ਵਿਚ ਰਹਿਣ ਵਾਲੀ ਗੁੜ੍ਹਤੀ ਨੂੰ ਕਵੀਸ਼ਰੀ ਵਿਚ ਬੰਨ੍ਹਿਆਂ। ਉਂਜ ਉਸ ਨੇ ਪੂਰਨ ਭਗਤ, ਸੱਸੀ ਪੁੰਨੂ, ਸੋਹਣੀ ਮਹੀਂਵਾਲ ਤੇ ਮਿਰਜ਼ਾ ਸਾਹਿਬਾਂ ਦੇ ਪ੍ਰਸੰਗ ਵੀ ਕਵੀਸ਼ਰੀ ਦੇ ਹੁਨਰ ਹੇਠ ਰਿਕਾਰਡ ਕਰਵਾਏ। ਦਿੱਲੀ ਦੂਰਦਰਸ਼ਨ ਨੇ ਉਹਦੀ ਸ਼ਹੀਦ ਭਗਤ ਸਿੰਘ ਬਾਰੇ ਕਵੀਸ਼ਰੀ ਨੂੰ ਅਨੇਕਾਂ ਵਾਰ ਪ੍ਰਸਾਰਿਤ ਕੀਤਾ। ਬੋਲ ਸਨ:

ਭਾਰਤ ਦੇ ਸ਼ੇਰ ਦੁਲਾਰੇ
ਲਾ 'ਗੇ ਕੌਮ ਦੇ ਨਾਅਰੇ
ਚਮਕਣਗੇ ਹਿੰਦ ਸਿਤਾਰੇ
ਛਿਪ ਜਾਣਾ ਦੇਸ਼ ਧਰੋਹਾਂ ਨੇ
ਬੰਬ ਅਸੀਂ ਮਾਰਿਆ ਦੋਹਾਂ ਨੇ...।

ਬਾਅਦ ਵਿਚ ਉਸ ਨੇ ਦੂਰਦਰਸ਼ਨ ਤੇ ਆਕਾਸ਼ਵਾਣੀ ਦੇ ਜਲੰਧਰ ਕੇਂਦਰਾਂ ਤੋਂ ਅਨੇਕਾਂ ਵਾਰ ਆਪਣੇ ਜਥੇ ਨਾਲ ਕਵੀਸ਼ਰੀ ਦੇ ਰੰਗਾਂ ਦੀ ਸਿੱਖ ਕੌਮ ਦੀ ਕੁਰਬਾਨੀ ਭਰੀ ਹੋਲੀ ਖੇਡੀ।

ਚਲੋ ਸਰਕਾਰੀ ਸਨਮਾਨ ਤਾਂ ਨਾ ਸਹੀ ਪਰ ਉਸ ਨੂੰ ਪ੍ਰੋ. ਮੋਹਨ ਸਿੰਘ ਮੇਲੇ 'ਤੇ ਸਨਮਾਨ ਮਿਲਿਆ। ਉਹਦੇ ਸ਼ਾਗਿਰਦਾਂ ਵਿਚ ਢਾਡੀ ਚਰਨ ਸਿੰਘ ਆਲਮਗੀਰ, ਜੀਤ ਸਿੰਘ, ਗੁਰਨਾਮ ਸਿੰਘ ਲੁਹਾਰਾ, ਗੁਰਪਾਲ ਸਿੰਘ, ਕਮਲ ਸਿੰਘ ਬੱਦੋਵਾਲ, ਭਗਵੰਤ ਸਿੰਘ ਦੀਵਾਨਾ ਤੇ ਬਲਵੀਰ ਸਿੰਘ ਰਹਿਪਾ ਸ਼ਾਮਲ ਹਨ। ਗਿਆਨੀ ਬਲਵੰਤ ਸਿੰਘ ਪਮਾਲ ਦਾ ਇਕਲੌਤਾ ਪੁੱਤਰ ਰਛਪਾਲ ਸਿੰਘ ਪਮਾਲ ਢਾਡੀ ਰੰਗ ਵਿਚ ਪੂਰੇ ਦਾ ਪੂਰਾ ਵਿਰਾਸਤੀ ਰੂਪ ਵਿਚ ਰੰਗਿਆ ਹੋਇਆ ਹੈ। ਉਂਜ ਉਹਦੀਆਂ ਤਿੰਨ ਧੀਆਂ-ਪਰਮਜੀਤ ਕੌਰ, ਸਰਵਜੀਤ ਕੌਰ ਤੇ ਇੰਦਰਜੀਤ ਕੌਰ ਹਨ ਅਤੇ ਪਤਨੀ ਮਹਿੰਦਰ ਕੌਰ ਪਰਿਵਾਰਕ ਸੁੱਖ ਤੇ ਮਾਣ ਹੰਢਾ ਰਹੀ ਹੈ।

ਕੁਝ ਲੋਕ ਬਲਵੰਤ ਸਿੰਘ ਪਮਾਲ ਵਾਂਗ ਛੇਤੀ ਚਲੇ ਤਾਂ ਜਾਂਦੇ ਹਨ ਪਰ ਉਨ੍ਹਾਂ ਦੀਆਂ ਪੈੜਾਂ ਨੇ ਛੇਤੀ ਨਹੀਂ ਮਿਟਣਾ ਹੁੰਦਾ।

## ਦੋ ਡਾਲਰ

ਥੱਕੇ ਹੋਏ ਨੇ ਟਰੱਕ ਯਾਰਡ ਵਿਚ ਲਾ ਦਿੱਤਾ ਤੇ ਲਾਗੇ ਹੀ ਕੌਫੀ ਲੈਣ ਕਤਾਰ ਵਿਚ ਜਾ ਲੱਗਿਆ। ਵਾਰੀ ਆਈ ਤਾਂ ਕਰੈਡਿਟ ਕਾਰਡ ਕੱਢ ਕੇ ਮਸ਼ੀਨ ਨੂੰ ਛੁਹਾਇਆ ਤੇ ਮੁੜ ਬਟੂਏ ਵਿਚ ਰੱਖ ਬਟੂਆ ਪਿਛਲੀ ਜੇਬ ਵਿਚ ਪਾ ਲਿਆ।

ਕੌਫੀ ਉਡੀਕਦਾ ਕਤਾਰ ਤੋਂ ਹਟਣ ਹੀ ਲੱਗਾ ਸਾਂ ਕੇ ਪਿੱਛੇ ਖਲੋਤਾ ਕਾਲੇ ਮੂਲ ਦਾ ਇਕ ਬੰਦਾ 'ਵਾਜ ਮਾਰ ਕੇ ਅੰਗਰੇਜ਼ੀ 'ਚ ਆਖਣ ਲੱਗਾ, ਭਾਈ ਥੱਲੇ ਡਿੱਗਾ ਆਪਣਾ 2 ਡਾਲਰ ਦਾ ਸਿੱਕਾ ਤਾਂ ਚੁੱਕ ਲੈ। ਪੈਸੇ ਕੱਢਦਿਆਂ ਤੇਰੇ ਬਟੂਏ 'ਚੋਂ ਥੱਲੇ ਜਾ ਪਿਆ ਸੀ।

ਮੈਂ ਸੋਚੀਂ ਪੈ ਗਿਆ ਕੇ ਜ਼ਿੰਦਗੀ 'ਚ ਕਦੀ ਵੀ ਭਾਨ ਬਟੂਏ ਵਿਚ ਨਹੀਂ ਸੀ ਰਖਿਆ ਤੇ ਨਾ ਹੀ ਕੰਨਾਂ ਨੇ ਹੁਣੇ ਹੁਣੇ ਕਿਸੇ ਸਿੱਕੇ ਦੇ ਥੱਲੇ ਡਿੱਗਣ ਦੀ ਆਵਾਜ਼ ਹੀ ਸੁਣੀ ਏ, ਫੇਰ ਇਹ ਬੰਦਾ ਕਿੱਦਾਂ ਆਖੀ ਜਾਂਦਾ ਕੇ ਸਿੱਕਾ ਮੇਰੇ ਬਟੂਏ 'ਚੋਂ ਹੀ ਡਿੱਗਾ ਏ? ਜ਼ਰੂਰ ਭੁਲੇਖਾ ਪਿਆ ਹੋਣਾ ਵਿਚਾਰੇ ਮੇਰੇ ਵਰਗੇ ਉਨੀਂਦਰੇ ਦੇ ਮਾਰੇ ਨੂੰ। ਖੈਰ! ਮੈਂ ਇਹ ਆਖ ਕੇ ਨਾਂਹ ਕਰ ਦਿੱਤੀ ਕਿ ਸੌਰੀ ਬਰੋ, ਕਿਸੇ ਹੋਰ ਦਾ ਹੋਣਾ, ਮੇਰਾ ਨਹੀਂ।

ਪਰ ਉਹ ਖਹਿੜੇ ਜਿਹੇ ਪੈ ਗਿਆ ਤੇ ਆਖਣ ਲੱਗਾ ਕਿ ਮੈਂ ਖੁਦ ਦੇਖਿਆ ਏ ਡਿੱਗਦਾ। ਬਾਕੀ ਤੇਰੀ ਮਰਜ਼ੀ ਏ, ਚੁੱਕਣਾ ਏ ਤਾਂ ਚੁੱਕ, ਨਹੀਂ ਕੋਈ ਹੋਰ ਤਾਂ ਚੁੱਕ ਹੀ ਲਵੇਗਾ, ਭੁੰਜੇ ਡਿੱਗੇ ਕਿਹਨੂੰ ਨਹੀਂ ਪਿਆਰੇ ਹੁੰਦੇ?

ਮੈਂ ਸੋਚਣ ਲੱਗਾ, ਹੇ ਮਨਾ, ਲੈ ਦੇ ਕੇ ਦੋ ਡਾਲਰ ਹੀ ਤਾਂ ਨੇ, ਕੀ ਤਮਾਸ਼ਾ ਖੜਾ ਕਰਨਾ ਏ। ਉਤੋਂ ਸਾਰਾ ਆਸਾ-ਪਾਸਾ ਵੀ ਖਲੋਤਾ ਦੇਖੀ ਜਾਂਦਾ ਆਪਣੇ ਵੱਲ। ਚੁੱਪ ਕਰਕੇ ਹੌਲੀ ਜਿਹੀ ਥੱਲੇ ਪਈ ਟੂਨੀ ਚੁੱਕੀ। ਅਜੇ ਮੇਰਾ ਹੱਥ ਪਿਛਲੇ ਬੋਝੇ ਵੱਲ ਨੂੰ ਜਾਣ ਹੀ ਲੱਗਾ ਸੀ ਕੇ ਮਨ ਵਿਚ ਪਤਾ ਨਹੀਂ ਕੀ ਆਈ, ਅਗਲੇ ਹੀ ਪਲ ਉਹ ਦੋ ਡਾਲਰਾਂ ਦਾ ਸਿੱਕਾ ਸਾਹਮਣੇ ਪੇਮੈਂਟ ਕਾਊਂਟਰ 'ਤੇ ਹੀ ਬਣੇ 'ਡੋਨੇਸ਼ਨ ਬਾਕਸ' ਵਿਚ ਜਾ ਚੁਕਾ ਸੀ।

ਮੈਨੂੰ ਏਦਾਂ ਕਰਦੇ ਨੂੰ ਦੇਖ ਉਹ ਕਾਲਾ ਪਹਿਲਾਂ ਬੜਾ ਖੁੱਲ੍ਹ ਕੇ ਹੱਸਿਆ ਤੇ ਫੇਰ ਮੈਨੂੰ ਕਲਾਵੇ 'ਚ ਲੈਂਦਾ ਹੋਇਆ ਆਖਣ ਲੱਗਾ, ਮੈਨੂੰ ਪਤਾ ਸੀ ਕੇ ਇਹ ਟੂਨੀ ਤੇਰੀ ਨਹੀਂ। ਪਰ ਦੋਸਤਾ ਮਾਈਂਡ ਨਾ ਕਰੀਂ, ਐਵੇਂ ਟਰਬਨ ਵਾਲਾ ਭਾਈ ਦੇਖ ਸ਼ਰਾਰਤ ਜਿਹੀ ਸੁੱਝ ਗਈ, ਬਈ ਦੇਖਦੇ ਹਾਂ ਕਰਦਾ ਕੀ ਹੈ, ਇਹ ਬੰਦਾ ਦੋ ਡਾਲਰਾਂ ਦਾ? ਬੜਾ ਸੁਣ ਰਖਿਆ ਸੀ ਆਪਣੇ ਟੈਕਸੀ ਵਾਲੇ ਦੋਸਤਾਂ ਤੋਂ ਕਿ ਇਹ ਪੱਗਾਂ ਵਾਲੇ ਬੜੇ ਹੀ ਉਚੇ ਤੇ ਸੁੱਚੇ ਕਿਰਦਾਰ ਦੇ ਮਾਲਕ ਹੁੰਦੇ ਨੇ ਤੇ ਬੇਗਾਨਾ ਪੈਸਾ ਕਦੀ ਵੀ ਕੋਲ ਨਹੀਂ ਰੱਖਦੇ। ਸੋ ਦੋਸਤਾ, ਖੁਸ਼ ਕਰ ਦਿੱਤਾ ਈ, ਜਿਉਂਦਾ ਵੱਸਦਾ ਰਹਿ ਤੇ ਮੇਰੇ ਵੱਲੋਂ ਤੈਨੂੰ ਮੈਰੀ ਕ੍ਰਿਸਮਸ!

ਮੈਂ ਕੌਫੀ ਦਾ ਕੱਪ ਚੁੱਕੀ ਟਿੰਮ ਤੋਂ ਬਾਹਰ ਨੂੰ ਆਉਂਦਾ ਸੋਚ ਰਿਹਾ ਸਾਂ ਕੇ ਪਰਮਾਤਮਾ ਦੇ ਪਾਏ ਜ਼ਿੰਦਗੀ ਦੇ ਕਈ ਪਰਚੇ ਦੇਖਣ ਨੂੰ ਤਾਂ ਬੜੇ ਹੀ ਸੌਖੇ ਲੱਗਦੇ ਨੇ ਪਰ ਪਾਸ ਬੰਦਾ ਮਸੀਂ ਕੰਢੇ 'ਤੇ ਹੀ ਹੁੰਦਾ ਏ! ਰੱਬ ਇਨ੍ਹਾਂ ਲੋਕਾਂ ਦੇ ਮਨਾਂ ਵਿਚ ਕੌਮ ਬਾਰੇ ਬਣਿਆ ਝੂਠਾ-ਸੱਚਾ ਭਰਮ ਭੁਲੇਖਾ ਹਮੇਸ਼ਾ ਏਦਾਂ ਹੀ ਬਣਾਈ ਰੱਖੇ।

-ਮਨਪ੍ਰੀਤ ਸਿੰਘ ਟੋਰਾਂਟੋ

## ਸ਼੍ਰੋਮਣੀ ਅਕਾਲੀ ਦਲ ਦਾ ਸੰਕਟ

ਅਕਾਲੀ ਦਲ ਦੀ ਕਮਜ਼ੋਰੀ, ਕੁਨਬਾ-ਪਰਵਰੀ, ਦਿਸ਼ਾਹੀਣ ਨਵੀਂ ਲੀਡਰਸ਼ਿਪ ਆਦਿ ਦੁਸ਼ਵਾਰੀਆਂ ਦਾ ਜ਼ਿਕਰ ਖੂਬ ਹੋ ਰਿਹਾ ਹੈ। ਨਤੀਜਨ ਇਕ ਸਦੀ ਬੀਤਣ ਪਿਛੋਂ ਵੀ ਇਸ ਨੂੰ ਹਾਰ-ਦਰ-ਹਾਰ ਦਾ ਮੂੰਹ ਦੇਖਣਾ ਪੈ ਰਿਹਾ ਹੈ। ਕਾਰਨਾਂ ਦੀ ਛਾਣਬੀਨ ਮੈਂ ਵੀ ਕਰਨੀ ਚਾਹੀ ਤਾਂ ਆਪਣੇ ਡਾਕਟਰ ਮਿੱਤਰ ਵੱਲੋਂ ਕੀਤੀ ਕੈਂਸਰ ਦੀ ਵਿਆਖਿਆ ਯਾਦ ਆਈ। ਮੈਂ ਪੁੱਛਿਆ, "ਸਾਦੇ ਲਫਜ਼ਾਂ ਵਿਚ ਮੈਨੂੰ ਸਮਝਾਓ ਡਾਕਟਰ ਸਾਹਿਬ, ਕੈਂਸਰ ਕਿਸ ਕਿਸਮ ਦੀ ਮਰਜ਼ ਹੈ?"

ਉਸ ਦੱਸਿਆ, "ਕੁਦਰਤ ਨੇ ਜੀਵਾਂ ਦੇ ਸਰੀਰ ਦੇ ਵਿਭਿੰਨ ਹਿੱਸਿਆਂ ਨੂੰ ਆਪੋ ਆਪਣੇ ਕਾਰਜ ਪ੍ਰਬੰਧ ਦੀ ਜਿੰਮੇਵਾਰੀ ਸੌਂਪੀ ਹੋਈ ਹੈ। ਗਰਮੀ-ਸਰਦੀ, ਸੱਟ-ਫੇਟ, ਕੀਟਾਣੂੰਆਂ ਆਦਿ ਤੋਂ ਸਰੀਰ ਨੂੰ ਬਚਾਉਣ ਦਾ ਕੰਮ ਚਮੜੀ ਨੂੰ ਦਿੱਤਾ ਹੈ। ਨੰਗੇ ਪੈਰੀਂ ਤੁਰਨ ਨਾਲ, ਕੰਮ ਕਾਜ ਕਰਨ ਨਾਲ, ਹੱਥਾਂ ਪੈਰਾਂ ਦੀ ਚਮੜੀ ਘਸਦੀ ਰਹਿੰਦੀ ਹੈ। ਜਿੰਨੀ ਘਸੇ, ਉਨੀ ਚਮੜੀ ਹਰ ਰੋਜ਼ ਨਵੀਂ ਬਣਨੀ ਚਾਹੀਦੀ ਹੈ। ਜਿੰਨੀ ਘਸੇ ਉਨੀ-ਨਾ ਘੱਟ, ਨਾ ਵੱਧ। ਜੇ ਚਮੜੀ ਨਵੀਂ ਨਾ ਬਣੇ, ਜਾਂ ਨਵੀਂ ਬਣਨ ਲੱਗੇ ਤਾਂ ਬਣਨੋਂ ਹਟੇ ਈ ਨਾ, ਇਸ ਦਾ ਮਤਲਬ ਹੋਇਆ ਚਮੜੀ ਆਪਣੇ ਜਿੰਮੇ ਲੱਗਾ ਫਰਜ਼ ਭੁੱਲ ਗਈ ਹੈ। ਇਹ ਹੈ, ਕੈਂਸਰ।"

ਸਿੱਖਾਂ ਦੀਆਂ ਕੁਰਬਾਨੀਆਂ ਅਤੇ ਅਰਦਾਸਾਂ ਉਪਰੰਤ ਸਾਲ 1920 ਵਿਚ ਅਕਾਲੀ ਦਲ ਦਾ ਗਠਨ ਹੋਇਆ, ਜਿਸ ਨੇ ਸਿੱਖੀ, ਪੰਜਾਬੀਅਤ ਅਤੇ ਸਰਬੱਤ ਦੇ ਭਲੇ ਦਾ ਅਹਿਦ ਲਿਆ; ਜਾਤ-ਪਾਤ, ਊਚ-ਨੀਚ, ਭਾਈ-ਭਤੀਜਾਵਾਦ ਤੋਂ ਮੁਕਤ ਹੋਣ ਦਾ ਪ੍ਰਣ ਲਿਆ, ਪਰ ਅੱਜ ਸ਼੍ਰੋਮਣੀ ਅਕਾਲੀ ਦਲ ਆਪਣੇ ਇਹ ਫਰਜ਼ ਭੁੱਲ ਗਿਆ ਹੈ। ਸਮਝੋ ਕੈਂਸਰ ਤੋਂ ਪੀੜਤ ਹੈ। ਕੈਂਸਰ ਦੇ ਮਰੀਜ਼ ਲਈ ਦੁਆ ਕੀਤੀ ਜਾ ਸਕਦੀ ਹੈ, ਸੋ ਕਰ ਰਹੇ ਹਾਂ।

-ਡਾ. ਹਰਪਾਲ ਸਿੰਘ ਪੰਨੂ
ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਗੁਰਮਤਿ ਵਿਚਾਰ

# ਬੰਦੀ ਅੰਦਰਿ ਵਿਰਲੇ ਬੰਦੇ



ਡਾ. ਗੁਰਨਾਮ ਕੌਰ, ਕੈਨੇਡਾ

ਪੰਜਵੀਂ ਵਾਰ ਦੀਆਂ ਪਹਿਲੀਆਂ 14 ਪਉੜੀਆਂ ਵਿਚ ਭਾਈ ਗੁਰਦਾਸ ਨੇ ਵੱਖ ਵੱਖ ਦ੍ਰਿਸ਼ਟਾਂਤ ਦੇ ਕੇ ਦੱਸਿਆ ਹੈ ਕਿ ਗੁਰਮੁਖਿ ਦਾ ਮਾਰਗ ਕਿਹੋ ਜਿਹਾ ਹੈ ਅਤੇ ਹੋਰ ਦੁਨਿਆਵੀ ਮਾਰਗਾਂ ਨਾਲੋਂ ਉਹ ਕਿਸ ਤਰ੍ਹਾਂ ਵੱਖਰਾ ਹੈ? ਇਸ ਪੰਦਰ੍ਹਵੀਂ ਪਉੜੀ ਵਿਚ ਭਾਈ ਗੁਰਦਾਸ ਦੱਸਦੇ ਹਨ ਕਿ ਗੁਰਮਖਿ ਦਾ ਮਨਮੁਖ ਨਾਲੋਂ ਫਰਕ ਕੀ ਅਤੇ ਕਿਉਂ ਹੈ? ਇਹ ਜ਼ਿਕਰ ਕਈ ਵਾਰ ਹੋ ਚੁਕਾ ਹੈ ਕਿ ਗੁਰਮੁਖਿ ਉਹ ਹੈ ਜੋ ਗੁਰੂ ਦੇ ਦੱਸੇ ਮਾਰਗ 'ਤੇ ਚੱਲਦਾ ਹੈ ਅਤੇ ਮਨਮੁਖ ਉਹ ਹੈ ਜੋ ਆਪਣੇ ਮਨ ਦੀ ਮਤਿ ਦੇ ਪਿੱਛੇ ਲੱਗ ਕੇ ਮਨ ਦੀਆਂ ਬਿਰਤੀਆਂ ਅਨੁਸਾਰ ਕੰਮ ਕਰਦਾ ਹੈ ਅਤੇ ਮਨੁੱਖੀ ਮਨ ਕਈ ਵਾਰ ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਆਦਿ ਦੇ ਵੱਸ ਵਿਚ ਹੋ ਕੇ ਉਲਾਰ ਹੋ ਜਾਂਦਾ ਹੈ ਤੇ ਸਹੀ ਰਸਤੇ ਤੋਂ ਭਟਕ ਜਾਂਦਾ ਹੈ।

ਭਾਈ ਗੁਰਦਾਸ ਨੇ ਦੱਸਿਆ ਹੈ ਕਿ ਗੁਰੂ ਦਾ ਦੱਸਿਆ ਮਾਰਗ, ਜਿਸ 'ਤੇ ਗੁਰਮੁਖਿ ਚੱਲਦਾ ਹੈ, ਬਿਲਕੁਲ ਸਾਫ, ਸਿੱਧਾ ਅਤੇ ਸਪੱਸ਼ਟ ਹੈ ਜਦ ਕਿ ਮਨਮੁਖ ਬਾਰਾਂ ਪੰਥਾਂ ਅਰਥਾਤ ਜੋਗੀਆਂ ਦੇ ਬਾਰਾਂ ਫਿਰਕਿਆਂ ਵਿਚ ਉਲਝਿਆ ਰਹਿੰਦਾ ਹੈ। ਗੁਰਮੁਖਿ ਗੁਰੂ ਦੇ ਦੱਸੇ ਰਸਤੇ 'ਤੇ ਚੱਲਦਿਆਂ ਇਸ ਸੰਸਾਰ ਸਾਗਰ ਤੋਂ ਪਾਰ ਲੰਘ ਜਾਂਦਾ ਹੈ ਅਤੇ ਮਨਮੁਖ ਇਸ ਸੰਸਾਰ ਦੀਆਂ ਮਨ ਨੂੰ ਵਿਚਲਿਤ ਕਰਨ ਵਾਲੀਆਂ ਰੁਚੀਆਂ ਵਿਚ ਉਲਝ ਕੇ ਇਸ ਭਵ-ਸਾਗਰ ਵਿਚ ਡੁੱਬ ਜਾਂਦਾ ਹੈ। ਗੁਰਮੁਖਿ ਇਸ ਸੰਸਾਰ ਵਿਚ ਰਹਿੰਦਿਆਂ ਹੀ ਮੁਕਤੀ ਪ੍ਰਾਪਤ ਕਰ ਲੈਂਦਾ ਹੈ ਅਰਥਾਤ ਇਸ ਸੰਸਾਰ ਤੋਂ ਉਤੇ ਉਠ ਜਾਂਦਾ ਹੈ ਕਿਉਂਕਿ ਉਸ ਦਾ ਮਨ ਉਸ ਦੇ ਕਾਬੂ ਵਿਚ ਹੁੰਦਾ ਹੈ ਪਰ ਮਨਮੁਖ ਵਾਰ ਵਾਰ ਜਨਮ ਲੈਂਦਾ ਅਤੇ ਮਰਦਾ ਹੈ। ਮਨ ਨੂੰ ਕਾਬੂ ਵਿਚ ਰੱਖਣ ਕਰਕੇ ਗੁਰਮੁਖਿ ਨੂੰ ਸਦੀਵੀ ਅਨੰਦ ਦਾ ਫਲ ਪ੍ਰਾਪਤ ਹੁੰਦਾ ਹੈ ਜਦ ਕਿ ਮਨਮੁਖ ਆਪਣੇ ਮਨ ਦੇ ਪਿੱਛੇ ਲੱਗ ਕੇ ਸਦੀਵੀ ਦੁੱਖ ਭੋਗਦਾ ਹੈ। ਇਸ ਤਰ੍ਹਾਂ ਗੁਰਮੁਖਿ ਉਸ ਅਕਾਲ ਪੁਰਖ ਦੀ ਦਰਗਾਹ ਵਿਚ ਸੁਰਖਰੂ ਹੋ ਕੇ ਜਾਂਦਾ ਹੈ ਅਰਥਾਤ ਉਸ ਨੂੰ ਮੁਕਤੀ ਮਿਲ ਜਾਂਦੀ ਹੈ ਜਦ ਕਿ ਮਨਮੁਖ ਨੂੰ ਵਾਰ ਵਾਰ ਜਨਮ-ਮਰਨ ਵਿਚ ਪੈਣ ਕਰਕੇ ਜਮਾਂ ਦਾ ਡੰਡ ਸਹਿਣਾ ਪੈਂਦਾ ਹੈ, ਮੌਤ ਦਾ ਦੁੱਖ ਵਾਰ ਵਾਰ ਸਹਿਣਾ ਪੈਂਦਾ ਹੈ।

ਗੁਰੂ ਦੇ ਰਸਤੇ 'ਤੇ ਚੱਲਣ ਵਾਲਾ ਮਨੁੱਖ ਆਪਣੇ ਅੰਦਰੋਂ ਹਉਮੈ ਨੂੰ ਦੂਰ ਕਰ ਲੈਂਦਾ ਹੈ ਪਰ ਇਸ ਦੇ ਉਲਟ ਆਪਣੇ ਮਨ ਦੀ ਮਤਿ ਅਨੁਸਾਰ ਚੱਲਣ ਵਾਲਾ ਮਨੁੱਖ ਸਦੀਵੀ ਹਉਮੈ ਦੀ ਅੱਗ ਵਿਚ ਸੜਦਾ ਰਹਿੰਦਾ ਹੈ। ਭਾਈ ਗੁਰਦਾਸ ਨਤੀਜਾ ਕੱਢਦੇ ਹਨ ਕਿ ਇਸ ਸੰਸਾਰ ਵਿਚ ਵਿਰਲੇ ਮਨੁੱਖ ਹੀ ਦੁਨਿਆਵੀ ਬੰਧਨਾਂ ਵਿਚ ਰਹਿੰਦੇ ਹੋਏ ਵੀ ਇਸ ਦੇ ਬੰਧਨਾਂ ਤੋਂ ਉਤੇ ਉਠ ਜਾਂਦੇ ਹਨ ਅਤੇ ਗੁਰਮੁਖਾਂ ਵਾਲਾ ਜੀਵਨ ਬਸਰ ਕਰਦੇ ਹਨ:

ਗੁਰਮੁਖਿ ਪੰਥੁ ਸੁਹੇਲੜਾ
ਮਨਮੁਖ ਬਾਰਹ ਵਾਟ ਫਿਰੰਦੇ।
ਗੁਰਮੁਖਿ ਪਾਰਿ ਲੰਘਾਇਦਾ
ਮਨਮੁਖ ਭਵਜਲ ਵਿਚਿ ਡੁਬੰਦੇ।
ਗੁਰਮੁਖਿ ਜੀਵਨ ਮੁਕਤਿ ਕਰਿ
ਮਨਮੁਖ ਫਿਰਿ ਫਿਰਿ ਜਨਮਿ ਮਰੰਦੇ।
ਗੁਰਮੁਖਿ ਸੁਖ ਫਲੁ ਪਾਇਦੇ
ਮਨਮੁਖਿ ਦੁਖ ਫਲੁ ਦੁਖ ਲਹੰਦੇ।
ਗੁਰਮੁਖਿ ਦਰਗਹ ਸੁਰਖਰੂ
ਮਨਮੁਖਿ ਜਮੁ ਪੁਰਿ ਡੰਡੁ ਸਹੰਦੇ।
ਗੁਰਮੁਖਿ ਆਪੁ ਗਵਾਇਆ
ਮਨਮੁਖਿ ਹਉਮੈ ਅਗਨਿ ਜਲੰਦੇ।
ਬੰਦੀ ਅੰਦਰਿ ਵਿਰਲੇ ਬੰਦੇ॥15॥

ਸੋਲਵੀਂ ਅਤੇ ਸਤਾਰਵੀਂ ਪਉੜੀ ਵਿਚ ਭਾਈ ਗੁਰਦਾਸ ਨੇ ਗੁਰਮੁਖਿ ਅਤੇ ਮਨਮੁਖ ਦੀ ਰਹਿਣੀ ਜਾਂ ਜੀਵਨ ਸ਼ੈਲੀ ਨੂੰ ਦੱਸਣ ਲਈ ਸੁਹਾਗਣ ਅਤੇ ਦੁਹਾਗਣ ਦਾ ਦ੍ਰਿਸ਼ਟਾਂਤ ਵਰਤਿਆ ਹੈ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਵੀ ਇਸ ਦ੍ਰਿਸ਼ਟਾਂਤ ਦੀ ਚਰਚਾ ਸਾਨੂੰ ਦ੍ਰਿਸ਼ਟੀਗੋਚਰ ਹੁੰਦੀ ਹੈ। ਭਾਈ ਗੁਰਦਾਸ ਗੁਰਮੁਖਿ ਦਾ ਸੁਹਾਗਣ ਦੇ ਰੂਪ ਵਿਚ ਜ਼ਿਕਰ ਕਰਦਿਆਂ ਦੱਸਦੇ ਹਨ ਕਿ ਸੁਹਾਗਣ ਇਸਤਰੀ ਆਪਣੇ ਪੇਕਿਆਂ ਅਰਥਾਤ ਮਾਂ-ਬਾਪ ਦੇ ਘਰ ਵਿਚ ਬਹੁਤ ਲਾਡਲੀ ਹੁੰਦੀ ਹੈ ਜਿਸ ਨੂੰ ਮਾਂ-ਬਾਪ ਬੇਹੱਦ ਪਿਆਰ ਕਰਦੇ ਹਨ। ਆਪਣੇ ਭਰਾਵਾਂ ਦੀ ਉਹ ਬਹੁਤ ਪਿਆਰੀ ਭੈਣ ਹੁੰਦੀ ਹੈ ਅਤੇ ਨਾਨਕਿਆਂ-ਦਾਦਕਿਆਂ ਦੇ ਭਰੇ-ਪੂਰੇ ਪਰਿਵਾਰਾਂ ਵਿਚ ਉਹ ਸਤਿਕਾਰ ਤੇ ਪਿਆਰ ਪ੍ਰਾਪਤ ਕਰਦੀ ਹੈ। ਫਿਰ ਜਦੋਂ ਉਸ ਦਾ ਵਿਆਹ ਕੀਤਾ ਜਾਂਦਾ ਹੈ ਤਾਂ ਲੱਖਾਂ ਰੁਪਏ ਖਰਚ ਕਰਕੇ ਉਸ ਲਈ ਗਹਿਣੇ, ਕੱਪੜੇ ਤੇ ਹੋਰ ਸਾਜ-ਸਮਾਨ ਬਣਾ ਕੇ ਉਸ ਦਾ ਦਾਜ ਤਿਆਰ ਕੀਤਾ ਜਾਂਦਾ ਹੈ। ਜਦੋਂ ਉਹ ਸਹੁਰੇ ਜਾਂਦੀ ਹੈ ਤਾਂ ਉਥੇ ਵੀ ਉਸ ਨੂੰ ਮਾਨਤਾ ਮਿਲਦੀ ਹੈ, ਚੰਗੇ ਪਰਿਵਾਰ ਵਿਚੋਂ ਆਈ ਹੋਈ ਅਤੇ ਚੰਗੇ ਸੁਘੜ ਗੁਣਾਂ ਵਾਲੀ ਮੰਨਿਆ ਜਾਂਦਾ ਹੈ। ਆਪਣੇ ਸਹੁਰੇ ਘਰ ਵਿਚ ਉਹ ਪਤੀ ਦਾ ਸੁੱਖ ਮਾਣਦੀ ਹੈ, ਵਿਆਹੁਤਾ ਜੀਵਨ ਦਾ ਅਨੰਦ ਮਾਣਦੀ ਹੈ, ਚੰਗੇ ਭੋਜਨ ਖਾਂਦੀ ਹੈ ਅਤੇ ਸਜ-ਸੰਵਰ ਕੇ ਰਹਿੰਦੀ ਹੈ। ਦੁਨਿਆਵੀ ਅਤੇ ਅਧਿਆਤਮਕ-ਦੋਵਾਂ ਤਰ੍ਹਾਂ ਨਾਲ ਹੀ ਉਸ ਨੂੰ ਪੁਰਸ਼ ਦੀ ਅਰਧ-ਸਰੀਰੀ ਭਾਵ ਪਤੀ ਦਾ ਅੱਧਾ ਸਰੀਰ ਮੰਨਿਆ ਜਾਂਦਾ ਹੈ ਅਤੇ ਮੁਕਤੀ ਪ੍ਰਾਪਤ ਕਰਨ ਵਿਚ ਉਹ ਪਤੀ ਦੀ ਮਦਦ ਕਰਦੀ ਹੈ।

ਇਸ ਤਰ੍ਹਾਂ ਗੁਰਮੁਖਿ ਇਸਤਰੀ ਪੱਕੇ ਤੌਰ 'ਤੇ ਸੁੱਖ ਫਲ ਦੀ ਪ੍ਰਾਪਤੀ ਕਰਦੀ ਹੈ ਅਰਥਾਤ ਗੁਰੂ ਦੇ ਦੱਸੇ ਰਸਤੇ 'ਤੇ ਚੱਲਣ ਵਾਲਾ ਮਨੁੱਖ ਇਸ ਸੰਸਾਰ ਵਿਚ ਵੀ ਆਪਣੇ ਗੁਣਾਂ ਕਾਰਨ ਹਰ ਤਰ੍ਹਾਂ ਨਾਲ ਪਿਆਰ ਤੇ ਸਤਿਕਾਰ ਪ੍ਰਾਪਤ ਕਰਦਾ ਹੈ ਅਤੇ ਚੰਗੇ ਗੁਣਾਂ ਦਾ ਧਾਰਨੀ ਹੋਣ ਕਰਕੇ ਉਹ ਹਰ ਇੱਕ ਕੋਲੋਂ ਇੱਜਤ ਤੇ ਮਾਣ ਲੈਂਦਾ ਹੈ। ਆਪਣੇ ਚੰਗੇ ਗੁਣਾਂ ਕਰਕੇ ਉਹ ਆਪ ਵੀ ਮੁਕਤੀ ਪ੍ਰਾਪਤ ਕਰਦਾ ਹੈ ਅਤੇ ਦੂਸਰਿਆਂ ਦੀ ਵੀ ਅਧਿਆਤਮਕਤਾ ਦੇ ਰਸਤੇ 'ਤੇ ਚੱਲਣ ਵਿਚ ਮਦਦ ਕਰਕੇ ਮੁਕਤ ਕਰਾਉਂਦਾ ਹੈ। ਆਪਣੇ ਅਧਿਆਤਮਕ ਅਤੇ ਰੱਬੀ ਗੁਣਾਂ ਦਾ ਦਾਜ ਲੈ ਕੇ ਜਦੋਂ ਉਹ ਅਗਲੇ ਘਰ ਅਰਥਾਤ ਪਰਮੇਸ਼ਰ-ਰੂਪੀ ਪਤੀ ਦੇ ਘਰ ਜਾਂਦਾ ਹੈ ਤਾਂ ਉਥੇ ਵੀ ਉਸ ਨੂੰ ਸਤਿਕਾਰ ਮਿਲਦਾ ਹੈ, ਰੱਬੀ ਪ੍ਰੇਮ ਮਿਲਦਾ ਹੈ ਅਤੇ ਉਹ ਸਦੀਵੀ ਅਨੰਦ ਦੀ ਪ੍ਰਾਪਤੀ ਕਰਦਾ ਹੈ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਵੀ ਇਸਤਰੀ ਦੇ ਰੂਪਕ ਰਾਹੀਂ ਇਸ ਸੰਸਾਰ ਨੂੰ ਮਨੁੱਖ ਦਾ ਪੇਕਾ ਘਰ ਕਿਹਾ ਗਿਆ ਹੈ ਜਿੱਥੇ ਉਸ ਨੇ ਥੋੜਾ ਸਮਾਂ ਗੁਜ਼ਾਰਨਾ ਹੈ ਅਤੇ ਅਗਲੇ ਸੰਸਾਰ ਨੂੰ ਉਸ ਦਾ ਸਹੁਰਾ ਘਰ ਕਿਹਾ ਗਿਆ ਹੈ ਜਿੱਥੇ ਉਸ ਨੇ ਸਦੀਵੀ ਤੌਰ 'ਤੇ ਵੱਸਣਾ ਹੈ। ਇਸੇ ਲਈ ਗੁਰਮੁਖਿ ਲਈ ਸੁਹਾਗਣ ਅਤੇ ਮਨਮੁਖ ਲਈ ਦੁਹਾਗਣ ਇਸਤਰੀ ਦਾ ਪ੍ਰਤੀਕ ਵਰਤਿਆ ਗਿਆ ਹੈ:

ਪੇਵਕੜੈ ਘਰਿ ਲਾਡੁਲੀ
ਮਾਉ ਪੀਉ ਖਰੀ ਪਿਆਰੀ।
ਵਿਚਿ ਭਿਰਾਵਾਂ ਭੈਣੜੀ
ਨਾਨਕ ਦਾਦਕ ਸਪਰਵਾਰੀ।
ਲਖਾਂ ਖਰਚ ਵਿਆਹੀਐ
ਗਹਣੇ ਦਾਜੁ ਸਾਜੁ ਅਤਿ ਭਾਰੀ।
ਸਾਹੁਰੜੈ ਘਰਿ ਮੰਨੀਐ
ਸਣਖਤੀ ਪਰਵਾਰ ਸਧਾਰੀ।
ਸੁਖ ਮਾਣੈ ਪਿਰੁ ਸੇਜੜੀ
ਛਤੀਹ ਭੋਜਨ ਸਦਾ ਸੀਗਾਰੀ।
ਲੋਕ ਵੇਦ ਗੁਣੁ ਗਿਆਨੁ ਵਿਚਿ
ਅਰਧ ਸਰੀਰੀ ਮੋਖ ਦੁਆਰੀ।
ਗੁਰਮੁਖਿ ਸੁਖ ਫਲ ਨਿਹਚਉ ਨਾਰੀ॥16॥

ਜਿਸ ਤਰ੍ਹਾਂ ਗੁਰਮੁਖਿ ਦੇ ਗੁਣਾਂ ਨੂੰ ਸੁਹਾਗਣ ਅਤੇ ਸੁਘੜ ਇਸਤਰੀ ਦੇ ਪ੍ਰਤੀਕ ਰਾਹੀਂ ਪਰਗਟ ਕੀਤਾ ਗਿਆ ਹੈ; ਇਸੇ ਤਰ੍ਹਾਂ ਮਨਮੁਖ ਦੇ ਔਗੁਣਾਂ ਨੂੰ ਦੁਹਾਗਣ ਜਾਂ ਵੇਸਵਾ ਦੇ ਪ੍ਰਤੀਕ ਰਾਹੀਂ ਦੱਸਿਆ ਗਿਆ ਹੈ। ਭਾਈ ਗੁਰਦਾਸ ਦੱਸਦੇ ਹਨ ਕਿ ਇੱਕ ਵੇਸਵਾ ਇਸਤਰੀ ਦੇ ਮਿੱਤਰ ਅਰਥਾਤ ਉਸ ਨਾਲ ਸਬੰਧ ਬਣਾਉਣ ਵਾਲੇ, ਬਹੁਤ ਸਾਰੇ ਚਾਹੁਣ ਵਾਲੇ ਹੁੰਦੇ ਹਨ ਅਤੇ ਉਹ ਹਰ ਤਰ੍ਹਾਂ ਦੇ ਕੁਕਰਮ ਕਰਦੀ ਹੈ, ਪਾਪ ਕਮਾਉਂਦੀ ਹੈ, ਜਿਸ ਕਰਕੇ ਉਸ ਨੂੰ ਕੁਲੱਛਣੀ ਭਾਵ ਬੁਰੇ ਲੱਛਣਾਂ ਵਾਲੀ ਮੰਨਿਆ ਜਾਂਦਾ ਹੈ। ਆਪਣੇ ਲੋਕਾਂ ਵੱਲੋਂ ਭਾਵ ਰਿਸ਼ਤੇਦਾਰਾਂ ਵੱਲੋਂ ਉਹ ਛੇਕੀ ਹੋਈ ਹੁੰਦੀ ਹੈ, ਉਸ ਦਾ ਕੋਈ ਥਾਂ ਜਾਂ ਮੁਲਕ ਨਹੀਂ ਹੁੰਦਾ; ਉਹ ਤਿੰਨ ਧਿਰਾਂ ਲਈ ਨਮੋਸ਼ੀ ਖੱਟਦੀ ਹੈ ਅਰਥਾਤ ਆਪਣੇ ਪਿਤਾ ਦੇ ਪਰਿਵਾਰ, ਮਾਤਾ ਦੇ ਪਰਿਵਾਰ ਅਤੇ ਸਹੁਰੇ ਪਰਿਵਾਰ ਦੀ ਬਦਨਾਮੀ ਦਾ ਕਾਰਨ ਬਣਦੀ ਹੈ (ਜਿੱਥੇ ਗੁਰਮੁਖਿ ਜਾਂ ਸੁਘੜ ਇਸਤਰੀ ਇਨ੍ਹਾਂ ਤਿੰਨਾਂ ਥਾਂਵਾਂ ਜਾਂ ਪਰਿਵਾਰਾਂ ਤੋਂ ਸਤਿਕਾਰ ਤੇ ਪਿਆਰ ਲੈਂਦੀ ਹੈ, ਉਥੇ ਮਨਮੁਖ ਜਾਂ ਕੁਲੱਛਣੀ ਤ੍ਰਿਸਕਾਰ ਦੁਰ ਲਾਹਨਤ ਲੈਂਦੀ ਹੈ ਅਤੇ ਬਦਨਾਮੀ ਦਾ ਕਾਰਨ ਬਣਦੀ ਹੈ)।

ਅਜਿਹੀ ਇਸਤਰੀ ਆਪ ਵੀ ਡੁੱਬਦੀ ਹੈ ਅਤੇ ਦੂਸਰਿਆਂ ਨੂੰ ਵੀ ਡੋਬ ਲੈਂਦੀ ਹੈ, ਸਭ ਦੀ ਬਰਬਾਦੀ ਦਾ ਕਾਰਨ ਬਣਦੀ ਹੈ ਪਰ ਫਿਰ ਵੀ ਇਸ ਜ਼ਹਿਰ ਨੂੰ ਮਿੱਠੀ ਕਰਕੇ ਖਾਂਦੀ ਰਹਿੰਦੀ ਹੈ। ਜਿਸ ਤਰ੍ਹਾਂ ਹਿਰਨ ਘੰਡੇ-ਹੇੜੇ ਦੀ ਆਵਾਜ਼ ਸੁਣ ਕੇ ਉਸ ਵੱਲ ਦੌੜਦਾ ਹੈ ਅਤੇ ਫਸ ਜਾਂਦਾ ਹੈ, ਭੰਵਟ ਦੀਪਕ ਦੀ ਰੌਸ਼ਨੀ ਵੱਲ ਖਿੱਚਿਆ ਆਉਂਦਾ ਹੈ ਅਤੇ ਸੜ ਜਾਂਦਾ ਹੈ। ਆਪਣੇ ਕੀਤੇ ਬੁਰੇ ਕੰਮਾਂ ਕਾਰਨ ਉਸ (ਵੇਸਵਾ) ਦਾ ਮੂੰਹ ਦੋਵਾਂ ਜਹਾਨਾਂ (ਇਸ ਸੰਸਾਰ ਵਿਚ ਵੀ ਤੇ ਅਗਲੇ ਸੰਸਾਰ ਵਿਚ ਵੀ) ਵਿਚ ਪੀਲਾ ਪੈ ਜਾਂਦਾ ਹੈ ਭਾਵ ਉਹ ਕਿਧਰੇ ਮੂੰਹ ਦਿਖਾਉਣ ਜੋਗੀ ਨਹੀਂ ਰਹਿੰਦੀ ਤੇ ਉਸ ਦਾ ਹਾਲ ਪੱਥਰ ਦੀ ਬੇੜੀ ਵਰਗਾ ਹੁੰਦਾ ਹੈ ਜੋ ਸਭ ਨੂੰ ਲੈ ਕੇ ਡੁੱਬ ਜਾਂਦੀ ਹੈ। ਇਸੇ ਤਰ੍ਹਾਂ ਮਨਮੁਖ ਦਾ ਮਨ ਹੁੰਦਾ ਹੈ ਜੋ ਦੁਸ਼ਟਾਂ ਦੀ ਸੰਗਤਿ ਵਿਚ ਪੈ ਕੇ ਭਰਮਾਂ ਵਿਚ ਫਸ ਜਾਂਦਾ ਹੈ ਅਤੇ ਔਠੋ-ਖੰਡ ਹੋਇਆ ਰਹਿੰਦਾ ਹੈ ਅਰਥਾਤ ਏਧਰ-ਉਧਰ ਭਟਕਦਾ ਰਹਿੰਦਾ ਹੈ, ਟਿਕਾਉ ਵਿਚ ਨਹੀਂ ਆਉਂਦਾ। ਵੇਸਵਾ ਦੇ ਪੁੱਤਰ ਦੇ ਪਿਤਾ ਦਾ ਕੋਈ ਨਾਮ ਨਹੀਂ ਹੁੰਦਾ, ਵੇਸਵਾ ਨੂੰ ਕੋਈ ਨਹੀਂ ਅਪਨਾਉਂਦਾ। ਇਸ ਲਈ ਉਸ ਦੇ ਪੁੱਤਰ ਦਾ ਬਾਪ ਕੌਣ ਹੈ? ਕੋਈ ਪਤਾ ਨਹੀਂ ਹੁੰਦਾ। ਉਹ ਪਿਉ ਦੇ ਨਾਮ ਤੋਂ ਵਿਹੂਣਾ ਹੁੰਦਾ ਹੈ। ਇਸੇ ਤਰ੍ਹਾਂ ਮਨਮੁਖ ਆਪ ਵੀ ਡੁੱਬਦਾ ਹੈ ਅਤੇ ਆਪਣੇ ਨਾਲ ਬਾਕੀਆਂ ਨੂੰ ਵੀ ਡੋਬਦਾ ਹੈ:

ਜਿਉ ਬਹੁ ਮਿਤੀ ਵੇਸੁਆ
ਸਭਿ ਕੁਲਖਨ ਪਾਪ ਕਮਾਵੈ।
ਲੋਕਹੁ ਦੇਸੁ ਬਾਹਰੀ
ਤਿਹੁ ਪਖਾਂ ਨੋ ਅਉਲੰਗੁ ਲਾਵੈ।
ਡੁਬੀ ਡੋਬੈ ਹੋਰਨਾਂ
ਮਹੁਰਾ ਮਿਠਾ ਹੋਇ ਪਚਾਵੈ।
ਘੰਡਾ ਹੇੜਾ ਮਿਰਗ ਜਿਉ
ਦੀਪਕ ਹੋਇ ਪਤੰਗ ਜਲਾਵੈ।
ਦੁਹੀ ਸਰਾਈ ਜਰਦਰੂ
ਪਥਰ ਬੇੜੀ ਪੂਰ ਡੁਬਾਵੈ।
ਮਨਮੁਖ ਮਨੁ ਅਠ ਖੰਡ ਹੋਇ
ਦੁਸਟਾ ਸੰਗਤਿ ਭਰਮਿ ਭੁਲਾਵੈ।
ਵੇਸੁਆ ਪੁਤੁ ਨਿਨਾਉ ਸਦਾਵੈ॥17॥

ਭਾਈ ਗੁਰਦਾਸ ਨੇ ਮਨੁੱਖ ਦੇ ਜੀਵਨ ਦੀਆਂ ਤਿੰਨ ਅਵਸਥਾਵਾਂ-ਬਚਪਨ, ਜੁਆਨੀ ਅਤੇ ਬੁਢਾਪੇ ਦਾ ਬਿਆਨ ਕਰਦਿਆਂ ਸਮਝਾਉਣ ਦੀ ਕੋਸ਼ਿਸ਼ ਕੀਤੀ ਹੈ ਕਿ ਸਤਿਸੰਗਤਿ ਵਿਚ ਜਾ ਕੇ ਨਾਮ ਸਿਮਰਨ ਕਰਨ ਨਾਲ ਹੀ ਇਸ ਸੰਸਾਰ ਸਾਗਰ ਤੋਂ ਪਾਰ ਹੋ ਸਕੀਦਾ ਹੈ। ਉਹ ਦੱਸਦੇ ਹਨ ਕਿ ਬਚਪਨ ਵਿਚ ਮਨੁੱਖ ਨੂੰ ਚੰਗੇ-ਬੁਰੇ ਦੀ ਕੋਈ ਸੋਝੀ ਨਹੀਂ ਹੁੰਦੀ ਕਿ ਉਸ ਨੂੰ ਕੀ ਕਰਨਾ ਚਾਹੀਦਾ ਹੈ ਜਾਂ ਕੀ ਨਹੀਂ? ਇਹ ਸਾਰੀ ਅਵਸਥਾ ਉਸ ਦੀ ਖੇਡ-ਕੁੱਦ ਵਿਚ, ਬਾਲ-ਲੀਲਾ ਕਰਦਿਆਂ ਬੇਫਿਕਰੀ ਵਿਚ ਨਿਕਲ ਜਾਂਦੀ ਹੈ ਕਿਉਂਕਿ ਉਸ ਨੂੰ ਕਿਸੇ ਕਿਸਮ ਦਾ ਅਹਿਸਾਸ ਹੀ ਨਹੀਂ ਹੁੰਦਾ। ਇਸ ਤੋਂ ਪਿੱਛੋਂ ਜੁਆਨੀ ਆਉਂਦੀ ਹੈ, ਬੱਚਾ ਜੁਆਨ ਹੋ ਜਾਂਦਾ ਹੈ ਤਾਂ ਉਸ ਨੂੰ ਭਰਮਾਉਣ ਵਾਲਾ ਕਈ ਕੁਝ ਤਿਆਰ ਹੋ ਜਾਂਦਾ ਹੈ। ਉਹ ਬਹੁਤ ਸਾਰੀਆਂ ਚੀਜ਼ਾਂ ਵੱਲ ਖਿੱਚਿਆ ਜਾਂਦਾ ਹੈ ਜਿਵੇਂ ਉਸ ਨੂੰ ਪਰਾਇਆ ਤਨ ਅਰਥਾਤ ਇਸਤਰੀ ਚੰਗੀ ਲੱਗਦੀ ਹੈ, ਉਸ ਨੂੰ ਦੂਸਰਿਆਂ ਦੀ ਦੌਲਤ ਆਪਣੇ ਵੱਲ ਖਿੱਚਦੀ ਹੈ, ਉਸ ਨੂੰ ਦੂਸਰਿਆਂ ਦੀ ਬੁਰਾਈ ਕਰਨੀ, ਨਿੰਦਾ-ਚੁਗਲੀ ਕਰਨੀ ਚੰਗੀ ਲੱਗਦੀ ਹੈ। ਇਸ ਤਰ੍ਹਾਂ ਅਜਿਹੇ ਬੇਕਾਰ ਦੇ ਕੰਮਾਂ ਵਿਚ ਉਸ ਦੀ ਇਹ ਅਵਸਥਾ ਵੀ ਗੁਜ਼ਰ ਜਾਂਦੀ ਹੈ।

ਜੁਆਨੀ ਤੋਂ ਬਾਅਦ ਬੁਢਾਪਾ ਆ ਜਾਂਦਾ ਹੈ ਅਤੇ ਉਹ ਕਬੀਲਦਾਰੀ ਵਿਚ, ਪਰਿਵਾਰ ਦੇ ਝੰਜਟਾਂ ਵਿਚ ਫਸ ਜਾਂਦਾ ਹੈ, ਕਈ ਤਰ੍ਹਾਂ ਦੇ ਪਰਿਵਾਰਕ ਖਲਜਗਣ ਉਸ ਦੇ ਗਲ ਪੈ ਜਾਂਦੇ ਹਨ। ਬੁੱਢਾ ਹੋਣ ਕਰਕੇ ਉਸ ਦੇ ਅੰਗ-ਪੈਰ ਵੀ ਕਮਜ਼ੋਰ ਪੈ ਜਾਂਦੇ ਹਨ, ਸਰੀਰ ਦੀ ਤਾਕਤ ਘਟ ਜਾਂਦੀ ਹੈ ਅਤੇ ਤਾਕਤ ਘਟਣ ਨਾਲ ਉਸ ਦੀ ਬੁੱਧੀ ਅਰਥਾਤ ਸੋਚਣ-ਸ਼ਕਤੀ ਵੀ ਕਮਜ਼ੋਰ ਹੋ ਜਾਂਦੀ ਹੈ, ਮਤਿ-ਹੀਣ ਹੋ ਜਾਂਦਾ ਹੈ। ਇਨ੍ਹਾਂ ਸਾਰੀਆਂ ਕਮਜ਼ੋਰੀਆਂ ਕਰਕੇ ਉਸ ਦਾ ਪਰਿਵਾਰ ਤੇ ਆਲੇ-ਦੁਆਲੇ ਵਾਲੇ ਸੱਤਰਿਆ-ਬਹੱਤਰਿਆ ਕਹਿਣ ਲੱਗ ਪੈਂਦੇ ਹਨ ਅਤੇ ਸਮਝਦੇ ਹਨ ਕਿ ਉਹ ਹੁਣ ਬੇਕਾਰ ਹੋ ਗਿਆ ਹੈ ਤੇ ਉਹ ਸੁੱਤਾ ਹੋਇਆ ਵੀ ਬੁੜਬੁੜਾਉਂਦਾ ਰਹਿੰਦਾ ਹੈ। ਉਸ ਦੀ ਦੇਖਣ-ਸ਼ਕਤੀ ਖਤਮ ਹੋ ਜਾਂਦੀ ਹੈ, ਕੰਨਾਂ ਤੋਂ ਬੋਲਾ ਹੋ ਜਾਂਦਾ ਹੈ, ਚੰਗੀ ਤਰ੍ਹਾਂ ਤੁਰ-ਫਿਰ ਨਹੀਂ ਸਕਦਾ, ਹੱਥ-ਪੈਰ ਕੰਮ ਕਰਨੋਂ ਹਟ ਜਾਂਦੇ ਹਨ, ਸਰੀਰ ਥੱਕ ਜਾਂਦਾ ਹੈ ਪਰ ਮਨ ਉਸ ਦਾ ਦਸ ਦਿਸ਼ਾਵਾਂ ਵਿਚ ਚੱਕਰ ਕੱਟਦਾ ਰਹਿੰਦਾ ਹੈ ਭਾਵ ਮਨ ਨੂੰ ਟਿਕਾਉ ਨਹੀਂ ਆਉਂਦਾ, ਮਨ ਏਧਰ-ਉਧਰ ਭਟਕਦਾ ਹੈ।

ਭਾਈ ਗੁਰਦਾਸ ਕਹਿੰਦੇ ਹਨ ਕਿ ਸਤਿਸੰਗਤਿ ਵਿਚ ਜਾ ਕੇ ਗੁਰੂ ਦਾ ਉਪਦੇਸ਼ ਸੁਣਨ ਤੋਂ ਬਿਨਾ, ਗੁਰੂ ਦਾ ਸ਼ਬਦ ਸੁਣਨ ਤੋਂ ਬਿਨਾ ਮਨੁੱਖ ਜੀਵਨ-ਮੁਕਤਿ ਨਹੀਂ ਹੁੰਦਾ; ਉਹ ਜਨਮ ਲੈਂਦਾ ਅਤੇ ਮਰਦਾ ਰਹਿੰਦਾ ਹੈ। ਚੁਰਾਸੀ ਲੱਖ ਜੂਨਾਂ ਵਿਚ ਘੁੰਮਦਾ ਰਹਿੰਦਾ ਹੈ। ਮਨੁੱਖ ਦਾ ਇਹ ਕੀਮਤੀ ਜਨਮ ਉਸ ਅਕਾਲ ਪੁਰਖ ਦਾ ਨਾਮ ਜਪ ਕੇ ਆਪਣੇ ਜੀਵਨ ਨੂੰ ਸੰਵਾਰਨ ਲਈ ਮਿਲਿਆ ਹੋਇਆ ਇੱਕ ਸੁਭ ਮੌਕਾ ਹੈ। ਜੇ ਇਸ ਨੂੰ ਉਪਰ ਦੱਸੇ ਅਨੁਸਾਰ ਵਿਅਰਥ ਗੁਆ ਲਿਆ, ਫਿਰ ਇਹ ਦੁਬਾਰਾ ਨਹੀਂ ਮਿਲਣਾ। ਇਸ ਜਨਮ ਦਾ ਖੁੰਝਿਆ ਸਮਾਂ ਦੁਬਾਰਾ ਹੱਥ ਨਹੀਂ ਆਉਣਾ:

ਸੁਧਿ ਨ ਹੋਵੈ ਬਾਲ ਬੁਧਿ
ਬਾਲਕ ਲੀਲਾ ਵਿਚਿ ਵਿਹਾਵੈ।
ਭਰ ਜੋਬਨਿ ਭਰਮਾਈਐ
ਪਰ ਤਨ ਧਨ ਪਰ ਨਿੰਦ ਲੁਭਾਵੈ।
ਬਿਰਧਿ ਹੋਆ ਜੰਜਾਲ ਵਿਚਿ
ਮਹਾ ਜਾਲ ਪਰਵਾਰੁ ਫਹਾਵੈ।
ਬਲ ਹੀਣਾ ਮਤਿ ਹੀਣੁ ਹੋਇ
ਨਾਉ ਬਹਤਰਿਆ ਬਰੜਾਵੈ।
ਅੰਨ੍ਹਾ ਬੋਲਾ ਪਿੰਗਲਾ
ਤਨੁ ਥਕਾ ਮਨੁ ਦਹ ਦਿਸੁ ਧਾਵੈ।
ਸਾਧਸੰਗਤਿ ਗੁਰ ਸਬਦ ਵਿਣੁ
ਲਖ ਚਉਰਾਸੀਹ ਜੂਨਿ ਭਵਾਵੈ।
ਅਉਸਰ ਚੁਕਾ ਹਥਿ ਨ ਆਵੈ॥18॥

ਗੁਰੂ ਅਰਜਨ ਦੇਵ ਮਨੁੱਖ ਦੀ ਇਸ ਹੋਣੀ ਦੀ ਵਿਆਖਿਆ ਕਰਦੇ ਹਨ ਕਿ ਬਾਲ ਅਵਸਥਾ ਵਿਚ ਬਾਲਕ ਇੱਕ ਤਰ੍ਹਾਂ ਨਾਲ ਬੁੱਧੀ ਪੱਖੋਂ ਬੇਸਮਝ ਹੁੰਦਾ ਹੈ, ਉਸ ਨੂੰ ਕੀ ਕਰਨਾ ਚਾਹੀਦਾ ਹੈ, ਕੀ ਨਹੀਂ? ਇਸ ਦੀ ਕੋਈ ਸੋਝੀ ਨਹੀਂ ਹੁੰਦੀ। ਜਦੋਂ ਮਨੁੱਖ ਦੀ ਅਵਸਥਾ ਭਰ-ਜੁਆਨੀ ਦੀ ਹੁੰਦੀ ਹੈ ਤਾਂ ਉਹ ਵਿਸ਼ੇ-ਵਿਕਾਰਾਂ ਵਿਚ ਪੈ ਜਾਂਦਾ ਹੈ ਅਤੇ ਮੰਦੇ ਕੰਮ ਕਰਨ ਲੱਗ ਜਾਂਦਾ ਹੈ। ਤੀਸਰੀ ਅਵਸਥਾ ਵਿਚ ਪਹੁੰਚ ਕੇ ਉਸ ਨੂੰ ਲਾਲਚ ਪੈ ਜਾਂਦਾ ਹੈ, ਮਾਇਆ ਇਕੱਠੀ ਕਰਨ ਦਾ; ਇਸ ਲਈ ਮਾਇਆ ਇਕੱਤਰ ਕਰਨ ਲੱਗ ਜਾਂਦਾ ਹੈ। ਜਦੋਂ ਬੁੱਢਾ ਹੋ ਜਾਂਦਾ ਹੈ ਤਾਂ ਇਕੱਠੀ ਕੀਤੀ ਮਾਇਆ ਇੱਥੇ ਹੀ ਛੱਡ ਕੇ ਤੁਰਨਾ ਪੈਂਦਾ ਹੈ ਤੇ ਪਛਤਾਉਂਦਾ ਹੈ।

ਗੁਰੂ ਅਰਜਨ ਦੇਵ ਅੱਗੇ ਫੁਰਮਾਉਂਦੇ ਹਨ ਕਿ ਬੜੀ ਦੇਰ ਬਾਅਦ ਇਹ ਮਨੁੱਖਾ ਸਰੀਰ ਮਿਲਿਆ ਹੈ ਜੋ ਨਾਮ ਸਿਮਰਨ ਤੋਂ ਬਿਨਾ ਮਿੱਟੀ ਹੋ ਜਾਂਦਾ ਹੈ। ਨਾਮ ਤੋਂ ਵਿਹੂਣਾ ਇਹ ਮਨੁੱਖਾ ਸਰੀਰ ਪਸ਼ੂਆਂ ਅਤੇ ਪ੍ਰੇਤਾਂ ਨਾਲੋਂ ਵੀ ਭੈੜਾ ਹੈ। ਜਿਸ ਅਕਾਲ ਪੁਰਖ ਨੇ ਇਸ ਸਰੀਰ ਨੂੰ ਸਿਰਜਿਆ ਹੈ, ਬਣਾਇਆ ਹੈ, ਉਸ ਨੂੰ ਮਨੁੱਖ ਕਦੇ ਚੇਤੇ ਨਹੀਂ ਕਰਦਾ:

ਬਾਲ ਬਿਵਸਥਾ ਬਾਰਿਕੁ ਅੰਧੁ॥
ਭਰਿ ਜੋਬਨਿ ਲਾਗਾ ਦੁਰਗੰਧ॥
ਤ੍ਰਿਤੀਅ ਬਿਵਸਥਾ ਸਿੰਚੇ ਮਾਇਆ॥
ਬਿਰਧਿ ਭਇਆ
ਛੋਡਿ ਚਲਿਓ ਪਛੁਤਾਇ॥
ਚਿਰੰਕਾਲ ਪਾਈ ਦ੍ਰੁਲਭ ਦੇਹ॥
ਨਾਮ ਬਿਹੂਣੀ ਹੋਈ ਖੇਹ॥
ਪਸੂ ਪਰੇਤ ਮੁਗਧ ਤੇ ਬੁਰੀ॥
ਤਿਸਹਿ ਨ ਬੂਝੈ ਜਿਨਿ ਏਹ ਸਿਰੀ॥
(ਪੰਨਾ 890)

ਗੁਰੂ ਤੇਗ ਬਹਾਦਰ ਇਸੇ ਖਿਆਲ ਦਾ ਪ੍ਰਗਟਾਵਾ ਕਰਦੇ ਹਨ ਕਿ ਮਨੁੱਖ ਦੀਆਂ ਤਿੰਨ ਅਵਸਥਾ ਹਨ: ਬਚਪਨ, ਜੁਆਨੀ ਅਤੇ ਬੁਢਾਪਾ ਪਰ ਅਕਾਲ ਪੁਰਖ ਦੀ ਬੰਦਗੀ ਤੋਂ ਬਿਨਾ ਇਹ ਸਭ ਹੀ ਵਿਅਰਥ ਚਲੀਆਂ ਜਾਂਦੀਆਂ ਹਨ:

ਬਾਲ ਜੁਆਨੀ ਅਰੁ ਬਿਰਧਿ ਫੁਨਿ
ਤੀਨਿ ਅਵਸਥਾ ਜਾਨਿ॥
ਕਹੁ ਨਾਨਕ ਹਰਿ ਭਜਨ ਬਿਨੁ
ਬਿਰਥਾ ਸਭ ਹੀ ਮਾਨੁ॥ (ਪੰਨਾ 1428)

# ਪੇਖਤ ਚਾਖਤ ਕਹੀਅਤ ਅੰਧਾ

ਗੁਰਬਾਣੀ ਗਿਆਨ

**ਸੂਹੀ ਮਹਲਾ ੫**
ਪੇਖਤ ਚਾਖਤ ਕਹੀਅਤ ਅੰਧਾ
ਸੁਨੀਅਤ ਸੁਨੀਐ ਨਾਹੀ॥
ਨਿਕਟਿ ਵਸਤੁ ਕਉ ਜਾਣੈ ਦੂਰੇ
ਪਾਪੀ ਪਾਪ ਕਮਾਹੀ॥
ਸੋ ਕਿਛੁ ਕਰਿ ਜਿਤੁ ਛੁਟਹਿ ਪਰਾਨੀ॥
ਹਰਿ ਹਰਿ ਨਾਮੁ ਜਪਿ ਅੰਮ੍ਰਿਤ ਬਾਨੀ॥ ਰਹਾਉ॥
ਘੋਰ ਮਹਲ ਸਦਾ ਰੰਗਿ ਰਾਤਾ॥
ਸੰਗਿ ਤੁਮਾਰੈ ਕਛੂ ਨ ਜਾਤਾ॥
ਰਖਹਿ ਪੋਚਾਰਿ ਮਾਟੀ ਕਾ ਭਾਂਡਾ॥
ਅਤਿ ਕੁਚੀਲ ਮਿਲੈ ਜਮ ਡਾਂਡਾ॥
ਕਾਮ ਕ੍ਰੋਧਿ ਲੋਭਿ ਮੋਹਿ ਬਾਧਾ॥
ਮਹਾ ਗਰਤ ਮਹਿ ਨਿਘਰਤ ਜਾਤਾ॥
ਨਾਨਕ ਕੀ ਅਰਦਾਸਿ ਸੁਣੀਜੈ॥
ਡੂਬਤ ਪਾਹਨ ਪ੍ਰਭ ਮੇਰੇ ਲੀਜੈ॥

ਗੁਰੂ ਅਰਜਨ ਦੇਵ ਜੀ ਆਖਦੇ ਹਨ, ਹੇ ਭਾਈ! ਉਹ ਮਿਹਰਬਾਨ ਪ੍ਰਭੂ ਤਾਂ ਸਦਾ ਹੀ ਜੀਵ ਦੇ ਅੰਗ-ਸੰਗ ਵੱਸਦਾ ਹੈ ਪਰ ਮਨੁੱਖ ਉਸ ਨੂੰ ਵੇਖਦਾ ਨਹੀਂ ਅਤੇ ਦੁਨਿਆਵੀ ਪਦਾਰਥਾਂ ਮਗਰ ਦੌੜਿਆ ਫਿਰਦਾ ਹੈ। ਇਸ ਲਈ ਮਨੁੱਖ ਨੂੰ ਆਤਮਕ ਜੀਵਨ ਵਲੋਂ ਅੰਨਾ ਹੀ ਕਿਹਾ ਜਾ ਸਕਦਾ ਹੈ। ਪਰਮਾਤਮਾ ਦੀ ਸਿਫਤਿ-ਸਾਲਾਹ ਨੂੰ ਨਾ ਸੁਣ ਕੇ ਦੁਨਿਆਵੀ ਰਾਗ ਨਾਦ ਸਣਦਾ ਹੈ ਅਤੇ ਖੁਸ਼ ਹੁੰਦਾ ਹੈ, ਇਸ ਲਈ ਇਹ ਮਨੁੱਖ ਆਤਮਕ ਜੀਵਨ ਵਲੋਂ ਬੋਲਾ ਵੀ ਹੈ।

ਗੁਰਦੇਵ ਮਾਇਆ ਦੇ ਮੋਹ ਵਿਚ ਭਟਕ ਰਹੇ ਮਨੁੱਖ ਦੀ ਹਕੀਕਤ ਦਰਸਾਉਂਦਿਆਂ ਆਖਦੇ ਹਨ, ਹੇ ਭਾਈ! ਇਹ ਜੀਵ ਅੱਖਾਂ ਹੁੰਦਿਆਂ ਵੀ ਅੰਨਾ ਹੈ ਅਤੇ ਕੰਨਾਂ ਤੋਂ ਸੁਣਦਾ ਹੋਣ ਦੇ ਬਾਵਜੂਦ ਬੋਲਾ ਹੈ, ਇਸ ਨੂੰ ਮਾਇਕ ਪਦਾਰਥਾਂ ਤੋਂ ਬਿਨਾ ਕੁਝ ਵੀ ਚੰਗਾ ਨਹੀਂ ਲਗਦਾ। ਇਸ ਲਈ ਆਪਣੇ ਅੰਦਰ ਵੱਸ ਰਹੇ ਹਰਿ ਨਾਮ ਰੂਪੀ ਪਦਾਰਥ ਨੂੰ ਕਿਤੇ ਬਹੁਤ ਦੂਰ ਸਮਝਦਾ ਹੈ। ਇਸੇ ਹੀ ਚੂਕ ਕਾਰਨ ਵਿਕਾਰਾਂ ਵਿਚ ਫਸੇ ਹੋਏ ਮਨੁੱਖ ਵਿਕਾਰ ਹੀ ਕਰਦੇ ਰਹਿੰਦੇ ਹਨ।

ਸੋ ਕਿਛੁ ਕਰਿ ਜਿਤੁ ਛੁਟਹਿ ਪਰਾਨੀ॥
ਹਰਿ ਹਰਿ ਨਾਮੁ ਜਪਿ ਅੰਮ੍ਰਿਤ ਬਾਨੀ॥ ਰਹਾਉ॥

ਗੁਰੂ ਜੀ ਉਪਦੇਸ਼ ਕਰਦੇ ਹਨ, ਹੇ ਮਾਇਆ ਦੇ ਮਗਰ ਦੌੜ ਰਹੇ ਜੀਵ! ਕੋਈ ਐਸਾ ਨੇਕ ਜਾਂ ਚੰਗਾ ਕੰਮ ਵੀ ਕਰ ਜਿਸ ਦੀ ਬਰਕਤ ਨਾਲ ਤੂੰ ਵਿਕਾਰਾਂ ਤੋਂ ਬਚਿਆ ਰਹਿ ਸਕੇਂ। ਹੇ ਜੀਵ, ਤੂੰ ਸਦਾ ਸਦਾ ਉਸ ਪਰਮਾਤਮਾ ਦਾ ਨਾਮ ਜਪਿਆ ਕਰ, ਉਸ ਮਾਲਕ ਪ੍ਰਭੂ ਦੀ ਅੰਮ੍ਰਿਤ ਰੂਪੀ ਬਾਣੀ ਤਾਂ ਉਚਾ ਸੁੱਚਾ ਆਤਮਕ ਜੀਵਨ ਦੇਣ ਵਾਲੀ ਹੈ, ਇਸ ਲਈ ਸਦਾ ਉਸ ਦਾ ਸਿਮਰਨ ਕਰੀਏ।

ਘੋਰ ਮਹਲ ਸਦਾ ਰੰਗਿ ਰਾਤਾ॥
ਸੰਗਿ ਤੁਮਾਰੈ ਕਛੂ ਨ ਜਾਤਾ॥
ਰਖਹਿ ਪੋਚਾਰਿ ਮਾਟੀ ਕਾ ਭਾਂਡਾ॥
ਅਤਿ ਕੁਚੀਲ ਮਿਲੈ ਜਮ ਡਾਂਡਾ॥

ਗੁਰਦੇਵ ਆਖਦੇ ਹਨ, ਹੇ ਪ੍ਰਾਣੀ! ਤੂੰ ਸਦਾ ਹੀ ਦੁਨਿਆਵੀ ਵਸਤੂਆਂ ਜਿਵੇਂ ਕਿ ਘੋੜੇ, ਮਹਿਲ-ਮਾੜੀਆਂ, ਵਗੈਰਾ ਬੇਕਾਰ ਚੀਜ਼ਾਂ ਦੇ ਰੰਗ ਵਿਚ ਮਸਤ ਰਹਿੰਦਾ ਹੈਂ ਪਰ ਇਨ੍ਹਾਂ ਵਿਚੋਂ ਕੋਈ ਵੀ ਚੀਜ਼ ਤੇਰੇ ਨਾਲ ਜਾਣ ਵਾਲੀ ਨਹੀਂ ਹੈ। ਹੇ ਬੰਦੇ! ਤੂੰ ਇਸ ਮਿੱਟੀ ਦੇ ਭਾਂਡੇ ਸਰੀਰ ਨੂੰ ਬਾਹਰੋਂ ਤਾਂ ਲਿਪ ਪੋਚ ਕੇ ਰੱਖਦਾ ਹੈਂ ਪਰ ਅੰਦਰੋਂ ਵਿਕਾਰਾਂ ਨਾਲ ਇਹ ਬਹੁਤ ਹੀ ਕੁਚੀਲ ਗੰਦਾ ਹੋਇਆ ਪਿਆ ਹੈ। ਭਾਈ, ਇਹੋ ਜਿਹੇ ਜੀਵਨ ਵਾਲੇ ਨੂੰ ਤਾਂ ਜਮਾਂ ਕੋਲੋਂ ਸਜ਼ਾ ਮਿਲਣੀ ਹੀ ਹੈ!

ਕਾਮ ਕ੍ਰੋਧਿ ਲੋਭਿ ਮੋਹਿ ਬਾਧਾ॥
ਮਹਾ ਗਰਤ ਮਹਿ ਨਿਘਰਤ ਜਾਤਾ॥
ਨਾਨਕ ਕੀ ਅਰਦਾਸਿ ਸੁਣੀਜੈ॥
ਡੂਬਤ ਪਾਹਨ ਪ੍ਰਭ ਮੇਰੇ ਲੀਜੈ॥

ਸ਼ਬਦ ਦੇ ਅਖੀਰ ਵਿਚ ਸਤਿਗੁਰੂ ਜੀ ਆਖਦੇ ਹਨ, ਹੇ ਜੀਵ! ਤੂੰ ਕਾਮ, ਕ੍ਰੋਧ, ਲੋਭ ਅਤੇ ਮੋਹ ਦੇ ਬੰਧਨਾਂ ਵਿਚ ਬੱਝਾ ਪਿਆ ਹੈਂ ਅਤੇ ਵਿਕਾਰਾਂ ਦੇ ਵੱਡੇ ਟੋਏ ਵਿਚ ਹੋਰ ਹੋਰ ਡੂੰਘਾ ਧਸਦਾ ਜਾ ਰਿਹਾ ਹੈਂ। 'ਨਾਨਕ ਕੀ ਅਰਦਾਸਿ ਸੁਣੀਜੈ॥' ਹੇ ਮੇਰੇ ਮਿਹਰਬਾਨ ਪ੍ਰਭੂ, ਇਸ ਆਪਣੇ ਸੇਵਕ ਨਾਨਕ ਦੀ ਅਰਦਾਸ ਸੁਣੋ; ਹੇ ਪਰਮੇਸ਼ਵਰ ਜੀਓ ਅਸੀ ਤਾਂ ਵਿਕਾਰਾਂ ਦੀ ਮੈਲ ਨਾਲ ਭਰੇ ਹੋਏ ਜੀਵ ਪੱਥਰਾਂ ਵਰਗੇ ਭਾਰੇ ਹਾਂ, ਪ੍ਰਭੂ ਸਾਨੂੰ ਡੁੱਬਣੋਂ ਬਚਾ ਲੈ ਜੀਓ।

-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ

# ਹੁਣ ਪਿੰਡ ਨਹੀਂ ਜਾ ਹੋਣਾ

ਸਿੰਮਦੇ ਸ਼ਬਦ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

***ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਪਿਛਲੇ ਇਕ ਅਰਸੇ ਤੋਂ ਪੰਜਾਬ ਟਾਈਮਜ਼ ਦੇ ਪਾਠਕ ਉਨ੍ਹਾਂ ਦੀਆਂ ਲਿਖਤਾਂ ਪੜ੍ਹਦੇ ਆ ਰਹੇ ਹਨ ਅਤੇ ਉਨ੍ਹਾਂ ਦੀ ਨਿਵੇਕਲੀ ਸ਼ੈਲੀ ਤੋਂ ਪ੍ਰਭਾਵਿਤ ਵੀ ਹੋਏ ਹਨ। ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਅਜੋਕੇ ਸਮੇਂ ਵਿਚ ਰਿਸ਼ਤਿਆਂ ਵਿਚ ਆ ਗਈ ਖੁਸ਼ਕੀ ਦੇ ਹਵਾਲੇ ਨਾਲ ਹੰਝੂਆਂ ਦੀ ਗਾਥਾ ਬਿਆਨ ਕਰਦਿਆਂ ਹਉਕਾ ਲਿਆ ਸੀ, "ਕਾਸ਼! ਅਸੀਂ ਹੰਝੂ ਦੀ ਤਾਸੀਰ ਨੂੰ ਪੜ੍ਹਨ ਅਤੇ ਇਸ ਦਾ ਅਕਸ ਆਪਣੇ ਮਸਤਕ ਵਿਚ ਉਤਾਰਨ ਦੇ ਕਾਬਲ ਹੋ ਸਕੀਏ।" ਹਥਲੇ ਲੇਖ ਵਿਚ ਉਨ੍ਹਾਂ ਆਪਣੇ ਬਚਪਨ ਵੇਲੇ ਦੇ ਪੁਰਾਣੇ ਪੇਂਡੂ ਸਭਿਆਚਾਰ ਪ੍ਰਤੀ ਹੇਰਵਾ ਦਰਸਾਇਆ ਹੈ ਅਤੇ ਨਾਲ ਹੀ ਇਹ ਦੁਬਿਧਾ ਵੀ ਦਰਸਾਈ ਹੈ ਕਿ ਹੁਣ ਤਾਂ ਉਹ ਪਿੰਡ ਹੀ ਨਹੀਂ ਰਹੇ, ਉਥੇ ਜਾਵਾਂ ਵੀ ਤਾਂ ਕਿਵੇਂ? ਉਹ ਕਹਿੰਦੇ ਹਨ, "ਪਿੰਡ ਦੇ ਚੌਗਿਰਦੇ ਵਿਚ ਫੈਲੀ ਆਪਾ ਮਾਰੂ ਸੋਚ ਨੇ ਪਿੰਡ ਨੂੰ ਹੀ ਦੂਸ਼ਿਤ ਕਰ ਦਿਤਾ ਏ। ਇਸ ਪਲੀਤ ਵਾਤਾਵਰਣ ਵਿਚ ਜਾ ਕੇ ਮੈਨੂੰ ਕੀ ਹਾਸਲ ਹੋਵੇਗਾ? ਇਸ ਸਦਮੇ ਵਰਗੇ ਸੱਚ ਦਾ ਸਾਹਮਣਾ ਕਰਨ ਤੋਂ ਮੈਂ ਘਾਬਰਦਾ ਹਾਂ ਅਤੇ ਪਿੰਡ ਵੰਨੀਂ ਜਾਣ ਤੋਂ ਤ੍ਰਹਿਣ ਲੱਗ ਪੈਂਦਾ ਹਾਂ।...ਮੇਰੇ ਖਿਆਲਾਂ ਵਿਚ ਵੱਸਿਆ ਪਿੰਡ ਪਤਾ ਨਹੀਂ ਕਿਥੇ ਅਲੋਪ ਹੋ ਗਿਆ? ਕਿੱਧਰ ਤੁਰ ਗਏ ਨੇ ਪੇਂਡੂਆਂ ਦੀ ਪਾਕੀਜ਼ਗੀ ਦੇ ਕਿੱਸੇ? ਕਿਸ ਨੇ ਅਗਵਾ ਕਰ ਲਈਆਂ ਨੇ ਬਜ਼ੁਰਗ ਮਾਂਵਾਂ ਦੀਆਂ ਅਸੀਸਾਂ ਭਰੀਆਂ ਠੰਢੜੀਆਂ ਛਾਂਵਾਂ? ਕਿਹਨੇ ਬਜ਼ੁਰਗਾਂ ਦੇ ਅਸ਼ੀਰਵਾਦਾਂ ਵਿਚ ਹਿੱਚਕੀਆਂ ਬੀਜੀਆਂ?...ਭਲਾ! ਢਲਦੀ ਉਮਰੇ ਮੈਂ ਆਪਣੇ ਸਾਹਾਂ ਨੂੰ ਕਾਲ ਕੋਠੜੀ ਵਿਚ ਕੈਦ ਕਿੰਜ ਕਰਾਂ?" -ਸੰਪਾਦਕ***

ਬੜਾ ਮਨ ਕਰਦਾ ਹੈ ਆਪਣੇ ਪਿੰਡ ਜਾਵਾਂ। ਇਸ ਦੀਆਂ ਗਲੀਆਂ ਨੂੰ ਸਿਜ਼ਦਾ ਕਰਾਂ ਜਿਨ੍ਹਾਂ ਨੇ ਮੇਰੇ ਬਚਪਨ ਦੀਆਂ ਯਾਦਾਂ ਨੂੰ ਸੰਭਾਲਿਆ ਹੋਇਆ ਏ। ਆਪਣੇ ਜਿੱਦੀ ਘਰ ਵਿਚ ਫੈਲੀ ਗੰਧ ਆਪਣੇ ਅੰਦਰ ਉਤਾਰਾਂ ਜਿਸ ਨੇ ਮੇਰੇ ਮੱਥੇ ਵਿਚ ਸੁੱਚੇ ਸੁਪਨੇ ਧਰੇ ਸਨ। ਇਸ ਦੀ ਕੋਠੜੀ ਵਿਚ ਕਦਮ ਰੱਖਾਂ ਜਿਥੇ ਕਦੇ ਬੱਚੇ ਹੁੰਦਿਆਂ ਜੇਠ-ਹਾੜ ਦੀਆਂ ਤਿੱਖੜ ਦੁਪਹਿਰਾਂ ਨੂੰ ਨੀਂਦ ਦਾ ਅਨੰਦ ਮਾਣਿਆ ਸੀ। ਇਸ ਦੀ ਲੱਕੜ ਦੀ ਪੌੜੀ ਦੀ ਯਾਦ ਤਾਜ਼ੀ ਕਰਾਂ ਜੋ ਆਪਣੀ ਹੋਂਦ ਤਾਂ ਗਵਾ ਚੁਕੀ ਹੈ ਪਰ ਮੇਰੇ ਚੇਤਿਆਂ ਵਿਚ ਸੱਜਰਾ ਹੈ, ਬਾਪ ਦਾ ਕੁਇੰਟਲ ਦੀ ਬੋਰੀ ਪਿੱਠ 'ਤੇ ਲੈ ਕੇ ਕੋਠੇ ਤੋਂ ਉਤਰਨਾ ਅਤੇ ਪਿੰਡੋਂ ਬਾਹਰ ਖੜ੍ਹੇ ਗੱਡੇ 'ਤੇ ਲੱਦਣਾ।

ਮਨ ਬੜਾ ਕਰਦਾ ਏ ਕਿ ਉਸ ਚੁਬਾਰੇ ਦੀਆਂ ਕੰਧਾਂ ਨੂੰ ਆਪਣੇ ਮੱਥੇ ਨਾਲ ਛੁਹਾਵਾਂ ਜਿਥੇ ਕਦੇ ਸਿਆਲ ਦੀ ਰੁੱਤੇ ਬੋਰੀਆਂ ਲਟਕਾ ਕੇ ਪੜ੍ਹਦਾ ਹੁੰਦਾ ਸਾਂ ਅਤੇ ਬਲਬ ਨਾਲ ਹੀ ਆਪਣੇ ਠਰੇ ਹੱਥਾਂ ਨੂੰ ਨਿੱਘੇ ਕਰਦਿਆਂ, ਪੜ੍ਹਦਿਆਂ-ਪੜ੍ਹਦਿਆਂ ਕੁੱਕੜ ਪਹਿਲੀ ਬਾਂਗ ਦੇ ਦਿੰਦਾ ਹੁੰਦਾ ਸੀ। ਚੁਬਾਰੇ ਦਾ ਢਾਂਚਾ ਤਾਂ ਖੜ੍ਹਾ ਹੋ ਗਿਆ ਸੀ ਪਰ ਆਰਥਕ ਮੰਦਹਾਲੀ ਨੇ ਬੂਹੇ ਤੇ ਬਾਰੀਆਂ ਲਾਉਣ ਦੀ ਗੁੰਜਾਇਸ਼ ਨਹੀਂ ਸੀ ਰਹਿਣ ਦਿੱਤੀ। ਹੁਣ ਯਾਦ ਆਉਂਦਾ ਕਿ ਕਠਿਨਾਈਆਂ ਵਿਚ ਪੜ੍ਹਨ ਦਾ ਹੀ ਕ੍ਰਿਸ਼ਮਾ ਸੀ ਕਿ ਉਸ ਸਾਲ ਯੂਨੀਵਰਸਿਟੀ ਦਾ ਵਜੀਫਾ ਮਿਲ ਗਿਆ ਸੀ। ਪਰ ਭਰਾਵਾਂ ਨੇ ਬਾਹਰ ਫਿਰਨੀ 'ਤੇ ਕੋਠੀ ਪਾਉਂਦੇ ਸਾਰ ਹੀ ਪਿੰਡ ਵਿਚਲਾ ਘਰ ਵੇਚ ਦਿੱਤਾ ਅਤੇ ਇਸ ਦੇ ਨਾਲ ਹੀ ਉਸ ਘਰ ਨਾਲ ਜੁੜੀਆਂ ਯਾਦਾਂ ਨੇ ਸੁੰਨ ਵੱਟ ਲਈ ਸੀ। ਸੋਚਦਾ ਹਾਂ, ਜੇ ਪਿੰਡ ਜਾ ਕੇ ਵੀ ਆਪਣੇ ਪੁਰਾਣੇ ਘਰ ਦੀਆਂ ਸਰਦਲਾਂ ਨੂੰ ਨਤਮਸਤਕ ਨਾ ਹੋ ਸਕਿਆ, ਚੁਬਾਰੇ ਦੇ ਬੂਹੇ-ਬਾਰੀਆਂ ਨੂੰ ਗਲੇ ਮਿਲ ਨਾ ਸਕਿਆ ਜਾਂ ਲੱਕੜ ਦੀ ਪੌੜੀ ਦੀ ਅਚੇਤ ਵਿਚ ਵੱਸੀ ਯਾਦ ਨੂੰ ਨਵਿਆ ਨਾ ਸਕਿਆ ਤਾਂ ਪਿੰਡ ਜਾਣ ਦੇ ਕੀ ਅਰਥ ਰਹਿ ਜਾਂਦੇ ਨੇ?

***ਹਰ ਦਮ ਕੁਦਰਤ ਦੀ ਸੰਗਤ ਮਾਣਨ ਵਾਲੇ ਪਿੰਡ ਦੇ ਭੋਲੇ-ਭਾਲੇ ਲੋਕ, ਕੁਦਰਤ 'ਚੋਂ ਹੀ ਆਪਣਾ ਜੀਵਨ ਕਿਆਸਦੇ ਸਨ। ਕੁਦਰਤ ਦੀਆਂ ਦਿੱਤੀਆਂ ਨਿਆਮਤਾਂ ਦਾ ਸ਼ੁਕਰ ਮਨਾਉਂਦੇ ਤੇ ਬੇਫਿਕਰੀ ਦੇ ਆਲਮ ਵਿਚ ਢੋਲੇ ਦੀਆਂ ਲਾਉਂਦੇ ਸਨ। ਮੇਰੇ ਪਿੰਡ ਵਿਚ ਇਹ ਕੇਹੀ ਵਾਅ ਵੱਗੀ ਏ ਕਿ ਅਸੀਂ ਕੁਦਰਤ ਦੀਆਂ ਕੀਮਤੀ ਨਿਸ਼ਾਨੀਆਂ ਨੂੰ ਖੁਰਦ-ਬੁਰਦ ਕਰਨ ਦੇ ਆਹਰ ਵਿਚ ਰੁੱਖਾਂ ਅਤੇ ਕੁੱਖਾਂ ਦਾ ਮਲੀਆ-ਮੇਟ ਕਰਨ ਦੇ ਰਾਹ ਤੁਰ ਪਏ ਹਾਂ। ਖੇਤਾਂ ਵਿਚ ਅੱਜ ਕੱਲ ਫਸਲ-ਰੂਪੀ ਖੁਸ਼ਹਾਲੀ ਨਹੀਂ ਸਗੋਂ ਖੁਦਕੁਸ਼ੀਆਂ ਉਗਦੀਆਂ ਨੇ।***

ਕਦੇ ਯਾਦ ਕਰਦਾ ਹਾਂ ਕਿ ਘਰਦਿਆਂ ਨੇ ਪੁਰਾਣਾ ਰੇਡੀਓ ਵੇਚ ਕੇ ਪੁਰਾਣਾ ਸਾਈਕਲ ਲੈ ਦਿੱਤਾ ਸੀ ਤਾਂ ਕਿ ਦੂਸਰੇ ਪਿੰਡ ਪੜ੍ਹਨ ਜਾਣ ਸਮੇਂ ਤੁਰਨ ਦੀ ਥਾਂ ਸਾਈਕਲ 'ਤੇ ਜਾਣਾ ਅਸਾਨ ਰਹੇ। ਬਾਪ ਦਾ ਵਾਹੀ ਦੇ ਨਾਲ-ਨਾਲ ਗੱਡਾ ਵਾਹੁਣਾ ਅਤੇ ਆਪਣੇ ਬੱਚਿਆਂ ਦੀ ਸੋਚ ਵਿਚ ਮਿਹਨਤ ਅਤੇ ਸੁਹਿਰਦਤਾ ਦਾ ਜਾਗ ਲਾਉਣਾ, ਸਾਡੀਆਂ ਕਿਸਮਤ ਰੇਖਾਵਾਂ ਹੀ ਤਾਂ ਬਣ ਗਿਆ ਸੀ। ਹੁਣ ਇਹ ਇਕ ਸੁਪਨਾ ਜਾਪਦਾ ਏ ਜਦ ਮੈਂ ਪਿੰਡ ਦੇ ਹਰ ਜੁਆਕ ਦੇ ਕੰਨ ਵਿਚ ਕੋਕੇ, ਹੱਥਾਂ ਵਿਚ ਮੋਬਾਇਲ ਅਤੇ ਹੇਠਾਂ ਮੋਟਰਸਾਈਕਲ ਦੇਖਦਾ ਹਾਂ। ਪਿੰਡ ਦੇ ਗੱਭਰੂਆਂ ਨੂੰ ਉਡੀਕਦੇ ਖੇਤ ਆਖਰ ਨੂੰ ਵਿਕਾਊ ਹੋ ਗਏ ਨੇ ਅਤੇ ਤੜਫ ਕੇ ਰਹਿ ਗਈ ਏ ਜਮੀਨ ਨੂੰ ਸੰਭਾਲ ਕੇ ਰੱਖਣ ਵਾਲੀ ਪੁਰਖਿਆਂ ਦੀ ਦਿਲੀ ਹਸਰਤ। ਖੇਤਾਂ 'ਚ ਜਦ ਕਾਲੋਨੀ ਉਗ ਆਵੇ, ਇਸ ਦੀਆਂ ਬਰੂਹਾਂ ਤੱਕ ਪੱਥਰਾਂ ਦਾ ਜੰਗਲ ਫੈਲ ਜਾਵੇ ਅਤੇ ਇਸ ਦੀ ਅਮੀਰ ਵਿਰਾਸਤ ਨੂੰ ਸ਼ਹਿਰੀਕਰਨ ਖਾ ਜਾਵੇ ਤਾਂ ਪਿੰਡ ਆ ਕੇ ਕਿਹੜੇ ਖੇਤਾਂ ਨੂੰ ਗੇੜੇ ਮਾਰਨ ਦਾ ਸੋਚ ਸਕਦਾ ਹਾਂ। ਖੇਤ 'ਚ ਹੁਣ ਕਿਹੜਾ ਸ਼ਰੀਕਾਂ ਨੇ ਵੜ੍ਹਨ ਦੇਣਾ ਹੈ। ਤੁਸੀਂ ਪਿੰਡ 'ਤੋਂ ਬਾਹਰ ਪੈਰ ਪੁੱਟੋ ਸਹੀ, ਪਿੰਡ ਨਾਲ ਤੁਹਾਡੀ ਹਰ ਸਾਂਝ ਅਤੇ ਅਮਾਨਤ ਨੂੰ ਕਬਰ ਵਿਚ ਡੂੰਘਾ ਦਬਾ ਦਿੱਤਾ ਜਾਂਦਾ ਹੈ। ਫਿਰ ਸੋਚਦਾਂ, ਚਲੋ ਭਰਮ ਬਣਿਆ ਹੀ ਰਹੇ ਤਾਂ ਚੰਗਾ ਹੈ।

ਬਰਸਾਤਾਂ ਦੇ ਦਿਨੀਂ ਝੜੀਆਂ ਲੱਗਦੀਆਂ ਤਾਂ ਪਿੰਡਾਂ ਦੀਆਂ ਕੱਚੀਆਂ ਗਲੀਆਂ 'ਚ ਹਰ ਪਾਸੇ ਪਾਣੀ ਹੀ ਪਾਣੀ ਤੇ ਚਿੱਕੜ ਹੁੰਦਾ ਸੀ। ਰੱਬ ਦੀ ਰਜ਼ਾ ਵਿਚ ਰਹਿੰਦੇ ਮਾਲਕਾਂ ਦੇ ਫਾਕਿਆਂ ਦੇ ਨਾਲ ਨਾਲ, ਡੰਗਰ ਵੀ ਫਾਕਾ ਕੱਟਦੇ ਸਨ। ਕਦੇ ਕਦਾਈਂ ਮੀਂਹ 'ਚ ਡਿਗੇ ਢਾਰੇ ਕਿਸੇ ਗਰੀਬ ਲਈ ਨਵੀਂ ਮੁਸੀਬਤ ਲੈ ਕੇ ਆਉਂਦੇ। ਖੂਹਾਂ ਦੇ ਪਾਣੀ ਧਰਤੀ ਤੋਂ ਹੱਥ ਕੁ ਹੀ ਨੀਂਵੇਂ ਰਹਿ ਜਾਂਦੇ, ਪਰ ਹੁਣ ਤਾਂ ਮੀਂਹ ਵੀ ਪੰਜਾਬ ਤੋਂ ਦੁਖੀ ਹੋ ਕੇ ਦੂਰ ਤੁਰ ਗਏ ਹਨ ਅਤੇ ਅਸੀਂ ਇਸ ਦੇ ਪਾਣੀ ਨੂੰ ਪਤਾਲ ਤੱਕ ਹੜੱਪ ਕਰ ਚੁਕੇ ਹਾਂ। ਪਾਣੀ ਵਿਹੂਣੇ ਪਿੰਡ ਬਾਰੇ ਤਾਂ ਮੈਂ ਕਦੇ ਕਿਆਸ ਵੀ ਨਹੀਂ ਸੀ ਕੀਤਾ ਅਤੇ ਨਾ ਹੀ ਸੋਚਿਆ ਸੀ ਕਿ ਪਿੰਡ ਦੀਆਂ ਖੂਹੀਆਂ, ਟਿਊਬਵੈਲ ਅਤੇ ਨਲਕੇ ਖਾਰੇ ਤੇ ਜ਼ਹਿਰੀਲੇ ਹੋਣ ਦਾ ਸੰਤਾਪ ਹੰਢਾਉਣਗੇ। ਮਨ 'ਚ ਆਉਂਦਾ ਏ ਅੰਮ੍ਰਿਤ ਦੇ ਇਨ੍ਹਾਂ ਸੁੱਕੇ ਸੋਮਿਆਂ ਲਈ ਹਾਅ ਦਾ ਨਾਹਰਾ ਮਾਰਾਂ। ਪਰ ਕੌਣ ਸੁਣਦਾ ਏ ਸੰਵੇਦਨਾ ਭਰੀ ਹਾਕ, ਜਦੋਂ ਹਰ ਬੰਦਾ ਨਿਜੀ ਮੁਫਾਦ ਨੂੰ ਪਹਿਲ ਦੇਣ ਲੱਗ ਪਵੇ। ਲਾਲਚ ਕਾਰਨ ਮਾਨਵਤਾ ਦੇ ਸਰੋਕਾਰ ਖੁਦਕੁਸ਼ੀ ਕਰ ਲੈਂਦੇ ਨੇ। ਅਜਿਹਾ ਹੀ ਮੇਰੇ ਪਿੰਡ ਦੀ ਪਾਕ ਫਿਜ਼ਾ ਵਿਚ ਹੋ ਰਿਹਾ ਏ।

ਚੇਤਿਆਂ 'ਚ ਵੱਸੇ ਪਿੰਡ ਵਿਚ ਹਰ ਬੱਚਾ ਸਭ ਦਾ ਸਾਂਝਾ ਹੁੰਦਾ ਸੀ ਅਤੇ ਕੋਈ ਵੀ ਵਡੇਰਾ ਤੁਹਾਡੀ ਗਲਤੀ 'ਤੇ ਕੰਨ ਮਰੋੜ ਸਕਦਾ ਸੀ, ਤੁਹਾਡੇ ਮੌਰਾਂ ਵਿਚ ਮੁੱਕੇ ਧਰ ਸਕਦਾ ਸੀ, ਪੇਪਰ ਵਾਲੇ ਦਿਨ ਦਹੀਂ ਖਾ ਕੇ ਜਾਣ ਦੀ ਨਸੀਹਤ ਦੇ ਸਕਦਾ ਸੀ ਜਾਂ ਉਚੇਰੀ ਸਿਖਿਆ ਲੈਣ ਲਈ ਸੇਧ ਦੇ ਸਕਦਾ ਸੀ, ਜਿਸ ਦਾ ਹਰ ਕੋਈ ਸਤਿਕਾਰ ਕਰਦਾ ਸੀ। ਇਕ ਬੱਚੇ ਦੀ ਪ੍ਰਾਪਤੀ, ਸਾਰੇ ਪਿੰਡ ਲਈ ਮਾਣ ਹੁੰਦੀ ਸੀ। ਉਹ ਇਕ ਦੂਜੇ ਨਾਲ ਖੁਸ਼ੀ ਸਾਂਝੀ ਕਰਨਾ ਪਰਮ ਧਰਮ ਸਮਝਦੇ ਸਨ। ਪਿੰਡ ਵਿਚ ਹਰ ਧੀ ਪਿੰਡ ਦੀ ਧੀ ਹੁੰਦੀ ਸੀ। ਗਰੀਬ-ਗੁਰਬੇ ਦੀ ਮਦਦ ਕਰਨਾ ਸਭ ਦਾ ਫਰਜ ਹੁੰਦਾ ਸੀ। ਵਿਆਹ, ਪਾਠ, ਕੁੜਮਾਈ ਸਮੇਤ ਹਰ ਸਮਾਗਮ ਸਭ ਦਾ ਸਾਂਝਾ ਹੁੰਦਾ ਸੀ ਅਤੇ ਇਸ ਦੀ ਸਫਲਤਾ ਲਈ ਸਾਰੇ ਇਕਠੇ ਹੁੰਦੇ ਸਨ।

ਸੋਚਦਾਂ, ਇਹ ਕੇਹੇ ਵਕਤ ਆ ਗਏ ਨੇ ਕਿ ਪਿੰਡ ਦੀ ਧੀ ਨੂੰ ਮਾਸ਼ੂਕ/ਪਤਨੀ ਬਣਾਉਣ ਲੱਗਿਆਂ, ਪਿੰਡ ਦੇ ਗਭਰੀਟ ਦੇਰ ਨਹੀਂ ਲਾਉਂਦੇ। ਕਿਸੇ ਦੇ ਜੁਆਕ ਨੂੰ ਨਸ਼ਿਆਂ 'ਚ ਲਾ ਕੇ ਸ਼ਰੀਕ ਦੀ ਜਮੀਨ ਵਿਕਾਉਣ ਅਤੇ ਉਸ ਨੂੰ ਕੰਗਾਲ ਕਰਨ ਦੀ ਬਿਰਤੀ ਹਰ ਸ਼ਖਸ ਵਿਚ ਭਾਰੂ ਏ। ਪਿੰਡ ਦੇ ਲਾਗੀ ਦਰਾਂ 'ਚੋਂ ਹੀ ਦੁਰਕਾਰੇ ਜਾਂਦੇ ਨੇ। ਬੜਾ ਚੇਤਾ ਆਉਂਦਾ ਏ ਗੋਹਾ-ਕੂੜਾ ਕਰਨ ਵਾਲੀ ਤਾਈ ਚਿੰਤੀ ਦੇ ਘਰ ਜਾਣਾ, ਕੰਬਦੇ ਹੱਥਾਂ ਦੀ ਅਸੀਸ ਲੈਣਾ ਅਤੇ ਪਿੱਤਲ ਦੇ ਗਲਾਸ ਵਿਚ ਸੁੜਾਕਿਆਂ ਨਾਲ ਚਾਹ ਪੀਣਾ। ਮਾਂ ਵਰਗਾ ਪਿਆਰ ਕਰਨ ਵਾਲੀਆਂ ਚਿੰਤੀਆਂ ਹੁਣ ਕਿਥੇ ਰਹਿ ਗਈਆਂ ਨੇ! ਹੁਣ ਤਾਂ ਜੁਆਕ ਘਰ ਵਿਚ ਕੰਮ ਕਰਨ ਵਾਲੀਆਂ ਨਾਲ ਮੋਹ ਅਤੇ ਸਤਿਕਾਰ ਨਾਲ ਪੇਸ਼ ਹੀ ਨਹੀਂ ਆਉਂਦੇ। ਉਨ੍ਹਾਂ ਲਈ ਵੱਡਿਆਂ ਸੰਗ ਯਾਰੀ ਹੀ ਸਮਾਜਕ ਰੁਤਬੇ ਦਾ ਬਿੰਬ ਏ। ਪਿੰਡ ਦੇ ਚੌਗਿਰਦੇ ਵਿਚ ਫੈਲੀ ਆਪਾ ਮਾਰੂ ਸੋਚ ਨੇ ਪਿੰਡ ਨੂੰ ਹੀ ਦੂਸ਼ਿਤ ਕਰ ਦਿਤਾ ਏ। ਇਸ ਪਲੀਤ ਵਾਤਾਵਰਣ ਵਿਚ ਜਾ ਕੇ ਮੈਨੂੰ ਕੀ ਹਾਸਲ ਹੋਵੇਗਾ? ਇਸ ਸਦਮੇ ਵਰਗੇ ਸੱਚ ਦਾ ਸਾਹਮਣਾ ਕਰਨ ਤੋਂ ਮੈਂ ਘਾਬਰਦਾ ਹਾਂ ਅਤੇ ਪਿੰਡ ਵੰਨੀਂ ਜਾਣ ਤੋਂ ਤ੍ਰਹਿਣ ਲੱਗ ਪੈਂਦਾ ਹਾਂ।

ਪਿੰਡ ਵਿਚ ਦਿਨ-ਦਿਹਾਰ 'ਤੇ ਘਰ ਦੀ ਕੱਢੀ ਦਾਰੂ ਪੀ ਕੇ ਲਲਕਾਰੇ ਮਾਰਨਾ, ਸਿਰ ਪਾੜ੍ਹਨਾ ਜਾਂ ਕਤਲ ਕਰਨਾ, ਇਕ ਨਾਂਹ-ਪੱਖੀ ਵਰਤਾਰਾ ਹੁੰਦਾ ਸੀ। ਹਰ ਦੀਵਾਲੀ ਜਾਂ ਤਿਓਹਾਰ 'ਤੇ ਗਲੀਆਂ 'ਚ ਖੜਕਦੀਆਂ ਡਾਂਗਾਂ ਅਤੇ ਵੱਜਦੇ ਲਲਕਾਰੇ ਪਿੰਡ ਦੇ ਸਭਿਆਚਾਰ ਦਾ ਹਿੱਸਾ ਤਾਂ ਹੁੰਦੇ ਸਨ ਪਰ ਕਿਸੇ ਸਾਂਝੇ ਕਾਰਜ ਲਈ ਕੋਈ ਕਦੇ ਵੀ ਰੁਕਾਵਟ ਨਹੀਂ ਸੀ ਬਣਦਾ। ਬਿਗਾਨੇ ਵਿਹੜੇ 'ਚੋਂ ਜਾਮਣਾਂ ਤੋੜਨਾ, ਅੰਬਰ ਜੇਡ ਉਚੀਆਂ ਖਜੂਰਾਂ 'ਤੇ ਚੜ੍ਹ ਕੇ ਖਜੂਰਾਂ ਤੋੜਨਾ ਜਾਂ ਕਿਸੇ ਦੇ ਕੱਚੇ ਅਮਰੂਦ ਤੋੜਨਾ-ਬਚਪਨੀ ਸ਼ਰਾਰਤਾਂ ਦਾ ਆਧਾਰ ਸੀ। ਪਰ ਕੋਈ ਗੁੱਸਾ ਨਹੀਂ ਸੀ ਕਰਦਾ ਸਿਰਫ ਰੋਅਬਦਾਰ ਝਿੜਕਾਂ ਜਰੂਰ ਪੈਂਦੀਆਂ ਸਨ ਜਿਸ ਦਾ ਅਲਬੇਲਾ ਬਚਪਨਾ ਬਹੁਤ ਲੁਤਫ ਉਠਾਉਂਦਾ ਸੀ। ਹੁਣ ਤਾਂ ਪਿੰਡ ਨਿੱਕੇ ਦਾਇਰਿਆਂ ਵਿਚ ਸੁੰਗੜ ਗਿਆ ਏ।

ਸਮਾਜਕ ਵੰਡ ਤਾਂ ਕਦੇ ਪਿੰਡਾਂ ਵਿਚ ਹੁੰਦੀ ਸੀ ਪਰ ਹੁਣ ਰਾਜਨੀਤਕ ਅਤੇ ਧਾਰਮਿਕ ਵੰਡ ਨੇ ਪਿੰਡ ਦੀ ਪਾਕੀਜ਼ਗੀ ਨੂੰ ਲੀਰੋ-ਲੀਰ ਕਰ ਦਿੱਤਾ ਏ ਅਤੇ ਆਪਸੀ ਭਾਈਚਾਰਕ ਸਾਂਝ ਨੂੰ ਤਾਰ-ਤਾਰ ਕਰ ਦਿੱਤਾ ਏ। ਮੇਰੇ ਕੋਲੋਂ ਦੇਖ ਨਹੀਂ ਹੋਣਾ ਆਪਣਿਆਂ ਹੱਥੋਂ ਆਪਣਿਆਂ ਦਾ ਚੀਰ ਹਰਨ, ਆਪਣਿਆਂ ਦੀ ਰੁਲਦੀ ਪੱਗ ਦੇ ਲੰਗਾਰ ਅਤੇ ਆਪਣੀ ਧਾਰਮਿਕ ਆਸਥਾ ਨੂੰ ਉਚਾ ਦੱਸਣ ਲਈ ਦੂਸਰੇ ਨੂੰ ਨੀਵਾਂ ਦਿਖਾਉਣ ਦੀ ਬਿਰਤੀ। ਵੱਖ-ਵੱਖ ਅਕੀਦਿਆਂ ਨੂੰ ਸਰਬ-ਸੁਖਨ ਦੀ ਕਾਮਨਾ ਕਰਨ ਵਾਲੇ ਬਜ਼ੁਰਗ ਕਬਰਾਂ 'ਚ ਸਮਾ ਗਏ ਨੇ ਅਤੇ ਉਨ੍ਹਾਂ ਨਾਲ ਹੀ ਸੂਲੀ 'ਤੇ ਚੜ੍ਹ ਗਈ ਏ ਸਰਬੱਤ ਦੇ ਭਲੇ ਦੀ ਲੋਚਾ।

ਹਰ ਦਮ ਕੁਦਰਤ ਦੀ ਸੰਗਤ ਮਾਣਨ ਵਾਲੇ ਪਿੰਡ ਦੇ ਭੋਲੇ-ਭਾਲੇ ਲੋਕ, ਕੁਦਰਤ 'ਚੋਂ ਹੀ ਆਪਣਾ ਜੀਵਨ ਕਿਆਸਦੇ ਸਨ। ਕੁਦਰਤ ਦੀਆਂ ਦਿੱਤੀਆਂ ਨਿਆਮਤਾਂ ਦਾ ਸ਼ੁਕਰ ਮਨਾਉਂਦੇ ਤੇ ਬੇਫਿਕਰੀ ਦੇ ਆਲਮ ਵਿਚ ਢੋਲੇ ਦੀਆਂ ਲਾਉਂਦੇ ਸਨ। ਮੇਰੇ ਪਿੰਡ ਵਿਚ ਇਹ ਕੇਹੀ ਵਾਅ ਵੱਗੀ ਏ ਕਿ ਅਸੀਂ ਕੁਦਰਤ ਦੀਆਂ ਕੀਮਤੀ ਨਿਸ਼ਾਨੀਆਂ ਨੂੰ ਖੁਰਦ-ਬੁਰਦ ਕਰਨ ਦੇ ਆਹਰ ਵਿਚ ਰੁੱਖਾਂ ਅਤੇ ਕੁੱਖਾਂ ਦਾ ਮਲੀਆ-ਮੇਟ ਕਰਨ ਦੇ ਰਾਹ ਤੁਰ ਪਏ ਹਾਂ। ਖੇਤਾਂ ਵਿਚ ਅੱਜ ਕੱਲ ਫਸਲ-ਰੂਪੀ ਖੁਸ਼ਹਾਲੀ ਨਹੀਂ ਸਗੋਂ ਖੁਦਕੁਸ਼ੀਆਂ ਉਗਦੀਆਂ ਨੇ।

ਜੀਵਨ ਬਖਸ਼ਣ ਵਾਲੀਆਂ ਨਿਆਮਤਾਂ-ਧਰਤ, ਪਾਣੀ ਅਤੇ ਹਵਾ ਹੁਣ ਜੀਵ ਸੰਸਾਰ ਦੀ ਤਲੀ 'ਤੇ ਮੌਤ ਖੁਣ ਰਹੀਆਂ ਨੇ। ਪਰਿੰਦੇ ਅੱਜ ਕੱਲ ਭਗਵਾਨ ਦੇ ਗੁਣ ਨਹੀਂ ਗਾਉਂਦੇ ਸਗੋਂ ਉਨ੍ਹਾਂ ਦੇ ਬੋਲਾਂ ਵਿਚ ਮਰਸੀਆ ਪਨਪਦਾ ਏ। ਦਰਿਆਵਾਂ ਦੀ ਰਵਾਨੀ, ਨਿਸ਼ਾਰ 'ਚੋਂ ਡੁੱਲ੍ਹਦੇ ਪਾਣੀ ਦੇ ਸੰਗੀਤ ਅਤੇ ਹਲੀਂ ਵੱਗਦੇ ਬਲਦਾਂ ਦੀਆਂ ਟੱਲੀਆਂ ਨਾਲ ਕੁਦਰਤ ਸੰਗ ਇਕਸੁਰਤਾ ਅਲੋਪ ਹੋ ਚੁਕੀ ਹੈ। ਮੇਰੇ ਪਿੰਡ ਦੇ ਵਾਸੀ ਅਹਿਸਾਸ ਵਿਹੂਣੇ ਹੋ ਜਾਣਗੇ, ਇਹ ਤਾਂ ਮੈਂ ਕਦੇ ਸੋਚਿਆ ਹੀ ਨਹੀਂ ਸੀ। ਹੁਣ ਮੈਂ ਕਿਵੇਂ ਦੇਖਾਂਗਾ ਆਪਣੇ ਹੀ ਸਾਹਾਂ 'ਤੇ ਕਤਲਗਾਹਾਂ ਉਸਾਰ ਰਹੇ ਹਮ-ਗਰਾਈਆਂ ਨੂੰ!

ਮੇਰੇ ਖਿਆਲਾਂ ਵਿਚ ਵੱਸਿਆ ਪਿੰਡ ਪਤਾ ਨਹੀਂ ਕਿਥੇ ਅਲੋਪ ਹੋ ਗਿਆ? ਕਿੱਧਰ ਤੁਰ ਗਏ ਨੇ ਪੇਂਡੂਆਂ ਦੀ ਪਾਕੀਜ਼ਗੀ ਦੇ ਕਿੱਸੇ? ਕਿਸ ਨੇ ਅਗਵਾ ਕਰ ਲਈਆਂ ਨੇ ਬਜ਼ੁਰਗ ਮਾਂਵਾਂ ਦੀਆਂ ਅਸੀਸਾਂ ਭਰੀਆਂ ਠੰਢੜੀਆਂ ਛਾਂਵਾਂ? ਕਿਹਨੇ ਬਜ਼ੁਰਗਾਂ ਦੇ ਅਸ਼ੀਰਵਾਦਾਂ ਵਿਚ ਹਿੱਚਕੀਆਂ ਬੀਜੀਆਂ? ਕਿਸ ਨੇ ਪਿੰਡ ਦੀ ਅਸੀਮ ਆਸਥਾ ਨੂੰ ਖੇਰੂੰ-ਖੇਰੂੰ ਕੀਤਾ ਏ? ਆਰਤੀ, ਅਜ਼ਾਨ ਅਤੇ ਅਰਦਾਸ ਸੰਗ ਰੂਹ 'ਚੋਂ ਅਕੀਦਤ ਭੇਟ ਕਰਨ ਵਾਲੇ ਬਜ਼ੁਰਗ ਜਦ ਪਿੰਡ 'ਚੋਂ ਰੁਖਸਤ ਕਰ ਜਾਣ ਤਾਂ ਵਲਗਣਾਂ ਵਿਚ ਸਾਹ ਘੁੱਟਦਾ ਏ। ਭਲਾ! ਢਲਦੀ ਉਮਰੇ ਮੈਂ ਆਪਣੇ ਸਾਹਾਂ ਨੂੰ ਕਾਲ ਕੋਠੜੀ ਵਿਚ ਕੈਦ ਕਿੰਜ ਕਰਾਂ?

ਕਦੇ ਪਿੰਡ ਵਿਚ ਕੁਝ ਘਰ ਪਾੜ੍ਹਿਆਂ ਦੇ ਘਰ ਨਾਲ ਜਾਣੇ ਜਾਂਦੇ ਸਨ। ਜੁਆਕਾਂ ਦੇ ਮਨਾਂ ਵਿਚ ਆਪਣੇ ਘਰ ਨੂੰ ਵੀ ਪਾੜ੍ਹਿਆਂ ਦਾ ਘਰ ਬਣਾਉਣ ਦਾ ਸੁਪਨਾ ਹੁੰਦਾ ਸੀ। ਪਰ ਹੁਣ ਤਾਂ ਜੁਆਕਾਂ ਨੂੰ ਪੜ੍ਹਾਈ ਭੁੱਲ ਚੁਕੀ ਹੈ। ਹੁਣ ਉਨ੍ਹਾਂ ਨੇ ਨੇਕ-ਨੀਤੀ ਨਾਲ ਘਰ ਦੀਆਂ ਸੰਗਮਰਮਰੀ ਕੰਧਾਂ ਸਿਰਜਣ ਦੀ ਥਾਂ ਨਸ਼ਿਆਂ ਦੀ ਤਸਕਰੀ, ਲੁੱਟਾਂ-ਖੋਹਾਂ ਜਾਂ ਬੇਈਮਾਨੀ ਨੂੰ ਆਪਣਾ ਇਮਾਨ ਬਣਾ ਲਿਆ ਏ। ਪਾੜ੍ਹਿਆਂ ਦੇ ਘਰ ਇਕ ਨੁੱਕਰ ਵਿਚ ਸੁੰਘੜ ਕੇ ਦਿਸਣੋਂ ਹੱਟ ਗਏ ਨੇ ਅਤੇ ਸਿਰਫ ਬਹੁ-ਮੰਜ਼ਲੀ ਕੋਠੀਆਂ ਹੀ ਨਜ਼ਰ ਆਉਂਦੀਆਂ ਜਿਨ੍ਹਾਂ ਵਿਚੋਂ ਕੁਝ ਤਾਂ ਵਿਦੇਸ਼ਾਂ ਵਿਚ ਵੱਸਿਆਂ ਨੇ ਪਿੱਤਰੀ ਮੋਹ ਦੀ ਪੂਰਨਤਾ ਲਈ ਪਾਈਆਂ ਨੇ ਅਤੇ ਬਾਕੀਆਂ ਨੇ ਜਮੀਨਾਂ ਵੇਚ ਕੇ ਜਾਂ ਬਲੈਕ/ਭ੍ਰਿਸ਼ਟਾਚਾਰ ਦੀ ਮੋਟੀ ਕਮਾਈ ਨਾਲ। ਜੀ ਤਾਂ ਬੜਾ ਕਰਦਾ ਏ ਕਿ ਪਾੜ੍ਹਿਆਂ ਦੇ ਘਰ ਨੂੰ ਆਖਰੀ ਸਿਜ਼ਦਾ ਹੀ ਕਰ ਆਵਾਂ ਪਰ ਮੈਨੂੰ ਅਜਿਹੇ ਘਰਾਂ ਦੇ ਖੰਡਰਾਂ ਦੀ ਵੀ ਸੂਹ ਨਹੀਂ ਮਿਲਦੀ।

ਬੜੀਆਂ ਦੁਆਵਾਂ ਕੀਤੀਆਂ, ਲਿਲਕੜੀਆਂ ਲਈਆਂ ਪਰ ਪਿੰਡ ਤਾਂ ਸੁਣਦਾ ਹੀ ਨਹੀਂ। ਜਦ ਕਦੇ ਪਿੰਡ ਨੇ ਕਰਵਟ ਲਈ ਤਾਂ ਪਿੰਡ ਜਰੂਰ ਜਾਵਾਂਗਾ। ਪਰ ਹਾਲੇ ਪਿੰਡ ਜਾਣ ਨੂੰ ਜੀਅ ਨਹੀਂ ਕਰਦਾ। ਤੁਸੀਂ ਦੱਸਣਾ, ਕਿੰਜ ਮੈਂ ਪਿੰਡ ਨੂੰ ਜਾਵਾਂ?



***ਸੋਚਦਾਂ, ਇਹ ਕੇਹੇ ਵਕਤ ਆ ਗਏ ਨੇ ਕਿ ਪਿੰਡ ਦੀ ਧੀ ਨੂੰ ਮਾਸ਼ੂਕ/ਪਤਨੀ ਬਣਾਉਣ ਲੱਗਿਆਂ, ਪਿੰਡ ਦੇ ਗਭਰੀਟ ਦੇਰ ਨਹੀਂ ਲਾਉਂਦੇ। ਕਿਸੇ ਦੇ ਜੁਆਕ ਨੂੰ ਨਸ਼ਿਆਂ 'ਚ ਲਾ ਕੇ ਸ਼ਰੀਕ ਦੀ ਜਮੀਨ ਵਿਕਾਉਣ ਅਤੇ ਉਸ ਨੂੰ ਕੰਗਾਲ ਕਰਨ ਦੀ ਬਿਰਤੀ ਹਰ ਸ਼ਖਸ ਵਿਚ ਭਾਰੂ ਏ। ਪਿੰਡ ਦੇ ਲਾਗੀ ਦਰਾਂ 'ਚੋਂ ਹੀ ਦੁਰਕਾਰੇ ਜਾਂਦੇ ਨੇ। ਬੜਾ ਚੇਤਾ ਆਉਂਦਾ ਏ ਗੋਹਾ-ਕੂੜਾ ਕਰਨ ਵਾਲੀ ਤਾਈ ਚਿੰਤੀ ਦੇ ਘਰ ਜਾਣਾ, ਕੰਬਦੇ ਹੱਥਾਂ ਦੀ ਅਸੀਸ ਲੈਣਾ ਅਤੇ ਪਿੱਤਲ ਦੇ ਗਲਾਸ ਵਿਚ ਸੁੜਾਕਿਆਂ ਨਾਲ ਚਾਹ ਪੀਣਾ। ਮਾਂ ਵਰਗਾ ਪਿਆਰ ਕਰਨ ਵਾਲੀਆਂ ਚਿੰਤੀਆਂ ਹੁਣ ਕਿਥੇ ਰਹਿ ਗਈਆਂ ਨੇ!***

## ਮੇਰਾ ਪਿੰਡ

ਏਹਨੂੰ ਕਿਸ ਤਨ ਦੀ ਹਾ ਲੱਗੀ ਏ
ਮੇਰੇ ਪਿੰਡ 'ਚ ਸਿਵੇ ਦੀ 'ਵਾ ਵਗੀ ਏ।

ਇੱਥੋਂ ਕੁੱਲ ਪਰਿੰਦੇ ਉਡ ਗਏ,
ਪੱਤੇ ਸਾਥ ਛੱਡ ਗਏ ਟਾਹਣੀਆਂ ਦਾ।
ਇੱਥੋਂ ਉਡੇ ਹਾਸੇ ਖੇੜੇ ਸੁਹੱਪਣ
ਇੱਥੇ ਉਡੇ ਸੁਹਾਗ ਰਾਣੀਆਂ ਦਾ।
ਇੱਕ ਰੁੱਖ ਨੂੰ ਲੱਗੀ ਓ ਅੱਗ ਸੀ
ਇੱਕ ਸੂਰਜ ਦੀ ਅੱਗ ਮੱਘੀ ਏ।
ਏਹਨੂੰ ਕਿਸ ਤਨ ਦੀ ਹਾ ਲੱਗੀ ਏ
ਮੇਰੇ ਪਿੰਡ 'ਚ ਸਿਵੇ ਦੀ 'ਵਾ ਵਗੀ ਏ।


ਮੈਨੂੰ ਸੁਣਦੇ ਨੇ ਵੈਣ ਕਿਸੇ ਅੰਮੜੀ ਦੇ
ਸ਼ਾਇਦ ਪੁੱਤ ਨੂੰ ਚਿਖਾ 'ਤੇ ਤੋਰਦੀ ਏ।
ਚਿੜੀ ਰੋਂਦੀ ਹੈ ਬਿਰਖ ਦੀ ਡਾਲ ਉਤੇ
ਟੁੱਟੇ ਆਲਣੇ 'ਚੋਂ ਬੁਟੜੇ ਲੋਚਦੀ ਏ।
ਅੰਮੀ ਵੀ ਖੌਰੇ ਅੱਜ ਮੈਨੂੰ
ਸਗੀ ਚਿੜੀ ਦੀ ਭੈਣ ਜਿਉਂ ਲੱਗੀ ਏ।
ਏਹਨੂੰ ਕਿਸ ਤਨ ਦੀ ਹਾ ਲੱਗੀ ਏ
ਮੇਰੇ ਪਿੰਡ 'ਚ ਸਿਵੇ ਦੀ 'ਵਾ ਵਗੀ ਏ।

ਇਹਦੀਆਂ ਕੰਧਾਂ ਪਈਆਂ ਕੰਬਦੀਆਂ ਨੇ
ਇਹਦੀਆਂ ਬਾਰੀਆਂ ਪਈਆਂ ਰੋਂਦੀਆਂ ਨੇ।
ਮੋਏ ਗਏ ਟੱਬਰਾਂ ਦੀ ਖਾਕ ਉਤੇ
ਪਈਆਂ ਸੋਹਿਲੇ ਗਾਉਂਦੀਆਂ ਨੇ।
ਕਿਸ ਲੁੱਟ ਲਈ ਹਵਾ ਦੀ ਹਲਚਲ
ਬੇਰੀ ਕਿਉਂ ਖੜ੍ਹੀ ਜਿਉਂ ਗਈ ਠੱਗੀ ਏ।
ਏਹਨੂੰ ਕਿਸ ਤਨ ਦੀ ਹਾ ਲੱਗੀ ਏ
ਮੇਰੇ ਪਿੰਡ 'ਚ ਸਿਵੇ ਦੀ 'ਵਾ ਵਗੀ ਏ।
ਇੱਥੇ ਸਿਖਰ ਦੁਪਹਿਰ ਹੋਣ ਹਨੇਰ
ਮੌਤ ਪੌਣ ਵਿਚ ਹੈ ਮਹਿਕ ਰਹੀ।
ਇਹਦੀ ਬੀਹੀ ਖੜ੍ਹੇ ਹਿਟਲਰ, ਗਾਂਧੀ
ਇਹਦੀ ਜੂਹ ਹਰ ਪਲ ਸਹਿਕ ਰਹੀ।
ਸੁਣਾਉਂਦੀ ਏ ਦਾਸਤਾਨ ਲਹੂ 'ਚ ਡੁਬੋ
ਜਿਉਂ ਧਰਤ ਹਵਾ ਵਿਚ ਰੰਗੀ ਏ।
ਏਹਨੂੰ ਕਿਸ ਤਨ ਦੀ ਹਾ ਲੱਗੀ ਏ
ਮੇਰੇ ਪਿੰਡ 'ਚ ਸਿਵੇ ਦੀ 'ਵਾ ਵਗੀ ਏ।

***-ਸੁਖਵਿੰਦਰ ਵੈਦ***

# ਰਾਜਿੰਦਰ ਸਿੰਘ ਬੇਦੀ

***ਮਰਹੂਮ ਲਿਖਾਰੀ ਪ੍ਰੋ. ਪ੍ਰੀਤਮ ਸਿੰਘ (ਪਟਿਆਲਾ) ਨੇ 'ਮੂਰਤਾਂ' ਸਿਰਲੇਖ ਹੇਠ ਸਾਹਿਤ-ਸਮਾਜਿਕ ਜਗਤ ਦੀਆਂ ਕੁਝ ਉਘੀਆਂ ਸ਼ਖਸੀਅਤਾਂ ਦੇ ਰੇਖਾ ਚਿੱਤਰ ਉਲੀਕੇ ਹਨ। ਉਨ੍ਹਾਂ ਵੱਲੋਂ ਵਾਹੀਆਂ ਇਹ ਮੂਰਤਾਂ ਬੜੀਆਂ ਦਿਲਚਸਪ ਅਤੇ ਗਿਆਨ ਵਿਚ ਵਾਧਾ ਕਰਨ ਵਾਲੀਆਂ ਹਨ। ਇਸ ਵਾਰ ਅਸੀਂ ਉਨ੍ਹਾਂ ਵੱਲੋਂ ਉਰਦੂ ਦੇ ਚੋਟੀ ਦੇ ਲਿਖਾਰੀ ਰਾਜਿੰਦਰ ਸਿੰਘ ਬੇਦੀ ਦੀ ਵਾਹੀ ਮੂਰਤ ਆਪਣੇ ਪਾਠਕਾਂ ਦੇ ਰੂ-ਬ-ਰੂ ਕਰ ਰਹੇ ਹਾਂ। ਇਹ ਮੂਰਤ ਉਨ੍ਹਾਂ ਦੀਆਂ ਉਰਦੂ ਤੋਂ ਅਨੁਵਾਦ ਕੀਤੀਆਂ ਕਹਾਣੀਆਂ ਵਾਲੀ ਘਟਨਾ ਨੂੰ ਆਧਾਰ ਬਣਾ ਕੇ ਵਾਹੀ ਗਈ ਹੈ। -ਸੰਪਾਦਕ***



ਇਕ ਮਹੀਨੇ ਸਬੱਬ ਨਾਲ ਤਿੰਨ ਰਿਸਾਲਿਆਂ ਤੇ ਦੋ ਅਖਬਾਰਾਂ ਦੇ ਐਤਵਾਰੀ ਐਡੀਸ਼ਨਾਂ ਵਿਚ ਮੇਰੀਆਂ ਅਨੁਵਾਦੀਆਂ ਰਾਜਿੰਦਰ ਸਿੰਘ ਬੇਦੀ ਦੀਆਂ ਕਹਾਣੀਆਂ ਛਪੀਆਂ ਤਾਂ ਚੰਡੀਗੜ੍ਹ ਦੇ ਮੇਰੇ ਕਵੀ ਮਿੱਤਰ, ਜੋ ਹਾਈ ਕੋਰਟ ਵਿਚ ਵਕਾਲਤ ਕਰਦੇ ਹਨ, ਨੇ ਟਿੱਚਰ ਵਜੋਂ, ਮੈਨੂੰ ਕਿਹਾ, "ਐਤਕੀਂ ਤਾਂ ਤੁਸੀਂ ਬੇਦੀ ਦੀਆਂ ਕਹਾਣੀਆਂ ਦਾ ਮੀਂਹ ਵਸਾ ਦਿੱਤੈ।"

ਮੈਂ ਮੁਸਕਰਾ ਕੇ ਚੁੱਪ ਰਿਹਾ।

ਉਨ੍ਹਾਂ ਪੁੱਛਿਆ, "ਵੰਡ ਤੋਂ ਪਹਿਲਾਂ ਬੇਦੀ ਸਾਹਿਬ ਵੀ ਲਾਹੌਰ ਹੀ ਹੁੰਦੇ ਸਨ ਨਾ?"

ਮੈਂ ਹਾਮੀ ਭਰੀ, "ਜੀ, ਲਾਹੌਰ ਹੀ ਹੁੰਦੇ ਸਨ।"

"ਫੇਰ ਤੁਹਾਡੀ ਸਾਂਝ ਤਾਂ ਬਹੁਤ ਪੁਰਾਣੀ ਹੈ। ਹੁਣ ਸਮਝ ਆਈ ਹੈ ਕਿ ਆਪਣੇ ਦੋਸਤ ਨੂੰ ਏਨਾ ਕਿਉਂ ਚਮਕਾ ਰਹੇ ਹੋ। ਜਿਹੜਾ ਪਰਚਾ ਚੁੱਕੋ, ਬੇਦੀ; ਜਿਹੜਾ ਅਖਬਾਰ ਚੁੱਕੋ, ਬੇਦੀ! ਬੰਦਾ ਦੋਸਤੀ ਨਿਭਾਏ ਤਾਂ ਤੁਹਾਡੇ ਵਾਂਗ-ਮਰੇ ਨੂੰ ਵੀ ਜਿਉਂਦਿਆਂ ਵਿਚ ਖੜ੍ਹਾ ਰੱਖੇ। ਅਸ਼ਕੇ ਤੁਹਾਡੇ।"

ਮੈਂ ਚੁੱਪ ਰਿਹਾ, ਪਰ ਕਿਉਂਕਿ ਬੇਦੀ ਸਾਹਿਬ ਦੀਆਂ ਕਹਾਣੀਆਂ ਦੇ ਲਗਾਤਾਰ ਅਨੁਵਾਦ ਦੇ ਪਿਛੇ ਦੋਸਤੀ ਨਾਲੋਂ ਕਿਸੇ ਵੱਖਰੇ ਬੰਧਨ ਦਾ ਹੱਥ ਸੀ, ਇਸ ਲਈ ਮੈਂ ਮਹਿਸੂਸ ਕੀਤਾ, ਜਿਵੇਂ ਮੇਰੇ ਕਵੀ-



## ਪ੍ਰੋ. ਪ੍ਰੀਤਮ ਸਿੰਘ

ਮਿੱਤਰ ਨੂੰ ਭੁਲੇਖਾ ਹੈ ਕਿ ਇਨ੍ਹਾਂ ਕਹਾਣੀਆਂ ਨਾਲ ਮੇਰੇ ਲਗਾਉ ਦੇ ਪਿਛੇ ਬੇਦੀ ਹੁਰਾਂ ਨਾਲ ਮੇਰੇ ਨਿੱਘੇ ਜ਼ਾਤੀ ਸਬੰਧਾਂ ਦੀ ਰਿਆਇਤ ਕੰਮ ਕਰ ਰਹੀ ਹੈ, ਇਸੇ ਤਰ੍ਹਾਂ ਹੋਰ ਵੀ ਬਥੇਰੇ ਮਿੱਤਰ ਇਹੋ ਜਿਹੇ ਕਈ ਭੁਲੇਖੇ ਪਾਲ ਰਹੇ ਹੋਣਗੇ। ਸੋ ਬੇਦੀ ਸਾਹਿਬ ਨਾਲ ਆਪਣੇ ਸਬੰਧਾਂ ਤੇ ਕਹਾਣੀਆਂ ਨਾਲ ਆਪਣੇ ਗਹਿਰੇ ਲਗਾਉ ਦੀ ਅਸਲੀਅਤ ਦੱਸਣ ਦੀ ਲੋੜ ਹੈ।

(2)

ਜੇ ਸਹੁੰ ਖਵਾਓ ਤਾਂ ਮੈਨੂੰ ਕਹਿਣਾ ਪਵੇਗਾ ਕਿ ਮੈਂ ਲਾਹੌਰ ਵਿਚ ਰਹਿੰਦਿਆਂ ਰਾਜਿੰਦਰ ਸਿੰਘ ਬੇਦੀ ਨੂੰ ਜਾਣਦਾ ਸਾਂ, ਪਰ ਜੇ ਸਹੁੰ ਨਾ ਖਵਾਓ ਤਾਂ ਮੇਰਾ ਜਵਾਬ ਇਸ ਦੇ ਬਿਲਕੁਲ ਉਲਟ ਹੋਵੇਗਾ।

ਜਾਣਦਾ ਤਾਂ ਏਸ ਤਰ੍ਹਾਂ ਸਾਂ ਕਿ ਉਨ੍ਹਾਂ ਦਾ ਛੋਟਾ ਵੀਰ ਨਰਿੰਦਰ ਸਿੰਘ ਕਿਸੇ ਮੁਕਾਬਲੇ ਦੇ ਇਮਤਿਹਾਨ ਵਿਚ ਪਾਸ ਹੋ ਕੇ ਸਰਕਾਰੀ ਅਫਸਰ ਲੱਗਣ ਤੋਂ ਪਹਿਲਾਂ ਸਿੱਖ ਨੈਸ਼ਨਲ ਕਾਲਜ, ਲਾਹੌਰ ਵਿਚ ਮੇਰਾ ਅਧਿਆਪਕ-ਸਾਥੀ ਹੁੰਦਾ ਸੀ। ਉਸ ਨਾਲ ਮੇਰੀ ਬਹੁਤ ਡੂੰਘੀ ਅਪਣੱਤ ਨਹੀਂ ਸੀ, ਪਰ ਫਤਿਹ-ਫਤੂਹੀ ਤਾਂ ਹੈ ਹੀ ਸੀ। ਉਸ ਨੂੰ ਵੇਖਣ ਜਾਂ ਮਿਲਣ ਨਾਲ ਬੇਦੀ ਸਾਹਿਬ ਦੀ ਯਾਦ ਸਹਿਜੇ ਹੀ ਤਾਜ਼ਾ ਹੋ ਜਾਂਦੀ ਸੀ। ਬੇਦੀ ਸਾਹਿਬ ਦੀ ਕੋਈ ਨਵੀਂ ਕਹਾਣੀ ਛਪਦੀ ਤਾਂ ਬੇਦੀ ਸਾਹਿਬ ਦਾ ਅਣਦੇਖਿਆ ਕਲਬੂਤ ਸਾਹਮਣੇ ਆ ਖੜ੍ਹਾ ਹੁੰਦਾ। ਕਿਸੇ ਅਖਬਾਰ ਜਾਂ ਰਿਸਾਲੇ ਵਿਚ ਉਨ੍ਹਾਂ ਦੇ ਹੱਕ ਜਾਂ ਵਿਰੋਧ ਵਿਚ ਚਰਚਾ ਛਪਦੀ ਤਾਂ ਵੀ ਉਹ ਹਾਜ਼ਰ-ਨਾਜ਼ਰ ਹੁੰਦੇ।

ਇਕ ਵਾਰੀ 'ਐਨੀਥਿੰਗੇਰੀਅਨਜ਼' ਦੀ ਬੈਠਕ ਪ੍ਰੋ. ਗੁਰਬਚਨ ਸਿੰਘ ਤਾਲਿਬ ਦੇ ਘਰ ਹੋਣੀ ਸੀ। ਕਾਲਜ ਵਿਚ ਇਕ ਦੂਜੇ ਦੇ ਕੁਝ ਵਧੇਰੇ ਨੇੜ ਵਾਲੇ ਬਾਰਾਂ-ਚੌਦਾਂ ਲੈਕਚਰਾਰਾਂ ਨੇ ਰਲ ਕੇ ਆਪਣੀ ਸੱਥ ਜਿਹੀ ਬਣਾਈ ਹੋਈ ਸੀ, ਜਿਸ ਦਾ ਨਾਂ 'ਐਨੀਥਿੰਗੇਰੀਅਨਜ਼' ਰੱਖਿਆ ਹੋਇਆ ਸੀ। ਹਰ ਮਹੀਨੇ ਦੇ ਪਹਿਲੇ ਐਤਵਾਰ ਕਦੇ ਇਕ ਮੈਂਬਰ ਦੇ ਘਰ ਤੇ ਕਦੇ ਦੂਜੇ ਦੇ ਘਰ ਇਹ ਨਿੰਦਿਆ-ਦਰਬਾਰ ਲਗਦਾ ਸੀ। ਬਾਨ੍ਹ ਇਕੋ ਸੀ ਕਿ ਮੇਜ਼ਬਾਨ ਨੇ ਪ੍ਰਾਹੁਣਚਾਰੀ ਉਤੇ ਤਿੰਨ ਰੁਪਈਆਂ ਤੋਂ ਵੱਧ ਇਕ ਪੈਸਾ ਵੀ ਨਹੀਂ ਖਰਚਣਾ। ਸਿਰਫ ਮੇਜ਼ਬਾਨ ਨੂੰ ਪ੍ਰਾਹੁਣੇ ਬੁਲਾਉਣ ਦਾ ਹੱਕ ਸੀ। ਤਾਲਿਬ ਸਾਹਿਬ ਨੇ ਆਪਣੇ ਹੱਕ ਦੀ ਵਰਤੋਂ ਕਰਦਿਆਂ ਆਪਣੇ ਮਿੱਤਰ ਰਾਜਿੰਦਰ ਸਿੰਘ ਬੇਦੀ ਨੂੰ ਬੁਲਾਇਆ ਹੋਇਆ ਸੀ। ਬੇਦੀ ਸਾਹਿਬ ਨਾਲ ਮੇਰੀ ਪਹਿਲੀ ਆਹਮੋ-ਸਾਹਮਣੀ ਮੁਲਾਕਾਤ ਉਸ ਬੈਠਕ ਵਿਚ ਹੋਈ। ਨਾਮ ਬੜੇ ਔਰ ਦਰਸ਼ਨ ਛੋਟੇ! ਆਪਣੇ ਨਾਂ ਦੇ ਮੁਕਾਬਲੇ ਉਤੇ ਪਿੱਦਾ ਜਿਹਾ ਲੱਗਿਆ ਮੈਨੂੰ ਤਾਲਿਬ ਸਾਹਿਬ ਦੀ ਨਰੋਈ ਦੇਹ ਦੀ ਕੱਛ ਵਿਚ ਬੈਠਾ ਹੋਇਆ, ਇਹ ਬੇਦੀ। ਮੈਂ ਤਾਂ ਉਸ ਨੂੰ ਚੰਗੀ ਤਰ੍ਹਾਂ ਵੇਖਿਆ ਤਾਂ ਜੋ ਲੋੜ ਪੈਣ ਉਤੇ ਪਛਾਣ ਸਕਾਂ, ਪਰ ਮੈਨੂੰ ਯਕੀਨ ਹੈ, ਪ੍ਰੋਫੈਸਰਾਂ ਦੇ ਏਨੇ ਜਮਘਟੇ ਵਿਚ ਮੇਰੇ ਨਾਂ ਤੇ ਮੇਰੀ ਸ਼ਕਲ ਦਾ ਜੋੜ ਉਸ ਦੇ ਜ਼ਿਹਨ ਵਿਚ ਬਿਲਕੁਲ ਨਹੀਂ ਜੁੜਿਆ ਹੋਣਾ। ਸਿਵਾਏ ਪ੍ਰੋਫੈਸਰੀ ਦੇ, ਜੋ ਉਸ ਬੈਠਕ ਵਿਚ ਥੋਕ ਦੇ ਹਿਸਾਬ ਨਾਲ ਮੌਜੂਦ ਸੀ, ਮੇਰੀ ਹੋਰ ਪਛਾਣ ਓਸ ਵੇਲੇ ਸੀ ਵੀ ਕਿਹੜੀ?

ਦੇਸ਼ ਦੀ ਵੰਡ ਪਿਛੋਂ, ਜਦੋਂ ਸਾਹਿਤ ਤੇ ਫਿਲਮ ਜਗਤ ਵਿਚ ਬੇਦੀ ਸਾਹਿਬ ਦਾ ਕੱਦ-ਬੁੱਤ ਢੇਰ ਉਚਾ ਹੋ ਗਿਆ ਸੀ, ਓਦੋਂ ਉਸ ਨੂੰ ਮਹਿੰਗੇ ਦਰਜੀਆਂ ਨੇ ਬੜੇ ਵਧੀਆ ਤੇ ਫਬਵੇਂ ਸੂਟ ਪਹਿਨਾ ਕੇ ਤੇ ਚੀਨੀ ਮੋਚੀਆਂ ਨੇ ਉਚੀ ਅੱਡੀ ਵਾਲੇ ਲਿਸ਼ਕਦੇ ਬੂਟ ਪੁਆ ਕੇ ਦਰਸ਼ਨੀ ਸ਼ਖਸੀਅਤ ਦਾ ਮਾਲਕ ਬਣਾ ਦਿੱਤਾ ਸੀ, ਪਰ 'ਐਨੀਥਿੰਗੇਰੀਅਨਜ਼' ਦੀ ਜਿਸ ਮੀਟਿੰਗ ਦੀ ਮੈਂ ਗੱਲ ਕੀਤੀ ਹੈ, ਉਸ ਵਿਚ ਉਸ ਦਿਨ ਉਹ ਖੁੱਥਾ ਜਿਹਾ ਡਾਕਖ਼ਾਨੇ ਦਾ ਕਲਰਕ ਹੀ ਲਗ ਰਿਹਾ ਸੀ। ਰੰਗ ਪੱਕਾ, ਕੱਦ ਛੋਟਾ ਤੇ ਸਰੀਰ ਉਤੇ ਕੰਜੂਸੀ ਨਾਲ ਚੜ੍ਹਿਆ ਮਾਸ ਦਾ ਉਛਾੜ, ਪਰ ਨੈਣ ਨਕਸ਼ ਓਦੋਂ ਵੀ ਧਿਆਨ ਖਿੱਚਦੇ ਸਨ। ਉਸ ਦੀ ਹਾਜ਼ਰ-ਜਵਾਬੀ, ਕਹਾਣੀ ਕਲਾ ਵਿਚ ਨਿਪੁੰਨਤਾ ਤੇ ਉਰਦੂ ਜ਼ਬਾਨ ਉਤੇ ਉਸ ਦੇ ਵਸੀਕਾਰ ਦੀ ਚਰਚਾ ਲਾਹੌਰ ਦੇ ਜਾਣਕਾਰ ਹਲਕਿਆਂ ਵਿਚ ਚਲ ਨਿਕਲੀ ਸੀ, ਪਰ ਮੇਰਾ ਤੇ ਉਸ ਦਾ ਮੇਲ ਕਿਸੇ ਅਜਿਹੇ ਮੌਕੇ ਉਤੇ ਨਾ ਹੋ ਸਕਿਆ ਜਿਥੇ ਮੈਨੂੰ ਉਸ ਦੇ ਮੂੰਹੋਂ ਉਸ ਦੀ ਫੁਰਤੀਲੀ ਸੋਚ ਤੇ ਸ਼ੋਖ ਫਿਕਰੇਬਾਜ਼ੀ ਸੁਣਨ ਦਾ ਸੁਭਾਗ ਮਿਲ ਸਕਦਾ। ਇਸ ਲਈ ਇਹੀ ਕਹਿਣਾ ਬਣਦਾ ਹੈ ਕਿ ਮੈਂ ਲਾਹੌਰੀਏ ਬੇਦੀ ਨੂੰ ਨਹੀਂ ਸਾਂ ਜਾਣਦਾ।

(3)

ਲਾਹੌਰ ਤਾਂ ਭਲਾ ਸ਼ਹਿਰਾਂ ਵਿਚੋਂ ਸ਼ਹਿਰ ਸੀ, ਜਿਸ ਬਾਰੇ ਲਾਹੌਰੀਆਂ ਦੀ ਉਕਤੀ ਸੀ ਕਿ ਜਿਸ ਕਿਸੇ ਨੇ ਲਾਹੌਰ ਨਹੀਂ ਵੇਖਿਆ, ਉਹ ਸਮਝੋ ਜੰਮਿਆ ਹੀ ਨਹੀਂ! ਓਥੇ ਹਰ ਤਰ੍ਹਾਂ ਦਾ ਬੰਦਾ, ਹਰ ਤਰ੍ਹਾਂ ਦੀ ਚੀਜ਼, ਹਰ ਵੇਲੇ ਤੁਹਾਡੀ ਪਹੁੰਚ ਵਿਚ ਹੁੰਦੀ ਸੀ, ਪਰ ਦੇਸ਼ ਦੀ ਵੰਡ ਪਿਛੋਂ ਹਿੰਦੁਸਤਾਨੀ ਪੰਜਾਬ ਵਿਚ ਇਕ ਸ਼ਹਿਰ ਵੀ ਨਹੀਂ ਸੀ, ਜੋ ਲਾਹੌਰ ਦਾ ਸਾਨੀ ਅਖਵਾ ਸਕਦਾ-ਸਣੇ ਅੰਬਰਸਰ ਦੇ। ਉਜੜੇ ਹੋਏ ਲਾਹੌਰੀ ਬੁੱਧੀਜੀਵੀਆਂ ਨੂੰ ਸਾਰੇ ਹਿੰਦੁਸਤਾਨ ਵਿਚ ਬੀਜਾਂ ਦੀ ਤਰ੍ਹਾਂ ਖਿਲਰਨਾ ਪੈ ਗਿਆ। ਕੋਈ ਜਲੰਧਰ, ਕੋਈ ਦਿੱਲੀ, ਕੋਈ ਲਖਨਊ, ਕੋਈ ਬੰਬਈ (ਹੁਣ ਮੁੰਬਈ), ਕੋਈ ਕਲਕੱਤੇ (ਕੋਲਕਾਤਾ), ਕੋਈ ਮਦਰਾਸ ਤੇ ਬਾਕੀ ਦੇ ਸੱਤ ਸਮੁੰਦਰੋਂ ਪਾਰ। ਉਨ੍ਹਾਂ ਨੇ ਰਿਜਕ ਦੀ ਭਾਲ ਵਿਚ ਕਈ ਥਾਈਂ ਪੈਰ ਜਮਾਉਣ ਦੀ ਕੋਸ਼ਿਸ਼ ਕੀਤੀ, ਕਈ ਘਾਟਾਂ ਦਾ ਪਾਣੀ ਪੀਤਾ ਤੇ ਫੇਰ ਕਿਤੇ ਜਾ ਕੇ ਪੱਕੇ ਪੈਰੀਂ ਟਿਕ ਸਕੇ। ਬੇਦੀ ਹੁਰੀਂ ਵੀ ਬਥੇਰੇ ਖੱਜਲ ਹੋਏ, ਅਖੀਰ ਮਹਾਨਗਰ ਬੰਬਈ ਰਾਸ ਆਇਆ। ਏਥੋਂ ਦੇ ਫਿਲਮਾਸਾਜ਼ ਕਹਾਣੀਆਂ ਖਰੀਦ ਸਕਦੇ ਸਨ, ਵਾਰਤਾਲਾਪ ਲਿਖਣਾ ਵੀ ਪੇਸ਼ਾ ਬਣ ਚੁੱਕਾ ਸੀ; ਹੋਰ ਕੁਝ ਨਹੀਂ, ਤਾਂ ਬੰਦਾ ਆਪ ਫਿਲਮ ਬਣਾ ਸਕਦਾ ਸੀ। ਇਕ ਤੋਂ ਇਕ ਚੜ੍ਹਦੀ ਕਾਮਨੀ ਦੀ ਸੰਗਤ ਤੇ ਕੁਸੰਗਤ ਏਥੇ ਪ੍ਰਾਪਤ ਸੀ; ਪ੍ਰਗਤੀਵਾਦੀ ਸੁਰੱਖਿਆ ਦੀ ਹਮਖਿਆਲ ਸੁਹਬਤ ਮੌਜੂਦ ਸੀ; ਧਾਰਮਿਕ ਤੇ ਸਮਾਜਿਕ ਰਹਿਤਾਂ ਤੋਂ ਬੇਮੁਖਤਾ ਵਰਤਣ ਵਾਲੇ ਲਈ ਬੜਾ ਸਹਿੰਦੜ ਮਾਹੌਲ ਸੀ।

ਬੰਬਈ ਦਾ ਵਾਸ ਉਨ੍ਹਾਂ ਨੂੰ ਸੂਤ ਬੈਠ ਗਿਆ, ਭਾਵੇਂ ਇਸ ਦੀ ਕੀਮਤ ਵਜੋਂ ਘਰੋਗੀ ਸੁਖ ਦੀ ਕੁਰਬਾਨੀ ਦੇਣੀ ਪਈ। ਏਧਰ ਮੈਨੂੰ ਦਾਣੇ-ਪਾਣੀ ਨੇ ਪੰਜਾਬ ਵਿਚ ਤਾੜੀ ਰੱਖਿਆ। ਤੰਗਦਸਤੀ ਵਿਚ ਕਿਸੇ ਨੂੰ ਮਿਲਣ ਲਈ ਉਚੇਚਾ ਪਟਿਆਲੇ ਤੋਂ ਬੰਬਈ ਜਾਣਾ ਮੇਰੇ ਸੁਭਾ ਦਾ ਹਿੱਸਾ ਨਹੀਂ, ਭਾਵੇਂ ਅੱਗੋਂ ਮਿਲਣ ਵਾਲਾ ਰਾਜਿੰਦਰ ਸਿੰਘ ਬੇਦੀ ਹੀ ਕਿਉਂ ਨਾ ਹੋਵੇ। ਸੋ ਜੇ ਨਿੱਘੇ ਜ਼ਾਤੀ ਸਬੰਧਾਂ ਨੂੰ ਜਾਣਕਾਰੀ ਦੀ ਕਸਵੱਟੀ ਬਣਾਉਣਾ ਹੋਵੇ ਤਾਂ ਇਸ ਮਾਮਲੇ ਵਿਚ ਹਾਲਾਤ ਲਾਹੌਰ ਤੋਂ ਵੀ ਗਈ ਗੁਜ਼ਰੀ ਸੀ। ਲਾਹੌਰ ਵਿਚ ਤਾਂ ਮਿਲਣ ਦੀਆਂ ਸੰਭਾਵਨਾਵਾਂ ਦਾ ਕੋਈ ਅੰਤ ਨਹੀਂ ਸੀ, ਪਰ ਏਥੇ ਉਕਾ ਪਤਾ ਨਹੀਂ ਸੀ, ਕਦੀ ਸੰਭਾਵਨਾ ਨੂੰ ਭਾਗ ਲੱਗਣਗੇ ਵੀ ਕਿ ਨਹੀਂ। ਫਰਕ ਸਿਰਫ ਏਨਾ ਪਿਆ ਸੀ, ਜਿਵੇਂ ਬੇਦੀ ਹੁਰਾਂ ਦਾ ਨਾਂ ਕਈ ਦੇਸ਼ਾਂ ਦੀਆਂ ਭੂਗੋਲਿਕ ਸਰਹੱਦਾਂ ਉਲੰਘ ਗਿਆ ਸੀ, ਮੇਰਾ ਨਾਂ ਵੀ ਪੰਜਾਬ ਅੰਦਰਲੇ ਕੁਝ ਵਿਦਿਅਕ-ਸਭਿਆਚਾਰਕ ਅਦਾਰਿਆਂ ਦੀਆਂ ਸਰਹੱਦਾਂ ਟੱਪਣ ਲਗ ਪਿਆ ਸੀ। ਲਾਹੌਰ ਵਾਲੀ ਅਗਿਆਤ ਹੋਣ ਦੀ ਮੌਜ ਦਾ ਖਾਤਮਾ ਹੋ ਚੁੱਕਾ ਸੀ। ਲਗਦਾ ਹੈ, ਬੇਦੀ ਸਾਹਿਬ ਨੂੰ ਵੀ ਮੇਰੀ ਤੇ ਮੇਰੇ ਨਾਂ ਦੀ ਜੁਗਲਬੰਦੀ ਦੀ ਸਿਹਾਣ ਹੋਣ ਲਗ ਪਈ ਸੀ-ਸ਼ਾਇਦ ਇਸ ਕਰ ਕੇ ਕਿ ਇਕ ਵਾਰੀ ਅਸੀਂ ਰੱਬ-ਸਬੱਬੀਂ, ਬੜੀ ਲੰਮੀ ਤੇ ਬਹੁਪੱਖੀ ਬੈਠਕ ਵਿਚ ਇਕੱਠੇ ਹੋ ਗਏ ਸਾਂ। ਬੈਠਕ ਪ੍ਰੋ. ਮੋਹਨ ਸਿੰਘ ਦੇ ਘਰ ਜਲੰਧਰ ਵਿਚ ਸਾਰੀ ਰਾਤ ਚਲਦੀ ਰਹੀ ਸੀ। ਇਸ ਵਿਚ ਗੌਰਮਿੰਟ ਕਾਲਜ, ਲਾਹੌਰ ਦੇ ਪ੍ਰੋ. ਸਫਦਰ ਮੀਰ ਹੁਰੀਂ ਵੀ ਹਾਜ਼ਰ ਸਨ। ਏਥੇ ਬੇਦੀ ਸਾਹਿਬ ਦੇ ਮੂੰਹੋਂ ਉਨ੍ਹਾਂ ਦੇ ਜਵਾਬੀ ਲਤੀਫੇ ਸੁਣਨ ਦਾ ਅਭੁੱਲ ਮੌਕਾ ਮਿਲਿਆ। ਚੱਲਦੀ ਚੱਲਦੀ ਗੱਲ ਚੱਲ ਨਿਕਲੀ ਉਨ੍ਹਾਂ ਲਤੀਫਿਆਂ ਦੀ, ਜੋ ਪਾਕਿਸਤਾਨ ਵਿਚ ਸਿੱਖਾਂ ਬਾਰੇ ਚਾਲੂ ਸਨ। ਪ੍ਰੋ. ਸਫਦਰ ਮੀਰ ਹੁਰਾਂ ਜਿਹੜੇ ਲਤੀਫੇ ਸੁਣਾਏ, ਉਨ੍ਹਾਂ ਵਿਚੋਂ ਇਕ ਸੀ, 'ਪਹਿਲਾਂ ਸੋਚ ਕਮੇਟੀ' ਵਾਲਾ:

ਸਿੱਖਾਂ ਦੇ ਇਕ ਪਿੰਡ ਦੀ ਪੰਚਾਇਤ ਇਸ ਗੱਲੋਂ ਬੜੀ ਅਵਾਜ਼ਾਰ ਸੀ ਕਿ ਸਾਡੇ ਲੋਕ ਬਿਨਾਂ ਸੋਚੇ-ਸਮਝੇ ਪਹਿਲਾਂ ਕੁਝ ਕਰ ਬੈਠਦੇ ਨੇ ਤੇ ਜਦੋਂ ਨਤੀਜਾ ਉਲਟਾ ਪੈ ਜਾਂਦੈ ਤਾਂ ਬੈਠ ਜਾਂਦੇ ਨੇ ਝੁਰਨ। ਦਿਮਾਗ ਖੁਰਚ ਖੁਰਚ ਕੇ ਸਿਆਣਿਆਂ ਦੀ 'ਪਹਿਲਾਂ ਸੋਚ ਕਮੇਟੀ' ਬਣਾਉਣ ਦਾ ਫੈਸਲਾ ਹੋਇਆ। ਕਮੇਟੀ ਬਣਾ ਕੇ ਡੌਂਡੀ ਪਿਟਵਾ ਦਿੱਤੀ ਗਈ। ਕੋਈ ਵੀ ਮਾਮਲਾ ਪਹਿਲਾਂ ਸੋਚਣ ਲਈ ਪੇਸ਼ ਕੀਤਾ ਜਾ ਸਕਦੈ। ਪਹਿਲਾ ਮੁਕੱਦਮਾ ਇਕ ਖੇਤ ਦੇ ਮਾਲਕ ਵੱਲੋਂ ਪੇਸ਼ ਹੋਇਆ। ਪਿੰਡ ਦੇ ਬੱਚੇ ਸਕੂਲ ਜਾਂਦਿਆਂ ਤੇ ਮੁੜਦਿਆਂ, ਗੰਨਿਆਂ ਦੇ ਲਾਲਚ ਵਿਚ ਉਸ ਦੀ ਢੇਰ ਸਾਰੀ ਪੈਲੀ ਬਰਬਾਦ ਕਰ ਦੇਂਦੇ ਸਨ। ਮਾਲਕ ਦੀ ਦਰਖਾਸਤ ਸੀ ਕਿ ਉਸ ਨੂੰ ਡੂੰਘੀ ਸੋਚ ਪਿਛੋਂ, ਇਸ ਬਰਬਾਦੀ ਤੋਂ ਬਚਣ ਦਾ ਉਪਾਓ ਦੱਸਿਆ ਜਾਵੇ। 'ਪਹਿਲਾਂ ਸੋਚ ਕਮੇਟੀ' ਦੇ ਸਿਆਣੇ ਮੈਂਬਰ ਸਿਰ ਜੋੜ ਕੇ ਲੱਗੇ ਸੋਚਣ। ਦੋ ਚਾਰ ਬੈਠਕਾਂ ਪਿਛੋਂ ਕਮੇਟੀ ਇਸ ਨਤੀਜੇ ਉਤੇ ਪਹੁੰਚੀ ਕਿ ਬੁਨਿਆਦੀ ਕਸੂਰ ਖੇਤ ਦੇ ਮਾਲਕ ਦਾ ਹੈ, ਜਿਸ ਨੇ ਬੱਚਿਆਂ ਦੇ ਰਾਹ ਵਿਚ ਗੰਨੇ ਬੀਜ ਕੇ ਪਿੰਡ ਦੀ ਅੱਲੀ ਪਨੀਰੀ ਨੂੰ ਚੋਰੀ ਕਰਨ ਦਾ ਲਾਲਚ ਪੇਸ਼ ਕੀਤਾ ਹੈ। ਸਕੂਲ ਆਪਣੀ ਥਾਂ ਤੋਂ ਹਟਾਇਆ ਨਹੀਂ ਜਾ ਸਕਦਾ, ਖੇਤ ਵੀ ਆਪਣੀ ਥਾਂ ਤੋਂ ਹਟ ਨਹੀਂ ਸਕਦਾ, ਪਰ ਫਸਲ ਬੜੀ ਸੌਖ ਨਾਲ ਹਟਾਈ ਜਾ ਸਕਦੀ ਹੈ। ਸੋ ਮੁਕੱਦਮੇ ਦੇ ਧੁਰ ਅੰਦਰੋਂ ਅਸਲ ਮੁੱਦਾ ਇਹ ਨਿਕਲਦਾ ਹੈ ਕਿ ਬੱਚਿਆਂ ਨੂੰ ਚੋਰੀ ਦੀ ਆਦਤ ਤੋਂ ਕਿਵੇਂ ਬਚਾਇਆ ਜਾਵੇ?

ਇਸ ਦਾ ਹੱਲ ਬਿਲਕੁਲ ਸੌਖਾ ਸੀ-ਬੱਚਿਆਂ ਦੇ ਰਾਹ ਵਿਚੋਂ ਕਮਾਦ ਹਟਾ ਦਿੱਤਾ ਜਾਏ, ਤਾਂ ਨਾ ਚੋਰੀ ਹੋਵੇਗੀ, ਨਾ ਚੋਰੀ ਦੀ ਸ਼ਿਕਾਇਤ ਰਹੇਗੀ। ਬਾਂਸ ਹੀ ਨਾ ਹੋਇਆ ਤਾਂ ਬੰਸਰੀ ਕਿਵੇਂ ਵੱਜੇਗੀ? ਤੇ ਇਸ ਤੋਂ ਪਹਿਲਾਂ ਕਿ ਮਾਲਕ ਨੂੰ ਖਬਰ ਹੁੰਦੀ, ਕਮੇਟੀ ਦੇ ਸਿਆਣੇ ਮੈਂਬਰਾਂ ਨੇ ਆਪ ਖੇਚਲ ਕੀਤੀ ਤੇ ਮੌਕੇ ਉਤੇ ਜਾ ਕੇ ਕਮਾਦ ਨੂੰ ਅੱਗ ਲਾ ਦਿੱਤੀ। ਕਮੇਟੀ ਨੇ ਇਕ ਗੱਲ ਹੋਰ ਵੀ ਕੀਤੀ-ਰਾਹ ਵਿਚ ਗੰਨੇ ਬੀਜ ਕੇ ਪਿੰਡ ਦੇ ਸਾਰੇ ਬੱਚਿਆਂ ਦੇ ਚਾਲ-ਚਲਨ ਨੂੰ ਵਿਗਾੜ ਸੁੱਟਣ ਦੇ ਸੰਗੀਨ ਜੁਰਮ ਵਿਚ ਮਾਲਕ ਨੂੰ ਮੁਨਾਸਬ ਡੰਨ ਲਾਉਣ ਦਾ ਮਾਮਲਾ, ਵਧੇਰੇ ਡੂੰਘਿਆਈ ਨਾਲ ਸੋਚਣ ਲਈ, ਅਗਲੀ ਬੈਠਕ ਤੱਕ ਮੁਲਤਵੀ ਕਰ ਦਿੱਤਾ।

ਅਜੇ ਇਹ ਲਤੀਫਾ ਮੁੱਕਿਆ ਨਹੀਂ ਸੀ ਕਿ ਬੇਦੀ ਸਾਹਿਬ ਨੇ ਝੱਟ ਵਾਰੀ ਬੋਚ ਲਈ। ਬੋਲੇ:

ਏਧਰ ਵੀ ਅੱਜ ਕੱਲ੍ਹ ਇਕ ਗੱਲ ਬੜੀ ਚੱਕਰ ਲਾ ਰਹੀ ਹੈ, ਹੋ ਸਕਦਾ ਹੈ, ਤੁਹਾਡੇ ਕੰਨੀਂ ਪੈ ਹੀ ਚੁੱਕੀ ਹੋਵੇ। ਇਕ ਨਿਹੰਗ ਤੇ ਮੌਲਵੀ ਇਕੱਠੇ ਕਿਸੇ ਪਿੰਡ ਵੱਲ ਜਾ ਰਹੇ ਸਨ। ਰਾਹ ਵਿਚ ਬਹੁਤ ਸੜ੍ਹਾਂਦ-ਮਾਰਦੇ, ਬੁਲਬੁਲੇ ਛੱਡਦੇ, ਖੜੋਤੇ ਪਾਣੀ ਦੀ ਗੰਦੀ ਖਾਲ ਜਿਹੀ ਟੱਪਣੀ ਪੈ ਗਈ। ਮੌਲਵੀ ਨੇ ਛਾਲ ਮਾਰੀ ਤੇ ਟੱਪ ਗਿਆ। ਨਿਹੰਗ ਵੀ ਟੱਪ ਤਾਂ ਗਿਆ, ਪਰ ਕੱਛੇ ਦੀ ਡੱਬ ਵਿਚ ਜਿਹੜਾ ਆਨਾ ਅੜੁੰਗਿਆ ਹੋਇਆ ਸੀ, ਉਹ ਖਾਲ ਵਿਚ ਜਾ ਪਿਆ। "ਠਹਿਰਿਓ, ਮੌਲਵੀ ਸਾਅਬ, ਫੌਜਾਂ ਦਾ ਖਜ਼ਾਨਾ ਏਸ ਗਾਰ ਵਿਚ ਜਾ ਪਿਐ, ਜਰਾ ਉਸ ਦੀ ਸਾਰ ਲੈ ਲਈਏ।" ਤੇ ਆਪਣੇ ਚੋਲੇ ਦੀ ਬਾਂਹ ਤੇ ਕੜੇ-ਕੁੜੇ ਉਚੇ ਕਰ ਕੇ ਗਾਰ ਫਰੋਲਣ ਲੱਗ ਪਿਆ ਅਤੇ ਨਾਲੋ-ਨਾਲ ਗੱਜ ਕੇ ਬੋਲਣ ਲਗ ਪਿਆ, "ਯਾ ਅੱਲਾਹ! ਫੌਜਾਂ ਦਾ ਖ਼ਜ਼ਾਨਾ ਲਭਾ ਦੇ; ਯਾ ਅੱਲਾਹ! ਫੌਜਾਂ ਦਾ ਖ਼ਜ਼ਾਨਾ ਲਭਾ ਦੇ।"

ਮੌਲਵੀ ਕੋਲੋਂ ਚੁੱਪ ਨਾ ਰਿਹਾ ਗਿਆ। ਉਹ ਫੁੱਟ ਈ ਪਿਆ, "ਕਿਉਂ ਓਏ ਨਿਹੰਗਾ! ਔਖੇ ਵੇਲੇ ਅਖੀਰ ਅੱਲਾਹ ਤਾਅਲਾ ਦਾ ਈ ਲੜ ਫੜਨਾ ਪਿਆ ਈ ਨਾ?"

ਨਿਹੰਗ ਨੇ ਬਦਬੂ-ਮਾਰਦੀ ਗਾਰ ਦੀ ਮੁੱਠ ਭਰ ਕੇ ਬਾਹਰ ਕੱਢੀ ਤੇ ਮੌਲਵੀ ਨੂੰ ਵਿਖਾਉਂਦਿਆਂ ਬੋਲਿਆ, "ਓਏ, ਕੁਝ ਤਾਂ ਅਕਲ ਕਰ ਭਲਿਆ ਮਾਣਸਾ! ਐਸ ਗੰਦ ਵਿਚ ਟੁੱਭੀ ਮਾਰਨ ਲਈ ਅੱਲਾਹ ਨੂੰ ਨਹੀਂ ਤਾਂ ਹੋਰ ਵਾਹਿਗੁਰੂ ਨੂੰ ਬੁਲਾਵਾਂ?"

ਇਹ ਸੀ ਬੇਦੀ ਦੇ ਆਪਣੇ ਮੂੰਹੋਂ ਸੁਣਿਆ ਲਤੀਫਾ। ਇਹੋ ਜਿਹੇ ਏਧਰੋਂ-ਓਧਰੋਂ ਪਹੁੰਚੇ ਲਤੀਫਿਆਂ, ਹਾਜ਼ਰ-ਜਵਾਬੀ ਦੇ ਚੁਸਤ ਨਮੂਨਿਆਂ, ਰਿਸਾਲਿਆਂ ਵਿਚ ਛਪਦੀਆਂ ਕਹਾਣੀਆਂ, ਫਿਲਮਾਂ ਤੇ ਸਾਹਿਤਕ ਵਿਵਾਦਾਂ ਰਾਹੀਂ ਬੇਦੀ ਹੁਰਾਂ ਨਾਲ ਮਾਨਸਿਕ ਸਬੰਧ ਜੋੜਨ ਦਾ ਮੇਰਾ ਸ਼ੁਗਲ ਤਾਂ ਬਣਿਆ ਰਿਹਾ, ਪਰ ਰਿਹਾ ਇਹ ਇਕ ਪਾਸੜ ਹੀ। ਸਪਸ਼ਟ ਹੈ ਕਿ ਇਨ੍ਹਾਂ ਨਾਲ ਬੇਦੀ ਦਾ ਨਿਜ-ਸਰੂਪ ਮੇਰੇ ਨਿਜ ਦਾ ਹਿੱਸਾ ਨਹੀਂ ਸੀ ਬਣ ਸਕਦਾ। ਇਹ ਹਿੱਸਾ ਬਣਨ ਲਈ ਦੁਪਾਸੀਂ ਵਧੇਰੇ ਸੰਘਣੇ ਜ਼ਾਤੀ ਨੇੜ ਦੀ ਲੋੜ ਸੀ। ਬਦਕਿਸਮਤੀ ਨਾਲ ਇਸ ਨੇੜ ਦਾ ਸਬੱਬ ਬਣ ਨਾ ਸਕਿਆ।



ਭੁਪਾਲ ਵਿਚ ਇਕ ਸਮਾਗਮ ਦੌਰਾਨ (ਖੱਬਿਓਂ) ਪ੍ਰੋ. ਦੇਸਨਵੀ, ਰਾਜਿੰਦਰ ਸਿੰਘ ਬੇਦੀ, ਅਸ਼ਫਾਕ ਅਲੀ ਤੇ ਬਲਵੰਤ ਸਿੰਘ।

(4)

ਇਹ ਤਾਂ ਸੀ ਬੇਦੀ ਸਾਹਿਬ ਨਾਲ ਮੇਰੇ "ਗਹਿਰੇ ਜ਼ਾਤੀ ਸਬੰਧਾਂ" ਦੀ ਅਸਲ ਕਹਾਣੀ। ਸਪਸ਼ਟ ਹੈ ਕਿ ਨਿਰੋਲ ਇਨ੍ਹਾਂ ਸਬੰਧਾਂ ਦੇ ਆਧਾਰ ਉਤੇ ਮੈਂ ਉਨ੍ਹਾਂ ਦੀਆਂ ਕਹਾਣੀਆਂ ਨਾਲ ਕਿਸੇ ਤਰ੍ਹਾਂ ਦਾ ਗੰਢ-ਚਿਤਰਾਵਾ ਨਹੀਂ ਸਾਂ ਕਰ ਸਕਦਾ। ਇਸ ਦੇ ਲਈ ਕਿਸੇ ਵਧੇਰੇ ਜ਼ੋਰਾਵਾਰ ਜਜ਼ਬਾਤੀ ਧੁਸ ਦੀ ਲੋੜ ਸੀ, ਜੋ ਬਿਲਕੁਲ ਅਚਾਨਕ ਪੈਦਾ ਹੋ ਗਈ, ਬੇਦੀ ਸਾਹਿਬ ਦੇ ਜਿਉਂਦੇ ਜੀਅ ਤੇ ਉਹ ਵੀ ਉਨ੍ਹਾਂ ਦੇ ਘਰ ਦੇ ਅੰਦਰਵਾਰ। ਬੇਦੀ ਸਹਿਬ ਵਾਲੀ ਉਚ ਸ਼੍ਰੇਣੀ ਦੇ ਕੁਝ ਹੋਰ ਉਰਦੂ ਕਹਾਣੀਕਾਰ, ਉਨ੍ਹਾਂ ਦੇ ਇਕ-ਵਕਤੇ ਸਨ, ਜਿਵੇਂ ਕ੍ਰਿਸ਼ਨ ਚੰਦਰ, ਸਆਦਤ ਹਸਨ ਮੰਟੋ ਤੇ ਇਸਮਤ ਚੁਗਤਾਈ।

ਮੇਰੀ ਚੋਣ ਦੇ ਸਹੀ ਕਾਰਨ ਤੇ ਪਤਾ ਨਾ ਹੋਣ ਦੀ ਸੂਰਤ ਵਿਚ ਮੇਰੇ ਪਾਸੋਂ ਯਕੀਨਨ ਪੁੱਛਿਆ ਜਾ ਸਕਦਾ ਹੈ ਕਿ ਅਨੁਵਾਦ ਲਈ ਮੇਰਾ ਗੁਣਾ ਇਨ੍ਹਾਂ ਵਿਚੋਂ ਕਿਸੇ ਹੋਰ ਉਤੇ ਕਿਉਂ ਨਹੀਂ ਪਿਆ, ਬੇਦੀ ਸਾਹਿਬ ਉਤੇ ਹੀ ਕਿਉਂ ਪਿਆ? ਕਿਸੇ ਵੇਲੇ ਮੈਂ ਮੁਨਸ਼ੀ ਪ੍ਰੇਮ ਚੰਦ ਦੀਆਂ 26 ਕਹਾਣੀਆਂ ਨੂੰ ਉਲਥਾਉਣ ਦਾ ਕੰਮ ਕੀਤਾ ਸੀ। ਇਹ ਬਹੁਤ ਸੁਆਦਲਾ ਕੰਮ ਸੀ, ਪਰ ਸੀ ਭਾੜੇ ਦਾ। ਭਾਸ਼ਾ ਵਿਭਾਗ, ਪੰਜਾਬ ਨੇ ਕਰਵਾਇਆ, ਮੈਂ ਕਰ ਦਿੱਤਾ। ਸ੍ਰੀ ਲਾਲ ਸ਼ੁਕਲ ਹੁਰਾਂ ਦੇ ਪ੍ਰਸਿਧ ਹਿੰਦੀ ਨਾਵਲ 'ਰਾਗ ਦਰਬਾਰੀ' ਨੂੰ ਪੰਜਾਬੀ ਵਿਚ ਪਰਤਾਉਣ ਦਾ ਕੰਮ ਵੀ ਮੈਂ ਕੀਤਾ ਸੀ, ਪਰ ਉਹ ਵੀ ਭਾੜੇ ਦਾ ਕੰਮ ਸੀ। ਨੈਸ਼ਨਲ ਬੁਕ ਟਰੱਸਟ, ਨਵੀਂ ਦਿੱਲੀ ਨੇ ਕਿਹਾ, ਮੈਂ ਕਰ ਦਿੱਤਾ। ਇਨ੍ਹਾਂ ਤੋਂ ਪਹਿਲਾਂ, ਖੁਸ਼ਹਾਲ ਖਾਨ ਖੱਟਕ ਦੀਆਂ ਪਸ਼ਤੋ ਦੀਆਂ ਚੋਣਵੀਆਂ ਕਵਿਤਾਵਾਂ ਦਾ ਅਨੁਵਾਦ ਕੀਤਾ ਸੀ, ਉਹ ਵੀ ਭਾੜੇ ਉਤੇ ਕੀਤਾ ਸੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਬੇਨਤੀ ਉਤੇ। 'ਖੈਰੁਲ ਮਜਾਲਿਸ' (ਫਾਰਸੀ) ਵਿਚੋਂ ਅਨੁਵਾਦ ਕੀਤਾ, ਗੁਰੂ ਨਾਨਕ ਦੇਵ ਯੂਨੀਵਰਸਿਟੀ ਵਾਸਤੇ। ਅੰਗਰੇਜ਼ੀ ਪੁਸਤਕ 'ਫੋਕਲੋਰ ਆਫ ਤਾਮਿਲਨਾਡੂ' ਦਾ ਅਨੁਵਾਦ ਕੀਤਾ, ਨੈਸ਼ਨਲ ਬੁਕ ਟਰੱਸਟ, ਨਵੀਂ ਦਿੱਲੀ ਲਈ; ਪਰ ਬੇਦੀ ਸਾਹਿਬ ਦੀਆਂ ਕਹਾਣੀਆਂ ਨੂੰ ਅਨੁਵਾਦਣ ਦਾ ਕੰਮ ਕਿਸੇ ਵੀ ਸਰਕਾਰੀ ਜਾਂ ਗੈਰ ਸਰਕਾਰੀ ਸੰਸਥਾ ਜਾਂ ਸੰਗਠਨ ਵੱਲੋਂ ਸੌਂਪਿਆ ਹੋਇਆ ਕੰਮ ਨਹੀਂ ਸੀ। ਇਸ ਦਾ ਕੋਈ ਇਵਜ਼ਾਨਾ ਨਹੀਂ ਸੀ ਮਿਲਣਾ। ਇਹ ਨਿਰੋਲ ਆਪਣੀ ਖੁਸ਼ੀ ਨਾਲ ਆਪ-ਸਹੇੜੀ ਵਗਾਰ ਸੀ, ਭਾਵੇਂ ਸੀ ਬੜੀ ਸੁਖਾਵੀਂ, ਜਿਸ ਨੂੰ ਮੈਂ ਖਿੜੇ ਮੱਥੇ, ਫਰਜ਼ ਸਮਝ ਕੇ ਨਿਭਾਇਆ ਹੈ। ਇਹ 'ਆਪਣੀ ਖੁਸ਼ੀ ਨਾਲ ਆਪ ਸਹੇੜੀ ਵਗਾਰ', ਜਿਵੇਂ ਮੈਂ ਉਪਰ ਦੱਸ ਆਇਆ ਹਾਂ, ਬੇਦੀ ਸਾਹਿਬ ਦੇ ਜਿਉਂਦੇ ਜੀਅ ਉਨ੍ਹਾਂ ਦੇ ਘਰ ਤੋਂ ਸ਼ੁਰੂ ਹੋਈ ਸੀ। ਉਦਾਰ ਪਾਠਕ ਸ਼ਾਇਦ ਇਹ ਸਮਝ ਬੈਠੇ ਕਿ ਬੇਦੀ ਸਾਹਿਬ ਨੇ ਅਨੁਵਾਦ ਲਈ ਤਰਲਾ ਮਾਰਿਆ ਹੋਵੇਗਾ, ਜੋ ਮੈਂ ਮੰਨ ਲਿਆ ਹੋਵੇਗਾ ਤੇ ਇਸੇ ਨੂੰ ਮੈਂ ਬੇਦੀ ਸਾਹਿਬ ਦੇ ਆਦਰ ਵਜੋਂ 'ਆਪ-ਸਹੇੜੀ' ਦੱਸ ਰਿਹਾ ਹਾਂ, ਪਰ ਨਹੀਂ; ਮੈਂ ਖੀਰ ਨੂੰ ਤਸਮਈ ਨਹੀਂ ਕਹਿ ਰਿਹਾ, ਬਿਲਕੁਲ ਸਹੀ ਬਿਆਨ ਦੇ ਰਿਹਾ ਹਾਂ।

(5)

ਇਹ ਗੱਲ ਇਉਂ ਵਾਪਰੀ ਸੀ: ਬੰਬਈ ਤੋਂ ਮੇਰੇ ਮਿੱਤਰ ਸ. ਹੁਕਮ ਸਿੰਘ ਭੱਟੀ ਦਾ ਲੈਕਚਰ ਲਈ ਬੁਲਾਵਾ ਪਹੁੰਚਿਆ। ਮੈਂ ਚਲਿਆ ਗਿਆ ਤੇ ਭੱਟੀ ਸਾਹਿਬ ਦੇ ਘਰ ਠਹਿਰਿਆ। ਮੈਂ ਜਾਂਦਿਆਂ ਆਪਣੀ ਇਕ ਮੰਗ ਉਨ੍ਹਾਂ ਦੇ ਸਾਹਮਣੇ ਰੱਖ ਦਿੱਤੀ: ਤੁਸੀਂ ਮੈਨੂੰ ਦੋ ਬੰਦਿਆਂ ਨਾਲ ਜ਼ਰੂਰ ਮਿਲਾਉਣਾ ਹੈ- ਇਕ ਸੁਖਬੀਰ, ਦੂਜੇ ਬੇਦੀ। ਸੁਖਬੀਰ ਨੂੰ ਭੱਟੀ ਹੁਰਾਂ ਟੈਲੀਫੋਨ ਕਰ ਕੇ ਬੁਲਾ ਲਿਆ ਤੇ

***(ਬਾਕੀ ਅਗਲੇ ਸਫੇ 'ਤੇ)***

ਝੱਟ ਕੁ ਪਿਛੋਂ ਸਾਡਾ ਤਿੰਨਾਂ ਦਾ ਕਾਫਲਾ ਬੇਦੀ ਸਾਹਿਬ ਦੇ ਦਰਸ਼ਨਾਂ ਲਈ ਚੱਲ ਪਿਆ।

ਭੱਟੀ ਸਾਹਿਬ ਦੀ ਗੱਡੀ ਨੇ ਬੇਦੀ ਜੀ ਦੇ ਟਿਕਾਣੇ ਉਤੇ ਪਹੁੰਚਾਉਣ ਵਿਚ ਬਹੁਤੀ ਦੇਰ ਨਾ ਲਾਈ। ਘੰਟੀ ਵਜਾ ਕੇ ਆਪਣੇ ਪਹੁੰਚਣ ਦੀ ਸੂਚਨਾ ਦਿੱਤੀ ਤੇ ਭੱਟੀ ਹੁਰਾਂ ਦੀ ਅਗਵਾਈ ਵਿਚ ਅਸੀਂ ਪੌੜੀਆਂ ਚੜ੍ਹ ਕੇ ਉਪਰ ਚਲੇ ਗਏ। ਬੇਦੀ ਜੀ ਦੇ ਸੇਵਾਦਾਰ ਨੇ ਸਾਨੂੰ ਇਕ ਕਮਰੇ ਵਿਚ ਪਈਆਂ ਕੁਰਸੀਆਂ ਤੱਕ ਸਾਡੀ ਅਗਵਾਈ ਕੀਤੀ। ਕੁਝ ਚਿਰ ਪਿਛੋਂ ਕੀ ਵੇਖਦੇ ਹਾਂ ਕਿ ਬੇਦੀ ਸਾਹਿਬ ਦੇ ਸਰੀਰ ਦਾ ਇਕ ਲੜਖੜਾਉਂਦਾ, ਥਿੜਕਦਾ, ਡਾਵਾਂਡੋਲ ਜਿਹਾ ਖੰਡਰ, ਕੀੜੀ ਤੋਰ, ਸਾਡੇ ਵੱਲ ਆ ਰਿਹਾ ਹੈ। ਦਿਸਦਾ ਪਿਆ ਸੀ ਕਦਮ ਆਪਣੀ ਲੈਅ ਗਵਾ ਚੁੱਕੇ ਹਨ। ਬੇਦੀ ਜੀ ਨੇ ਆਪਣੇ ਪ੍ਰਾਹੁਣਿਆਂ ਦੇ ਆਦਰ ਵਿਚ, ਆਪਣੀ ਬਚੀ-ਖੁਚੀ ਦੇਹ ਨੂੰ ਕਮੀਜ਼ ਨਾਲ ਕੱਜਣ ਦੀ ਕੋਸ਼ਿਸ਼ ਕੀਤੀ ਸੀ, ਪਰ ਸਾਰੇ ਬਟਣ ਬੰਦ ਨਹੀਂ ਸਨ ਹੋ ਸਕੇ।

ਮੈਨੂੰ ਇਹ ਤਾਂ ਪਤਾ ਸੀ ਕਿ ਬੇਦੀ ਸਾਹਿਬ ਦੀ ਤਬੀਅਤ ਨਾਸਾਜ਼ ਹੈ, ਪਰ ਅਧਰੰਗ ਨੇ ਉਨ੍ਹਾਂ ਨੂੰ ਏਨਾ ਹੰਗਾਲ ਸੁੱਟਿਆ ਹੋਵੇਗਾ, ਇਸ ਦਾ ਖਿਆਲ ਵੀ ਨਹੀਂ ਸੀ ਤੇ ਬਿਨ ਵੇਖੇ, ਇਸ ਦਾ ਅਨੁਭਵ ਹੋ ਵੀ ਨਹੀਂ ਸੀ ਸਕਦਾ। ਉਨ੍ਹਾਂ ਦੇ ਬੁੱਲ੍ਹਾਂ ਦੀ ਰੁਚੀ, ਉਨ੍ਹਾਂ ਦੀ ਮਰਜ਼ੀ ਤੋਂ ਬਿਨਾਂ, ਥੱਲੇ ਵੱਲ ਲਟਕਣ ਦੀ ਸੀ। ਉਨ੍ਹਾਂ ਨੇ ਮਿਲਾਉਣ ਲਈ ਜਿਹੜਾ ਠੰਢਾ-ਠਾਰ, ਰੱਤਹੀਨ ਪੰਜਾ ਸਾਡੇ ਵੱਲ ਵਧਾਇਆ, ਉਹ ਕਦੀ ਉਨ੍ਹਾਂ ਦਾ ਗਰਮਜੋਸ਼ੀ ਨਾਲ ਦਸਤਪੰਜੇ ਕਰਦਾ ਹੱਥ ਹੁੰਦਾ ਸੀ, ਪਰ ਹੁਣ ਆਪਣੇ ਸੁਆਮੀ ਦੇ ਹੁਕਮ ਦੇ ਬਾਵਜੂਦ ਅੱਗੇ ਵਧਣ ਤੋਂ ਹਿਚਕਿਚਾ ਰਿਹਾ ਸੀ। ਸਿਰ ਉਤੇ ਪਟਕਾ ਲਪੇਟਿਆ ਹੋਇਆ ਸੀ, ਉਘੜ-ਦੁਘੜਾ। ਕਿਸੇ ਵੇਲੇ ਇਹ ਪੁਰ ਜਲਾਲ ਚਿਹਰਾ ਆਪਣੀ ਦੱਖ ਕਾਇਮ ਰੱਖਣ ਲਈ ਦਾੜ੍ਹੀ ਮੁੱਛ ਦੀ ਫਸਲ ਵਿਚ ਅਣਚਾਹੇ ਵਾਧੇ ਉਤੇ ਕੈਂਚੀ ਦੀ ਨਿਗਰਾਨੀ ਰੱਖਣ ਦਾ ਸ਼ੁਕੀਨ ਹੁੰਦਾ ਸੀ; ਹੁਣ ਬੇਵਸ ਸੀ, ਇਸ ਲਈ ਬਗੀਚਾ ਜੰਗਲ ਦਾ ਪ੍ਰਭਾਵ ਦੇ ਰਿਹਾ ਸੀ।

ਜਿਸ ਮੇਜ਼ ਉਤੇ ਬੈਠ ਕੇ ਇਹ ਬੇਦੀ ਇਸ ਤਰ੍ਹਾਂ ਦੇ ਫੁੰਕਾਰੇ ਮਾਰਦਾ ਹੁੰਦਾ ਸੀ, "ਮੈਨੂੰ ਕਿਸੇ ਧਰਮ ਗ੍ਰੰਥ ਦੀ ਲੋੜ ਨਹੀਂ, ਕਿਉਂਕਿ ਇਨ੍ਹਾਂ ਛੁੱਟੜ ਕਿਤਾਬਾਂ ਤੋਂ ਵਧੀਆ ਮੈਂ ਆਪ ਲਿਖ ਸਕਦਾਂ। ਮੈਨੂੰ ਕਿਸੇ ਗੁਰੂ-ਉਸਤਾਦ, ਕਿਸੇ ਦੀਖਿਆ-ਦਾਤੇ ਦੀ ਭਾਲ ਨਹੀਂ, ਕਿਉਂਕਿ ਹਰ ਬੰਦਾ ਆਪਣਾ ਗੁਰੂ ਆਪ ਹੀ ਹੋ ਸਕਦੈ ਤੇ ਆਪ ਈ ਚੇਲਾ ਵੀ। ਬਾਕੀ ਸਭ ਦੁਕਾਨਦਾਰੀ ਹੈ", ਹੁਣ ਉਸੇ ਮੇਜ਼ ਉਤੇ ਰੂਹਾਨੀ ਮਿਸ਼ਨ ਵਾਲੇ ਸੰਤ ਕਿਰਪਾਲ ਸਿੰਘ ਹੁਰਾਂ ਦੀ ਤਸਵੀਰ ਬੜੇ ਆਦਰ ਨਾਲ ਸਜਾਈ ਹੋਈ ਸੀ। ਇਨ੍ਹਾਂ ਹੀ ਸੰਤਾਂ ਦੀ ਇਕ ਹੋਰ ਵੱਡੀ ਤਸਵੀਰ ਕੰਧ ਉਤੇ ਲਟਕ ਰਹੀ ਸੀ। ਕਿਸੇ ਨੂੰ ਮਿਲਣ ਵੇਲੇ ਬੇਦੀ ਸਾਹਿਬ ਦੀਆਂ ਅੱਖਾਂ ਵਿਚ ਜਿਹੜੀ ਰੌਣਕ ਆਉਂਦੀ ਸੀ, ਤੇ ਬੁੱਲ੍ਹਾਂ ਉਤੇ ਜੋ ਮੁਸਕਰਾਹਟ ਨੱਚਦੀ ਹੁੰਦੀ ਸੀ, ਉਸ ਨੂੰ ਬਹਾਲ ਕਰਨ ਦੀ ਕੋਸ਼ਿਸ਼ ਵਿਚ ਅਸਫਲ ਹੋਣ ਪਿਛੋਂ ਉਹ ਸਾਡੇ ਸਾਮ੍ਹਣੇ ਪਈ ਕੁਰਸੀ ਉਤੇ ਢੇਰ ਹੋ ਗਏ।

ਭੱਟੀ ਹੋਰਾਂ ਸਾਡੀ ਜਾਣ-ਪਛਾਣ ਕਰਾਈ। ਉਨ੍ਹਾਂ ਦੇ ਮੂੰਹ ਵਿਚੋਂ ਜੋ ਆਵਾਜ਼ਾਂ ਨਿਕਲੀਆਂ, ਉਨ੍ਹਾਂ ਤੋਂ ਮੈਂ ਅੰਦਾਜ਼ਾ ਲਾਇਆ ਕਿ ਉਹ "ਮੈਂ ਜਾਣਦਾਂ, ਮੈਂ ਪਛਾਣ ਲਿਐ" ਕਹਿ ਰਹੇ ਹੋਣਗੇ। ਅਸੀਂ ਪੁੱਛਦੇ ਰਹੇ-ਸਿਹਤ ਬਾਰੇ, ਦਾਰੂ-ਦਰਮਲ ਬਾਰੇ, ਦਿਲ ਲਾਉਣ ਲਈ ਟੀ.ਵੀ. ਵੇਖਣ ਬਾਰੇ, ਮਿਲਣ ਵਾਲਿਆਂ ਬਾਰੇ ਤੇ ਲਿਖਣ-ਪੜ੍ਹਨ ਬਾਰੇ। ਜੋ ਵੀ ਢੁਕਵਾਂ ਜਾਂ ਨਾ-ਢੁਕਵਾਂ ਸਵਾਲ ਸਾਡੇ ਤਿੰਨਾਂ ਵਿਚੋਂ ਕਿਸੇ ਨੂੰ ਸੁਝਦਾ ਗਿਆ, ਅਸੀਂ ਗੱਲਬਾਤ ਜਾਰੀ ਰੱਖਣ ਦੇ ਖਿਆਲ ਨਾਲ ਕਰਦੇ ਗਏ। ਉਨ੍ਹਾਂ ਦਾ ਜੀਅ ਲਗ ਗਿਆ, ਉਨ੍ਹਾਂ ਦੇ ਬੋਲ ਵਿਚ ਕੁਝ ਸਪਸ਼ਟਤਾ ਆ ਗਈ। ਉਨ੍ਹਾਂ ਨੂੰ ਹਮਦਰਦੀ ਦੀ ਸਖਤ ਲੋੜ ਸੀ ਤੇ ਉਨ੍ਹਾਂ ਨੂੰ ਲੱਗਿਆ ਹੋਵੇਗਾ ਕਿ ਇਹ ਮੇਰੇ ਹਮਦਰਦ ਹਨ। ਉਨ੍ਹਾਂ ਨੇ ਉਸ ਨਾਵਲ ਬਾਰੇ ਦੱਸਿਆ ਜੋ ਉਨ੍ਹਾਂ ਨੇ ਛੋਹਿਆ ਹੋਇਆ ਸੀ ਤੇ ਜਿਸ ਨੂੰ ਰਾਜ਼ੀ ਹੋਣ ਉਪਰੰਤ ਉਨ੍ਹਾਂ ਨੇ ਪੂਰਾ ਕਰਨ ਦੀ ਠਾਣੀ ਹੋਈ ਸੀ। ਅਸੀਂ ਉਨ੍ਹਾਂ ਦੇ ਛੇਤੀ ਰਾਜ਼ੀ ਹੋ ਜਾਣ ਦੀ ਉਮੀਦ ਲਈ ਭਰਪੂਰ ਹੁੰਗਾਰੇ ਭਰੇ। ਗੱਲਾਂ ਕਰਦਿਆਂ ਥਕਾਵਟ ਮਹਿਸੂਸ ਕਰਨ ਦੀ ਥਾਂ, ਉਨ੍ਹਾਂ ਦੀ ਤਬੀਅਤ ਕੁਝ ਸੰਭਲ ਗਈ ਲੱਗੀ। ਉਨ੍ਹਾਂ ਸਾਨੂੰ ਰੋਟੀ ਲਈ ਠਹਿਰਨ ਉਤੇ ਮਜਬੂਰ ਕੀਤਾ। ਅਸੀਂ ਉਨ੍ਹਾਂ ਨਾਲ ਮੇਜ਼ ਉਤੇ ਬੈਠ ਕੇ ਰੋਟੀ ਖਾ ਰਹੇ ਸਾਂ, ਜਦ ਮੇਰੇ ਮੂੰਹੋਂ ਨਿਕਲਿਆ, "ਬੇਦੀ ਸਾਹਿਬ! ਪੰਜਾਬ ਦੇ ਲੋਕ ਤੁਹਾਨੂੰ ਬਹੁਤ ਯਾਦ ਕਰਦੇ ਨੇ, ਪਰ ਨਾਲ ਹੀ ਗਿਲਾ ਵੀ ਕਰਦੇ ਨੇ, ਕਿ ਤੁਸੀਂ ਪੰਜਾਬੀ ਜ਼ਬਾਨ ਦੀ ਝੋਲੀ ਸੱਖਣੀ ਰਹਿਣ ਦਿੱਤੀ ਹੈ।"

"ਉਹ ਇਸ ਗੱਲ 'ਤੇ ਫਖਰ ਨਹੀਂ ਕਰਦੇ ਕਿ ਉਨ੍ਹਾਂ ਦੇ ਪੁੱਤਰ ਨੇ ਉਰਦੂ ਦੀ ਸਰਜ਼ਮੀਨ ਵਿਚ ਕਿੱਡੀਆਂ ਵੱਡੀਆਂ ਮੱਲਾਂ ਮਾਰੀਆਂ ਨੇ?"

ਬੇਦੀ ਸਾਹਿਬ ਦਾ ਦਿਮਾਗ ਸਾਵਧਾਨ ਸੀ ਤੇ ਉਨ੍ਹਾਂ ਦੀ ਹਾਜ਼ਰ-ਜਵਾਬੀ ਅਜੇ ਵੀ ਉਨ੍ਹਾਂ ਦਾ ਸਾਥ ਦੇ ਰਹੀ ਸੀ।

ਉਤਰ ਵਿਚ ਮੈਂ ਕਿਹਾ, "ਤੁਹਾਡੀ ਕਮਾਈ ਉਤੇ ਤਾਂ ਉਹ ਨਾਜ਼ ਕਰਦੇ ਹੀ ਨੇ, ਉਨ੍ਹਾਂ ਦਾ ਝੋਰਾ ਤਾਂ ਆਪਣੇ ਨੁਕਸਾਨ ਬਾਰੇ ਹੈ। ਉਰਦੂ ਵਿਚ ਤੁਹਾਡੀ ਪਦਵੀ ਬਾਰੇ ਤਾਂ ਦੋ ਰਾਵਾਂ ਨਹੀਂ ਹਨ।"

"ਪੰਜਾਬੀ ਵਾਲਿਆਂ ਨੂੰ ਹੀ ਨਹੀਂ, ਮੈਂ ਤਾਂ ਉਰਦੂ ਵਾਲਿਆਂ ਨੂੰ ਵੀ ਯਾਦ ਨਹੀਂ ਰਿਹਾ। ਮੈਨੂੰ ਹੁਣ ਕੌਣ ਪੁੱਛਦੈ?"

ਮੈਂ ਮਹਿਸੂਸ ਕੀਤਾ ਕਿ ਮੈਂ ਉਨ੍ਹਾਂ ਦੀ ਦੁਖਦੀ ਰਗ ਉਤੇ ਹੱਥ ਰੱਖ ਬੈਠਾ ਹਾਂ। ਚੜ੍ਹਦੀ ਕਲਾ ਵਿਚ ਜਾਣ ਦੀ ਥਾਂ ਉਨ੍ਹਾਂ ਉਤੇ ਢਹਿੰਦੀ ਕਲਾ ਸਵਾਰ ਹੋ ਚੱਲੀ ਸੀ। ਮੈਂ ਗੱਲ ਦਾ ਰੁਖ ਬਦਲਣ ਦੇ ਖਿਆਲ ਨਾਲ ਕਿਹਾ, "ਤੁਹਾਡੀਆਂ ਕੁਝ ਕਹਾਣੀਆਂ ਤਾਂ ਪੰਜਾਬੀ ਵਿਚ ਛਪ ਹੀ ਚੁੱਕੀਆਂ ਨੇ...।"

ਉਨ੍ਹਾਂ ਨੇ ਵਿਚੋਂ ਟੋਕ ਕੇ ਕਿਹਾ, "ਮੈਨੂੰ ਤਾਂ ਇਕ ਅੱਧੀ ਕਹਾਣੀ ਦਾ ਈ ਪਤੈ।"

"ਅਸੀਂ ਕੋਸ਼ਿਸ਼ ਕਰਾਂਗੇ ਕਿ ਤੁਹਾਡੀਆਂ ਬਾਕੀ ਕਹਾਣੀਆਂ ਵੀ ਪੰਜਾਬੀ ਵਿਚ ਤਰਜਮਾਈਆਂ ਜਾਣ।"

"ਵਾਅਦੇ ਤਾਂ ਅੱਗੇ ਵੀ ਕਈ ਕਰ ਗਏ ਨੇ। ਮੇਰੀਆਂ ਕਹਾਣੀਆਂ ਨੂੰ ਤਰਜਮਾਏ ਬਗੈਰ ਕਿਸੇ ਦਾ ਕਿਹੜਾ ਕੰਮ ਥੁੜਿਆ ਪਿਐ?"

ਮੇਰਾ ਅੰਦਰਲਾ ਦ੍ਰਵ ਗਿਆ। ਮੇਰੀਆਂ ਅੱਖਾਂ ਦੇ ਸਾਹਮਣੇ ਸ਼ੁਹਰਤ ਦਾ ਅਜ਼ੀਮ ਬੁਰਜ ਡਿਗੂੰ-ਡਿਗੂੰ ਕਰ ਰਿਹਾ ਸੀ, ਆਤਮ-ਵਿਸ਼ਵਾਸ ਦਾ ਪਹਾੜ ਡੋਲ ਰਿਹਾ ਸੀ, ਗਰਾਂਡੀਲ ਦੁਰਗ ਦੀ

> ***ਇਹ ਤਾਂ ਪਤਾ ਸੀ ਕਿ ਬੇਦੀ ਸਾਹਿਬ ਦੀ ਤਬੀਅਤ ਨਾਸਾਜ਼ ਹੈ, ਪਰ ਅਧਰੰਗ ਨੇ ਉਨ੍ਹਾਂ ਨੂੰ ਏਨਾ ਹੰਗਾਲ ਸੁੱਟਿਆ ਹੋਵੇਗਾ, ਇਸ ਦਾ ਖਿਆਲ ਵੀ ਨਹੀਂ ਸੀ ਤੇ ਬਿਨ ਵੇਖੇ, ਇਸ ਦਾ ਅਨੁਭਵ ਹੋ ਵੀ ਨਹੀਂ ਸੀ ਸਕਦਾ। ਉਨ੍ਹਾਂ ਦੇ ਬੁੱਲ੍ਹਾਂ ਦੀ ਰੁਚੀ, ਉਨ੍ਹਾਂ ਦੀ ਮਰਜ਼ੀ ਤੋਂ ਬਿਨਾਂ, ਥੱਲੇ ਵੱਲ ਲਟਕਣ ਦੀ ਸੀ। ਉਨ੍ਹਾਂ ਨੇ ਮਿਲਾਉਣ ਲਈ ਜਿਹੜਾ ਠੰਢਾ-ਠਾਰ, ਰੱਤਹੀਨ ਪੰਜਾ ਸਾਡੇ ਵੱਲ ਵਧਾਇਆ, ਉਹ ਕਦੀ ਉਨ੍ਹਾਂ ਦਾ ਗਰਮਜੋਸ਼ੀ ਨਾਲ ਦਸਤਪੰਜੇ ਕਰਦਾ ਹੱਥ ਹੁੰਦਾ ਸੀ, ਪਰ ਹੁਣ ਆਪਣੇ ਸੁਆਮੀ ਦੇ ਹੁਕਮ ਦੇ ਬਾਵਜੂਦ ਅੱਗੇ ਵਧਣ ਤੋਂ ਹਿਚਕਿਚਾ ਰਿਹਾ ਸੀ।***

ਫਸੀਲ ਭੁਰ ਭੁਰ ਕੇ ਰੇਤ ਦਾ ਢੇਰ ਬਣਦੀ ਦਿਸ ਰਹੀ ਸੀ। ਕੈਸਾ ਦਰਦਨਾਕ ਦ੍ਰਿਸ਼ ਸੀ ਕਿ ਉਰਦੂ ਕਹਾਣੀ ਦਾ ਸਰਤਾਜ, ਆਪਣੇ ਤਖਤ 'ਤੇ ਬੈਠਾ, ਛੁੱਟੜ ਹੋਣ ਦਾ ਅਨੁਭਵ ਹੰਢਾ ਰਿਹਾ ਸੀ। ਰੋਗ ਦੇ ਮਾਰੂ ਲਫਜ਼ੇ ਨੇ ਬੇਦੀ ਦੇ ਮਨ ਨੂੰ ਗੋਹਾ ਬਣਾ ਛੱਡਿਆ ਸੀ। ਸਰੀਰਵਾਦ, ਭੋਗਵਾਦ, ਵਿਲਾਸਵਾਦ, ਪਦਾਰਥਵਾਦ-ਸਭ ਪਿੱਛੇ ਰਹਿ ਗਏ ਸਨ। ਇਨ੍ਹਾਂ ਵਿਚੋਂ ਕੋਈ ਭਵਿਖ ਦਾ ਸਾਥ ਨਹੀਂ ਸੀ ਦੇ ਰਿਹਾ। ਹੁਣ ਆਸ ਦੀ ਤੰਦ ਇਕੋ ਸੀ-ਆਤਮਾ... ਸ਼ਾਇਦ? ਪਰਮ-ਆਤਮਾ... ਸ਼ਾਇਦ? ਤੇ ਸੰਤ ਕਿਰਪਾਲ ਸਿੰਘ ਮਲਾਹ ਸਨ, ਜੋ ਭਵਸਾਗਰ ਤੋਂ ਪਾਰ ਉਤਾਰਨ ਦਾ ਧਰਵਾਸ ਬਨ੍ਹਾ ਰਹੇ ਸਨ..।

ਮੇਰਾ ਮਨ ਇਸ ਮਹਾ ਕਹਾਣੀਕਾਰ ਦੀ ਸਰੀਰਕ ਤੇ ਮਾਨਸਿਕ ਦਸ਼ਾ ਉਤੇ ਕੁਝ ਜ਼ਿਆਦਾ ਹੀ ਪਿਘਲਿਆ ਹੋਇਆ ਸੀ। ਮੈਂ ਧਾਰਸ ਬਨ੍ਹਾਉਣ ਦੇ ਖਿਆਲ ਨਾਲ ਬੋਲਿਆ, "ਬੇਦੀ ਜੀ! ਸੁਖਬੀਰ ਹੁਰੀਂ ਤੁਹਾਡੇ ਕੋਲ ਹੀ ਨੇ, ਉਨ੍ਹਾਂ ਨੂੰ ਬੇਨਤੀ ਕਰਾਂਗੇ, ਉਹ ਤੁਹਾਡੀਆਂ ਕਹਾਣੀਆਂ ਪੰਜਾਬੀ 'ਚ ਪਰਤਾ ਦੇਣਗੇ। ਤੁਸੀਂ ਨਿਸਚਿੰਤ ਰਹੋ।"

ਇਸ ਤੋਂ ਪਹਿਲਾਂ ਕਿ ਬੇਦੀ ਹੁਰੀਂ ਕੁਝ ਕਹਿੰਦੇ, ਸੁਖਬੀਰ ਹੁਰਾਂ ਮੇਰੇ ਕੰਨ ਵਿਚ ਕਿਹਾ, "ਮੇਰਾ ਉਰਦੂ ਦਾ ਗਿਆਨ ਬੇਦੀ ਹੁਰਾਂ ਦੇ ਹਾਣ ਦਾ ਨਹੀਂ ਹੈ, ਪ੍ਰੋਫੈਸਰ ਸਾਹਿਬ।"

ਇਹ ਜਵਾਬ ਬੇਦੀ ਹੁਰਾਂ ਦਿਆਂ ਕੰਨਾਂ ਤੱਕ ਪਹੁੰਚ ਗਿਆ ਹੋਵੇਗਾ ਤੇ ਉਨ੍ਹਾਂ ਸਮਝਿਆ ਹੋਵੇਗਾ ਕਿ ਸੁਖਬੀਰ ਹੋਰੀਂ ਕੰਮ ਹੱਥ ਵਿਚ ਨਾ ਲੈਣ ਲਈ ਢੁੱਚਰ ਘੜ ਰਹੇ ਹਨ। ਉਨ੍ਹਾਂ ਦੀਆਂ ਅੱਖਾਂ ਚੋਂ ਦੋ ਸੱਜਰੇ ਹੰਝੂ ਡਿਗਦੇ ਮੇਰੀ ਨਜ਼ਰ ਪਏ।

ਮੈਂ ਮੌਕੇ ਨੂੰ ਸੰਭਾਲਣ ਦੀ ਖਾਤਰ ਇਕਦਮ ਕਿਹਾ, "ਬੇਦੀ ਸਾਹਿਬ, ਤੁਸੀਂ ਫਿਕਰ ਨਾ ਕਰੋ, ਇਹ ਸੇਵਾ ਮੈਂ ਆਪ ਕਰਾਂਗਾ। ਇਕ ਤਾਂ ਤੁਸੀਂ ਮੈਨੂੰ ਆਪਣੀਆਂ ਕਿਤਾਬਾਂ ਦੇ ਨਾਂ ਲਿਖ ਦਿਓ, ਦੂਜੇ ਇਹ ਦੱਸ ਦਿਓ ਕਿ ਤੁਸੀਂ ਕਿਹੜੀਆਂ ਕਹਾਣੀਆਂ ਪੰਜਾਬੀ ਵਿਚ ਜ਼ਰੂਰ ਪਰਤਾਉਣੀਆਂ ਚਾਹੋਗੇ।"

ਮੇਰੀ ਆਵਾਜ਼ ਵਿਚ ਦ੍ਰਿੜ੍ਹਤਾ ਦੀ ਟੁਣਕਾਰ ਨੂੰ ਪਛਾਣ ਕੇ ਉਹ ਝੱਟ ਉਠ ਖੜੇ ਹੋਏ ਤੇ ਕਮਰੇ ਦੀ ਇਕ ਅਲਮਾਰੀ ਵਿਚੋਂ ਆਪਣੀਆਂ ਕਿਤਾਬਾਂ ਦੀ ਇਕ ਇਕ ਜਿਲਦ ਲਿਆ ਕੇ ਮੇਰੇ ਸਾਹਮਣੇ ਰੱਖ ਦਿੱਤੀ।

ਮੈਂ ਕਿਹਾ, "ਬੇਦੀ ਜੀ, ਜਿਨ੍ਹਾਂ ਕਹਾਣੀਆਂ ਨੂੰ ਜ਼ਰੂਰ ਤਰਜਮਾਉਣਾ ਹੈ, ਉਨ੍ਹਾਂ ਦੀ ਨਿਸ਼ਾਨਦੇਹੀ ਕਰ ਦਿਓ।"

ਉਨ੍ਹਾਂ ਦੇ ਕੰਬਦੇ ਹੱਥ ਨੇ ਆਪਣੀ ਕਲਮ ਨਾਲ ਸਾਰੀਆਂ ਕਿਤਾਬਾਂ ਵਿਚ ਨਿਸ਼ਾਨ ਲਾ ਦਿੱਤੇ। ਬਾਅਦ ਵਿਚ ਜਦੋਂ ਮੈਂ ਇਹ ਨਿਸ਼ਾਨ ਗਿਣੇ ਤਾਂ ਕੁੱਲ 31 ਕਹਾਣੀਆਂ ਬਣਦੀਆਂ ਸਨ।

ਮੇਰਾ ਬੇਦੀ ਸਾਹਿਬ ਨੂੰ ਜਿਉਂਦੇ ਜੀਅ ਉਨ੍ਹਾਂ ਦੇ ਘਰ ਵਿਚ ਦਿੱਤਾ ਹੋਇਆ ਇਹ ਵਚਨ ਸੀ ਜਿਸ ਨੇ ਮੈਨੂੰ ਪਿਛਲੇ ਕਈ ਵਰ੍ਹਿਆਂ ਤੋਂ ਬੇਦੀ ਹੁਰਾਂ ਦੀਆਂ ਕਹਾਣੀਆਂ ਨਾਲ ਜੋੜੀ ਰੱਖਿਆ ਹੈ।

(6)

ਮੈਂ ਪਟਿਆਲੇ ਪਹੁੰਚ ਕੇ ਪਹਿਲਾ ਕੰਮ ਇਹ ਕੀਤਾ ਕਿ ਬੇਦੀ ਹੁਰਾਂ ਦੀ ਇਕ ਉਚ ਪਾਏ ਦੀ ਕਹਾਣੀ 'ਲਾਜਵੰਤੀ' ਪੰਜਾਬੀ ਵਿਚ ਪਰਤਾਈ ਤੇ ਛਪਣ ਲਈ 'ਆਰਸੀ' ਲਈ ਭੇਜ ਦਿੱਤੀ। ਮੈਂ ਛਪੀ ਹੋਈ ਕਹਾਣੀ ਦੀ ਇਕ ਕਾਪੀ ਬੇਦੀ ਜੀ ਨੂੰ ਭੇਜ ਕੇ ਉਨ੍ਹਾਂ ਦੀ ਮੂਲ ਭਾਸ਼ਾ ਦੇ ਮਿਆਰ ਤੱਕ ਪਹੁੰਚਣ ਦੀ ਆਪਣੀ ਅਸਮਰੱਥਾ ਦੀ ਖਿਮਾ ਮੰਗੀ ਤੇ ਆਪਣੇ ਜਤਨ ਨੂੰ ਜਾਰੀ ਰੱਖਣ ਜਾਂ ਕਿਸੇ ਹੋਰ ਵਧੇਰੇ ਪ੍ਰਬੀਨ ਅਨੁਵਾਦਕ ਦੀ ਭਾਲ ਕਰਨ ਬਾਰੇ ਉਨ੍ਹਾਂ ਦੀ ਰਾਏ ਜਾਣਨੀ ਚਾਹੀ। ਕੁਝ ਦਿਨਾਂ ਪਿਛੋਂ ਲੜਖੜਾਉਂਦੇ ਹੱਥ ਨਾਲ ਲਿਖੇ ਹੋਏ ਉਰਦੂ ਦੇ ਸ਼ਿਕਸਤੇ ਜਿਹੇ ਵਿਚ ਲਿਖਿਆ ਪੋਸਟ ਕਾਰਡ ਆਇਆ, ਜਿਸ ਵਿਚ ਮੇਰੇ ਅਨੁਵਾਦ ਉਤੇ ਭਰਪੂਰ ਤਸੱਲੀ ਪ੍ਰਗਟਾਈ ਹੋਈ ਸੀ। ਮੈਨੂੰ ਖੁਸ਼ੀ ਹੋਈ ਕਿ ਮੈਂ ਉਨ੍ਹਾਂ ਦੇ ਮਿਆਰ ਉਤੇ ਪੂਰਾ ਉਤਰ ਸਕਿਆ ਹਾਂ, ਪਰ ਅਜੇ ਬਹੁਤੇ ਦਿਨ ਨਹੀਂ ਸਨ ਗੁਜ਼ਰੇ ਕਿ ਉਨ੍ਹਾਂ ਦੇ ਪੂਰੇ ਹੋ ਜਾਣ ਦੀ ਮਨਹੂਸ ਖਬਰ ਪੜ੍ਹਨੀ ਪੈ ਗਈ। ਬੜਾ ਦੁੱਖ ਹੋਇਆ ਕਿ ਉਹ ਆਪਣੀਆਂ ਕਹਾਣੀਆਂ ਦੇ ਪੰਜਾਬੀ ਅਨੁਵਾਦ ਦੀ ਇਕ ਵੀ ਜਿਲਦ ਨਾ ਵੇਖ ਸਕੇ; ਪਰ ਜੋ ਬਚਨ ਮੈਂ ਉਨ੍ਹਾਂ ਨੂੰ ਦਿੱਤਾ ਸੀ, ਵੇਲੇ ਕੁਵੇਲੇ, ਕਦੀ ਇਕ, ਕਦੀ ਦੋ ਸਫੇ ਕਰ, ਉਸ ਨੂੰ 'ਗਰਮ ਕੋਟ' ਕਿਤਾਬ ਦੇ ਛਪਣ ਨਾਲ ਸਿਰੇ ਚਾੜ੍ਹ ਕੇ, ਆਪਣੇ ਆਪ ਨੂੰ ਹੌਲਾ-ਫੁੱਲ ਮਹਿਸੂਸ ਕਰ ਰਿਹਾ ਹਾਂ।

ਆਸ ਹੈ, ਹੁਣ ਪੰਜਾਬੀਆਂ ਦੇ ਇਸ ਗਿਲੇ ਵਿਚ ਅੱਗੇ ਵਾਲੀ ਤੁਰਸ਼ੀ ਨਹੀਂ ਰਹੇਗੀ ਕਿ ਬੇਦੀ ਜੀ ਨੇ ਪੰਜਾਬੀ ਵਿਚ ਨਾ ਲਿਖ ਕੇ ਉਨ੍ਹਾਂ ਨਾਲ ਬੜਾ ਅਨਿਆਂ ਕੀਤਾ ਹੈ।

'ਗਰਮ ਕੋਟ' ਦੀਆਂ ਕਹਾਣੀਆਂ ਸਮੇਤ, ਮੇਰੇ ਵੱਲੋਂ ਹੁਣ ਤੱਕ ਬੇਦੀ ਜੀ ਦੀਆਂ 31 ਦੀ ਥਾਂ 37 ਕਹਾਣੀਆਂ ਅਨੁਵਾਦੀਆਂ ਜਾ ਚੁੱਕੀਆਂ ਹਨ। ਉਨ੍ਹਾਂ ਦੀਆਂ ਚੋਣਵੀਆਂ ਕਹਾਣੀਆਂ ਦਾ ਪਹਿਲਾ ਪਰਾਗਾ ਸੰਨ 1985 ਵਿਚ ਨਵਯੁਗ ਪਬਲਿਸ਼ਰਜ਼ ਵੱਲੋਂ ਛਪਿਆ ਸੀ। ਇਸ ਵਿਚ 8 ਕਹਾਣੀਆਂ ਸਨ (ਗ੍ਰਹਿਣ, ਰਹਿਮਾਨ ਦੀ ਜੁੱਤੀ, ਲਾਜਵੰਤੀ, ਆਪਣੇ ਦੁੱਖ ਮੈਨੂੰ ਦੇ ਦਿਓ, ਗੁਲਾਮੀ, ਬੁੱਕੀ, ਲੰਮੀ ਕੁੜੀ ਤੇ ਕੁੱਖ-ਸੜੀ) ਤੇ ਭੂਮਿਕਾ ਵਜੋਂ ਬੇਦੀ ਜੀ ਦਾ ਕਹਾਣੀ ਕਲਾ ਬਾਰੇ ਸੋਝੀ ਜਗਾਉਂਦਾ ਲੇਖ (ਕਹਾਣੀ ਅਨੁਭਵ ਦੀਆਂ ਰਚਨੇਈ ਸਮੱਸਿਆਵਾਂ) ਸੀ। ਦੂਜੀ ਕਿਤਾਬ ਸੰਨ 1986 ਵਿਚ ਛਪੀ। ਨਾਂ ਇਸ ਦਾ ਵੀ ਪਹਿਲੀ ਕਿਤਾਬ ਵਾਲਾ ਹੀ ਰੱਖਿਆ ਗਿਆ-'ਰਾਜਿੰਦਰ ਸਿੰਘ ਬੇਦੀ ਦੀਆਂ ਚੋਣਵੀਆਂ ਕਹਾਣੀਆਂ-ਭਾਗ ਦੂਜਾ'। ਇਸ ਵਿਚ 9 ਕਹਾਣੀਆਂ ਸਨ (ਬੱਬਲ, ਟਰਮੀਨਸ ਤੋਂ ਪਰੇ, ਵਿਹਲੜ ਰੱਬ, ਜ਼ੈਨੁਲਆਬਿਦੀਨ, ਨਾਈ ਅਲਾਹਾਬਾਦ ਦੇ, ਯੂਕਲਿਪਟਸ, ਇਕ ਪਿਓ ਵਿਕਾਊ ਹੈ, ਦਿਵਾਲਾ ਤੇ ਨਾਮੁਰਾਦ)।

ਤੀਜੀ ਕਿਤਾਬ 'ਹੱਡੀਆ ਤੇ ਫੁੱਲ' ਨਾਂ ਹੇਠ ਸੰਨ 1990 ਵਿਚ ਛਪੀ। ਇਹ ਕਿਤਾਬ ਭਾਰਤੀ ਸਾਹਿਤ ਅਕਾਡਮੀ, ਨਵੀਂ ਦਿੱਲੀ ਵੱਲੋਂ ਅਨੁਵਾਦ ਦੇ ਸੰਨ 1994 ਦੇ ਸ਼੍ਰੋਮਣੀ ਅਵਾਰਡ ਲਈ ਚੁਣੀ ਗਈ ਸੀ। ਇਸ ਵਿਚ 10 ਕਹਾਣੀਆਂ ਸਨ (ਜੋਗੀਆ, ਉਧਾਲਾ, ਲਾਰਵੇ, ਹੱਡੀਆ ਤੇ ਫੁੱਲ, ਘਰ ਵਿਚ ਬਜ਼ਾਰ ਵਿਚ, ਬੋਲੋ, ਸਿਰਫ ਇਕ ਸਿਗਰਟ, ਮਾਲਕ ਤੇ ਨੌਕਰ, ਆਲੂ ਤੇ ਜਦੋਂ ਮੈਂ ਛੋਟਾ ਹੁੰਦਾ ਸਾਂ)। 'ਗਰਮ ਕੋਟ' ਇਸ ਲੜੀ ਦੀ ਚੌਥੀ ਤੇ ਮੇਰੇ ਵੱਲੋਂ ਆਖਰੀ ਕਿਤਾਬ ਹੈ। ਇਸ ਵਿਚ 10 ਕਹਾਣੀਆਂ ਹਨ (ਗਰਮ ਕੋਟ, ਮਿਥੁਨ, ਅਖੀਰਲਾ ਟੇਸ਼ਨ, ਤੇਈਆ ਤਾਪ, ਇਕ ਔਰਤ, ਸਿੱਧੀ ਲੀਕ ਤੇ ਅੱਧ ਗੋਲਾਈਆਂ, ਉਸ ਤੋਂ ਇਲਾਵਾ, ਖਿੱਚ-ਧੂਹ, ਨਤੀਆ ਕਿਥੇ ਐ? ਤੇ ਗਾਲ੍ਹ)। ਇਨ੍ਹਾਂ ਤੋਂ ਛੁੱਟ ਬੇਦੀ ਜੀ ਦਾ ਆਪਣੇ ਬਾਰੇ ਲਿਖਿਆ ਲੇਖ (ਪਰਮਾਤਮਾ ਦੇ ਪਜਾਮੇ ਦਾ ਆਖਰੀ ਤਰੋਪਾ) ਵੀ ਹੈ। ਇਸ ਤਰ੍ਹਾਂ ਜਿਨ੍ਹਾਂ ਕਹਾਣੀਆਂ ਉਤੇ ਬੇਦੀ ਸਾਹਿਬ ਨੇ ਨਿਸ਼ਾਨ ਲਾਏ ਸਨ, ਉਪਰੋਕਤ ਚਾਰ ਕਿਤਾਬਾਂ ਵਿਚ ਉਨ੍ਹਾਂ ਤੋਂ ਇਲਾਵਾ ਛੇ ਕਹਾਣੀਆਂ ਤੇ ਦੋ ਲੇਖ ਹੋਰ ਵੀ ਅਨੁਵਾਦੇ ਜਾ ਚੁੱਕੇ ਹਨ।

ਸ਼ੁਕਰ ਹੈ, ਮੈਂ ਪ੍ਰਾਣਾਂ ਦੇ ਹੁੰਦਿਆਂ ਬੇਦੀ ਸਾਹਿਬ ਨੂੰ ਦਿੱਤੇ ਵਚਨ ਉਤੇ ਪੂਰਾ ਉਤਰ ਸਕਿਆ ਹਾਂ।

# ਪਰਜਾ ਮੰਡਲ ਦਾ ਉਘਾ ਘੁਲਾਟੀਆ ਸ਼ਹੀਦ ਸੇਵਾ ਸਿੰਘ ਠੀਕਰੀਵਾਲਾ

**ਬਰਸੀ 'ਤੇ ਵਿਸ਼ੇਸ਼**

ਸੁਰਜੀਤ ਜੱਸਲ
ਫੋਨ: 91-98146-07737

ਅਨੇਕਾਂ ਸੂਰਬੀਰ ਦੇਸ਼ ਭਗਤਾਂ ਨੇ ਦੇਸ਼ ਦੀ ਆਜ਼ਾਦੀ ਲਈ ਵੱਖ-ਵੱਖ ਲਹਿਰਾਂ ਵਿਚ ਕੁਰਬਾਨੀਆਂ ਦੇ ਕੇ ਸ਼ਹੀਦਾਂ 'ਚ ਆਪਣਾ ਨਾਂ ਦਰਜ ਕਰਵਾਇਆ। ਮਾਲਵੇ ਵਿਚੋਂ ਅਕਾਲੀ ਲਹਿਰ ਅਤੇ ਰਿਆਸਤੀ ਪਰਜਾ ਮੰਡਲ ਲਹਿਰ ਦੇ ਉਘੇ ਸੰਗਰਾਮੀਏ ਅਮਰ ਸ਼ਹੀਦ ਸ. ਸੇਵਾ ਸਿੰਘ ਦਾ ਜਨਮ 24 ਅਗਸਤ 1886 ਈਸਵੀ ਨੂੰ ਪਿੰਡ ਠੀਕਰੀਵਾਲਾ (ਬਰਨਾਲਾ) ਵਿਖੇ ਇਕ ਅਮੀਰ ਪਰਿਵਾਰ 'ਚ ਸ. ਦੇਵਾ ਸਿੰਘ ਧਾਲੀਵਾਲ ਦੇ ਘਰ ਮਾਤਾ ਹਰ ਕੌਰ ਦੀ ਕੁੱਖੋਂ ਹੋਇਆ।

ਸੇਵਾ ਸਿੰਘ ਦੇ ਪਿਤਾ ਉਸ ਸਮੇਂ ਰਿਆਸਤ ਪਟਿਆਲਾ ਦੇ ਮਹਾਰਾਜਾ ਦੇ ਇੱਕ ਨਜ਼ਦੀਕੀ ਅਹਿਲਕਾਰ (ਉਚ ਅਧਿਕਾਰੀ) ਸਨ, ਜਿਸ ਕਰਕੇ ਉਨ੍ਹਾਂ ਦੀ ਪੜ੍ਹਾਈ ਪਟਿਆਲਾ ਵਿਖੇ ਹੀ ਹੋਈ। ਸੇਵਾ ਸਿੰਘ ਉਦੋਂ 18 ਸਾਲ ਦੇ ਸਨ, ਜਦੋਂ ਉਨ੍ਹਾਂ ਦੇ ਪਿਤਾ ਕੁਝ ਸਮਾਂ ਬਿਮਾਰ ਰਹਿਣ ਮਗਰੋਂ ਚਲਾਣਾ ਕਰ ਗਏ। ਉਹ ਸਿਹਤ ਵਿਭਾਗ ਵਿਚ ਅਫਸਰ ਰਹੇ ਤੇ ਪਲੇਗ ਅਫਸਰ ਬਣ ਕੇ ਬਰਨਾਲਾ ਆ ਲੱਗੇ, ਜਿੱਥੇ ਪਲੇਗ ਦੀ ਬਿਮਾਰੀ ਪੀੜਤ ਅਨੇਕਾਂ ਰੋਗੀਆਂ ਦੀਆਂ ਜਾਨਾਂ ਬਚਾਈਆਂ। ਕੁਝ ਸਮਾਂ ਨੌਕਰੀ ਕਰਨ ਉਪਰੰਤ ਉਹ ਪਿੰਡ ਠੀਕਰੀਵਾਲਾ ਆ ਗਏ ਤੇ ਲੋਕ ਭਲਾਈ ਦੇ ਕੰਮਾਂ ਵਿਚ ਜੁਟ ਗਏ। ਉਨ੍ਹਾਂ ਦੇ ਵਿਆਹ ਕਰਵਾਏ।

1912 ਈਸਵੀ ਵਿਚ ਉਨ੍ਹਾਂ ਨੂੰ ਸਿੱਖੀ ਲਗਨ ਜਾਗੀ ਤੇ ਆਪਣੇ ਪਿੰਡ ਅੰਦਰ ਸਿੰਘ ਸਭਾ ਦਾ ਮੁੱਢ ਬੰਨ੍ਹਿਆ। ਸਿੰਘ ਸਭਾ ਬਰਨਾਲਾ ਦੇ ਸਹਿਯੋਗ ਨਾਲ ਪਿੰਡ ਵਿਚ ਪਹਿਲਾ ਦੀਵਾਨ ਕਰਵਾਇਆ, ਜਿਸ 'ਚ ਪਟਿਆਲਾ ਸਭਾ ਦੇ ਮੁਖੀ ਤੇ ਉਚ ਕੋਟੀ ਦੇ ਵਿਦਵਾਨ ਮੰਗਵਾਏ। ਦੀਵਾਨ ਦੀ ਸਮਾਪਤੀ ਪਿਛੋਂ ਪਿੰਡ ਦੇ ਕਰੀਬ ਸੌ ਨੌਜਵਾਨਾਂ ਨੂੰ ਅੰਮ੍ਰਿਤ ਛਕਾ ਕੇ ਸਿੰਘ ਸਭਾ 'ਚ ਸ਼ਾਮਿਲ ਕੀਤਾ ਗਿਆ।

1914 ਵਿਚ ਸਿੰਘ ਸਭਾ ਲਹਿਰ ਦੇ ਪ੍ਰਭਾਵ ਹੇਠ ਲੋਕ ਸੁਧਾਰ ਸਰਗਰਮੀਆਂ ਸ਼ੁਰੂ ਹੋਈਆਂ। ਨਾਚ, ਮੁਜਰਾ, ਗੌਣ, ਜੂਆ, ਸ਼ਰਾਬ ਆਦਿ ਭੈੜੀਆਂ ਕੁਰੀਤੀਆਂ ਖਿਲਾਫ ਆਵਾਜ਼ ਉਠਣ ਲੱਗੀ। ਸੇਵਾ ਸਿੰਘ ਨੇ ਇਸ ਲਹਿਰ ਦਾ ਹਿੱਸਾ ਬਣ ਕੇ ਸਿੱਖ ਧਰਮ ਦੇ ਪ੍ਰਚਾਰ, ਸਮਾਜ ਸੁਧਾਰ ਅਤੇ ਕੌਮੀ ਆਜ਼ਾਦੀ ਲਈ ਸੰਘਰਸ਼ ਨੂੰ ਹੀ ਆਪਣਾ ਜੀਵਨ ਮਨੋਰਥ ਬਣਾ ਲਿਆ। ਉਨ੍ਹਾਂ ਆਪਣੇ ਪਿੰਡ ਠੀਕਰੀਵਾਲਾ ਦੇ ਗੁਰਦੁਆਰਾ ਸਾਹਿਬ ਦੀ ਇਮਾਰਤ ਦੀ ਉਸਾਰੀ ਦਾ ਕੰਮ ਆਪਣੀ ਨਿਗਰਾਨੀ ਹੇਠ ਉਸ ਥਾਂ ਮੁਕੰਮਲ ਕਰਵਾਇਆ, ਜਿੱਥੇ ਅਨ੍ਹਾਰਵੀਂ ਸਦੀ ਦੇ ਉਘੇ ਸਿੱਖ ਆਗੂ ਨਵਾਬ ਕਪੂਰ ਸਿੰਘ ਨੇ ਆਪਣੇ ਬੁੱਢੇ ਜਥੇ ਸਮੇਤ ਠਹਿਰਾਓ ਕੀਤਾ ਸੀ।

ਪਟਿਆਲਾ ਰਿਆਸਤ ਅੰਦਰ ਪਿੰਡ ਹੀਰੋਂ ਵਿਚ ਸਿੱਖਾਂ ਉਤੇ ਭਾਰੀ ਤਸ਼ੱਦਦ ਅਤੇ ਗੁਰਦੁਆਰਾ ਧੂਰੀ ਦੇ ਸੁਧਾਰ ਬਦਲੇ ਜਬਰ ਸ਼ੁਰੂ ਹੋਇਆ। 21 ਫਰਵਰੀ 1921 ਨੂੰ ਸ੍ਰੀ ਨਨਕਾਣਾ ਸਾਹਿਬ ਦਾ ਸ਼ਹੀਦੀ ਸਾਕਾ ਵਰਤਿਆ, ਜਿੱਥੇ ਉਹ ਪੰਜ ਪਿਆਰਿਆਂ ਦੇ ਜਥੇ ਨਾਲ ਨਨਕਾਣਾ ਸਾਹਿਬ ਗਏ। ਉਹ ਜ਼ਾਬਰ ਜ਼ੁਲਮ ਦੇ ਖਿਲਾਫ ਲੜਨ ਲਈ ਹਰ ਵੇਲੇ ਮੋਹਰੀ ਰਹਿੰਦੇ। ਮੁਕਤਸਰ ਦੇ ਗੁਰਦੁਆਰੇ ਨੂੰ ਮੁਕਤ ਕਰਵਾਉਣ ਲਈ 500 ਸਿੰਘਾਂ ਦਾ ਜਥਾ ਲੈ ਕੇ ਗਏ। ਧਰਮ ਪ੍ਰਤੀ ਲੋਕਾਂ ਨੂੰ ਇਕਜੁਟ ਕਰਨ ਲਈ ਉਨ੍ਹਾਂ ਇੱਕ ਰੋਜ਼ਾਨਾ ਅਖਬਾਰ 'ਕੌਮੀ ਦਰਦ' ਵੀ ਸ਼ੁਰੂ ਕੀਤਾ, ਜਿਸ ਨੂੰ ਭਰਵਾਂ ਹੁੰਗਾਰਾ ਮਿਲਿਆ। ਦਿਨੋ-ਦਿਨ ਵਧ ਰਹੀ ਲੋਕਪ੍ਰਿਅਤਾ



ਸ਼ਹੀਦ ਸੇਵਾ ਸਿੰਘ ਠੀਕਰੀਵਾਲਾ

ਨੂੰ ਵੇਖਦਿਆਂ ਸਰਕਾਰ ਨੇ ਉਨ੍ਹਾਂ ਨੂੰ ਦਸੰਬਰ 1923 ਵਿਚ ਕਾਲੀ ਪੱਗ ਬੰਨ੍ਹਣ ਅਤੇ ਕਿਰਪਾਨ ਪਹਿਨਣ ਦੇ ਦੋਸ਼ ਹੇਠ ਗ੍ਰਿਫਤਾਰ ਕਰ ਲਿਆ। ਪਟਿਆਲਾ ਲਿਜਾ ਕੇ ਇਸ ਦੋਸ਼ ਨੂੰ ਬਗਾਵਤ ਦਾ ਨਾਂ ਦੇ ਕੇ ਮੁਕੱਦਮਾ ਚਲਾ ਦਿੱਤਾ। ਉਹ ਅਜੇ ਜੇਲ੍ਹ ਵਿਚ ਹੀ ਸਨ ਕਿ ਬਾਬਾ ਖੜਕ ਸਿੰਘ ਦੀ ਪ੍ਰਧਾਨਗੀ ਹੇਠ ਇੱਕ ਪਰਜਾ ਮੰਡਲ ਕਾਇਮ ਕੀਤਾ ਗਿਆ, ਜਿਸ ਦਾ ਉਨ੍ਹਾਂ ਨੂੰ ਪ੍ਰਧਾਨ ਥਾਪਿਆ ਗਿਆ।

1925 ਈਸਵੀ ਵਿਚ ਗੁਰਦੁਆਰਾ ਐਕਟ ਬਣਨ ਪਿਛੋਂ ਜਦੋਂ ਸਾਰੇ ਅਕਾਲੀ ਆਗੂ ਰਿਹਾ ਕੀਤੇ ਗਏ ਤਾਂ ਸ. ਸੇਵਾ ਸਿੰਘ ਨੂੰ ਰਿਆਸਤ ਪਟਿਆਲਾ ਦੀ ਪੁਲਿਸ ਨੇ ਮੁੜ ਗ੍ਰਿਫਤਾਰ ਕਰ ਲਿਆ ਅਤੇ ਡੇਰਾ ਗਾਂਧਾ ਸਿੰਘ ਬਰਨਾਲਾ ਦੀ ਇੱਕ ਗੜਵੀ ਚੋਰੀ ਕਰਨ ਦਾ ਝੂਠਾ ਦੋਸ਼ ਲਾ ਕੇ ਨਾਜ਼ਮ ਬਰਨਾਲਾ ਦੀ ਅਦਾਲਤ ਵਿਚ ਉਨ੍ਹਾਂ ਵਿਰੁਧ ਮੁਕੱਦਮਾ ਚਲਾਇਆ। ਜਦੋਂ ਡੇਰੇ ਦੇ ਮਹੰਤ ਨੇ ਬਿਆਨ ਦਿੱਤਾ ਕਿ ਉਸ ਦੇ ਡੇਰੇ ਦੀ ਕੋਈ ਗੜਵੀ ਚੋਰੀ ਨਹੀਂ ਹੋਈ ਤਾਂ ਮੁਕੱਦਮਾ ਤਾਂ ਖਤਮ ਕਰ ਦਿੱਤਾ ਪਰ ਸੇਵਾ ਸਿੰਘ ਨੂੰ ਜੇਲ੍ਹ 'ਚੋਂ ਰਿਹਾ ਨਾ ਕੀਤਾ ਗਿਆ ਅਤੇ ਬਿਨਾ ਮੁਕੱਦਮੇ ਲਗਾਤਾਰ ਤਿੰਨ ਸਾਲ ਪਟਿਆਲਾ ਜੇਲ੍ਹ 'ਚ ਨਜ਼ਰਬੰਦ ਰੱਖਿਆ। ਕਈ ਮਹੀਨਿਆਂ ਦੀ ਭੁੱਖ ਹੜਤਾਲ ਅਤੇ ਤਿੰਨ ਸਾਲ ਦੀ ਨਜ਼ਰਬੰਦੀ ਪਿਛੋਂ ਉਨ੍ਹਾਂ ਨੂੰ ਅਗਸਤ 1929 'ਚ ਬਿਨਾ ਸ਼ਰਤ ਰਿਹਾ ਕਰ ਦਿੱਤਾ ਗਿਆ।

ਅਕਤੂਬਰ 1930 ਵਿਚ ਲੁਧਿਆਣਾ ਰਿਆਸਤੀ ਪਰਜਾ ਮੰਡਲ ਕਾਨਫਰੰਸ ਮੌਕੇ ਸੇਵਾ ਸਿੰਘ ਵਲੋਂ ਕੀਤੇ ਪ੍ਰਚਾਰ ਅਤੇ ਉਨ੍ਹਾਂ ਦੀਆਂ ਵਧਦੀਆਂ ਸਰਗਰਮੀਆਂ ਕਰਕੇ ਰਿਆਸਤ ਪਟਿਆਲਾ ਦੀ ਪੁਲਿਸ ਨੇ ਉਨ੍ਹਾਂ ਨੂੰ ਮੁੜ ਗ੍ਰਿਫਤਾਰ ਕਰ ਲਿਆ ਅਤੇ ਉਨ੍ਹਾਂ ਵਿਰੁਧ ਨਾਜ਼ਮ ਬਰਨਾਲਾ ਦੀ ਅਦਾਲਤ ਵਿਚ ਮੁਕੱਦਮਾ ਚਲਾਇਆ ਗਿਆ। ਉਨ੍ਹਾਂ ਨੂੰ ਪੰਜ ਸਾਲ ਕੈਦ ਅਤੇ ਇੱਕ ਹਜ਼ਾਰ ਜੁਰਮਾਨੇ ਦੀ ਸਜ਼ਾ ਸੁਣਾਈ ਗਈ, ਪ੍ਰੰਤੂ ਰਿਆਸਤੀ ਪਰਜਾ ਮੰਡਲ ਲਹਿਰ ਦੇ ਪ੍ਰਭਾਵ ਕਾਰਨ ਚਾਰ ਮਹੀਨੇ ਬਾਅਦ ਬਿਨਾ ਸ਼ਰਤ ਰਿਹਾ ਕਰ ਦਿੱਤਾ ਗਿਆ।

ਅਪਰੈਲ 1933 ਵਿਚ ਰਿਆਸਤੀ ਪਰਜਾ ਮੰਡਲ ਦੀ ਦਿੱਲੀ ਕਾਨਫਰੰਸ ਅਤੇ ਪਿੰਡ ਖੜਿਆਲ (ਸੁਨਾਮ) ਦੀ ਅਕਾਲੀ ਕਾਨਫਰੰਸ 'ਚ ਭਾਗ ਲੈਣ ਦੇ ਦੋਸ਼ 'ਚ ਪਟਿਆਲਾ ਪੁਲਿਸ ਨੇ ਉਨ੍ਹਾਂ ਨੂੰ ਮੁੜ ਗ੍ਰਿਫਤਾਰ ਕਰ ਲਿਆ ਤੇ ਨਾਜ਼ਮ ਬਰਨਾਲਾ ਦੀ ਅਦਾਲਤ 'ਚ ਚਲਾਏ ਮੁਕੱਦਮਿਆਂ ਪਿਛੋਂ ਕੁੱਲ ਮਿਲਾ ਕੇ ਦਸ ਸਾਲ ਕੈਦ ਅਤੇ ਦੋ ਹਜ਼ਾਰ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਗਈ। ਪਟਿਆਲਾ ਜੇਲ੍ਹ ਦੇ ਕਰੂਖਤ ਅਧਿਕਾਰੀਆਂ ਦੇ ਅਣਮਨੁੱਖੀ ਵਰਤਾਓ ਵਿਰੁਧ ਆਪਣੇ ਅਪਰੈਲ 1934 ਈਸਵੀ ਵਿਚ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ। ਜਿਸ ਦੇ ਫਲਸਰੂਪ 19 ਅਤੇ 20 ਜਨਵਰੀ (1935 ਈਸਵੀ) ਦੀ ਵਿਚਕਾਰਲੀ ਰਾਤ ਨੂੰ ਨੌਂ ਮਹੀਨਿਆਂ ਦੀ ਲੰਬੀ ਭੁੱਖ ਹੜਤਾਲ ਉਪਰੰਤ ਬੜੀ ਹੀ ਦਰਦਨਾਕ ਹਾਲਤ ਵਿਚ ਉਹ ਸ਼ਹੀਦੀ ਪਾ ਗਏ।

ਸ਼ਹੀਦੀ ਸੇਵਾ ਸਿੰਘ ਦੀ ਸ਼ਹੀਦੀ ਬਰਸੀ ਹਰ ਸਾਲ 18, 19 ਅਤੇ 20 ਜਨਵਰੀ ਨੂੰ ਪਿੰਡ ਠੀਕਰੀਵਾਲਾ (ਬਰਨਾਲਾ) ਵਿਖੇ ਮਨਾਈ ਜਾਂਦੀ ਹੈ। ਜਿੱਥੇ ਰਾਗੀ, ਢਾਡੀ, ਕਵੀਸ਼ਰ ਵਿਦਵਾਨ ਪ੍ਰਚਾਰਕ ਤੇ ਸਿਆਸੀ ਪਾਰਟੀਆਂ ਦੇ ਨੇਤਾ ਸ. ਸੇਵਾ ਸਿੰਘ ਨੂੰ ਸ਼ਰਧਾ ਦੇ ਫੁੱਲ ਭੇਟ ਕਰਦੇ ਹਨ।

# ਕਵੀ ਵਰਿਆਮ ਸੰਧੂ ਤੇ ਜੇਲ੍ਹ 'ਚ ਭੋਗਿਆ ਕੁੰਭੀ ਨਰਕ

**ਕਹਾਣੀਆਂ ਦਾ ਕੋਹੇਨੂਰ ਵਰਿਆਮ ਸਿੰਘ ਸੰਧੂ**

**7**

(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)

***ਪ੍ਰਿੰਸੀਪਲ ਸਰਵਣ ਸਿੰਘ ਬੇਸ਼ਕ ਬਹੁਤਾ ਖੇਡ ਲੇਖਕ ਵਜੋਂ ਜਾਣੇ ਜਾਂਦੇ ਹਨ, ਪਰ ਉਨ੍ਹਾਂ ਦੀਆਂ ਲਿਖਤਾਂ ਵਿਚ ਕਥਾ ਰਸ ਕਮਾਲ ਦਾ ਹੁੰਦਾ ਹੈ। ਇਸੇ ਕਰਕੇ ਉਨ੍ਹਾਂ ਦੀਆਂ ਖੇਡ ਲਿਖਤਾਂ ਵੀ ਕਹਾਣੀਆਂ ਵਾਂਗ ਜਾਪਦੀਆਂ ਹਨ। ਉਂਜ ਉਨ੍ਹਾਂ ਕਹਾਣੀਆਂ ਲਿਖੀਆਂ ਵੀ ਹਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਉਨ੍ਹਾਂ ਦੀਆਂ ਰਚਨਾਵਾਂ ਪਾਠਕ ਬੜੀ ਦਿਲਚਸਪੀ ਨਾਲ ਪੜ੍ਹਦੇ ਹਨ। ਜੀਵਨੀਨੁਮਾ ਲੇਖ ਵੀ ਉਹ ਬਹੁਤ ਸੋਹਣੇ ਲਿਖਦੇ ਹਨ। ਪਿਛਲੇ ਕੁਝ ਸਮੇਂ ਵਿਚ 'ਪੰਜਾਬ ਟਾਈਮਜ਼' ਦੇ ਪਾਠਕ 'ਮਘਦਾ ਰਹੀਂ ਵੇ ਸੂਰਜਾ ਕੰਮੀਆਂ ਦੇ ਵਿਹੜੇ' ਵਰਗਾ ਇਨਕਲਾਬੀ ਗੀਤ ਲਿਖਣ ਵਾਲੇ ਸ਼ਾਇਰ ਮਰਹੂਮ ਸੰਤ ਰਾਮ ਉਦਾਸੀ, ਨਾਟਕਕਾਰ (ਨਾਟਕਬਾਜ਼) ਬਲਵੰਤ ਗਾਰਗੀ ਅਤੇ ਸਾਹਿਤਕਾਰ ਤੇ ਪੱਤਰਕਾਰ ਗੁਲਜ਼ਾਰ ਸਿੰਘ ਸੰਧੂ ਬਾਰੇ ਉਨ੍ਹਾਂ ਦੇ ਲੰਮੇ ਲੇਖ ਪੜ੍ਹ ਚੁਕੇ ਹਨ। ਹੁਣ ਕਹਾਣੀਕਾਰ ਵਰਿਆਮ ਸਿੰਘ ਸੰਧੂ ਬਾਰੇ ਉਸ ਦੀਆਂ ਲੰਮੀਆਂ ਕਹਾਣੀਆਂ ਵਾਂਗ ਹੀ ਪ੍ਰਿੰਸੀਪਲ ਸਰਵਣ ਸਿੰਘ ਨੇ ਇਹ ਲੰਮਾ ਲੇਖ ਲਿਖਿਆ ਹੈ ਜੋ ਅਸੀਂ ਕਿਸ਼ਤਾਂ ਵਿਚ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ। ਦੇਖੀਏ ਪ੍ਰਿੰਸੀਪਲ ਸਾਹਿਬ ਆਪਣੇ ਗੋਤੀ ਮਝੈਲ ਭਾਊ ਦਾ ਕਿੰਨਾ ਕੁ ਪੱਖ ਪੂਰਦੇ ਨੇ! ਲੇਖ ਦੀ ਸੱਤਵੀਂ ਕਿਸ਼ਤ ਵਿਚ ਪ੍ਰਿੰ. ਸਰਵਣ ਸਿੰਘ ਨੇ ਵਰਿਆਮ ਸੰਧੂ ਦੇ ਕਵੀ ਪੱਖ, ਜੇਲ੍ਹ ਵਿਚ ਭੁਗਤੇ ਕੁੰਭੀ ਨਰਕ ਅਤੇ ਉਸ ਦੀ ਕਹਾਣੀ ਬਾਰੇ ਵੱਖ ਵੱਖ ਬੁੱਧੀਜੀਵੀਆਂ ਦੀਆਂ ਟਿੱਪਣੀਆਂ ਦਾ ਜ਼ਿਕਰ ਕੀਤਾ ਹੈ। -ਸੰਪਾਦਕ***



**ਪ੍ਰਿੰ. ਸਰਵਣ ਸਿੰਘ**
**ਫੋਨ: 905-799-1661**

ਵਰਿਆਮ ਸਿੰਘ ਸੰਧੂ ਪਿਛਲੀ ਉਮਰੇ ਪਹਿਲੀ ਉਮਰ ਨਾਲੋਂ ਵੀ ਵੱਧ ਕਵਿਤਾਵਾਂ ਲਿਖਣ ਲੱਗ ਪਿਆ ਹੈ। 6 ਜੂਨ, ਪਤਨੀ ਰਜਵੰਤ ਦੇ ਜਨਮ ਦਿਨ 'ਤੇ ਲਿਖੀ ਕਵਿਤਾ ਪੜ੍ਹੋ:

ਵਿਛੜਨ ਰਾਤ ਨਾ ਆਵੇ!
ਜਦ ਉਹ ਆਈ ਮਹਿਕਾਂ ਲੈ ਕੇ
ਮੇਰੇ ਵਿਹੜੇ
ਲੋਕ-ਕਥਾ ਦੀ ਨਾਇਕਾ ਵਾਂਗੂੰ
ਪਹਿਲਾਂ ਹੱਸੀ ਤੇ ਫਿਰ ਰੋਈ।
'ਹੱਸੀ ਕਿਉਂ ਤੇ ਰੋਈ ਕਿਉਂ?'

ਹੱਸਦੀ ਹੱਸਦੀ ਦੱਸਣ ਲੱਗੀ,
'ਹੱਸੀ ਹਾਂ ਮੈਂ ਇਸ ਕਰਕੇ ਕਿ
ਮਿਲਿਆ ਮੈਨੂੰ ਤੇਰੇ ਜਿਹਾ
ਲਟਬੌਰਾ ਅਤੇ ਲਾਡਲਾ
ਜੀਵਨ ਸਾਥੀ।
ਰੋਈ ਇਸ ਕਰਕੇ ਕਿ
ਜ਼ਿੰਦਗੀ ਤੈਨੂੰ ਬੜੇ ਦੁੱਖ ਨੇ ਦੇਣੇ।'
ਏਨਾ ਕਹਿ ਕੇ
ਮੁੜ ਤੋਂ ਖਿੜ-ਖਿੜ ਹੱਸਣ ਲੱਗੀ।
ਪਰ ਇਹ ਹੱਸਣਾ
ਲੋਕ-ਕਥਾ ਦੀ ਨਾਇਕਾ ਨਾਲੋਂ
ਮੂਲੋਂ ਵੱਖਰਾ
ਵਾਧੂ ਅਤੇ ਨਿਰੋਲ ਨਿਜੀ ਸੀ
ਕੇਵਲ ਤੇ ਕੇਵਲ ਉਸ ਦੀ ਮਲਕੀਅਤ।

'ਹੁਣ ਕਿਉਂ ਹੱਸੀ?'
ਜਦ ਇਹ ਪੁੱਛਿਆ
ਹੱਸਦੀ ਹੱਸਦੀ ਆਖਣ ਲੱਗੀ,
'ਮੈਂ ਜ਼ਿੰਦਗੀ ਨੂੰ ਕਿਹਾ, ਨੀਂ ਜਿੰਦੇ!
ਜਿੰਨੇ ਮਰਜ਼ੀ ਦੁੱਖ ਦੇ ਲਵੀਂ,
ਇਹਨੂੰ ਤਾਂ ਮੈਂ
ਤੱਤੀ ਵਾ ਨਹੀਂ ਲੱਗਣ ਦੇਣੀ।
ਕੰਧ ਬਣ ਕੇ ਖੜ੍ਹ ਜਾਵਾਂਗੀ
ਇਹਦੇ ਅੱਗੇ।
ਇਹਨੂੰ ਵੱਜਣ ਵਾਲੀ ਹਰ ਇਕ ਗੋਲੀ
ਆਪਣੀ ਹਿੱਕ 'ਤੇ ਝੱਲ ਲਵਾਂਗੀ।' *1

ਏਨੀ ਆਖ ਉਹ ਮੋਹ ਵਿਚ ਪਿਘਲੀ
ਹਿੱਕ ਮੇਰੀ ਨਾਲ ਲੱਗ ਗਈ।
ਅਜੇ ਤੱਕ ਵੀ ਲੱਗੀ ਹੋਈ।
ਭਰ ਬਾਹਵਾਂ ਦੀ ਕੱਸ ਪੀਚਵੀਂ
ਤਾਅ-ਉਮਰ ਮੈਨੂੰ ਬੰਨ੍ਹ ਕੇ ਰੱਖਿਆ।
ਟੁੱਟਣ ਤੇ ਖਿੰਡਣ ਨਾ ਦਿੱਤਾ
ਬੋਲਾਂ ਵਿਚ ਤਕੜਾਈ ਭਰ ਕੇ ਏਹੋ ਕਹਿੰਦੀ,
'ਪੈਰ ਜਮਾ ਕੇ ਰੱਖ ਜ਼ਮੀਨ ਦੇ ਉਤੇ
ਮੈਂ ਤੈਨੂੰ ਡਿੱਗਣ ਨਹੀਂ ਦਿੰਦੀ,
ਮੈਂ ਤੈਨੂੰ ਡੋਲਣ ਨਹੀਂ ਦੇਣਾ
ਤੇਰਾ ਸਿਰ ਅਸਮਾਨਾਂ ਵੱਲ ਮੈਂ
ਸਿੱਧਾ ਤਣਿਆ ਤੱਕਣਾ ਚਾਹੁੰਦੀ।'

ਮੈਨੂੰ ਛੂਹ ਕੇ ਲੰਘਣੋਂ ਪਹਿਲਾਂ
ਤੱਤੀਆਂ-ਠੰਢੀਆਂ ਸਭੇ 'ਵਾਵਾਂ
ਝੱਲੀਆਂ ਨੇ ਉਸ ਆਪਣੇ ਪਿੰਡੇ
ਹਰ ਕਲਜੁਗ ਨਾਲ ਲਾ ਕੇ ਆਢਾ
ਮੇਰੀ ਜਿੰਦ ਦੇ ਹਰ ਇਕ ਪਲ ਨੂੰ
ਦੇ ਦਿੱਤੀ ਉਸ ਸੰਘਣੀ ਛਾਂ
ਮੇਰੀ ਰੂਹ ਵਿਚ ਵਗਣ ਲਾ ਦਿੱਤੇ
ਰਾਵੀ ਅਤੇ ਝਨਾਂ
ਬਣ ਮੇਰੇ ਬੱਚਿਆਂ ਦੀ ਮਾਂ
ਉਸ ਦਾ ਹੋਣਾ, ਜੀਣਾ ਮੇਰਾ
ਥੀਣਾ ਮੇਰਾ
ਉਸ ਦੀ ਸੰਗਤ
ਮੇਰੇ ਲਈ
ਸਤਿਜੁਗ ਦੀ ਠੰਢਕ!
ਅਕਸਰ ਹਾਂ ਦੁਨਿਆਵੀ ਬੰਦੇ
ਰੁੱਸਣ-ਮੰਨਣ ਚੱਲਦਾ ਰਹਿੰਦਾ।
ਤੂੰ-ਤੂੰ, ਮੈਂ-ਮੈਂ ਹੁੰਦੀ ਰਹਿੰਦੀ
ਲੜਨ-ਭਿੜਨ ਬਿਨ
ਬੇਰਸ ਜ਼ਿੰਦਗੀ,
ਬੇਰੰਗ ਜ਼ਿੰਦਗੀ!
ਕਾਹਦੀ ਜ਼ਿੰਦਗੀ!
ਕਦੀ ਕਦੀ ਜਦ
ਗੁੱਸਾ ਸੱਤ ਅਸਮਾਨੀਂ ਗੂੰਜੇ
ਬੱਦਲ ਗੜ੍ਹਕਣ, ਬਿਜਲੀ ਲਿਸ਼ਕੇ
ਛਮ! ਛਮ!! ਬਰਖਾ ਬਰਸਣ ਪਿਛੋਂ
ਅੱਥਰੂ ਅੱਖੀਂ ਲਿਸ਼ਕਣ ਪਿੱਛੋਂ
ਰੋਂਦੀ ਰੋਂਦੀ ਹੱਸ ਪੈਂਦੀ ਹੈ
ਮੇਰੇ ਸਭ ਗੁਨਾਹ ਬਖ਼ਸ਼ ਕੇ
ਮੁੜ ਬਾਹਵਾਂ ਵਿਚ ਕੱਸ ਲੈਂਦੀ ਹੈ
ਮੋਹ ਵਿਚ ਡੁੱਲ੍ਹ ਡੁੱਲ੍ਹ ਆਖੀ ਜਾਵੇ,
'ਲੜਨ-ਰਾਤ ਆਵੇ,
ਵਿਛੜਨ-ਰਾਤ ਨਾ ਆਵੇ!'

ਆਪਣੇ ਬੋਲ ਪੁਗਾਵਣ ਖਾਤਰ,
ਮੌਤ ਨਾਲ ਵੀ ਲੜ ਆਈ ਹੈ। *2
ਧੱਕ ਕੇ ਪਿੱਛੇ ਮੌਤ ਨੂੰ ਕਹਿੰਦੀ,
'ਸਾਹ ਲੈ ਮੌਤੇ ਕਾਹਲੀਏ!
ਮੈਂ ਅਜੇ ਨਾ ਵਿਹਲੀ।' *3
'ਸਕੇ ਸਾਕ ਕੁੜਾਵੇ
ਹੋ ਗਏ ਨੇ ਜਦ
ਹੁਣ ਮੈਂ ਇਹਦਾ ਪੱਲਾ ਛੱਡ ਕੇ
ਕਿਉਂਕਰ ਜਾਵਾਂ!
ਹੁਣ ਤਾਂ ਜੇਕਰ ਘੜੀ ਦਿਸਾਂ ਨਾ
ਇਹਦੇ ਲਈ ਸਭ ਕਲਜੁਗ ਹੁੰਦਾ!'

'ਮੇਰੇ ਬਾਝੋਂ ਕੌਣ ਕਰੂ
ਇਹਦੇ ਅਖਣੇ-ਮਖਣੇ ਪੂਰੇ
ਕੌਣ ਕਹੂਗਾ 'ਮਿਠਿਓ' ਕੌੜੇ ਤੁੰਮੇ ਨੂੰ
ਕੌਣ ਇਹਨੂੰ ਸਮਝਾਊ ਕਮਲੇ-ਰਮਲੇ ਨੂੰ
ਕਿਹੜੀ ਗੱਲ ਏ ਕਰਨੀ,
ਕਿਹੜੀ ਨਹੀਂ ਕਰਨੀ!
ਕਿਹੜੇ ਰਾਹੇ ਤੁਰਨਾ,
ਕਿਹੜੇ ਨਹੀਂ ਤੁਰਨਾ।
ਕੌਣ ਇਹਨੂੰ ਵਰਚਾਊ!
ਕਿਹੜਾ ਅੱਥਰੂ ਪੂੰਝੂ!
ਮੇਰੇ ਬਾਝੋਂ ਕਿਹੜਾ ਇਹਦੀ ਪੀੜ ਜਰੇਗਾ!
ਕਿਹੜਾ ਇਹਦੇ ਦੁੱਖ ਹਰੇਗਾ!
ਮੇਰੇ ਬਾਝੋਂ ਇਹਦੀ ਮੌਤੇ ਕੌਣ ਮਰੇਗਾ!'

ਕਦੀ ਕਦੀ ਮੈਂ ਖਿਝ ਜਾਂਦਾ ਹਾਂ,
'ਕੀ ਤੂੰ ਮੈਨੂੰ ਸਮਝ ਰੱਖਿਆ
ਪਹਿਲੀ-ਕੱਚੀ ਦੇ ਵਿਚ
ਪੜ੍ਹਦਾ ਛੋਟਾ ਬੱਚਾ!
ਹਰ ਗੱਲ ਵਿਚ ਐਵੇਂ ਲਾਵੇਂ ਰੋਕਾਂ
ਐਂ ਨਹੀਂ ਕਰਨਾ! ਆਹ ਨਹੀਂ ਕਹਿਣਾ!'

ਹੱਸ ਕੇ ਭੋਲੇ-ਭਾਅ ਕਹਿੰਦੀ ਏ,
'ਤੁਹਾਡੀ ਕਿਹੜੀ ਮਾਂ ਜਿਉਂਦੀ ਏ
ਜਿਹੜੀ ਤੁਹਾਨੂੰ ਦੇਊ ਮੱਤਾਂ!
ਇਹ ਕੰਮ ਤਾਂ ਹੁਣ ਮੈਂ ਈ ਕਰਨਾ!'

ਗੱਲਾਂ ਕਰਦੀ ਕਰਦੀ ਹੁਣ ਵੀ
ਰੋਂਦੀ-ਰੋਂਦੀ ਹੱਸ ਪੈਂਦੀ ਹੈ।
ਸਿਰ ਮੇਰੇ 'ਤੇ ਹੱਥ ਫੇਰ ਕੇ
ਪੋਲੇ ਜਿਹੇ ਮੱਥਾ ਸਹਿਲਾ ਕੇ
ਨਾਲ ਅਸੀਸਾਂ ਭਰੇ-ਭਕੁੰਨੇ
ਅਸਮਾਨਾਂ ਵੱਲ ਹੱਥ ਉਠਾਵੇ।
ਅੱਖਾਂ ਮੁੰਦੀ ਮੁੜ-ਮੁੜ
ਮੁੱਖੋਂ ਬੋਲ ਅਲਾਵੇ,
'ਲੜਨ-ਰਾਤ ਆਵੇ,
ਵਿਛੜਨ-ਰਾਤ ਨਾ ਆਵੇ!'

**ਨੋਟ:** *1. ਕਾਲੇ ਸਮਿਆਂ ਵਿਚ ਦੋ ਵਾਰ ਮੈਨੂੰ ਪਿੱਛੇ ਕਰ ਕੇ ਮੇਰੇ ਅੱਗੇ ਖਲੋ ਗਈ ਤੇ ਮੇਰੇ ਸਾਹਮਣੇ ਇਕ ਵਾਰ ਤਣੀ ਰਾਈਫਲ ਤੇ ਦੂਜੀ ਵਾਰ ਸਟੇਨ ਦੀ ਨਾਲੀ ਵੱਲ ਆਪਣੀ ਛਾਤੀ ਕਰ ਦਿੱਤੀ।

*2. ਪਿਛਲੇ ਇਕ ਸਾਲ ਵਿਚ ਤਿੰਨ ਵਾਰ ਹਾਰਟ-ਅਟੈਕ ਤੇ ਓਪਨ ਹਾਰਟ ਸਰਜਰੀ ਹੋਈ।

*3. "ਸਾਹ ਲੈ ਮੌਤੇ ਕਾਹਲੀਏ! ਮੈਂ ਅਜੇ ਨਾ ਵਿਹਲਾ।" -ਪ੍ਰੋ. ਮੋਹਨ ਸਿੰਘ

---

ਵਰਿਆਮ ਸੰਧੂ ਨੂੰ ਵਾਰ-ਵਾਰ ਗ੍ਰਿਫਤਾਰ ਕੀਤੇ ਜਾਣ, ਹਵਾਲਾਤਾਂ ਤੇ ਜੇਲ੍ਹਾਂ ਵਿਚ ਡੱਕਣ ਅਤੇ ਇੰਟੈਰੋਗੇਸ਼ਨ ਸੈਂਟਰ ਵਿਚ ਲਿਜਾਣ ਦੇ ਦੁੱਖ ਝੱਲਣ ਨਾਲ ਅਜਿਹੇ ਅਨੁਭਵ ਵੀ ਹੋਏ ਜੋ ਉਸ ਦੀਆਂ ਰਚਨਾਵਾਂ 'ਚ ਪੇਸ਼ ਹੋਏ। ਉਹ ਲਿਖਦੈ: ਅਸੀਂ ਪੱਟੀ ਦੇ ਠਾਣੇ ਵਿਚ ਬੰਦ ਸਾਂ। ਤੜਕੇ ਜਾਗ ਆਈ ਤਾਂ ਇੱਕ ਬਜ਼ੁਰਗ ਸਿਪਾਹੀ ਨੇ ਆਪਣੀ ਸਫੈਦ ਦਰਸ਼ਨੀ ਦਾੜ੍ਹੀ ਠਾਠੀ ਨਾਲ ਬੰਨ੍ਹੀ ਹੋਈ ਸੀ ਤੇ 'ਜਪੁਜੀ ਸਾਹਿਬ' ਦਾ ਪਾਠ ਕਰ ਰਿਹਾ ਸੀ। ਮੈਂ ਆਪਣੇ ਲਾਗੇ ਲੇਟੇ ਰਘਬੀਰ ਨੂੰ ਕਿਹਾ, "ਵੇਖ ਲੈ, ਪੁਲਿਸ ਵਿਚ ਵੀ ਇਸ ਤਰ੍ਹਾਂ ਦੇ ਗੁਰਮੁਖ ਬੰਦੇ ਹੈਗੇ ਨੇ!"

"ਰਾਤ ਵਾਲੇ ਨਾਕੇ ਦੀ ਸੁਣਾ।" ਸਿਪਾਹੀ ਸੁੰਦਰ ਨੇ ਪਾਠੀ ਸਿਪਾਹੀ ਦਾ ਨਾਂ ਲੈ ਕੇ ਉਸ ਤੋਂ ਪੁੱਛਿਆ ਪਰ ਉਹ ਉਸ ਦੀ ਗੱਲ ਵੱਲ ਧਿਆਨ ਦਿੱਤੇ ਬਿਨਾ ਨਿਰੰਤਰ ਪਾਠ ਕਰੀ ਗਿਆ। ਮੈਂ ਧਾਰਮਿਕ ਬੰਦਾ ਨਹੀਂ ਅਤੇ ਨਾ ਹੀ ਕਦੀ ਪਾਠ-ਪੂਜਾ ਕੀਤੀ ਹੈ ਪਰ ਉਸ ਬਜ਼ੁਰਗ ਸਿਪਾਹੀ ਦੀ ਨਿਸ਼ਠਾ ਮੈਨੂੰ ਚੰਗੀ ਲੱਗੀ।

"ਓਇ! ਸੁਣਾ ਰਾਤ ਵਾਲੇ ਨਾਕੇ ਦੀ!" ਸੁੰਦਰ ਨੇ ਫਿਰ ਪੁੱਛਿਆ। ਜ਼ਾਹਰ ਸੀ ਕਿ ਉਹ ਰਾਤੀਂ ਨਾਕੇ 'ਤੇ ਡਿਊਟੀ ਦੇਣ ਗਿਆ ਸੀ ਤੇ ਸਵੇਰੇ ਨਾਕੇ ਤੋਂ ਪਰਤ ਕੇ ਨਿੱਤ-ਕਿਰਿਆ ਤੋਂ ਵਿਹਲਾ ਹੋ ਕੇ ਪਾਠ ਕਰ ਰਿਹਾ ਸੀ।

ਉਸ ਨੇ ਇਸ ਵਾਰੀ ਵੀ ਸੁੰਦਰ ਦੀ ਪੁੱਛ ਦਾ ਕੋਈ ਉਤਰ ਨਾ ਦਿੱਤਾ। ਪਾਠ ਅੰਤਿਮ ਪੜਾਅ ਉਤੇ ਪਹੁੰਚ ਗਿਆ ਸੀ। 'ਪਵਨ ਗੁਰੂ ਪਾਣੀ ਪਿਤਾ' ਤੱਕ ਪੁੱਜਦਿਆਂ ਸੁੰਦਰ ਨੇ ਆਪਣਾ ਸਵਾਲ ਤਿਹਰਾਅ ਦਿੱਤਾ।

"...ਗਏ ਮੁਸ਼ਕਤਿ ਘਾਲਿ॥ ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ॥" ਆਖ ਕੇ ਪਹਿਲਾਂ ਤਾਂ ਉਸ ਨੇ ਤੁਰਤ 'ਵਾਗੁਰ ਜੀ ਕੀ ਫਤਿਹ' ਬੁਲਾਈ ਤੇ ਫਿਰ ਪੈਂਦੀ ਸੱਟੇ ਹੀ ਛੁੱਟ ਪਿਆ, "ਨਾਕਾ ਲਾਇਆ ਸੀ ਇਨ੍ਹਾਂ ਦੀ ਭੈਣ ਦੀ...। ਆਪਾਂ ਚਿੱਤੜਾਂ ਪਿੱਛੇ ਬੋਤਲ ਅੜਾ ਕੇ ਲੈ ਗਏ ਸਾਂ। ਪੀ ਕੇ, ਟੁੰਨ ਹੋ ਕੇ ਨਾਕੇ ਦੇ ਇੱਕ ਪਾਸੇ ਸੁੱਤੇ ਰਹੇ ਸਾਰੀ ਰਾਤ। ਇਹ ਮੁਨਸ਼ੀ ਭੈਣ ਚੋ... ਆਪਣੇ ਆਪ ਨੂੰ ਬਹੁਤਾ ਚਾਤਰ ਸਮਝਦੈ। ਆਪਾਂ ਇਹੋ ਜਿਹੇ ਸੌ ਖਾਧੇ ਪੀਤੇ। ਕੱਲ੍ਹ ਦੇ ਛੋਕਰੇ ਦੋ ਜਮਾਤਾਂ ਪੜ੍ਹ ਕੇ ਮੁਨਸ਼ੀ ਬਣੇ ਫਿਰਦੇ ਆ। ਅੰਗਰੇਜ਼ ਕੋਈ ਘੂਸੇ ਸੀ? ਸਰਦਾਰ ਜੀ! ਓਨਾ ਚਿਰ ਉਹ ਅਗਲੇ ਨੂੰ ਮੁਨਸ਼ੀ ਨਹੀਂ ਸੀ ਬਣਾਉਂਦੇ, ਜਦੋਂ ਤਕ ਅਗਲੇ ਦੀਆਂ ਝੁੱਘਾਂ ਨਾ ਚਿੱਟੀਆਂ ਹੋ ਜਾਣ!"

ਉਸ ਦੀ ਧਾਰਮਿਕਤਾ ਪਿੱਛੇ ਲੁਕਿਆ ਉਸ ਦਾ ਮਨ ਅਤੇ ਉਹਦਾ 'ਪੁਲਸੀਆ ਕਲਾਮ' ਇਕ ਦਮ ਪਰਗਟ ਹੋ ਗਏ। ਅਸੀਂ ਇਸ ਨਿਵੇਕਲੀ 'ਭਾਸ਼ਾ ਵੰਨਗੀ' ਉਤੇ ਹੱਸਦੇ ਰਹੇ!

ਸਬ-ਜੇਲ੍ਹ ਪੱਟੀ ਵਿਚ ਬਹੁਤੇ ਉਹ ਹਵਾਲਾਤੀ ਸਨ, ਜਿਨ੍ਹਾਂ ਦੇ ਮੁਕੱਦਮੇ ਅਜੇ ਮੁਢਲੇ ਪੜਾਅ 'ਤੇ ਸਨ। ਇਨ੍ਹਾਂ ਵਿਚ ਕੋਈ ਅਫੀਮ ਦਾ ਸਮਗਲਰ ਸੀ, ਕਿਸੇ ਦੀ ਸ਼ਰਾਬ ਦੀ ਭੱਠੀ ਫੜ੍ਹੀ ਗਈ ਸੀ, ਕੋਈ ਸੱਟ-ਫੇਟ ਲਾ ਕੇ ਜਾਂ ਮਾਰ-ਧਾੜ ਕਰਕੇ ਆਇਆ ਸੀ। ਬਹੁਤ ਥੋੜ੍ਹੇ ਸਨ ਜੋ ਸੁਭਾਅ ਪੱਖੋਂ ਹੀ ਅਪਰਾਧੀ ਸਨ। ਬਹੁਤੇ ਤਾਂ ਹਾਲਾਤ ਦੇ ਦਬਾਓ ਹੇਠ ਗੁਨਾਹ ਕਰ ਬੈਠੇ ਸਨ। ਹੁਣ ਪਛਤਾਉਂਦੇ ਵੀ ਸਨ। ਦੋ ਜਣਿਆਂ ਤੋਂ ਸਿਰਫ ਇਸ ਕਰ ਕੇ ਬੰਦਾ ਮਰ ਗਿਆ ਸੀ ਕਿ ਉਨ੍ਹਾਂ ਨੇ ਮੰਡ ਵੱਲੋਂ ਘੋੜੀ 'ਤੇ ਸ਼ਰਾਬ ਲਈ ਆਉਂਦੇ ਬੰਦੇ ਨੂੰ ਸ਼ਰਾਬ ਪਿਆ ਕੇ ਜਾਣ ਲਈ ਕਿਹਾ ਸੀ ਅਤੇ ਉਹ ਟਿਕਾਣੇ 'ਤੇ ਪਹੁੰਚਣ ਦੀ ਕਾਹਲ ਕਰ ਕੇ ਮੰਨਿਆ ਨਹੀਂ ਸੀ। ਮੋਗੇ ਵੱਲ ਦਾ ਮਿਠਬੋਲੜਾ 'ਬਾਈ' ਅਫੀਮ ਦਾ ਸਮਗਲਰ ਸੀ ਅਤੇ ਉਸ ਦੀ ਸਾਡੇ ਪਿੰਡ ਦੇ ਕਿਸੇ ਸਮਗਲਰ ਨਾਲ ਸਾਂਝ ਭਿਆਲੀ ਵੀ ਸੀ। ਜੇਲ੍ਹ ਤੋਂ ਬਾਹਰ ਜਾ ਕੇ ਵੀ ਸਾਨੂੰ ਮਿਲਦੇ-ਗਿਲਦੇ ਰਹਿਣ ਲਈ ਉਤਸ਼ਾਹ ਵਿਖਾਉਂਦਾ ਰਹਿੰਦਾ। ਉਸ ਦਾ ਹੀ ਇੱਕ ਹੋਰ ਸਾਥੀ 'ਟੁੰਡਾ' ਸੀ। ਦੁਪਹਿਰ ਨੂੰ ਤਾਸ਼ ਖੇਡਦੇ ਸਮੇਂ ਉਹ ਬਾਕੀ ਪੱਤੇ ਆਪਣੇ ਛੇ ਕੁ ਇੰਚ ਲੰਮੇ ਟੁੰਡ ਥੱਲੇ ਫਸਾ ਕੇ, ਇੱਕ ਪੱਤਾ ਅਲੱਗ ਕਰਦਾ ਅਤੇ ਜ਼ੋਰ ਦੀ ਜ਼ਮੀਨ 'ਤੇ ਮਾਰ ਕੇ ਵਿਰੋਧੀ ਧਿਰ ਦੀ ਜੇਤੂ ਚਾਲ ਨੂੰ ਰੋਕਦਿਆਂ ਉਚੀ-ਉਚੀ ਗਾਉਂਦਾ, "ਨੀ ਰੁਕਜੇਂਗੀ ਰੇਲ ਗੱਡੀਏ, ਜਦੋਂ ਵੇਖ ਲਿਆ ਟੁੰਡ ਮੇਰਾ!"

ਕੁਝ ਇਕ ਇਹੋ ਜਿਹੇ ਵੀ ਸਨ ਜਿਨ੍ਹਾਂ ਨੂੰ ਆਪਣੇ ਕੀਤੇ 'ਤੇ ਕੋਈ ਪਛਤਾਵਾ ਨਹੀਂ ਸੀ! ਇਨ੍ਹਾਂ 'ਚੋਂ ਇਕ ਸੀ 13-14 ਸਾਲ ਦਾ ਅਲੂਆਂ ਜਿਹਾ ਗੋਰੇ ਰੰਗ ਦਾ ਮੁੰਡਾ। ਉਹ ਸਾਰੀ ਜੇਲ੍ਹ ਵਿਚ ਘੁੰਮਦਾ ਰਹਿੰਦਾ। ਸਾਡੇ ਲਈ ਜੇਲ੍ਹ ਦੀਆਂ ਕਿਆਰੀਆਂ 'ਚੋਂ ਚੋਰੀ ਮੂਲੀਆਂ ਪੁੱਟ ਲਿਆਉਂਦਾ। ਚੋਰੀ ਦੀਆਂ ਦੋ ਮੂਲੀਆਂ ਹੀ ਸਾਡੇ ਲਈ ਬੜਾ ਵੱਡਾ 'ਲਾਜ਼ਮਾ' ਹੁੰਦਾ! ਸਾਰੇ ਉਸ ਮੁੰਡੇ ਨਾਲ ਹਾਸਾ-ਠੱਠਾ ਕਰਦੇ ਰਹਿੰਦੇ। ਵਾਰਡਾਂ ਨਾਲ ਬਹੁਤਾ ਘੁਲ ਮਿਲ ਕੇ ਵਿਚਰਣ ਨਾਲ ਹੋਣ ਵਾਲੇ ਉਸ ਦੇ 'ਨੁਕਸਾਨ' ਬਾਰੇ ਉਹਨੂੰ 'ਸੁਚੇਤ' ਕਰਦੇ। ਉਹ ਹੱਸ ਛੱਡਦਾ ਤੇ ਆਖਦਾ, "ਮੈਨੂੰ ਇਨ੍ਹਾਂ ਦੇ ਚਿੱਤੜ ਸੇਕਣੇ ਆਉਂਦੇ ਨੇ!"

ਉਹਨੂੰ ਕਿਸੇ ਪੁਲਸੀਏ ਨੇ ਹੀ ਅਫੀਮ ਦਾ ਝੂਠਾ ਕੇਸ ਪਾ ਕੇ ਅੰਦਰ ਕਰਵਾਇਆ ਸੀ। ਦੂਜੇ ਹਵਾਲਾਤੀਆਂ ਦੇ ਛੇੜਨ 'ਤੇ ਜਦੋਂ ਅਸੀਂ ਉਸ ਪੁਲਸੀਏ ਦੀ ਹਰਕਤ ਬਾਰੇ ਉਸ ਤੋਂ ਪੁੱਛਿਆ ਤਾਂ ਉਸ ਨੇ ਬੜੇ ਸਹਿਜ-ਭਾਵ ਆਖਿਆ, "ਉਹ ਜੀ ਮੇਰੀ ਮਾਂ ਦਾ ਯਾਰ ਐ। ਪਿਉ ਮੇਰਾ ਲੱਕ 'ਚ ਸੱਟ ਲੱਗਣ ਕਰਕੇ ਮੰਜੇ 'ਤੇ ਪਿਆ ਰਹਿੰਦਾ। ਹਿੱਲਣ-ਜੁੱਲਣ ਤੇ ਤੁਰਨ-ਫਿਰਨ ਜੋਗਾ ਨਹੀਂ ਵਿਚਾਰਾ! ਇਹ ਹੌਲਦਾਰ ਮੇਰੀ ਮਾਂ ਨਾਲ ਖੇਹ-ਖਰਾਬੀ ਕਰਦਾ ਸੀ। ਮੈਂ ਮਾਂ ਨੂੰ ਡੱਕਿਆ ਵੀ। ਪਰ ਉਹ ਹਟੀ ਨਹੀਂ। ਇੱਕ ਦਿਨ ਮੈਂ ਬਾਹਰੋਂ ਘਰ ਆਇਆ ਤਾਂ ਮੈਂ ਦੋਹਾਂ ਨੂੰ ਰੰਗੇ-ਹੱਥੀਂ ਫੜ ਲਿਆ। ਪੁਲਸੀਏ ਦੀ ਬੈਲਟ ਨਾਲ ਹੀ ਦੋਹਾਂ ਦੇ ਚਿੱਤੜ ਸੇਕ 'ਤੇ। ਉਹਨੇ ਮੈਨੂੰ ਫੀਮ ਦੇ ਕੇਸ 'ਚ ਅੜਾ 'ਤਾ।"

ਉਹਦੇ ਬੋਲ ਨਿਰ-ਉਚੇਚ ਸਨ ਤੇ ਚਿਹਰਾ ਅਸਲੋਂ ਨਿਰਭਾਵ! ਉਹਨੂੰ ਇਹੋ ਜਿਹਾ ਬਣਨ ਲਈ ਕਿੰਨੀ ਵੱਡੀ ਮਾਨਸਿਕ ਪੀੜ ਵਿਚੋਂ ਗੁਜ਼ਰਨਾ ਪਿਆ ਹੋਵੇਗਾ? ਕਿਹੋ ਜਿਹੇ ਹਾਲਾਤ ਹੋਣਗੇ, ਜਿਨ੍ਹਾਂ ਉਸ ਦਾ ਬਚਪਨ ਹੀ ਉਸ ਤੋਂ ਖੋਹ ਲਿਆ ਸੀ! ਉਸ ਦੀ ਸੰਵੇਦਨਾ ਅਤੇ ਸਹਿਜ ਲੁੱਟ ਲਿਆ ਗਿਆ ਸੀ!

'ਕੁੰਭੀ ਨਰਕ' ਦਾ ਨਜ਼ਾਰਾ ਪੇਸ਼ ਕਰਦਿਆਂ ਸੰਧੂ ਨੇ ਲਿਖਿਆ: ਫਾਂਸੀ ਲੱਗਣ ਵਾਲੇ ਬੰਦੇ ਵਾਂਗ ਮੈਂ 'ਜਮਦੂਤਾਂ' ਦੀ ਉਡੀਕ ਕਰਨ ਲੱਗਾ।

"ਕੱਢ ਇਹਨੂੰ ਵੱਡੇ ਸਮਗਲਰ ਨੂੰ ਬਾਹਰ। ਇਹਦੀ ਮਾਂ ਚੋ...!" ਮੇਰੇ ਨਾਲ ਦੀ ਕੋਠੜੀ ਵਿਚੋਂ ਕਿਸੇ ਨੂੰ ਬਾਹਰ ਕੱਢਿਆ ਗਿਆ। ਬਾਹਰ ਨਿਕਲਦਿਆਂ ਹੀ ਉਸ 'ਤੇ ਗਾਲ੍ਹਾਂ ਤੇ ਧੌਲਾਂ ਦੀ ਵਾਛੜ ਹੋਣ ਲੱਗੀ। "ਦੱਸ, ਪਹਿਲਾਂ ਕਿੰਨੇ ਗੇੜੇ ਲਾਏ ਸੀ ਪਾਕਿਸਤਾਨ ਦੇ?"

ਉਹ ਹੱਥ ਜੋੜ ਕੇ ਲਿਲਕੜੀਆਂ ਲੈਣ ਲੱਗਾ, "ਹਜ਼ੂਰ ਮਾਈ ਬਾਪ! ਮੈਂ ਪਹਿਲਾਂ ਈ ਦੱਸਿਆ ਏ, ਇਹ ਮੇਰਾ ਦੂਜਾ ਗੇੜਾ ਈ ਸੀ। ਆਪਣੇ ਇੱਕੋ ਇੱਕ ਪੁੱਤ ਦੇ ਸਿਰ ਦੀ ਸੌਂਹ!"

ਏਨੇ ਚਿਰ ਵਿਚ ਇੱਕ ਅਸਮਾਨ ਚੀਰਦੀ ਚੀਕ ਸੁਣਾਈ ਦਿੱਤੀ। ਕਿਸੇ ਦੂਜੀ ਕੋਠੜੀ ਵਿਚੋਂ ਬਾਹਰ ਕੱਢਿਆ ਬੰਦਾ ਧਰਤੀ 'ਤੇ ਡਿੱਗਿਆ ਪਿਆ ਸੀ ਤੇ ਇੱਕ ਜਣਾ ਉਹਦੇ 'ਤੇ, ਬਿਨਾ ਉਹਦੇ ਅੰਗਾਂ ਦੀ ਪ੍ਰਵਾਹ ਕੀਤਿਆਂ, ਡਾਂਗਾਂ ਵਰ੍ਹਾ ਰਿਹਾ ਸੀ। "ਬਖ਼ਸ਼ ਲੈ ਮਾਪਿਆ! ਮੈਂ ਨ੍ਹੀਂ ਕੁਝ ਲੁਕਾਇਆ ਤੈਥੋਂ ਮੋਤੀਆਂ ਆਲਿਆ! ਅੱਖਰ-ਅੱਖਰ ਸੱਚ ਦੱਸ ਦਿੱਤੈ।"

ਇੰਜ ਇੱਕ-ਇੱਕ ਕਰ ਕੇ ਕੋਠੜੀਆਂ 'ਚੋਂ 'ਬੱਕਰੇ' ਕੱਢੇ ਜਾ ਰਹੇ ਸਨ ਤੇ 'ਕਤਲਗਾਹ' ਵੱਲ ਲਿਜਾਏ ਜਾ ਰਹੇ ਸਨ! ਪਹਿਲੇ ਦੋਹਾਂ ਵਾਂਗ ਦੂਜਿਆਂ ਨੂੰ ਵੀ 'ਇਹ' ਮੁਢਲੀ 'ਦਖ਼ਸ਼ਣਾ' ਦਿੱਤੀ ਗਈ। ਸ਼ਾਇਦ ਮੈਂ ਇਕੱਲਾ ਹੀ ਆਪਣੀ ਕੋਠੜੀ ਵਿਚ ਬੈਠਾ ਆਪਣੀ 'ਹੋਣੀ' ਦੀ ਉਡੀਕ ਵਿਚ ਪਿੱਛੇ ਰਹਿ ਗਿਆ ਸਾਂ। ਵੱਖ-ਵੱਖ ਜਣਿਆਂ ਦੀਆਂ ਚੀਕਾਂ ਅਤੇ ਚੰਘਿਆੜਾਂ ਦੀ ਆਵਾਜ਼ ਮੇਰੇ ਕੰਨਾਂ ਵਿਚ ਪੈ ਰਹੀ ਸੀ। ਵਰ੍ਹਦੀਆਂ ਡਾਂਗਾਂ ਜਾਂ 'ਪੁਲਸੀ ਛਿੱਤਰਾਂ' ਦਾ ਖੜਾਕ ਆ ਰਿਹਾ ਸੀ। ਇੱਕ ਜਣੇ ਨੂੰ ਜਦੋਂ ਕਿੰਨੀਆਂ ਹੀ ਡਾਂਗਾਂ ਪੈ ਗਈਆਂ ਤਾਂ ਮੈਂ ਸੋਚਿਆ, ਮੈਨੂੰ ਡਾਂਗਾਂ ਦੀ 'ਗਿਣਤੀ' ਕਰਨੀ ਚਾਹੀਦੀ ਸੀ। ਹੁਣ ਤਾਂ ਸ਼ਾਇਦ 'ਬੱਸ ਹੀ ਕਰਨ!' ਤਦ ਵੀ ਮੈਂ ਗਿਣਤੀ ਸ਼ੁਰੂ ਕੀਤੀ। ਪੂਰੀਆਂ ਅਠੱਤੀ ਡਾਂਗਾਂ ਉਸ ਤੋਂ ਪਿੱਛੋਂ ਉਸ ਬੰਦੇ ਨੂੰ ਪਈਆਂ! 'ਨਰਕ' ਵਿਚ ਵੀ ਆਪਣੇ 'ਪਾਪਾਂ ਦੀ ਸਜ਼ਾ' ਭੁਗਤ ਰਹੇ ਲੋਕਾਂ ਵਿਚ ਸ਼ਾਇਦ ਇੰਜ ਹੀ ਕੁਰਲਾਹਟ ਮੱਚਦੀ ਹੋਵੇਗੀ! ਇਹ ਧਰਤੀ ਉਤਲਾ 'ਨਰਕ' ਹੀ ਤਾਂ ਸੀ!

***ਇੰਜ ਇੱਕ-ਇੱਕ ਕਰ ਕੇ ਕੋਠੜੀਆਂ 'ਚੋਂ 'ਬੱਕਰੇ' ਕੱਢੇ ਜਾ ਰਹੇ ਸਨ ਤੇ 'ਕਤਲਗਾਹ' ਵੱਲ ਲਿਜਾਏ ਜਾ ਰਹੇ ਸਨ! ਪਹਿਲੇ ਦੋਹਾਂ ਵਾਂਗ ਦੂਜਿਆਂ ਨੂੰ ਵੀ 'ਇਹ' ਮੁਢਲੀ 'ਦਖ਼ਸ਼ਣਾ' ਦਿੱਤੀ ਗਈ। ਸ਼ਾਇਦ ਮੈਂ ਇਕੱਲਾ ਹੀ ਆਪਣੀ ਕੋਠੜੀ ਵਿਚ ਬੈਠਾ ਆਪਣੀ 'ਹੋਣੀ' ਦੀ ਉਡੀਕ ਵਿਚ ਪਿੱਛੇ ਰਹਿ ਗਿਆ ਸਾਂ। ਵੱਖ-ਵੱਖ ਜਣਿਆਂ ਦੀਆਂ ਚੀਕਾਂ ਅਤੇ ਚੰਘਿਆੜਾਂ ਦੀ ਆਵਾਜ਼ ਮੇਰੇ ਕੰਨਾਂ ਵਿਚ ਪੈ ਰਹੀ ਸੀ। ਵਰ੍ਹਦੀਆਂ ਡਾਂਗਾਂ ਜਾਂ 'ਪੁਲਸੀ ਛਿੱਤਰਾਂ' ਦਾ ਖੜਾਕ ਆ ਰਿਹਾ ਸੀ। ਇੱਕ ਜਣੇ ਨੂੰ ਜਦੋਂ ਕਿੰਨੀਆਂ ਹੀ ਡਾਂਗਾਂ ਪੈ ਗਈਆਂ ਤਾਂ ਮੈਂ ਸੋਚਿਆ, ਮੈਨੂੰ ਡਾਂਗਾਂ ਦੀ 'ਗਿਣਤੀ' ਕਰਨੀ ਚਾਹੀਦੀ ਸੀ। ਹੁਣ ਤਾਂ ਸ਼ਾਇਦ 'ਬੱਸ ਹੀ ਕਰਨ!' ਤਦ ਵੀ ਮੈਂ ਗਿਣਤੀ ਸ਼ੁਰੂ ਕੀਤੀ। ਪੂਰੀਆਂ ਅਠੱਤੀ ਡਾਂਗਾਂ ਉਸ ਤੋਂ ਪਿੱਛੋਂ ਉਸ ਬੰਦੇ ਨੂੰ ਪਈਆਂ! 'ਨਰਕ' ਵਿਚ ਵੀ ਆਪਣੇ 'ਪਾਪਾਂ ਦੀ ਸਜ਼ਾ' ਭੁਗਤ ਰਹੇ ਲੋਕਾਂ ਵਿਚ ਸ਼ਾਇਦ ਇੰਜ ਹੀ ਕੁਰਲਾਹਟ ਮੱਚਦੀ ਹੋਵੇਗੀ! ਇਹ ਧਰਤੀ ਉਤਲਾ 'ਨਰਕ' ਹੀ ਤਾਂ ਸੀ!***

"ਇਹ ਬਕਿਆ ਭੈਣ ਚੋ...ਕਿ ਨਹੀਂ? ਮੁੱਛਾਂ ਪੁੱਟ ਕੇ ਇਹਦੀ... 'ਚ ਦੇ ਦਿਓ।" ਹਵਾਲਦਾਰ ਪਹਿਲਾਂ ਹੀ ਬੋਲ ਪਿਆ, "ਸਾਹਬ ਬਹਾਦਰ! ਮੁੱਛਾਂ ਤਾਂ ਭੈਣ ਦੇ ਖਸਮ ਨੇ ਮਹਾਰਾਣਾ ਪ੍ਰਤਾਪ ਵਾਂਗ ਰੱਖੀਆਂ ਤੇ ਟੱਟੀ ਭੈਣ ਚੋ... ਦੀ ਤੀਜੇ ਛਿੱਤਰ 'ਤੇ ਨਿਕਲਗੀ। ਛਿੱਤਰ ਵੀ ਲਬੇੜ 'ਤਾ ਭੈਣ ਦੇਣੇ ਨੇ। ਔਹ ਵੇਖੋ! ਧੁਆ ਕੇ ਕੰਧ ਨਾਲ ਸੁੱਕਣੇ ਪਾਇਆ।"

ਏਨੇ ਨੂੰ ਇੱਕ ਨਵੇਂ ਮੁਲਜ਼ਮ ਨੂੰ ਲੈ ਕੇ ਆਉਂਦੇ, ਗਾਲ੍ਹ-ਮੰਦਾ ਕਰਦੇ ਪੁਲਸੀਏ ਅਹਾਤੇ 'ਚ ਦਾਖਲ ਹੋਏ। "ਕਿੱਥੇ ਵਾੜੀਏ ਇਹਨੂੰ?" ਇੱਕ ਜਣੇ ਨੇ ਸਵਾਲ ਕੀਤਾ। "ਮਾਸਟਰ ਹੁਣਾਂ

(ਬਾਕੀ ਅਗਲੇ ਸਫੇ 'ਤੇ)

ਵਾਲੀ ਕੋਠੜੀ 'ਚ ਵਾੜੋ ਇਹਨੂੰ। ਪੜ੍ਹੇ-ਲਿਖੇ ਬੰਦੇ ਤੋਂ ਕੋਈ 'ਗਿਆਨ ਦੀ ਗੱਲ' ਈ ਸਿੱਖੂ।" ਨਾਲ ਹੀ ਉਹਨੇ ਮੁਲਜ਼ਮ ਨੂੰ 'ਛੰਦ' ਸੁਣਾਇਆ, "ਲਾਲਾ! ਸਵੇਰੇ ਲਵਾਂਗੇ ਤੇਰੀ ਕੁੜੀ ਨਾਲ ਫੇਰੇ।" ਉਸ ਨੇ ਲੰਮੇ-ਝੰਮੇ 'ਲਾਲੇ' ਦੇ ਕੰਨਾਂ 'ਤੇ ਧੌਲ ਜੜ ਦਿੱਤੀ।

"ਮੋਤੀਆਂ ਵਾਲਿਆ! ਮੈਂ ਤਾਂ ਆਪਣੇ ਕੁੜਮ ਦਾ ਫਸਾਇਆ ਫਸਿਆਂ! ਮੈਂ ਇੱਜਤਦਾਰ ਬੰਦਾ! ਧੀਆਂ ਜਵਾਈਆਂ ਵਾਲਾ! ਜਿਹੜਾ ਗੁਨਾਹ ਹੈਗਾ, ਉਹ ਮੈਂ ਪਹਿਲਾਂ ਈ ਮੰਨਦਾਂ।" ਲਾਲਾ ਗਿੜਗੜਾਉਂਦਾ ਅੱਥਰੂ ਕੇਰ ਰਿਹਾ ਸੀ।

"ਚੱਲ! ਚੱਲ! ਅੰਦਰ ਹੋ।" ਲਾਲਾ ਕੋਠੜੀ ਅੰਦਰ ਵੜਨ ਲੱਗਾ ਤਾਂ ਉਤੇ ਲਿਆ ਕੀਮਤੀ ਕੰਬਲ ਪਿਛਲੇ ਪੁਲਸੀਏ ਨੇ ਉਹਦੇ ਗਲੋਂ ਪਿੱਛੇ ਨੂੰ ਧੂੰਹਦਿਆਂ ਕਿਹਾ, "ਲਾਹ ਇਹਨੂੰ ਭੈਣ ਚੋਦਾ! ਏਥੇ ਕੁੜਮਾਂ ਦੇ ਨਹੀਂ ਆਇਆ ਤੂੰ। ਕਿੱਡੀ ਕੰਬਲ ਦੀ ਬੁੱਕਲ ਮਾਰੀ ਸੂ। ਕਰਨੀਆਂ ਲੌਂਗਾਂ ਦੀਆਂ ਬਲੈਕਾਂ ਤੇ...।" ਪਿੱਛੋਂ ਧੌਣ 'ਤੇ ਧੱਫਾ ਪੈਣ ਕਾਰਨ ਲਾਲਾ ਮੇਰੇ ਉਤੇ ਡਿੱਗਦਾ-ਡਿੱਗਦਾ ਮਸਾਂ ਬਚਿਆ।

ਉਹ ਦਰਵਾਜ਼ਾ ਬੰਦ ਕਰਕੇ ਚਲੇ ਗਏ। ਲਾਲਾ ਡਰੀਆਂ-ਡੈਂਬਰੀਆਂ ਅੱਖਾਂ ਨਾਲ ਮੇਰੇ ਵੱਲ ਵੇਖਣ ਲੱਗਾ। ਅੱਥਰੂ ਉਹਦੀਆਂ ਗੱਲ੍ਹਾਂ 'ਤੇ ਅਟਕੇ ਹੋਏ ਸਨ। ਮੈਂ ਉਹਨੂੰ 'ਆਪਣੇ' ਕੰਬਲਾਂ ਵਿਚੋਂ ਇੱਕ ਕੰਬਲ ਉਤੇ ਲੈਣ ਲਈ ਦਿੱਤਾ ਅਤੇ ਹੌਂਸਲਾ ਰੱਖਣ ਲਈ ਕਿਹਾ।

"ਸਰਦਾਰ ਜੀ ਮੇਰਾ ਕੀ ਬਣੂੰ? ਮੈਂ ਸ਼ਰੀਫ ਖਾਨਦਾਨ ਵਾਲਾ, ਚੰਗੇ ਅੰਗਾਂ-ਸਾਕਾਂ ਵਾਲਾ। ਕਦੇ ਸਾਡੇ ਪਿਓ ਦਾਦੇ ਨੇ ਇਹ ਕੰਮ ਨਾ ਕੀਤੇ। ਕਦੀ ਠਾਣਾ ਹਵਾਲਾਤ ਨਾ ਵੇਖੀ। ਜਿੱਧਰ ਮੇਰਾ ਮੁੰਡਾ ਵਿਆਹਿਆ, ਮੇਰਾ ਕੁੜਮ ਬਲੈਕ ਕਰਦਾ। ਮੈਨੂੰ ਵੀ ਨਾਲ ਰਲਣ ਲਈ ਕਹਿੰਦਾ ਰਹਿੰਦਾ। ਮੈਂ ਨਹੀਂ ਸਾਂ ਮੰਨਦਾ। ਉਹਦੀਆਂ ਮਿੱਠੀਆਂ ਪਿਆਰੀਆਂ ਨੇ ਮੈਨੂੰ ਪਸਮਾ ਲਿਆ। ਪਹਿਲੀ ਵਾਰ ਈ ਰਲਿਆ ਤੇ ਮਾੜੀ ਕਿਸਮਤ ਨੂੰ ਮਾਲ ਫੜ੍ਹਿਆ ਗਿਆ। ਉਹਨੇ ਅੱਗੋਂ ਮੇਰਾ ਨਾਂ ਵੀ ਲੈ 'ਤਾ। ਪਹਿਲੀ ਚੋਰੀ, ਪਹਿਲਾ ਫਾਹਾ!"

ਰਾਤ ਉਤਰ ਆਈ ਸੀ। ਅਸੀਂ ਗੱਲੀਂ ਰੁੱਝੇ ਹੋਏ ਸਾਂ ਕਿ ਲਲਕਾਰਾ ਵੱਜਿਆ, "ਨਿਕਲੋ ਬਾਹਰ ਉਏ ਵੱਡੇ ਸਮਗਲਰੋ! ਤੁਹਾਡਾ ਲਵਾਈਏ ਅਨਾਰਕਲੀ ਬਜ਼ਾਰ ਦਾ ਗੇੜਾ!" ਗਾਲ੍ਹਾਂ ਦੀ ਬੌਛਾੜ ਕਰਦਿਆਂ ਉਨ੍ਹਾਂ ਨੇ ਸਭ ਤੋਂ ਪਹਿਲੀ ਕੋਠੜੀ ਵਾਲੇ 'ਸਮਗਲਰਾਂ' ਨੂੰ ਬਾਹਰ ਕੱਢ ਲਿਆ ਤੇ ਕੱਪੜੇ ਉਤਾਰ ਕੇ ਅਹਾਤੇ ਦੇ ਇੱਕ ਸਿਰੇ ਤੋਂ ਦੂਜੇ ਸਿਰੇ ਤੀਕ ਢਿੱਡ ਪਰਨੇ ਰੀਂਗ ਕੇ ਜਾਣ ਤੇ ਇੰਜ ਹੀ ਵਾਪਸ ਆਉਣ ਨੂੰ ਕਿਹਾ। ਸੌ ਕੁ ਗਜ ਲੰਮੇ ਅਹਾਤੇ ਵਿਚ ਢਿੱਡ ਪਰਨੇ ਰੀਂਗਦੇ ਹੋਏ ਜਦੋਂ ਉਹ ਸਾਡੇ ਦਰਵਾਜ਼ੇ ਅੱਗੋਂ ਲੰਘ ਰਹੇ ਸਨ ਤਾਂ ਇੱਕ ਜਣਾ ਉਨ੍ਹਾਂ ਦੇ ਠੁੱਡੇ ਵਰ੍ਹਾਉਣ ਲੱਗਾ ਕਿਉਂਕਿ ਉਹ ਉਨ੍ਹਾਂ ਦੇ 'ਤਮਾਸ਼ੇ' ਲਈ ਓਨੀ 'ਤੇਜ਼ੀ' ਨਾਲ ਨਹੀਂ ਸਨ ਰੀਂਗ ਰਹੇ!

ਪੁਲਸੀਏ ਖਿੜਖਿੜਾ ਕੇ ਰਾਖਸ਼ੀ-ਹਾਸਾ ਹੱਸ ਰਹੇ ਸਨ। ਉਹ ਸ਼ਰਾਬ ਨਾਲ ਰੱਜੇ ਹੋਏ ਸਨ ਅਤੇ ਆਪਣਾ 'ਚਿੱਤ ਕਰਾਰਾ' ਕਰਨ ਲਈ ਹੀ ਇਹ ਕਾਰਵਾਈ ਕਰ ਰਹੇ ਸਨ। ਪਹਿਲੀ ਕੋਠੜੀ ਵਾਲਿਆਂ ਨੂੰ ਬੰਦ ਕਰਕੇ ਉਹ ਦੂਜੀ ਕੋਠੜੀ ਵੱਲ ਹੋਏ। ਫਿਰ ਤੀਜੀ ਵੱਲ। ਹਰ ਇੱਕ ਨਾਲ ਵੱਖੋ-ਵੱਖਰਾ ਸਲੂਕ! ਕਿਸੇ ਨੂੰ ਛਿੱਤਰ ਤੇ ਚਪੇੜਾਂ, ਕਿਸੇ ਨੂੰ ਨੰਗੇ ਕਰਕੇ ਡੰਡ-ਬੈਠਕਾਂ ਕੱਢਣ, ਕਿਸੇ ਨੂੰ ਸਿਰ ਪਰਨੇ ਖੜ੍ਹੇ ਹੋਣ ਦੀ 'ਸਜ਼ਾ' ਸੁਣਾਈ ਜਾ ਰਹੀ ਸੀ। ਸਿਰ ਪਰਨੇ ਖੜ੍ਹਾ ਨਾ ਹੋ ਸਕਣ 'ਤੇ ਅਗਲਾ ਵਾਰ-ਵਾਰ ਡਿੱਗਦਾ ਤੇ ਵਾਰ-ਵਾਰ ਠੁੱਡੇ ਤੇ ਛਿੱਤਰ ਖਾਂਦਾ। ਧੀਆਂ-ਭੈਣਾਂ ਦੀਆਂ ਗਾਲ੍ਹਾਂ ਤਾਂ ਐਵੇਂ 'ਲਾਜ਼ਮਾ' ਮਾਤਰ ਸਨ!

---

ਨਾਵਲਕਾਰ ਗੁਰਦਿਆਲ ਸਿੰਘ ਨੇ ਵਰਿਆਮ ਸੰਧੂ ਨੂੰ 'ਇਕ ਸਮਰੱਥ ਕਹਾਣੀਕਾਰ' ਦਾ ਖਿਤਾਬ ਦਿੱਤਾ ਸੀ ਅਤੇ ਗੁਰਬਚਨ ਸਿੰਘ ਭੁੱਲਰ ਉਸ ਨੂੰ ਸਮਰੱਥ ਕਹਾਣੀਕਾਰ ਦੇ ਨਾਲ 'ਸਾਊ ਮਨੁੱਖ ਤੇ ਦਮਦਾਰ ਦੋਸਤ' ਵੀ ਆਖਦਾ ਹੈ।

ਹਰਭਜਨ ਹਲਵਾਰਵੀ ਦਾ ਕਹਿਣਾ ਸੀ, "ਉਹ ਕਾਹਲਾ ਤੇ ਲਾਲਸਾਵਾਨ ਮਨੁੱਖ ਨਹੀਂ ਸਗੋਂ ਸਹਿਜ ਸਾਧਾਰਨ ਰੂਪ ਵਿਚ ਵਿਚਰਦਿਆਂ ਨਵੇਂ ਅਨੁਭਵਾਂ ਦੀ ਤਲਾਸ਼ ਖਾਮੋਸ਼ੀ ਨਾਲ ਕਰਦਾ ਰਹਿੰਦਾ ਹੈ। ਉਹ ਅਸਾਧਾਰਨ ਪ੍ਰਤਿਭਾ ਵਾਲਾ ਸਾਧਾਰਨ ਮਨੁੱਖ ਹੈ। ਉਸ ਦਾ ਕਥਾ ਸਾਹਿਤ ਉਹਦੀ ਸਹਿਜ ਪ੍ਰਤਿਭਾ ਦੀ ਸਿਰਜਣਾ ਹੈ।"

ਡਾ. ਹਰਿਭਜਨ ਸਿੰਘ ਨੇ ਸੰਧੂ ਦੀ ਕਹਾਣੀ ਪੜ੍ਹਨ ਸਾਰ ਲਿਖਿਆ, "ਪਿਆਰੇ ਵੀਰ ਵਰਿਆਮ, ਤੇਰੀ ਕਹਾਣੀ 'ਮੈਂ ਹੁਣ ਠੀਕ ਠਾਕ ਹਾਂ' ਹੁਣੇ ਪੜ੍ਹ ਕੇ ਹਟਿਆ ਹਾਂ। ਬਹੁਤ ਅਨੰਦ ਆਇਆ। ਬੜਾ ਸੰਘਣਾ ਬਿਰਤਾਂਤ ਹੈ ਇਸ ਦਾ। ਪੁਲਿਸ ਅਤੇ ਖਾੜਕੂਆਂ ਦੇ ਪੁੜਾਂ ਵਿਚਕਾਰ ਫਸੇ ਪੰਜਾਬੀ ਦੀ ਤ੍ਰਾਸਦੀ ਬੜੇ ਸੁਚੱਜ ਨਾਲ ਉਲੀਕੀ ਹੈ ਤੂੰ। ਵਰਤਮਾਨ ਇਤਿਹਾਸ ਦੇ ਪਿਛੋਕੜ ਸਾਧਾਰਨ ਮਨੁੱਖ ਦੀ ਮਨੁੱਖਤਾ ਦਾ ਚਿੱਤਰ ਬੜਾ ਦਰਦੀਲਾ ਹੈ, ਪਰ ਵਾਹ ਲੱਗਦਿਆਂ ਤੂੰ ਇਹਨੂੰ ਅਤਿਭਾਵੁਕਤਾ ਤੋਂ ਬਚਾਇਆ ਹੈ। ਮੇਰੀ ਤੈਨੂੰ ਮੁਬਾਰਕਬਾਦ!"

ਡਾ. ਸੁਤਿੰਦਰ ਸਿੰਘ ਨੂਰ ਅਨੁਸਾਰ ਬਹੁਪਰਤੀ ਕਹਾਣੀਆਂ ਵਿਚ ਸਭ ਤੋਂ ਵਿਸ਼ੇਸ਼ ਨਾਂ ਵਰਿਆਮ ਸੰਧੂ ਦਾ ਹੈ। ਉਸ ਦੀਆਂ ਕਹਾਣੀਆਂ ਨੇ ਕੇਵਲ ਪੰਜਾਬ ਦੇ ਸੰਕਟ ਦੀ ਜਟਿਲਤਾ ਨੂੰ ਹੀ ਪੇਸ਼ ਨਹੀਂ ਕੀਤਾ, ਸਗੋਂ ਇਸ ਜਟਿਲਤਾ ਨਾਲ ਕਹਾਣੀ ਦੀ ਸਮੁੱਚੀ ਸੰਰਚਨਾ ਜਾਂ ਰੂਪਾਕਾਰ ਵਿਚ ਜੋ ਤਬਦੀਲੀ ਵਾਪਰਨੀ ਚਾਹੀ ਸੀ, ਉਹ ਨਿਭਾਈ। ਉਸ ਦੀਆਂ ਕਹਾਣੀਆਂ ਪੰਜਾਬੀ ਕਹਾਣੀ ਦੇ ਵਿਕਾਸ ਦੀਆਂ ਸੂਚਕ ਸਿੱਧ ਹੁੰਦੀਆਂ ਹਨ।

ਡਾ. ਟੀ. ਆਰ. ਵਿਨੋਦ ਦਾ ਕਥਨ ਹੈ, ਵਰਿਆਮ ਸੰਧੂ ਪੰਜਾਬੀ ਦਾ ਪਹਿਲਾ ਕਹਾਣੀਕਾਰ ਹੈ ਜਿਸ ਨੇ ਪੰਜਾਬ ਦੀ ਕਿਸਾਨੀ ਦੇ ਇਤਿਹਾਸਕ ਯਥਾਰਥ ਦੀ ਪੇਸ਼ਕਾਰੀ ਲਈ ਲੰਮੀ ਕਹਾਣੀ ਦੀ ਵਿਧਾ ਨੂੰ ਆਪਣਾ ਮਾਧਿਅਮ ਬਣਾਇਆ।

ਡਾ. ਸੁਰਿੰਦਰ ਸਿੰਘ ਨਰੂਲਾ ਨੇ ਕਿਹਾ, "ਸੰਧੂ ਦੀਆਂ ਕਹਾਣੀਆਂ ਗੱਲਾਂ ਹਨ, ਸੱਚੀਆਂ, ਕੌੜੀਆਂ ਤੇ ਕਸੈਲੀਆਂ। ਇਹ ਗੱਲਾਂ ਕਰਦਾ ਵਰਿਆਮ ਸੰਧੂ ਨਿਰਮੋਹੀ ਹੋਣ ਦੀ ਹੱਦ ਤਕ ਬੇਝਿਜਕ ਹੋ ਜਾਂਦਾ ਹੈ। ਡੁੰਮ੍ਹ, ਵਾਪਸੀ ਜਾਂ ਭੱਜੀਆਂ ਬਾਹੀਂ ਕੋਈ ਕਹਾਣੀ ਵੀ ਲੈ ਲਵੋ, ਸੰਧੂ ਬਿਨਾ ਕਿਸੇ ਲਾਗ-ਲਪੇਟ ਦੇ ਆਪਣੀ ਗੱਲ ਕਹਿਣ ਦੀ ਦਲੇਰੀ ਕਰਦਾ ਹੈ।"

'ਹੁਣ' ਮੈਗਜ਼ੀਨ ਦੇ ਸੰਪਾਦਕ ਸੁਸ਼ੀਲ ਦੁਸਾਂਝ ਨੇ ਸੰਧੂ ਦੀ ਜਾਣ-ਪਛਾਣ ਇੰਜ ਕਰਾਈ: ਵਰਿਆਮ ਸਿੰਘ ਸੰਧੂ ਨੇ ਆਪਣਾ ਸਾਹਿਤਕ ਸਫਰ ਨਕਸਲਬਾੜੀ ਲਹਿਰ ਦੇ ਪ੍ਰਭਾਵ ਅਧੀਨ ਸ਼ੁਰੂ ਕੀਤਾ ਤੇ ਇਸ ਲਹਿਰ ਵਿਚ ਉਸ ਦੀ ਸਰਗਰਮ ਸ਼ਮੂਲੀਅਤ ਵੀ ਰਹੀ। ਉਸ ਦੀ ਮੁਢਲੇ ਦੌਰ ਦੀ ਕਵਿਤਾ ਤੇ ਕਹਾਣੀ ਵਿਚ ਰੋਹ-ਵਿਦਰੋਹ ਦੀ ਤੀਬਰ ਭਾਵਨਾ ਲਿਸ਼ਕਾਰੇ ਮਾਰਦੀ ਹੈ। 'ਡੁੰਮ੍ਹ' ਕਹਾਣੀ ਦੇ ਪ੍ਰਕਾਸ਼ਨ ਨਾਲ ਵਰਿਆਮ ਸੰਧੂ ਪੰਜਾਬੀ ਕਹਾਣੀ ਜਗਤ ਵਿਚ ਆਪਣੀ ਸਿਰਜਣਸ਼ੀਲਤਾ ਦੀ ਧਾਂਕ ਜਮਾਉਣ ਵਿਚ ਸਫਲ ਹੋ ਗਿਆ। ਉਹ ਛੋਟੀ ਕਿਸਾਨੀ ਦੇ ਜੀਵਨ ਯਥਾਰਥ ਦੀਆਂ ਵਿਭਿੰਨ ਪਰਤਾਂ ਫਰੋਲਣ ਵਾਲੇ ਤੇ ਪੰਜਾਬੀ ਕਹਾਣੀ ਧਾਰਾ ਵਿਚ ਲੰਮੀ ਕਹਾਣੀ ਦੀ ਸਿਨਫ ਨੂੰ ਸਥਾਪਤ ਕਰਨ ਵਾਲੇ ਕਹਾਣੀਕਾਰ ਵਜੋਂ ਚਰਚਾ ਵਿਚ ਆ ਗਿਆ। ਉਹਦੇ ਸਾਹਿਤਕ ਸਫਰ ਦਾ ਅਗਲਾ ਦੌਰ ਪੰਜਾਬ ਤ੍ਰਾਸਦੀ ਦੀਆਂ ਕਹਾਣੀਆਂ ਨਾਲ ਸਾਹਮਣੇ ਆਇਆ। 'ਲੋਹੇ ਦੇ ਹੱਥ' ਵਾਲਾ ਵਰਿਆਮ ਸੰਧੂ 'ਭੱਜੀਆਂ ਬਾਹੀਂ' ਵਾਲਾ ਵਰਿਆਮ ਸੰਧੂ ਬਣ ਗਿਆ। 'ਮੈਂ ਹੁਣ ਠੀਕ ਠਾਕ ਹਾਂ', 'ਭੱਜੀਆਂ ਬਾਹੀਂ' ਤੇ 'ਚੌਥੀ ਕੂਟ' ਉਸ ਦੀਆਂ ਇਸ ਦੌਰ ਵਿਚ ਲਿਖੀਆਂ ਸ਼ਾਹਕਾਰ ਕਹਾਣੀਆਂ ਹਨ। ਛੋਟੀ ਕਿਸਾਨੀ ਦੀ ਖੁਰ ਰਹੀ ਹੋਂਦ ਦਾ ਦਰਦ ਅਤੇ ਸਥਾਪਤ ਸਮਾਜਕ ਪ੍ਰਬੰਧ ਉਪਰ ਤਿੱਖਾ ਕਟਾਖਸ਼ ਵਰਿਆਮ ਸੰਧੂ ਦੀ ਕਹਾਣੀ ਦੇ ਪ੍ਰਮੁੱਖ ਸੁਰ ਹਨ।

ਪ੍ਰੋ. ਨਿਰੰਜਣ ਸਿੰਘ ਢੇਸੀ ਲਿਖਦੇ ਹਨ, "ਵਰਿਆਮ ਸਿੰਘ ਸੰਧੂ ਅਤੇ ਪੰਜਾਬੀ ਕਹਾਣੀ ਦਾ ਰਿਸ਼ਤਾ ਕੁਝ ਇਹੋ ਜਿਹਾ ਬਣ ਗਿਆ ਹੈ ਕਿ ਦੋਹਾਂ ਵਿਚੋਂ ਕਿਸੇ ਇਕ ਦਾ ਜ਼ਿਕਰ ਨਿਖੇੜ ਕੇ ਕਰਨਾ ਮੁਸ਼ਕਿਲ ਹੋ ਗਿਆ ਹੈ। ਵਰਿਆਮ ਦੇ ਕਲਬੂਤ ਵਿਚ ਕਹਾਣੀ ਲਹੂ ਦੇ ਕਣਾਂ ਵਾਂਗ ਤੁਰਦੀ ਹੈ। ਉਸ ਦੀ ਪਛਾਣ ਇਕ ਅਜਿਹੇ ਕਹਾਣੀਕਾਰ ਦੇ ਤੌਰ 'ਤੇ ਹੋ ਚੁਕੀ ਹੈ, ਜਿਸ ਨੂੰ ਆਉਣ ਵਾਲੇ ਕਹਾਣੀਕਾਰਾਂ ਲਈ ਮਿਆਰ ਪਰਵਾਨ ਕੀਤਾ ਜਾ ਸਕਦਾ ਹੈ।"



ਵਰਿਆਮ ਸੰਧੂ, ਅਮਰਜੀਤ ਚੰਦਨ, ਦਰਸ਼ਨ ਖਟਕੜ, ਪਾਸ਼ ਅਤੇ ਜਸਵੰਤ ਖਟਕੜ
(ਮਾਰਚ 1974, ਗਾਂਧੀ ਗਰਾਊਂਡ, ਅੰਮ੍ਰਿਤਸਰ)

ਡਾ. ਚਮਨ ਲਾਲ ਨੇ ਵਰਿਆਮ ਸੰਧੂ ਦੀ ਮੁਢਲੀ ਕਹਾਣੀ ਬਾਰੇ ਲਿਖਿਆ, "ਨਿਰਸੰਦੇਹ 'ਅੱਖਾਂ ਵਿਚ ਮਰ ਗਈ ਖੁਸ਼ੀ' ਸੱਤਵੇਂ ਦਹਾਕੇ ਦੀ ਪੰਜਾਬੀ ਕਹਾਣੀ ਦਾ ਮੀਲ ਪੱਥਰ ਹੈ।"

ਡਾ. ਬਲਕਾਰ ਸਿੰਘ ਮੁਤਾਬਕ ਵਰਿਆਮ ਸੰਧੂ ਦੀ ਕਹਾਣੀ ਦਾ ਸਫਰ ਭਾਵੇਂ ਸੁਸਤ ਹੈ ਪਰ ਮਟਕ ਵਾਲਾ ਤੇ ਦੋ ਪੈਰ ਘੱਟ ਤੁਰਨ ਵਾਲਾ ਹੈ। ਉਸ ਨੇ ਆਪਣੀਆਂ ਕਹਾਣੀਆਂ ਵਿਚ ਸਮਕਾਲੀਨ ਸੱਚ ਦਾ ਸੰਤੁਲਤ ਅਤੇ ਅਮਰ ਪ੍ਰਗਟਾਵਾ ਕੀਤਾ ਹੈ। ਇਸ ਤਰ੍ਹਾਂ ਵਰਿਆਮ ਸੰਧੂ 'ਭੱਜੀਆਂ ਬਾਹੀਂ' ਤੇ 'ਮੈਂ ਹੁਣ ਠੀਕ ਠਾਕ ਹਾਂ' ਤੱਕ ਪੁੱਜ ਗਿਆ ਹੈ।

ਪਿਆਰਾ ਸਿੰਘ ਭੋਗਲ ਅਨੁਸਾਰ ਗੁਰਦਿਆਲ ਸਿੰਘ ਦੁਖਾਂਤਮਈ ਸਥਿਤੀ ਨੂੰ ਦੁਖਾਂਤ ਹੀ ਰੱਖਦਾ ਹੈ ਜਦਕਿ ਵਰਿਆਮ ਦੁਖਾਂਤ ਵਿਚ ਸੁਖਾਂਤ ਦਾ ਅੰਸ਼ ਰਲਾ ਕੇ ਵਿਅੰਗ ਦੀ ਧਾਰ ਤਿੱਖੀ ਕਰ ਦਿੰਦਾ ਹੈ।

ਡਾ. ਜੋਗਿੰਦਰ ਕੈਰੋਂ ਦੇ ਕਹਿਣ ਮੁਜਬ 'ਵਾਪਸੀ' ਪੜ੍ਹਨ ਤੋਂ ਬਾਅਦ ਇੰਜ ਲੱਗਿਆ ਜਿਵੇਂ ਪਹਿਲੀ ਵਾਰ ਪੰਜਾਬ ਦੀ ਕਹਾਣੀ ਲਿਖੀ ਗਈ ਹੋਵੇ। ਪੰਜਾਬੀ ਕਹਾਣੀ ਦਾ ਜੇ ਕੋਈ ਮਾਡਲ ਤਿਆਰ ਕਰਨਾ ਹੋਵੇ ਤਾਂ ਇਸ ਕਹਾਣੀ ਨੂੰ ਆਧਾਰ ਬਣਾਇਆ ਜਾ ਸਕਦਾ ਹੈ।

ਭੂਸ਼ਨ ਧਿਆਨਪੁਰੀ ਦਾ ਤੋੜਾ ਹੈ: ਸੰਧੂ ਦੀ ਪਕੜ ਵਿਚ ਉਹ ਜੁਗਤ ਆ ਗਈ ਹੈ ਜਿਸ ਨੂੰ ਹੁਣ ਤਕ ਸਾਡੇ ਕਹਾਣੀਕਾਰ ਲੱਭਦੇ ਫਿਰਦੇ ਸਨ। ਉਹ ਇਕ ਸੁਘੜ ਕਥੱਕੜ ਵਾਂਗ ਨਿੱਠ ਕੇ ਬਹਿ ਜਾਂਦਾ ਹੈ, ਕਹਾਣੀ ਕਹਿਣੀ ਸ਼ੁਰੂ ਕਰ ਦਿੰਦਾ ਹੈ, ਨਾ ਉਠਦਾ ਹੈ ਤੇ ਨਾ ਉਠਣ ਦਿੰਦਾ ਹੈ। ਦੂਜੇ ਦੇ ਕੰਨਾਂ ਨੂੰ ਕੀਲਣ ਦੀ ਸ਼ਕਤੀ ਹੈ ਉਹਦੇ ਬਿਆਨ ਵਿਚ। ਪਾਠਕ ਨੂੰ ਆਪਣੇ ਨਾਲ ਤੋਰਨ ਦੀ ਸ਼ਕਤੀ ਹੈ ਉਹਦੀ ਸ਼ੈਲੀ ਵਿਚ।

ਵੇਖੋ ਉਹਦੀ ਕਹਾਣੀ 'ਮੈਂ ਹੁਣ ਠੀਕ ਠਾਕ ਹਾਂ' ਵਿਚ 'ਟੌਮੀ' ਨੂੰ ਮਾਰਨ ਦੀ ਭਾਵਭਿੰਨੀ ਸ਼ੈਲੀ:

ਟੌਮੀ ਕੈਮ ਹੋ!

ਮਾਲਕ ਨੂੰ ਸੂਚਨਾ ਦੇਣ ਦੇ ਮਾਣ ਨਾਲ ਮੱਤਾ, ਮੁਹੱਬਤ ਪ੍ਰਗਟਾਉਣ ਲਈ ਟੌਮੀ ਹਨੇਰੇ ਵਿਚ ਹੀ ਜੋਗਿੰਦਰ ਵੱਲ ਵਧਿਆ। ਬਾਹਰ ਵੀ ਹਨੇਰਾ ਸੀ ਤੇ ਅੰਦਰ ਵੀ, ਪਰ ਜੋਗਿੰਦਰ ਦੀ ਸਿਰ ਤੱਕ ਉਠੀ ਹੋਈ ਹੀਂਅ ਨੂੰ ਜਿਵੇਂ ਸਭ ਕੁਝ ਦਿਸਦਾ ਸੀ। ਲੱਤਾਂ ਜੋੜ ਕੇ, ਛਾਤੀ ਅਤੇ ਬਾਹਵਾਂ ਦਾ ਸਾਰਾ ਜ਼ੋਰ 'ਕੱਠਾ ਕਰ ਕੇ ਪੂਰੇ ਜ਼ੋਰ ਨਾਲ ਉਹਨੇ ਹੀਂਅ ਦਾ ਵਾਰ ਕੀਤਾ, ਜਿਵੇਂ ਪਟਵਾਰੀਆਂ ਦੇ ਮੁੰਡੇ ਦੇ ਗੰਡਾਸੀ ਮਾਰਨ ਲੱਗਾ ਹੋਵੇ। ਕੁੱਤੇ ਦੀ ਲੰਮੀ ਚੀਕ ਨਿਕਲੀ ਤੇ ਉਹ ਧਰਤੀ 'ਤੇ ਲੁੜ੍ਹਕ ਕੇ ਚੀਕਣ-ਚਿਲਾਉਣ ਲੱਗਾ ਜਿਵੇਂ ਤਰਲੇ ਲੈਂਦਾ ਰੋਂਦਾ ਹੋਇਆ ਕਹਿ ਰਿਹਾ ਹੋਵੇ, 'ਬਹੁੜੀਂ ਉਏ ਮੇਰੇ ਮਾਲਕਾ! ਇਹ ਕੀ ਕੀਤਾ ਈ ਮੇਰੇ ਨਾਲ?'

ਪਰ ਜੋਗਿੰਦਰ ਨੂੰ ਕੁਝ ਨਹੀਂ ਸੁਣਿਆ। ਉਸ ਨੇ ਓਨੇ ਹੀ ਜ਼ੋਰ ਦਾ ਇਕ ਹੋਰ ਵਾਰ ਡਿੱਗੇ ਪਏ ਟੌਮੀ 'ਤੇ ਕੀਤਾ...ਤੇ ਫਿਰ ਇਕ ਹੋਰ...।

ਕੁੱਤਾ ਚੀਕੀ ਗਿਆ, ਕਰਾਹੀ ਗਿਆ ਪਰ ਉਠਿਆ ਨਹੀਂ। ਉਸ ਨੂੰ ਕਿੰਨੀ ਕੁ ਸੱਟ ਲੱਗੀ ਹੈ? ਕੀ ਹੋਇਆ ਹੈ? ਇਸ ਦੀ ਚਿੰਤਾ ਕੀਤੇ ਬਗੈਰ ਹੀ ਬਾਹਰਲਾ ਗੇਟ ਖੋਲ੍ਹ ਕੇ ਉਹ ਬਾਹਰ ਚਲਾ ਗਿਆ।

ਵਾਪਸ ਆਇਆ ਤਾਂ ਬਾਹਰਲਾ ਬਲਬ ਜਗਦਾ ਪਿਆ ਸੀ। 'ਚਊਂ-ਚਊਂ' ਕਰਦੇ ਕੁੱਤੇ ਕੋਲ ਬੀਰੋ ਖੜੋਤੀ ਹੋਈ ਸੀ ਤੇ ਹਰਬੰਸ ਕੌਰ ਉਹਦੇ ਮੂੰਹ ਵਿਚ ਪਾਣੀ ਪਾਉਣ ਦਾ ਯਤਨ ਕਰ ਰਹੀ ਸੀ।

'ਵੇ ਜਿੰਦਿਆ! ਕੁੱਤੇ ਦਾ ਤਾਂ ਵਿਚਾਰੇ ਦਾ ਲੱਕ ਟੁੱਟ ਗਿਆ ਜਾਪਦਾ।'

ਜੋਗਿੰਦਰ ਨੇ ਵੇਖਿਆ, ਕੁੱਤੇ ਦੀ ਰੀੜ੍ਹ ਦੀ ਹੱਡੀ ਅੱਧ ਵਿਚਕਾਰੋਂ ਟੁੱਟ ਗਈ ਜਾਪਦੀ ਸੀ ਤੇ ਪਿਛਲਾ ਧੜ ਧਰਤੀ 'ਤੇ ਲੁੜਕ ਗਿਆ ਸੀ, ਕਦੀ-ਕਦੀ ਟੌਮੀ ਅਗਲੀਆਂ ਲੱਤਾਂ ਦੇ ਆਸਰੇ ਹਿੱਲਣ ਦੀ ਕੋਸ਼ਿਸ਼ ਕਰਦਾ, ਪਰ ਫਿਰ ਲੁੜਕ ਜਾਂਦਾ।

ਜੋਗਿੰਦਰ ਦੇ ਅੰਦਰੋਂ ਅਜੇ ਗੁੱਸਾ ਸ਼ਾਇਦ ਖਤਮ ਨਹੀਂ ਸੀ ਹੋਇਆ। ਉਹ ਝਿੜਕ ਕੇ ਪਿਆ, 'ਚਲੋ ਚੱਲੋ ਅੰਦਰ ਤੁਸੀਂ, ਕੁਝ ਨਹੀਂ ਹੋਇਆ ਇਹਨੂੰ...ਬੱਤੀ ਬੁਝਾਓ ਜਾ ਕੇ...।'

ਹੱਥ ਵਿਚ ਫੜ੍ਹੀ ਹੀਂਅ ਵਿਹੜੇ ਵਿਚ ਸੁੱਟ ਕੇ ਉਹ ਮੰਜੇ 'ਤੇ ਜਾ ਡਿੱਗਾ। ਬੀਰੋ ਤੇ ਹਰਬੰਸ ਕੌਰ ਵੀ ਉਹਦੇ ਬੋਲਾਂ ਦੀ ਸਖਤੀ ਤੋਂ ਘਬਰਾ ਕੇ ਜਾ ਲੇਟੀਆਂ।

ਹੁਣ ਕੋਈ ਨਹੀਂ ਸੀ ਬੋਲ ਰਿਹਾ। ਟੌਮੀ ਵੀ ਨਹੀਂ ਸੀ ਭੌਂਕ ਰਿਹਾ। ਪਰ ਜੋਗਿੰਦਰ ਦੇ ਮਨ ਵਿਚ ਸ਼ੋਰ ਹੀ ਸ਼ੋਰ ਸੀ। ਉਹਦੀਆਂ ਅੱਖਾਂ ਅੱਗੇ ਧੜੋਂ ਟੁੱਟਾ ਟੌਮੀ ਅਗਲੀਆਂ ਲੱਤਾਂ ਦੇ ਸਹਾਰੇ ਪਿਛਲੇ ਧੜ ਨੂੰ ਧੂਹਣ ਦੀ ਅਸਫਲ ਕੋਸ਼ਿਸ਼ ਕਰਦਾ ਦਿਸ ਰਿਹਾ ਸੀ। ਫਿਰ ਉਸ ਨੂੰ ਮਹਿਸੂਸ ਹੋਇਆ ਰੂੰ ਦਾ ਗੋਹੜਾ ਜਿਹਾ ਨਿੱਕਾ ਟੌਮੀ ਉਹਦੀ ਪੈਂਦ ਵੱਲ ਰਜਾਈ ਵਿਚ ਦੁਬਕ ਕੇ ਬੈਠਾ ਹੈ ਤੇ ਹੌਲੀ-ਹੌਲੀ ਸਰਕਦਾ ਉਹਦੇ ਪੈਰਾਂ ਕੋਲ ਆ ਕੇ ਸਿੱਲ੍ਹੀ ਬੂਥਣੀ ਨਾਲ ਛੂਹ ਕੇ ਉਹਦੇ ਜਿਸਮ ਵਿਚ ਝਰਨਾਹਟ ਛੇੜ ਰਿਹਾ ਹੈ। ਦੂਜੇ ਪਲ ਉਹਦੀ ਰਜਾਈ ਖਿੱਚ ਕੇ 'ਚਊਂ-ਚਊਂ' ਕਰਦਾ ਉਹਨੂੰ ਸੁੱਤੇ ਨੂੰ ਉਠਾ ਰਿਹਾ ਸੀ ਤੇ ਬਾਹਰ ਜਾ ਕੇ ਕੰਮ-ਧੰਦੇ ਲੱਗਣ ਦੀ ਪੁਕਾਰ ਦੇ ਰਿਹਾ ਸੀ। ਤੇ ਫੇਰ ਬੱਬਰ ਸ਼ੇਰ ਵਾਂਗ ਵਰਦੀ-ਧਾਰੀ ਸਿਪਾਹੀ ਦੀ ਹਿੱਕ ਉਤੇ ਝਪਟਦਾ ਆਪਣਾ ਛੋਟਾ ਭਰਾ ਲੱਗ ਰਿਹਾ ਸੀ।

ਕੁੱਤੇ ਨੇ ਤੇਜ਼-ਤੇਜ਼ ਚੀਕਣਾ ਅਤੇ ਕਰਾਹੁਣਾ ਬੰਦ ਕਰ ਦਿੱਤਾ ਸੀ। ਹੁਣ ਕਦੀ-ਕਦੀ ਉਹ ਲੰਮੀ ਸਾਰੀ 'ਚੂੰਅ' ਦੀ ਆਵਾਜ਼ ਕੱਢਦਾ ਤੇ ਚੁੱਪ ਕਰ ਜਾਂਦਾ। ਜਿਵੇਂ ਕਹਿ ਰਿਹਾ ਹੋਵੇ, 'ਹਾਇ ਮਾਂ...!'

ਜੋਗਿੰਦਰ ਤੋਂ ਰਿਹਾ ਨਾ ਗਿਆ। ਉਹ ਪੈਰੀਂ ਜੁੱਤੀ ਅੜਾ ਕੇ ਭਾਵੁਕ ਹੋਇਆ ਉਠ ਕੇ ਬਾਹਰ ਨੂੰ ਤੁਰਿਆ ਤਾਂ ਬੀਰੋ ਨੇ ਆਵਾਜ਼ ਦਿੱਤੀ, 'ਕਿਧਰ ਚੱਲੇ ਓ?'

ਉਹ ਬਿਨਾ ਕੋਈ ਜੁਆਬ ਦਿੱਤਿਆਂ ਬਾਹਰਲੀ ਬੱਤੀ ਜਗਾ ਕੇ ਟੌਮੀ ਕੋਲ ਗਿਆ। ਟੌਮੀ ਨੇ ਮਾੜਾ ਜਿਹਾ ਸਿਰ ਚੁੱਕਿਆ ਤੇ ਜੋਗਿੰਦਰ ਵੱਲ ਵੇਖ ਕੇ ਅੱਖਾਂ ਮੀਟ ਲਈਆਂ ਤੇ ਕੰਨ ਢਿੱਲ੍ਹੇ ਛੱਡ ਦਿੱਤੇ। ਬਿਲਕੁਲ ਉਂਜ ਹੀ ਜਦੋਂ ਉਹ ਅੰਤਾਂ ਦੇ ਪਿਆਰ ਵਿਚ ਸਰਸ਼ਾਰ ਹੋਇਆ, ਮਾਲਕ ਪ੍ਰਤੀ ਸ਼ੁਕਰਾਨੇ ਦੇ ਅਹਿਸਾਸ ਨਾਲ ਭਰਿਆ ਜਾਪਦਾ ਹੁੰਦਾ ਸੀ। ਜੋਗਿੰਦਰ ਨੇ ਉਹਦੇ ਸਿਰ, ਮੂੰਹ ਅਤੇ ਕੰਨਾਂ ਉਪਰ ਮੁਹੱਬਤ ਦੇ ਅਹਿਸਾਸ ਵਿਚ ਭਿੱਜ ਕੇ ਹੱਥ ਫੇਰੇ। ਮੂੰਹ 'ਤੇ ਹੱਥ ਫੇਰਦਿਆਂ ਉਹਦਾ ਹੱਥ ਲਹੂ ਨਾਲ ਲਿੱਬੜ ਗਿਆ। ਸੱਟ ਖਬਰੇ ਸਿਰ ਵਿਚ ਵੀ ਲੱਗੀ ਸੀ। 'ਟੌਮੀ! ਸ਼ੇਰ ਬੱਚਿਆ!! ਕੈਮ ਹੋ।'

ਪਰ ਟੌਮੀ ਨੇ ਧੌਣ ਧਰਤੀ 'ਤੇ ਟਿਕਾਈ ਹੋਈ ਸੀ ਤੇ ਮਾਸੂਮ, ਭੋਲੀਆਂ-ਭਾਲੀਆਂ ਤਰਸ ਮੰਗਦੀਆਂ ਅੱਖਾਂ ਨਾਲ ਜੋਗਿੰਦਰ ਵੱਲ ਵੇਖੀ ਜਾ ਰਿਹਾ ਸੀ, ਜਿਵੇਂ ਕਹਿਣਾ ਚਾਹੁੰਦਾ ਸੀ, 'ਮੈਂ ਹੁਣ ਠੀਕ-ਠਾਕ ਹਾਂ...ਤੁਸੀਂ ਜਾ ਕੇ ਆਰਾਮ ਕਰੋ...!'

(ਚਲਦਾ)

## ਕਾਵਿ ਜਗਤ

## ਪੰਜ ਪ੍ਰਾਹੁਣੇ

ਕਿੰਜ ਮਨਾਵਾਂ ਕਿੰਜ ਸਮਝਾਵਾਂ,
ਕਿਹੜੀਆਂ ਉਹਨੂੰ ਮਿੰਨਤਾਂ ਪਾਵਾਂ।
ਦੇਵਾਂ ਵਾਸਤੇ ਅਤੇ ਕੁਰਲਾਵਾਂ
ਜਿੰਦ ਨੂੰ ਕਦਮਾਂ ਵਿਚ ਵਿਛਾਵਾਂ
ਦੇਵਾਂ ਸੁਨੇਹੇ ਘਰ ਬੁਲਾਵਾਂ।

ਪਰ ਓਹਦੇ ਆਣ ਤੋਂ ਪਹਿਲਾਂ
ਪੰਜ ਪ੍ਰਾਹੁਣੇ ਘਰ ਆ ਬੈਠੇ।
ਹੁਣ ਉਨ੍ਹਾਂ ਨੂੰ ਕਿੰਜ ਭਜਾਵਾਂ?
ਬੂਹੇ ਆਣ ਮੇਰਾ ਸੋਹਣਾ ਖੜ੍ਹਿਆ
ਮੈਂ ਤਾਂ ਉਸ ਤੋਂ ਵਾਰੀ ਜਾਵਾਂ।

ਪਰ ਪੰਜੇ ਕੁੰਡਾ ਖੋਲ੍ਹਣ ਨਾ ਦਿੰਦੇ
ਤੜਪ ਤੜਪ ਉਨ੍ਹਾਂ ਪੀੜ ਦਿਖਾਵਾਂ।

ਸੋਹਣਾ ਮੇਰਾ ਅੱਤ ਦਾ ਧੀਮਾ
ਪਾਰ ਪੁੱਛਦਾ ਕਿ ਮੈਂ ਆਖ ਦਿਖਾਵਾਂ।
ਜਦ ਉਹ ਏਨੀ ਨੇੜ ਖੜੋਤਾ
ਕਿੰਜ ਏਨਾ ਵਿਛੋੜਾ ਝੱਲ ਜਾਵਾਂ।
ਦੇਖਾਂ ਪ੍ਰਾਹੁਣੇ ਦੇਖਣ ਸੋਹਣਾ
ਜਾਲ 'ਚੋਂ ਫਿਰ ਮੈਂ ਛੁਟ ਛੁਟ ਜਾਵਾਂ।

ਰੋਸ਼ਨੀ ਨੇ ਮੇਰੀ ਰੂਹ ਭਰ ਦਿੱਤੀ
ਨੱਚਾਂ, ਝੂੰਮਾਂ, ਹੱਸਾਂ, ਗਾਵਾਂ।
ਸੋਹਣੇ ਮੈਨੂੰ ਬੁਕਲ ਲਿਆ
ਮੈਂ ਵੀ ਉਸ ਦੀ ਹੋ ਹੋ ਜਾਵਾਂ।
ਰੌਲਾ ਪਾ ਪਾ ਸਭ ਨੂੰ ਦੱਸਾਂ
ਦੱਸਦੀ ਦੱਸਦੀ ਵਾਰੀ ਜਾਵਾਂ।

-ਗੁਰਪ੍ਰੀਤ ਕੌਰ ਪਨੇਸਰ
ਫੋਨ: 469-925-4767

---

## ਤਾਰੇ

ਸਾਡੇ ਲਈ ਨੇ ਤਾਰੇ ਮੋਏ
ਸੱਜਣਾਂ ਪਹਿਲੀ ਪਹਿਰ ਦੇ।
ਬੜੀ ਹਕੀਕਤ ਕੌੜੀ ਜ਼ਿੰਦਗੀ
ਭਰੇ ਪਿਆਲੇ ਜ਼ਹਿਰ ਦੇ।

ਬਾਬਾ ਬੁੱਢਾ ਮਾਰਿਆ ਜਿੱਥੇ
ਸੁਪਨਿਆਂ ਦੇ ਵਿਚ ਆ ਜਾਂਦਾ,
ਅਜੇ ਤੱਕ ਨੇ ਚੇਤੇ ਵੀਰਾ
ਕੰਢੇ ਖ਼ੂਨੀ ਨਹਿਰ ਦੇ।

ਲੁੱਚੀ ਧਰਤੀ ਸ਼ਿਵ ਨੇ ਲਿਖ ਕੇ
ਆਪਣਾ ਫਰਜ਼ ਨਿਭਾ ਦਿੱਤਾ,
ਸੂਰਜ ਦੀ ਅੱਖ ਅੱਗੇ ਆ ਕੇ
ਕਿਸੇ ਪਾਸੇ ਨਹੀਂ ਠਹਿਰਦੇ।

ਬੂਝਾ ਸਿੰਘ ਨੇ 'ਬੂਝੇ' ਪੁੱਟ ਕੇ
ਆਪਣਾ 'ਬੂਟਾ' ਲਾ ਦਿੱਤਾ,
ਪਾਸ਼ ਦੀ ਕਵਿਤਾ ਉਤੇ ਯਾਰੋ
ਲਾਣ ਅੰਦਾਜ਼ੇ ਬਹਿਰ ਦੇ।

'ਮਾਤ ਲੋਕ' ਵਿਚ ਰਹਿੰਦੇ ਹਾਂ
ਪਰ ਸਾਡਾ ਕੋਈ ਯਕੀਨ ਨਹੀਂ,
ਨਿਜੀ ਹਮਲੇ ਕਰਦੇ ਨੇ ਜੋ
ਵਾਸੀ 'ਕਾਲੇ ਸ਼ਹਿਰ' ਦੇ।

ਗੋਰੇ ਵਾਂਗੂ ਲੁੱਟ ਕੇ ਬਹਿ ਗਏ
ਆਪ ਤਾਂ ਗੋਰੀ ਧਰਤੀ 'ਤੇ,
ਖੂਹ ਦੇ ਡੱਡੂ ਕਦੇ ਨੀ ਯਾਰੋ
ਕੋਈ ਵੀ ਸਾਗਰ ਤੈਰਦੇ।

-ਹਰਜਿੰਦਰ ਗੁਲਪੁਰ
ਫੋਨ: 91-98722-38981

---

## ਸ਼ਹਿਰ

ਬੇਸ਼ੱਕ ਬੰਦ ਨਹੀਂ ਹੋਈ ਬਰਬਾਦੀ ਸ਼ਹਿਰ ਦੀ
ਨਿਰੰਤਰ ਵਧ ਰਹੀ ਫਿਰ ਵੀ ਆਬਾਦੀ ਸ਼ਹਿਰ ਦੀ।

ਹਾਕਮਾਂ ਨੇ ਹੀ ਕੀਤਾ ਕੋਈ ਘੱਲੂਘਾਰਾ ਹੈ
ਵੱਡੀ ਭੀੜ ਹੈ ਨਸ਼ੇ ਦੀ ਏਥੇ ਆਦੀ ਸ਼ਹਿਰ ਦੀ।

ਵੇਚਦੇ ਨੇ ਮਖਮਲ, ਰੇਸ਼ਮ ਹੀਰਿਆਂ ਦੇ ਭਾਅ
ਜਿਹੜੇ ਪਾਉਂਦੇ ਨੇ ਬਦਨ ਉਤੇ ਖਾਦੀ ਸ਼ਹਿਰ ਦੀ।

ਭਰਮਾਰ ਸਹੂਲਤਾਂ ਦੀ ਹੈ ਹੱਦ ਤੋਂ ਵੀ ਜ਼ਿਆਦਾ
ਗੱਲ ਸਕੂਨ ਵਾਲੀ ਲੱਗਦੀ ਕਿਤਾਬੀ ਸ਼ਹਿਰ ਦੀ।

ਤੰਗ ਦਿਲਾਂ ਵਾਲਿਆਂ ਦੇ ਤੰਗ ਨੇ ਮਕਾਨ ਵੀ
ਉਸਾਰੀ ਹੋ ਰਹੀ ਹੈ ਬੇਬੁਨਿਆਦੀ ਸ਼ਹਿਰ ਦੀ।

ਜੇ ਬਚਣਾ ਤਾਂ ਮੋੜ ਲੈ ਮੁਹਾਰ ਪਿੰਡ ਨੂੰ
'ਭੱਟੀ' ਰਹੀ ਨਹੀਂ ਸਾਫ ਕੋਈ ਵਾਦੀ ਸ਼ਹਿਰ ਦੀ।

-ਸਵਿੰਦਰ ਸਿੰਘ ਭੱਟੀ
ਫੋਨ: 91-98729-89193

ਇਤਿਹਾਸ ਦੇ ਪੰਨੇ

# ਨਹੀਂ ਕਰਾਰ ਦਿੱਤਾ ਸੀ ਅੰਗਰੇਜ਼ਾਂ ਨੇ ਸਿੱਖਾਂ ਨੂੰ ਜ਼ਰਾਇਮ ਪੇਸ਼ਾ

***ਅੰਗਰੇਜ਼ਾਂ ਤੋਂ ਪਹਿਲਾਂ ਅਣਵੰਡੇ ਹਿੰਦੁਸਤਾਨ ਦੇ ਦੂਰ ਦੁਰੇਡੇ ਇਲਾਕਿਆਂ ਵਿਚ ਰਾਜ ਪ੍ਰਬੰਧ ਦੀ ਪਕੜ ਮਜ਼ਬੂਤ ਨਾ ਹੋਣ ਕਾਰਨ ਕਈ ਲੋਕ ਅਤੇ ਕਬੀਲੇ ਚੋਰੀ, ਠੱਗੀ ਤੇ ਲੁੱਟ-ਖੋਹ ਨੂੰ ਹੀ ਆਪਣਾ ਪੇਸ਼ਾ ਬਣਾਈ ਬੈਠੇ ਸਨ। ਐਸੇ ਲੋਕਾਂ ਨੂੰ ਕਾਨੂੰਨ ਦੇ ਘੇਰੇ ਵਿਚ ਲਿਆਉਣ ਲਈ ਅੰਗਰੇਜ਼ਾਂ ਨੇ 'ਕ੍ਰਿਮੀਨਲ ਟਰਾਈਬਜ਼ ਐਕਟ' ਲਾਗੂ ਕਰਕੇ ਬਹੁਤ ਸਾਰੇ ਕਬੀਲਿਆਂ ਨੂੰ ਜ਼ਰਾਇਮ ਪੇਸ਼ਾ ਕਰਾਰ ਦੇ ਕੇ ਉਨ੍ਹਾਂ 'ਤੇ ਕਈ ਸਖਤ ਪਾਬੰਦੀਆਂ ਲਾਈਆਂ। ਇਸ ਐਕਟ ਅਧੀਨ ਜ਼ਰਾਇਮ ਪੇਸ਼ਾ ਕਰਾਰ ਦੇਣ ਲਈ ਜੋ ਵਿਧੀ ਅਪਨਾਈ ਜਾਂਦੀ ਸੀ ਅਤੇ ਜਿਨ੍ਹਾਂ ਕਬੀਲਿਆਂ ਨੂੰ ਜ਼ਰਾਇਮ ਪੇਸ਼ਾ ਐਲਾਨਿਆ ਗਿਆ, ਉਸ ਬਾਰੇ ਇੰਗਲੈਂਡ ਰਹਿੰਦੇ ਪਾਕਿਸਤਾਨੀ ਲੇਖਕ ਗੁਲਾਮ ਮੁਸਤਫਾ ਡੋਗਰ ਨੇ ਇੱਕ ਖੋਜ ਭਰਪੂਰ ਲੰਮਾ ਲੇਖ ਲਿਖਿਆ ਹੈ। ਲੇਖ ਦੀ ਇਸ ਆਖਰੀ ਕਿਸ਼ਤ ਵਿਚ ਉਨ੍ਹਾਂ ਸਾਬਤ ਕੀਤਾ ਹੈ ਕਿ ਅੰਗਰੇਜ਼ਾਂ ਨੇ ਸਿੱਖ ਕੌਮ ਨੂੰ ਕਦੇ ਵੀ ਜ਼ਰਾਇਮ ਪੇਸ਼ਾ ਕਰਾਰ ਨਹੀਂ ਦਿੱਤਾ। -ਸੰਪਾਦਕ***

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*



**ਗੁਲਾਮ ਮੁਸਤਫਾ ਡੋਗਰ ਯੂ. ਕੇ.**
**ਫੋਨ: +44 78781-32209**
**E-mail: kotroy@hotmail.co.uk**

**ਲਿਪੀਅੰਤਰ:ਰਾਜਵਿੰਦਰ ਸਿੰਘ ਸਿੱਧੂ**
**ਫੋਨ: 91-98555-03224**
**ਸਰਬਜੀਤ ਸਿੰਘ ਸੰਧੂ**
**ਫੋਨ: 91-95010-11799**

1901 'ਚ ਅਚਾਨਕ ਕੀਤੀ ਮਰਦਮ ਸ਼ੁਮਾਰੀ 'ਚ ਸਬੰਧਤ ਜ਼ਰਾਇਮ ਪੇਸ਼ਾ ਕਬੀਲਿਆਂ 'ਚ ਰਹਿੰਦੇ ਕ੍ਰਮਵਾਰ ਰਜਿਸਟਰਡ ਜ਼ਰਾਇਮ ਪੇਸ਼ਾ ਲੋਕ ਤੇ ਗੈਰਹਾਜ਼ਰ ਲੋਕਾਂ ਦੀ ਗਿਣਤੀ ਇਸ ਤਰ੍ਹਾਂ ਹੈ:

| ਕ੍ਰਮਵਾਰ ਜਿਲ੍ਹਾ, ਕੁੱਲ ਰਜਿਸਟਰ ਜ਼ਰਾਇਮ ਪੇਸ਼ਾ ਲੋਕ ਤੇ ਗੈਰਹਾਜ਼ਰ ਲੋਕ | | |
|---|---|---|
| **ਸਾਂਸੀ** | | |
| ਕਰਨਾਲ | 2250 | 48 |
| ਹੁਸ਼ਿਆਰਪੁਰ | 99 | 15 |
| ਜਲੰਧਰ | 866 | 02 |
| ਲੁਧਿਆਣਾ | 1048 | 13 |
| ਫਿਰੋਜ਼ਪੁਰ | 465 | 01 |
| ਲਾਹੌਰ | 3078 | —- |
| ਗੁਰਦਾਸਪੁਰ | 2838 | 105 |
| ਸਿਆਲਕੋਟ | 1659 | 524 |
| ਗੁਜਰਾਂਵਾਲਾ | 3546 | 169 |
| ਗੁਜਰਾਤ | 1444 | —- |
| **ਕੁੱਲ** | **17293** | **877** |
| **ਬੌਰੀਆ** | | |
| ਲੁਧਿਆਣਾ | 497 | 23 |
| ਫਿਰੋਜ਼ਪੁਰ | 10613 | 777 |
| **ਕੁੱਲ** | **11110** | **800** |
| **ਬਲੋਚ** | | |
| ਕਰਨਾਲ | 1094 | 133 |
| ਅੰਬਾਲਾ | 172 | 04 |
| **ਕੁੱਲ** | **1266** | **137** |
| **ਹਰਨੀਸ਼** | | |
| ਹੁਸ਼ਿਆਰਪੁਰ | 361 | 46 |
| ਜਲੰਧਰ | 36 | 06 |
| ਲੁਧਿਆਣਾ | 1648 | 308 |
| **ਕੁੱਲ** | **2045** | **360** |
| **ਪੱਖੀਵਾਰ** | | |
| ਸਿਆਲਕੋਟ | 2376 | 194 |
| **ਮੀਨਾ** | | |
| ਗੁੜਗਾਉਂ | 826 | 82 |
| **ਠੱਗ** | | |
| ਕਰਨਾਲ | 4466 | 119 |
| **ਮਹਾਤਮ** | | |
| ਲਾਹੌਰ | 9885 | —- |
| **ਭਾਟ** | | |
| ਸਿਆਲਕੋਟ | 1794 | 96 |

ਇਸ ਤਰ੍ਹਾਂ ਮੁੜ 1912 ਈਸਵੀ ਵਿਚ ਅਚਾਨਕ ਛਾਪਾ ਮਾਰ ਕੇ ਜ਼ਰਾਇਮ ਪੇਸ਼ਾ ਲੋਕਾਂ ਦੀ ਮਰਦਮ ਸ਼ੁਮਾਰੀ ਕੀਤੀ ਗਈ ਜਾਂ ਕਹਿ ਲਓ ਸਰਜੀਕਲ ਸਟ੍ਰਾਈਕ ਕੀਤੀ। ਇਸ ਬਾਰੇ ਅੰਗਰੇਜ਼ਾਂ ਨੇ ਲਿਖਿਆ ਹੈ ਕਿ 20 ਪਿੰਡਾਂ ਦੀ ਚੋਣ ਕਰਕੇ ਉਥੇ ਅਚਾਨਕ ਮਰਦਮ ਸ਼ੁਮਾਰੀ ਕੀਤੀ ਗਈ, ਜਿਸ 'ਚ ਵੇਖਿਆ ਗਿਆ ਹੈ ਕਿ ਕਾਫੀ ਬੰਦੇ, ਬੰਦੇ ਦੇ ਪੁੱਤ ਬਣ ਗਏ ਹਨ ਭਾਵ ਉਹ ਹੁਣ ਜੁਰਮ 'ਚ ਸ਼ਾਮਲ ਨਹੀਂ ਹਨ।

**ਰਾਹਜ਼ਨ ਲੁਟੇਰੇ:** ਰਾਹਜ਼ਨ ਉਹ ਲੁਟੇਰੇ ਸਨ ਜੋ ਰਸਤੇ 'ਚ ਖੜ੍ਹ ਕੇ ਰਾਹੀਆਂ ਦੀ ਲੁੱਟ ਮਾਰ ਕਰਦੇ। ਇਹ ਜੁਰਮ ਵੀ ਕਾਫੀ ਫੈਲਿਆ ਹੋਇਆ ਸੀ। ਅੰਗਰੇਜ਼ਾਂ ਨੇ ਇਨ੍ਹਾਂ ਦੀ ਵੀ ਇੱਕ ਲਿਸਟ ਤਿਆਰ ਕੀਤੀ ਜਿਸ ਨੂੰ ਅਸੀਂ ਦੋ ਭਾਗਾਂ 'ਚ ਵੰਡ ਸਕਦੇ ਹਾਂ:

**1. ਖਾਨਾਬਦੋਸ਼ ਰਾਹਜ਼ਨ ਕਬੀਲੇ:** ਸਾਂਸੀ, ਕੰਜਰ (ਹਬੂਰਾ), ਭੰਗਾਲੀ (ਭਾਤੂ ਸਾਂਸੀ), ਬੌਰੀਆ, ਪੱਖੀਵਾਰ ਤੇ ਮਹਾਤਮ।

**2. ਰਿਹਾਇਸ਼ੀ ਰਾਹਜ਼ਨ ਕਬੀਲੇ:** ਬਲੋਚ, ਹਰਨੀਸ਼, ਗਲੋਈ ਬਲੋਚ, ਭਾਟ, ਮੀਨਾ, ਤਾਗਾ ਬ੍ਰਹਮਨ, ਗੁਟਕਾ ਜੱਟ, ਢਿੱਲੋਂ ਜੱਟ ਤੇ ਧਨਵਾਰ।

**ਪਸ਼ੂ ਚੋਰ:** ਅਸੀਂ ਪਿੱਛੇ ਵੀ ਜ਼ਿਕਰ ਕਰ ਆਏ ਹਾਂ ਕਿ ਅੰਗਰੇਜ਼ ਹਕੂਮਤ ਸਮੇਂ ਪਸ਼ੂ ਚੋਰੀ ਆਮ ਹੀ ਹੋ ਰਹੀ ਸੀ। ਇਸ ਨੂੰ ਰੋਕਣ ਲਈ ਅੰਗਰੇਜ਼ ਹਕੂਮਤ ਨੇ ਪਸ਼ੂ ਚੋਰ ਕਬੀਲਿਆਂ ਦੀ ਲਿਸਟ ਬਣਾਈ। 1904 ਈਸਵੀ ਦੇ ਜੇਲ੍ਹਾਂ ਦੇ ਹਵਾਲੇ ਨਾਲ ਸਾਡੇ ਕੋਲ ਇਕ ਲਿਸਟ ਹੈ, ਜਿਸ 'ਚ ਦੱਸਿਆ ਗਿਆ ਹੈ ਕਿ ਕਿਹੜਾ-ਕਿਹੜਾ ਕਬੀਲਾ ਇਸ 'ਚ ਸ਼ਾਮਲ ਸੀ, ਜੋ ਇਸ ਪ੍ਰਕਾਰ ਹਨ: ਬਰਾਨਾ ਤੇ ਬਾਰ, ਨੂਰ ਮਹਿਰਮ ਤੇ ਅਕਲਾ ਹਯਾਤ ਬਲੋਚ, ਧੋਰ, ਖਰਲ ਤੇ ਵਲਾਨਾ ਜੱਟ, ਦੁੱਲੂ, ਪਰਹਾਰਸ, ਸਗਲ, ਚਨਾਰ, ਗਾਧੀ, ਚੂੜੇਹਾਰ।

ਇਸ ਲਿਸਟ ਤੋਂ ਸਪਸ਼ਟ ਹੈ ਕਿ ਸਿੱਖ ਕੌਮ 'ਚੋਂ ਕੋਈ ਵੀ ਕਬੀਲਾ ਇਸ 'ਚ ਸ਼ਾਮਲ ਨਹੀਂ ਸੀ।

ਇੱਕ ਰਿਪੋਰਟ ਫਿਰੋਜ਼ਪੁਰ ਜਿਲ੍ਹੇ ਬਾਰੇ ਬਣਾਈ ਗਈ, ਜਿਸ 'ਚ ਹਕੂਮਤ ਨੇ ਜ਼ਿਕਰ ਕੀਤਾ ਕਿ ਇੱਥੋਂ ਦੇ ਨੇਪਾ, ਭੱਟੀ ਤੇ ਡੋਗਰ, ਜੋ ਪਹਿਲਾਂ ਜ਼ਰਾਇਮ ਪੇਸ਼ਾ ਸਨ ਪਰ ਹੁਣ ਇਹ ਬਿਲਕੁਲ ਸਿੱਧੇ ਹੋ ਗਏ ਹਨ, ਭਾਵ ਜੁਰਮ ਕਰਨਾ ਛੱਡ ਗਏ ਹਨ। ਇਨ੍ਹਾਂ ਨੇ 30 ਸਾਲਾਂ ਲਈ ਜਮੀਨ ਪਟੇ 'ਤੇ ਲੈ ਕੇ ਵਾਹੀ ਜੋਤੀ ਕਰਨੀ ਸ਼ੁਰੂ ਕਰ ਦਿੱਤੀ ਹੈ। ਇਨ੍ਹਾਂ ਨੇ ਆਪਣੇ ਖੂਹ ਖੋਦਣੇ ਸ਼ੁਰੂ ਕਰ ਦਿੱਤੇ ਹਨ। ਅਸੀਂ ਹੁਣ ਤੱਕ ਸਿੱਖਾਂ ਦੇ ਜ਼ਰਾਇਮ ਪੇਸ਼ਾ ਕਿਰਦਾਰ ਦੇ ਹਵਾਲੇ ਨਾਲ ਜ਼ਰਾਇਮ 'ਤੇ ਨਜ਼ਰ ਮਾਰ ਲਈ ਹੈ ਅਤੇ ਬਾਕੀ ਕੌਮਾਂ ਤੇ ਕਬੀਲਿਆਂ ਦੇ ਹਾਲਾਤ ਵੇਖ ਲਏ ਹਨ। ਸਿੱਖਾਂ ਬਾਰੇ ਸਾਨੂੰ ਕੁਝ ਵੀ ਨਜ਼ਰ ਨਹੀਂ ਆਇਆ ਕਿ ਉਹ ਜ਼ਰਾਇਮ ਪੇਸ਼ਾ ਸਨ।

**ਪੰਜਾਬ ਦੇ ਵੱਖ-ਵੱਖ ਜਿਲ੍ਹਿਆਂ 'ਚ ਸਰਗਰਮ ਜ਼ਰਾਇਮ ਪੇਸ਼ਾ ਗੈਂਗ**

ਬ੍ਰਿਟਿਸ਼ ਦੌਰ 'ਚ ਕਈ ਜੁਰਮ ਇਕੱਲੇ ਬੰਦੇ ਕਰਦੇ ਸਨ ਤੇ ਬਹੁਤ ਸਾਰੇ ਜੁਰਮਾਂ 'ਚ ਆਦਮੀ ਗੈਂਗਾਂ (ਟੋਲਿਆਂ) ਦੀ ਸ਼ਕਲ 'ਚ ਵਾਰਦਾਤਾਂ ਕਰਕੇ ਹਕੂਮਤ ਲਈ ਪ੍ਰੇਸ਼ਾਨੀ ਪੈਦਾ ਕਰਦਿਆਂ ਦਹਿਸ਼ਤ ਜਮਾਈ ਰੱਖਦੇ ਸਨ। ਇਨ੍ਹਾਂ 'ਚੋਂ ਬਹੁਤੇ ਗੈਂਗ ਮਾਰੇ ਜਾਂਦੇ ਜਾਂ ਫੜ੍ਹੇ ਜਾਂਦੇ ਸਨ, ਜਿਨ੍ਹਾਂ ਦੀ ਥਾਂ ਨਵੇਂ ਗੈਂਗ ਉਭਰ ਆਉਂਦੇ। ਪੁਲਿਸ ਇਨ੍ਹਾਂ ਦੀ ਦਹਿਸ਼ਤ ਖਤਮ ਕਰਨ ਲਈ ਤਰਕੀਬਾਂ ਘੜਦੀ ਰਹਿੰਦੀ। 1901 ਤੋਂ 1940 ਈਸਵੀ ਤੱਕ ਹਰ ਸਾਲ ਪੁਲਿਸ ਇਨ੍ਹਾਂ ਗੈਂਗਾਂ 'ਤੇ ਇਕ ਰਿਪੋਰਟ ਤਿਆਰ ਕਰਦੀ। ਇਥੇ ਅਸੀਂ ਜੋ ਰਿਪੋਰਟ ਦੇ ਰਹੇ ਹਾਂ, ਉਹ ਪੁਲਿਸ ਮਹਿਕਮੇ ਵੱਲੋਂ 1937 'ਚ ਨਸ਼ਰ ਕੀਤੀ ਗਈ ਸੀ, ਜਿਸ 'ਚ ਉਸ ਸਮੇਂ ਸਰਗਰਮ ਗੈਂਗਾਂ ਤੇ ਉਨ੍ਹਾਂ ਦੇ ਜਿਲ੍ਹਿਆਂ ਦਾ ਵੇਰਵਾ ਇਸ ਪ੍ਰਕਾਰ ਹੈ:

-ਕੁੰਭੀ, ਅਲੀਸ਼ੇਰ, ਕਿਰਤਾ, ਕਾਲੂ, ਮਾਣੀ, ਤੇਜ ਸਿੰਘ, ਮੌਲਾ, ਦੁਗਾ, ਸਰਧਾ, ਜਿਉਣਾ ਡੋਗਰ, ਫੱਗਾ, ਰੰਘੜ, ਫੱਤਾ ਗੁਜ਼ਰ, ਮੀਰ ਬਾਜ਼, ਅਬਦੁੱਲਾ ਤੇ ਕੰਮਾ ਗੈਂਗ (ਕਰਨਾਲ)

-ਦੀਨ ਮੁਹੰਮਦ ਵਾਂਈ, ਯਾਰਾ, ਅਕਲਾ, ਦੌਲਤਾਨਾ, ਸੂਪਲ ਦਰਜੀ, ਮਹਿਬੂਬ ਸ਼ਾਹ ਦੇ ਕੁਢਣ, ਹਾਤਿਮ ਤੇ ਤਾਰਗੜ੍ਹ ਗੈਂਗ (ਸੁਲਤਾਨ)

-ਧਤੂਰਾ ਪੋਇਸਰ, ਇਕਲ ਗੱਡੇ ਦਾ ਹਾਕਮ ਸਿੰਘ, ਇਕਲ ਗੱਡੇ ਦੇ ਡੋਗਰ, ਲੋਪੋ ਕੇ ਦਾ ਮੋਤਾ ਸਿੰਘ, ਪੁਲਿਸ ਸਟੇਸ਼ਨ ਅਜਨਾਲਾ ਅਧੀਨ ਪੈਂਦੇ ਮਹਾਤਮ ਤੇ ਫਜ਼ਲਦੀਨ ਜੁਲਾਹਾ ਗੈਂਗ (ਅੰਮ੍ਰਿਤਸਰ)

-ਬੁਰਹਾਨੀ, ਬਹਾਲਕੀ, ਮੱਖਣੀ, ਇਦਲਾਨਾ ਦਾ ਝੱਪਾ ਤੇ ਸੁਲਤਾਨ ਗੈਂਗ (ਝੰਗ)

-ਹੀਰਾ, ਫਕੀਰ ਤੇ ਫਜ਼ਲਦੀਨ ਜੁਲਾਹਾ ਗੈਂਗ (ਲੁਧਿਆਣਾ)

-ਸਿੱਘੂ ਤੇ ਭਾਲਕੂ ਗੈਂਗ (ਰੋਹਤਕ)

-ਭਾਕੂ, ਜਿੰਦਾ ਕੋਹਨਾ ਦਾ ਚੀਮਾ ਜੱਟ, ਵਾਂ ਮੱਖਨ ਦੇ ਗਹਿਣਾ ਖਰਲ, ਬਾਹਰ ਦੇ ਵਿਰਕ, ਜਤਰੀ ਤੇ ਲਗਰ, ਮਲਕਾ ਮੌਜ ਦੇ ਕਾਲੂ, ਅਬਲਕਾ ਤੇ ਖਰਲ ਗੈਂਗ (ਸ਼ੇਖੂਪੁਰਾ)

-ਮੱਖੀ ਖੁਰਦ ਦੇ ਭੇਡ ਕੁੱਟ ਮਰਾਸੀ, ਵਲਟੋਹਾ ਦਾ ਸੱਕਾ, ਵਲਟੋਹਾ ਦੇ ਸੰਧੂ ਜੱਟ, ਟਿੱਬੀ ਭਾਗੋਕੇ ਦੇ ਭੱਟੀ ਰਾਜਪੂਤ, ਸਭਰਾਂ ਦੇ ਸੱਈਅਦ, ਜੱਟ ਤੇ ਚੂੜ੍ਹਾ ਅਤੇ ਫਜ਼ਲਦੀਨ ਜੁਲਾਹਾ ਗੈਂਗ (ਲਾਹੌਰ)

-ਸਿਮਲੀਪੁਰ ਦੇ ਫਕੀਰ ਤੇ ਰਾਜਪੂਤ ਤੇ ਰਾਠੌਰ ਦੇ ਰਾਜਪੂਤ ਗੈਂਗ (ਅੰਬਾਲਾ)

-ਬੇਟ ਮੋਤਲਾ ਦੇ ਮੀਰਾਨੀ ਬਲੋਚ ਤੇ ਲੀਹਾ ਦਾ ਬਖਸ਼ਾ ਗੈਂਗ (ਮੁਜ਼ੱਫਰਗੜ੍ਹ)

-ਬੁਹਾਰ ਦੇ ਸੰਜਰਾਨੀ ਬਲੋਚ, ਦਲੇਲ, ਜਲਾਲ ਤੇ ਹਸਨ ਗੈਂਗ (ਡੇਰਾ ਗਾਜ਼ੀ ਖਾਂ)

-ਚੱਕੀ ਵਾਲੇ ਦਾ ਭੱਟੀ ਗੈਂਗ (ਗੁਜਰਾਂਵਾਲਾ)

-ਚੱਕ ਬੰਦੀ ਨਾਥੂ ਅਮੀਰ ਦੇ ਕਾਠੀਆ, ਚੱਕ ਨੰ 70/4-ਬੀ ਦੇ ਭੁਜੰਨਣ, ਮਹਾਤਮ ਤੇ ਠੱਟਾ ਭੱਟੀ ਦੇ ਭੱਟੀ ਗੈਂਗ (ਮਿੰਟਗੁਮਰੀ)

-ਮਿਨਕ ਸੈਣੀ ਤੇ ਭੂਰਾ ਬ੍ਰਾਹਮਣ ਗੈਂਗ (ਕਾਂਗੜਾ)

-ਜਲਾਲਪੁਰ ਜੱਟਾਂ ਦੇ ਮੁਸੱਲੀ ਤੇ ਕਸ਼ਮੀਰੀ ਧੁਮਰਾ ਗੈਂਗ (ਗੁਜਰਾਤ)

-ਪੁਲਿਸ ਸਟੇਸ਼ਨ ਠੋਸਲ ਦਾ ਰਾਜਪੂਤ ਗੈਂਗ (ਹਿਸਾਰ)

-ਡੱਬਨਵਾਲਾ ਦੇ ਮੁਸੱਲੀ, ਰਾਜੋਕਾ, ਖਰਲ ਤੇ ਪਰੇਹਾਰ ਗੈਂਗ (ਲਾਇਲਪੁਰ)

-ਮਲਸੀਆਂ ਦੇ ਕੋਇਨਰ, ਭੰਡਾ ਮੋਚੀ ਤੇ ਫਜ਼ਲਦੀਨ ਜੁਲਾਹਾ ਗੈਂਗ (ਜਲੰਧਰ)

-ਹੱਡਾ ਦੇ ਘੁਗ ਗੈਂਗ (ਸ਼ਾਹਪੁਰ)

-ਮਹਾਤਮ, ਫਤਿਹਗੜ੍ਹ ਦੇ ਜੱਟ ਅਤੇ ਗੁੱਜਰ ਤੇ ਚੂੜ੍ਹਾ ਗੈਂਗ (ਫਿਰੋਜ਼ਪੁਰ)

ਉਪਰੋਕਤ ਤੱਥਾਂ 'ਤੇ ਨਜ਼ਰ ਮਾਰਨ ਪਿਛੋਂ ਅਸੀਂ ਇਸ ਸਿੱਟੇ 'ਤੇ ਪਹੁੰਚਦੇ ਹਾਂ ਕਿ ਪੰਜਾਬ ਦੀਆਂ ਸਾਰੀਆਂ ਕੌਮਾਂ 'ਚ ਜ਼ਰਾਇਮ ਪੇਸ਼ਾ ਗੈਂਗ ਮਿਲਦੇ ਹਨ ਭਾਵੇਂ ਉਹ ਜੱਟ, ਰਾਜਪੂਤ, ਡੋਗਰ, ਮੋਚੀ, ਜੁਲਾਹਾ, ਨਾਈ ਆਦਿ ਹੋਵੇ, ਇਨ੍ਹਾਂ 'ਚ ਕੋਈ ਵੀ ਕਿਸੇ ਤੋਂ ਘੱਟ ਨਹੀਂ ਸੀ। ਪਰ ਇਨ੍ਹਾਂ ਗੈਂਗਾਂ 'ਚ ਬਾਕੀ ਕੌਮਾਂ ਦੇ ਮੁਕਾਬਲੇ ਸਿੱਖ ਕੌਮ ਦੀ ਗਿਣਤੀ ਬਹੁਤ ਘੱਟ ਸੀ। ਸੋ, ਆਪ ਅੰਦਾਜ਼ਾ ਲਾਓ ਕਿ ਸਿੱਖ ਜ਼ਰਾਇਮ ਪੇਸ਼ਾ ਕਿਵੇਂ ਸਨ?

**ਜੇਲ੍ਹਾਂ ਦੇ ਹਵਾਲੇ ਨਾਲ ਜ਼ਰਾਇਮ ਪੇਸ਼ਾ ਲੋਕ:** ਹੁਣ ਅਸੀਂ ਜੇਲ੍ਹਾਂ 'ਚ ਬੰਦ ਕੈਦੀਆਂ ਦੇ ਹਵਾਲੇ ਨਾਲ ਵੇਖਾਂਗੇ ਕਿ ਗਿਣਤੀ ਦੇ ਹਿਸਾਬ ਨਾਲ ਕਿਸ ਕਿਸ ਕੌਮ ਨਾਲ ਸਬੰਧਤ ਕੈਦੀ ਕੈਦ ਕੱਟ ਰਹੇ ਸਨ। ਜੋ ਵੇਰਵਾ ਅਸੀਂ ਦੇ ਰਹੇ ਹਾਂ, ਉਹ ਪਹਿਲੀ ਮਾਰਚ 1901 ਈਸਵੀ ਦਾ ਹੈ। ਉਸ ਦਿਨ ਪੰਜਾਬ ਦੀਆਂ ਜੇਲ੍ਹਾਂ 'ਚ 14,098 ਕੈਦੀ ਕੈਦ ਕੱਟ ਰਹੇ ਸਨ। ਇਨ੍ਹਾਂ 'ਚੋਂ ਸਭ ਤੋਂ ਵੱਧ ਜੱਟ ਸਨ, ਜਿਨ੍ਹਾਂ ਦੀ ਤਾਦਾਦ 3753 ਸੀ। ਬਾਅਦ 'ਚ ਕ੍ਰਮਵਾਰ ਪਠਾਣ 2097, ਰਾਜਪੂਤ 1034, ਬਲੋਚ 730, ਚੂੜ੍ਹੇ 545, ਅਰੋੜੇ 340 ਅਤੇ ਅਵਾਣ 427 ਆਉਂਦੇ ਸਨ। ਜੋ ਸਿੱਖ ਸਨ, ਉਹ ਬਹੁਤੇ ਜੱਟ ਸਨ। ਇਸ ਲਿਸਟ 'ਚ ਜੱਟਾਂ ਦੀ ਗਿਣਤੀ 3753 ਦਿੱਤੀ ਗਈ ਹੈ ਪਰ ਇਸ 'ਚ ਇਹ ਵੇਰਵਾ ਨਹੀਂ ਮਿਲਦਾ ਕਿ ਕਿੰਨੇ ਜੱਟ ਸਿੱਖ ਸਨ, ਕਿੰਨੇ ਮੁਸਲਮਾਨ ਤੇ ਕਿੰਨੇ ਹਿੰਦੂ। ਇਕ ਹੋਰ ਲਿਸਟ ਹੈ, ਜਿਸ ਵਿਚ 1901 ਈਸਵੀ ਦੌਰਾਨ ਧਾਰਾ 302, 307 ਤੇ 304 ਅਧੀਨ ਕੈਦ ਕੱਟ ਰਹੇ ਕੈਦੀਆਂ ਦਾ ਵੇਰਵਾ ਦਰਜ ਹੈ।

1901 ਦੌਰਾਨ ਪੰਜਾਬ ਦੀਆਂ ਜੇਲਾਂ 'ਚ ਕਤਲ, ਇਰਾਦਾ ਕਤਲ ਅਤੇ ਡਕੈਤੀ 'ਚ ਸ਼ਾਮਲ ਵੱਖ-ਵੱਖ ਕਬੀਲਿਆਂ ਜਾਂ ਜਾਤਾਂ ਦੇ ਲੋਕਾਂ ਦੀ ਗਿਣਤੀ ਇਸ ਤਰ੍ਹਾਂ ਹੈ:

| ਕਬੀਲਾ | ਧਾਰਾ 302 | 307 | 304 |
|---|---|---|---|
| ਅਰਾਂਈ | 17 | 05 | 11 |
| ਅਰੋੜਾ | 31 | 21 | 14 |
| ਅਵਾਨ | 32 | 06 | 09 |
| ਭਲੋਚ | 60 | 12 | 13 |
| ਬ੍ਰਾਹਮਣ | 17 | 01 | 16 |
| ਚੂੜ੍ਹਾ | 27 | 04 | 16 |
| ਜੱਟ | 203 | 61 | 184 |
| ਖੱਤਰੀ | 12 | 02 | 08 |
| ਪਠਾਣ | 371 | 113 | 76 |
| ਕੁਰੈਸ਼ੀ | 08 | 04 | 04 |
| ਰਾਜਪੂਤ | 26 | 63 | 22 |
| ਸਈਅਦ | 38 | 12 | 05 |
| ਸ਼ੇਖ | 13 | 08 | 07 |
| ਤਰਖਾਣ | 37 | 23 | --- |
| ਤੇਲੀ | 19 | 09 | 01 |
| **ਕੁੱਲ** | **911** | **344** | **386** |

"The figures are rather a surprise and tend perhaps to show that as far detected crime goes, the more well-to-do casts are not always the least criminal"

ਭਾਵ ਉਪਰ ਦਿੱਤੇ ਅੰਕੜੇ ਹੈਰਾਨ ਕਰਨ ਵਾਲੇ ਹਨ ਕਿ ਜੁਰਮ ਦੀ ਦੁਨੀਆਂ 'ਚ ਰੱਜੇ-ਪੁੱਜੇ ਲੋਕ ਵੀ ਘੱਟ ਨਹੀਂ ਸਨ।

ਸੰਨ 1879 'ਚ ਸੈਂਟਰਲ ਜੇਲ੍ਹ ਦੇ ਦਰੋਗੇ ਮੁਹੰਮਦ ਅਬਦੁਲ ਗੱਫਾਰ ਨੇ ਇੱਕ ਕਿਤਾਬ ਲਿਖੀ ਜਿਸ ਦਾ ਨਾਂ ਸੀ, 'ਏ ਕੰਪਲੀਟ ਡਿਕਸ਼ਨਰੀ ਆਫ ਦਾ ਟਰਮਜ਼ ਯੂਜ਼ਡ ਬਾਈ ਦੀ ਕ੍ਰਿਮੀਨਲ ਟਰਾਈਬਜ਼ ਇੰਨ ਪੰਜਾਬ ਟੂਗੈਦਰ ਇਟ ਸ਼ਾਰਟ ਹਿਸਟਰੀ ਆਫ ਈਚ ਟਰਾਈਬ ਐਂਡ ਦੀ ਨੇਮ ਆਫ ਰੈਜੀਡੈਂਸ ਆਫ ਈਚ ਇੰਡਿਵੀਜੁਅਲ ਮੈਂਬਰ।' ਇਸ 'ਚ ਲੇਖਕ ਵੱਲੋਂ ਕੈਦੀਆਂ ਦੇ ਬਹੁਤ ਜ਼ਿਆਦਾ ਵੇਰਵੇ ਦਿੱਤੇ ਗਏ ਹਨ। ਹਰ ਕੈਦੀ ਦਾ ਨਾਂ, ਉਸ ਦਾ ਨੰਬਰ, ਉਸ ਦੇ ਪਿਉ ਦਾ ਨਾਂ, ਉਸ ਦਾ ਪਿੰਡ, ਉਸ ਉਤੇ ਕਿਹੜੀ ਦਫਾ ਲੱਗੀ ਹੈ ਤੇ ਉਸ ਨੂੰ ਕਿੰਨੇ ਸਾਲ ਦੀ ਕੈਦ ਹੋਈ ਹੈ, ਦਾ ਜ਼ਿਕਰ ਕੀਤਾ ਗਿਆ ਹੈ। ਇਸ ਕਿਤਾਬ 'ਚ ਕੈਦ ਕੱਟ ਕੇ ਜਾ ਚੁਕੇ ਕੈਦੀਆਂ ਬਾਰੇ ਵੀ ਲਿਖਿਆ ਮਿਲਦਾ ਹੈ। ਇਸ ਕਿਤਾਬ ਮੁਤਾਬਕ 1875 ਈਸਵੀ ਤੱਕ ਜਿਹੜੇ ਡਾਕੂ ਤੇ ਰਾਹਜ਼ਨ ਲੁਟੇਰੇ ਸਜ਼ਾ ਕੱਟ ਕੇ ਜਾ ਚੁਕੇ ਸਨ, ਉਨ੍ਹਾਂ 'ਚ ਜੱਟ 165 ਅਤੇ ਰਾਜਪੂਤ 70 ਸਨ। ਜਿਹੜੇ ਡਾਕੂ ਤੇ ਰਾਹਜ਼ਨ 1879 ਈਸਵੀ ਤੱਕ ਜੇਲ੍ਹਾਂ 'ਚ ਬੰਦ ਸਨ, ਉਨ੍ਹਾਂ 'ਚ ਜੱਟ 95, ਰਾਜਪੂਤ 5, ਸੱਈਅਦ 4, ਅਰਾਈਂ 10 ਤੇ ਲੁਹਾਰ 12 ਸਨ।

ਇਸ ਕਿਤਾਬ 'ਚ ਜਿਨ੍ਹਾਂ ਬਦਨਾਮ ਚੋਰਾਂ ਦਾ ਵੇਰਵਾ ਹੈ, ਉਨ੍ਹਾਂ 'ਚ ਗੁੱਜਰ 5, ਜੱਟ 25, ਅਰਾਈਂ 3, ਖੱਤਰੀ 9 ਤੇ ਅਰੋੜੇ 7 ਸਨ। ਕਈ ਹੋਰ ਵੀ ਕੌਮਾਂ ਦੇ ਕੈਦੀਆਂ ਦਾ ਵੇਰਵਾ ਹੈ ਪਰ ਸਿੱਖਾਂ ਬਾਰੇ ਕੋਈ ਅਲਹਿਦਾ ਜਾਣਕਾਰੀ ਨਹੀਂ ਮਿਲਦੀ।

ਹੁਣ ਅਸੀਂ ਜੇਲ੍ਹਾਂ ਦੇ ਰਿਕਾਰਡ 'ਤੇ ਵੀ ਨਜ਼ਰ ਮਾਰ ਲਈ ਹੈ। ਜਿਸ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਸਿੱਖ ਜ਼ਰਾਇਮ ਪੇਸ਼ਾ ਨਹੀਂ ਸਨ। ਸੰਨ 1924 ਤੋਂ ਲੈ ਕੇ ਜਦੋਂ ਜ਼ਰਾਇਮ ਪੇਸ਼ਾ ਕਰਾਰ ਦੇਣ ਦੀ ਪੰਜਾਬ 'ਚ ਸ਼ੁਰੂਆਤ ਹੋਈ ਸੀ ਤੋਂ ਲੈ ਕੇ ਸੰਨ 1947 ਤੱਕ ਸਿੱਖ ਕੌਮ ਨੂੰ ਕਦੇ ਵੀ ਜ਼ਰਾਇਮ ਪੇਸ਼ਾ ਕਰਾਰ ਨਹੀਂ ਦਿੱਤਾ ਗਿਆ।

**ਜ਼ਰਾਇਮ ਪੇਸ਼ਾ ਜਾਂ ਜ਼ਰਾਇਤ ਪੇਸ਼ਾ:** ਸੂਬਾ ਪੰਜਾਬ 'ਚ ਜਿਹੜਾ ਬਹੁਤ ਵੱਡਾ ਵਾਕਿਆ ਸੀ, ਉਹ ਅੰਗਰੇਜ਼ ਹਕੂਮਤ ਦਾ ਲੋਕਾਂ ਨੂੰ ਜਮੀਨ ਦੀ ਮਲਕੀਅਤ ਦੇਣਾ ਸੀ। ਇਸ ਤੋਂ ਪਹਿਲਾਂ ਮੁਗਲ ਜਾਂ ਸਿੱਖ ਦੌਰ 'ਚ ਰਾਜੇ ਜਮੀਨਾਂ ਕਿਸਾਨਾਂ ਨੂੰ ਸਿਰਫ ਵਾਹੁਣ ਲਈ ਹੀ ਦਿੰਦੇ ਸਨ ਤੇ ਇਸ ਦੇ ਇਵਜ਼ 'ਚ ਲਗਾਨ ਉਗਰਾਹੁੰਦੇ ਸਨ। ਉਹ ਦਿੱਤੀਆਂ ਜਮੀਨਾਂ ਖੋਹ ਕੇ ਹੋਰਾਂ ਨੂੰ ਵੀ ਦੇ ਦਿੰਦੇ ਸਨ। ਇਸੇ ਲਈ ਗੁਰੂ ਨਾਨਕ ਦੇਵ ਜੀ ਨੂੰ ਕਹਿਣਾ ਪਿਆ ਸੀ, 'ਜਮੀਨ ਜਿਹੜਾ ਵਾਹੇ ਉਸ ਦੀ।' ਇਸ ਨਾਅਰੇ ਨੇ ਜੱਟਾਂ 'ਤੇ ਬੜਾ ਅਸਰ ਕੀਤਾ ਕਿਉਂਕਿ ਉਸ ਵਕਤ ਜਮੀਨ ਮੁਗਲਾਂ ਕੋਲ ਹੁੰਦੀ ਸੀ ਤੇ ਜੱਟ ਸਿਰਫ ਵਾਹੁੰਦੇ ਹੀ ਸਨ। ਉਸ ਦੌਰ ਤੋਂ ਹੀ ਪੰਜਾਬ ਦੇ ਜੱਟਾਂ ਦਾ ਰੁਝਾਨ ਸਿੱਖੀ ਵੱਲ ਹੋ ਗਿਆ। ਹੁਣ ਸਿੱਖਾਂ ਵਿਚ ਸਭ ਤੋਂ ਵੱਡੀ ਤਾਦਾਦ ਪੰਜਾਬ ਦੇ ਜੱਟਾਂ ਦੀ ਹੀ ਹੈ।

ਅੰਗਰੇਜ਼ਾਂ ਨੇ ਆਪਣੇ ਤਜਰਬੇ ਦੀ ਬੁਨਿਆਦ 'ਤੇ ਪੰਜਾਬ ਦੇ ਲੋਕਾਂ ਦੀ ਵਰਗ ਵੰਡ ਕਰ ਲਈ। ਜ਼ਰਾਇਮ ਪੇਸ਼ਾ ਬਾਰੇ ਤਾਂ ਅਸੀਂ ਪਹਿਲਾਂ ਹੀ ਜਾਣ ਚੁਕੇ ਹਾਂ। ਹੁਣ ਕਾਸ਼ਤ ਪੇਸ਼ਾ ਤੇ ਗੈਰ ਕਾਸ਼ਤ ਪੇਸ਼ਾ ਲੋਕਾਂ ਬਾਰੇ ਜਾਣਾਂਗੇ। ਪੰਜਾਬ ਦੇ ਜੋ ਕਬੀਲੇ ਪਹਿਲਾਂ ਤੋਂ ਹੀ ਖੇਤੀਬਾੜੀ ਦਾ ਕੰਮ ਕਰਦੇ ਸਨ, ਉਨ੍ਹਾਂ ਨੂੰ ਕਾਸ਼ਤ ਪੇਸ਼ਾ ਕਰਾਰ ਦਿੱਤਾ ਗਿਆ। ਇਨ੍ਹਾਂ 'ਚ ਜੱਟ, ਰਾਜਪੂਤ, ਗੁੱਜਰ ਤੇ ਡੋਗਰ ਕਬੀਲੇ ਸ਼ਾਮਲ ਸਨ। ਜੋ ਕਬੀਲੇ ਖੇਤੀਬਾੜੀ ਦੇ ਧੰਦੇ ਤੋਂ ਅਣਜਾਣ ਸਨ, ਉਨ੍ਹਾਂ ਨੂੰ ਗੈਰ ਕਾਸ਼ਤ ਕਬੀਲਿਆਂ ਦੀ ਸ਼੍ਰੇਣੀ 'ਚ ਦਰਜ ਕੀਤਾ ਗਿਆ। ਇਨ੍ਹਾਂ 'ਚ ਖੱਤਰੀ, ਅਰੋੜੇ, ਬਾਣੀਏ ਅਤੇ ਜੁਲਾਹੇ ਆਦਿ ਸਨ।

ਇੱਥੇ ਇੱਕ ਗੱਲ ਹੋਰ ਵੇਖਣ ਵਾਲੀ ਹੈ ਕਿ ਅੰਗਰੇਜ਼ ਉਸ ਕਬੀਲੇ ਨੂੰ ਕਦੇ ਵੀ ਕਾਸ਼ਤ ਪੇਸ਼ਾ ਸ਼੍ਰੇਣੀ 'ਚ ਨਹੀਂ ਸਨ ਰੱਖਦੇ, ਜਿਸ ਨੂੰ ਜ਼ਰਾਇਮ ਪੇਸ਼ਾ ਐਲਾਨਿਆ ਗਿਆ ਹੋਵੇ। ਪੰਜਾਬ ਦੇ ਜੱਟ ਜ਼ਿਆਦਾਤਰ ਸਿੱਖ ਧਰਮ ਨਾਲ ਜੁੜੇ ਹੋਏ ਸਨ। ਜੇ ਉਹ ਜ਼ਰਾਇਮ ਪੇਸ਼ਾ ਹੁੰਦੇ ਤਾਂ ਉਨ੍ਹਾਂ ਨੂੰ ਕਦੇ ਵੀ ਕਾਸ਼ਤ ਪੇਸ਼ਾ ਸ਼੍ਰੇਣੀ 'ਚ ਬ੍ਰਿਟਿਸ਼ ਹਕੂਮਤ ਨੇ ਨਹੀਂ ਸੀ ਰੱਖਣਾ। ਅੰਗਰੇਜ਼ਾਂ ਨੇ ਜਦੋਂ ਪੰਜਾਬ 'ਤੇ ਕਬਜ਼ਾ ਕਰ ਲਿਆ ਤਾਂ ਉਨ੍ਹਾਂ ਨੇ ਵੇਖਿਆ ਕਿ ਇੱਥੋਂ ਦੀ ਜਮੀਨ ਬਹੁਤ ਉਪਜਾਊ ਹੈ ਪਰ ਸਿੰਚਾਈ ਦਾ ਠੀਕ ਪ੍ਰਬੰਧ ਨਾ ਹੋਣ ਕਾਰਨ ਬੇਆਬਾਦ ਪਈ ਹੈ। ਇਸ ਲਈ ਬਾਰਾਂ 'ਚ ਸਿੰਚਾਈ ਖਾਤਰ ਨਹਿਰਾਂ ਕੱਢੀਆਂ ਗਈਆਂ। ਬਾਰਾਂ ਦੀਆਂ ਇਹ ਜਮੀਨਾਂ ਕੇਂਦਰੀ ਪੰਜਾਬ ਦੇ ਜੱਟਾਂ ਤੇ ਹੋਰ ਕਾਸ਼ਤਕਾਰ ਕੌਮਾਂ ਨੂੰ ਅਲਾਟ ਕੀਤੀਆਂ ਗਈਆਂ ਜਿਨ੍ਹਾਂ ਨੇ ਦਿਨ-ਰਾਤ ਮਿਹਨਤ ਕਰਕੇ ਜੰਗਲ 'ਚ ਮੰਗਲ ਲਾ ਦਿੱਤੇ। ਬੇ-ਆਬਾਦ ਜਮੀਨ ਵਾਹੀਯੋਗ ਬਣ ਗਈ। ਅੰਗਰੇਜ਼ਾਂ ਦਾ ਪੰਜਾਬ 'ਤੇ ਕਬਜ਼ਾ ਕਰਨ ਦਾ ਮਕਸਦ ਇੱਥੋਂ ਦੇ ਲੋਕਾਂ ਨੂੰ ਖੁਸ਼ਹਾਲ ਕਰਨਾ ਨਹੀਂ ਸੀ। ਉਨ੍ਹਾਂ ਦਾ ਮੰਤਵ ਇੱਥੋਂ ਪੈਸਾ ਕਮਾ ਕੇ ਇੰਗਲੈਂਡ ਲੈ ਕੇ ਜਾਣਾ ਸੀ। ਇੰਗਲੈਂਡ 'ਚ ਅੱਜ ਵੀ ਜੋ ਬਹੁਤ ਸਾਰੇ ਮਕਾਨ ਹਨ, ਇਹ ਸੰਨ 1860 ਤੋਂ ਲੈ ਕੇ 1900 ਦਰਮਿਆਨ ਬਣੇ ਹਨ। ਇਨ੍ਹਾਂ 'ਤੇ ਉਸਾਰੀ ਮਿਤੀ ਵੀ ਉਕਰੀ ਹੋਈ ਹੈ। ਅੰਗਰੇਜ਼ਾਂ ਨੇ ਪੰਜਾਬ ਦੀ ਜ਼ਰਖੇਜ਼ ਜਮੀਨ ਤੋਂ ਟੈਕਸ ਉਗਰਾਹ ਕੇ ਆਪਣੇ ਦੇਸ਼ ਦੀ ਹੀ ਤਰੱਕੀ ਕਰਨੀ ਸੀ। ਅੰਗਰੇਜ਼ਾਂ ਨੇ ਸਭ ਤੋਂ ਪਹਿਲੀ ਜਮਾਂਬੰਦੀ 1856 ਵਿਚ ਕੀਤੀ। ਇਸ ਜਮਾਂਬੰਦੀ ਦੇ ਨਾਲ ਹੀ ਜਮੀਨ ਲੋਕਾਂ ਦੀ ਨਿਜੀ ਮਲਕੀਅਤ ਬਣਨੀ ਸ਼ੁਰੂ ਹੋ ਗਈ। ਸੰਨ 1868 ਵਿਚ ਪਹਿਲਾ ਬੰਦੋਬਸਤ ਹੋਇਆ। ਇਸ ਤੋਂ ਬਾਅਦ ਇਹ ਬੰਦੋਬਸਤ ਕ੍ਰਮਵਾਰ 1891, 1911 ਅਤੇ 1936 ਈਸਵੀ ਤੱਕ ਹੁੰਦੇ ਰਹੇ। ਇਨ੍ਹਾਂ ਸਮਿਆਂ ਦੌਰਾਨ ਹੀ ਨਹਿਰਾਂ ਅਤੇ ਬੰਨ੍ਹਾਂ ਦੀ ਉਸਾਰੀ ਕਰਵਾਈ ਗਈ। ਨਹਿਰੀ ਪਾਣੀ ਨਾਲ ਸਿੰਚਾਈ ਕਰਕੇ ਖੁਸ਼ਹਾਲੀ ਆਉਣ ਲੱਗੀ, ਜਿੱਥੇ ਪਹਿਲਾਂ ਭੁੱਖਮਰੀ ਵਰਗੇ ਹਾਲਾਤ ਸਨ। ਸਾਡੇ ਬਜ਼ੁਰਗਾਂ ਅਨੁਸਾਰ ਘਰ 'ਚ ਕਣਕ ਦੇ ਆਟੇ ਦੀ ਰੋਟੀ ਤੇ ਚੌਲ ਉਦੋਂ ਬਣਦੇ ਸਨ ਜਦੋਂ ਕੋਈ ਮਹਿਮਾਨ ਆਉਂਦਾ, ਨਹੀਂ ਤਾਂ ਬਾਜਰੇ, ਜਵਾਰ ਤੇ ਮੱਕੀ ਦੇ ਆਟੇ ਦੀਆਂ ਰੋਟੀਆਂ ਹੀ ਪੱਕਦੀਆਂ। ਕਾਰਨ ਪੈਦਾਵਾਰ ਦੀ ਘਾਟ ਸੀ। ਨਹਿਰੀ ਸਿੰਚਾਈ ਨਾਲ ਇਹ ਹਾਲਤ ਬਦਲ ਗਈ। ਪੈਦਾਵਾਰ ਵਧੀ। ਫਿਰ ਅੰਗਰੇਜ਼ਾਂ ਨੇ ਇੱਕ ਕਾਨੂੰਨ 'ਪੰਜਾਬ ਐਲੀਨੇਸ਼ਨ ਆਫ ਲੈਂਡ ਐਕਟ 1887 (ਵਾਲਿਯੂਮ 111)' ਬਣਾਇਆ ਜਿਸ ਤਹਿਤ ਸਾਰੀ ਜਮੀਨ ਲੋਕਾਂ 'ਚ ਵੰਡੀ ਗਈ। ਕਾਸ਼ਤ ਪੇਸ਼ਾ ਤੇ ਗੈਰ ਕਾਸ਼ਤ ਪੇਸ਼ਾ ਕਬੀਲਿਆਂ ਦੀ ਵੰਡ ਵੀ ਇਸ ਕਾਨੂੰਨ ਤਹਿਤ ਹੀ ਹੋਈ। ਇਸ ਐਕਟ ਦੇ ਸੈਕਸ਼ਨ 4 'ਚ ਲਿਖਿਆ ਹੈ,

***(ਬਾਕੀ ਅਗਲੇ ਸਫੇ 'ਤੇ)***

# ਬੁੱਲ੍ਹੇ ਸ਼ਾਹ ਦੀ ਨਵੀਓਂ ਨਵੀਂ ਬਹਾਰ ਵਾਲਾ 2018

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਮੇਰੇ ਲਈ ਨਵਾਂ ਵਰ੍ਹਾ ਨਵੀਓਂ ਨਵੀਂ ਬਹਾਰ ਲੈ ਕੇ ਆਇਆ ਹੈ, ਬਾਬਾ ਬੁੱਲ੍ਹੇ ਸ਼ਾਹ ਦੇ ਇਸ਼ਕ ਵਰਗੀ, 'ਨਾ ਰੱਬ ਤੀਰਥਾਂ, ਨਾ ਰੱਬ ਮੱਕੇ' ਵਾਲੀ, ਸ਼ੁੱਧ ਸੈਕੂਲਰ। ਸਜਦੇ ਭੁਲਾਵਣ ਵਾਲੀ ਧਾਰਨਾ ਵਿਚ ਭਿੱਜੀ ਤੇ ਨਾਬਰ ਹੋ ਕੇ ਚੱਲਣ ਦੀਆਂ 'ਵਾਜਾਂ ਮਾਰਦੀ, ਮੇਰੇ ਮਿੱਤਰ ਬਰਜਿੰਦਰ ਸਿੰਘ ਹਮਦਰਦ ਦੀ ਦਰਦ ਭਰੀ ਆਵਾਜ਼ ਵਿਚ ਨਵੀਂ ਸੰਗੀਤ ਐਲਬਮ ਦੇ ਰੂਪ ਵਿਚ। ਪਹਿਲਾਂ ਵਾਂਗ ਹੀ ਪਾਕ ਪਵਿਤਰ ਨਾਂ 'ਕਸੁੰਭੜਾ।' ਜਿਸ ਵਿਚ ਜਜ਼ਬਾਤ ਵੀ ਹਨ ਤੇ ਆਹਟ ਵੀ:

ਅਮਲਾਂ ਵਾਲੀਆਂ ਸਭ ਲੰਘ ਗਈਆਂ
ਰਹਿ ਗਈ ਔਗੁਣ ਹਾਰੀ।
ਸਾਰੀ ਉਮਰਾ ਖੇਡ ਗੁਆਈ
ਓੜਕ ਬਾਜ਼ੀ ਹਾਰੀ।

'ਦੋ ਨੈਣਾਂ ਦਾ ਤੀਰ ਚਲਾ ਕੇ, ਮੈਂ ਆਜਿਜ਼ ਦੇ ਸੀਨੇ ਲਾ ਕੇ' ਉਸ ਤੋਂ ਪਿਛੋਂ ਕਦੀ ਵੀ ਸਾਰ ਨਾ ਲੈਣ ਵਾਲੀ ਹੇਕ ਵਿਚ ਬਾਬਾ ਬੁੱਲ੍ਹੇ ਸ਼ਾਹ ਦੇ ਸ਼ਬਦ:

ਵੇਖੋ ਨੀ ਕੀ ਕਰ ਗਿਆ ਮਾਹੀ
ਲੈਂਦਾ ਹੀ ਦਿਲ, ਹੋ ਗਿਆ ਰਾਹੀ।

ਮੇਰੇ ਮਿੱਤਰ ਦੀ ਇਹ ਸੀ. ਡੀ. ਲੰਮੀਆਂ ਉਡੀਕਾਂ ਨਾਲ ਸ਼ੁਰੂ ਹੁੰਦੀ ਹੈ ਜਿਸ ਵਿਚ ਗਾਇਕ ਉਡੀਕਾਂ ਸ਼ਬਦ ਨੂੰ ਵਾਰ ਵਾਰ ਦੁਹਰਾ ਕੇ ਇਹਦੇ ਵਿਚਲਾ ਸੁਨੇਹਾ ਸਰੋਤਿਆਂ ਤੱਕ ਪਹੁੰਚਦਾ ਕਰਦਾ ਹੈ। ਖੂਬੀ ਇਹ ਕਿ ਇਸ ਮਾਰਗ ਵਿਚ ਆਉਣ ਵਾਲੀਆਂ ਔਕੜਾਂ ਦਾ ਮੂੜ੍ਹਾ ਬੰਨ੍ਹਣ ਲਈ ਗਾਇਕ ਬੁੱਲ੍ਹੇ ਸ਼ਾਹ ਦੇ ਹੇਠ ਲਿਖੇ ਬੋਲ ਚੁਣਦਾ ਹੈ:

ਆਪ ਇਸ਼ਾਰਾ ਅੱਖ ਦਾ ਕੀਤਾ
ਤਾਂ ਮਦੁਰਾ ਮਨਸੂਰ ਨੇ ਪੀਤਾ
ਸੂਲੀ ਚੜ੍ਹ ਕੇ ਦਰਸ਼ਨ ਕੀਤਾ
ਇਸ ਨਿਹੁੰ ਦੀ ਉਲਟੀ ਚਾਲ।

ਇਥੇ ਹੀ ਬਸ ਨਹੀਂ, ਇਸ ਵਿਚ 'ਨਾ ਕਰ ਐਡੀ ਦਲੇਰੀ' ਵਾਲੀ ਮੱਤ ਵੀ ਸ਼ਾਮਲ ਹੈ, ਤੇ ਘੁੰਡ ਚੁਕਾ ਦੇਣ ਦੀ ਦਲੀਲ ਵੀ। ਸਾਫ ਤੇ ਸਪਸ਼ਟ, 'ਹੁਣ ਸ਼ਰਮਾਂ ਕਾਹਨੂੰ ਰੱਖੀਆਂ?'

ਸੀ. ਡੀ. ਦੇ ਅੰਤਲੇ ਬੋਲ ਹੋਰ ਵੀ ਭਾਵ ਪੂਰਤ ਹਨ:

ਬਹੁੜੀਂ ਵੇ ਤਬੀਬਾ, ਮੈਂਡੀ ਜਿੰਦ ਗਈਆ
ਤੇਰੇ ਇਸ਼ਕ ਨਚਾਇਆ ਕਰ ਥਈਆ ਥਈਆ।

ਝਬਕੇ ਆਉਣ ਦਾ ਵਾਸਤਾ ਪਾ ਕੇ ਇਹ ਵੀ




ਦੱਸਣ ਦੀ ਕਸਰ ਨਹੀਂ ਛੱਡੀ ਕਿ ਮਾਸ਼ੂਕ/ਮਾਸ਼ੂਕਾ ਪੂਰੀ ਤਰ੍ਹਾਂ ਘਾਇਲ ਹੋ ਚੁਕਿਆ/ਚੁਕੀ ਹੈ। ਇਹ ਜਖਮ ਏਨਾ ਅੱਲਾ ਹੈ ਕਿ ਮੇਰੇ ਸ਼ਬਦਾਂ ਦੀ ਪਕੜ ਵਿਚ ਨਹੀਂ ਆਉਂਦਾ। ਇਸ ਨੂੰ ਬਰਜਿੰਦਰ ਸਿੰਘ ਦੀ ਆਵਾਜ਼ ਹੀ ਫੜ੍ਹ ਸਕਦੀ ਸੀ, ਤੇ ਫੜ੍ਹਿਆ ਵੀ ਹੈ। ਸੁਣੋ ਤੇ ਮਾਣੋ।

ਜਿਥੋਂ ਤੱਕ ਬਾਬਾ ਬੁੱਲ੍ਹੇ ਸ਼ਾਹ ਨੂੰ ਚੇਤੇ ਕਰਨ ਦੀ ਗੱਲ ਹੈ, ਮੇਰੇ 'ਨਵਾਂ ਜ਼ਮਾਨਾ' ਵਾਲੇ ਮਿੱਤਰਾਂ ਨੇ 2018 ਦਾ ਸਾਰਾ ਵਰ੍ਹਾ ਆਪਣੇ ਕੈਲੰਡਰ ਰਾਹੀਂ ਬੁੱਲ੍ਹੇ ਸ਼ਾਹ ਨੂੰ ਸਮਰਪਿਤ ਕੀਤਾ ਹੈ। ਬੁੱਲ੍ਹੇ ਸ਼ਾਹ ਜ਼ਿੰਦਾਬਾਦ!

ਇਹ ਸਬੱਬ ਦੀ ਗੱਲ ਹੈ ਕਿ ਮੇਰੇ ਵਿਹੜੇ ਬੁੱਲ੍ਹੇ ਸ਼ਾਹ ਦੇ ਬੋਲਾਂ ਵਾਲੀ ਸੀ. ਡੀ. ਅਤੇ ਨਵਾਂ ਜ਼ਮਾਨਾ ਵਾਲਾ ਕੈਲੰਡਰ ਉਸ ਵੇਲੇ ਪਹੁੰਚੇ ਜਦੋਂ ਮੇਰੀ ਰੇਖਾ ਚਿਤਰਾਂ ਦੀ ਪੁਸਤਕ 'ਸਰਗੋਸ਼ੀਆਂ-2' (ਯੂਨੀਸਟਾਰ ਬੁਕਸ, ਚੰਡੀਗੜ੍ਹ ਵਲੋਂ ਪ੍ਰਕਾਸ਼ਿਤ, ਪੰਨੇ 476, ਮੁੱਲ 450 ਰੁਪਏ) ਛਪ ਕੇ ਪਹੁੰਚੀ। ਇਸ ਵਿਚ ਬਲਰਾਜ ਸਾਹਨੀ, ਇੰਦਰ ਕੁਮਾਰ ਗੁਜਰਾਲ, ਦਾਰਾ ਸਿੰਘ ਪਹਿਲਵਾਨ, ਸਆਦਤ ਹਸਨ ਮੰਟੋ ਤੇ ਐਮ. ਐਸ. ਰੰਧਾਵਾ ਹੀ ਨਹੀਂ, ਬਰਜਿੰਦਰ ਸਿੰਘ ਹਮਦਰਦ ਸਮੇਤ ਮੇਰੇ 40 ਸਮਕਾਲੀਆਂ ਦੇ ਰੇਖਾ ਚਿੱਤਰ ਸ਼ਾਮਲ ਹਨ।

2018 ਦੀ ਨਵੀਓਂ ਨਵੀਂ ਬਹਾਰ ਜ਼ਿੰਦਾਬਾਦ!

**2017 ਦੀਆਂ ਦੂਰ ਰਸ ਲੱਭਤਾਂ:** ਵਿਕਾਸ ਤੇ ਵਿਨਾਸ਼ ਦੇ ਚੁਰਸਤੇ ਵਿਚ ਖੜ੍ਹਾ ਮਨੁੱਖ ਮਾਰੂ ਤੋਂ ਮਾਰੂ ਬੰਬ ਬਣਾਉਣ ਵਿਚ ਵੀ ਅੱਗਾ-ਪਿੱਛਾ ਨਹੀਂ ਵੇਖਦਾ ਤੇ ਨਵੇਂ ਜੀਵਨ ਤੇ ਨਵੀਆਂ ਧਰਤੀਆਂ ਦੀ ਖੋਜ ਕਰਨ ਵਿਚ ਵੀ ਪਿੱਛੇ ਨਹੀਂ ਹਟਦਾ। 2017 ਦਾ ਵਰ੍ਹਾ ਇਸ ਧਾਰਨਾ ਉਤੇ ਮੋਹਰ ਲਾਉਣ ਵਾਲਾ ਰਿਹਾ। ਜਾਣੇ-ਪਛਾਣੇ ਸੋਲਰ ਸਿਸਟਮ ਤੋਂ ਵਿਗਿਆਨੀਆਂ ਨੇ ਸੱਤ ਗ੍ਰਹਿ ਹੋਰ ਲੱਭ ਲਏ ਹਨ, ਜਿਨ੍ਹਾਂ ਵਿਚੋਂ ਤਿੰਨ ਧਰਤੀ ਮਾਤਾ ਵਰਗੇ ਹਨ। ਉਨ੍ਹਾਂ ਦਾ ਮੱਤ ਹੈ ਕਿ ਇਨ੍ਹਾਂ ਉਤੇ ਪੌਣ, ਪਾਣੀ, ਸੇਕ ਤੇ ਜੀਵ ਜੰਤ ਦੀ ਪੂਰੀ ਸੰਭਾਵਨਾ ਹੈ। ਇਵੇਂ ਪੱਛਮੀ ਪ੍ਰਸ਼ਾਂਤ ਮਹਾਸਾਗਾਰ ਵਿਚ ਅੱਠਵਾਂ ਮਹਾਂਦੀਪ ਲੱਭ ਗਿਆ ਹੈ, ਜਿਸ ਦਾ 94 ਫੀਸਦੀ ਹਿੱਸਾ ਪਾਣੀ ਵਿਚ ਹੈ।

ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਵਿਕਾਸ ਵਿਚ ਰੁਝੇ ਵਿਗਿਆਨੀਆਂ ਦੇ ਰੋਬੋਟ ਹੁਣ ਮਨੁੱਖੀ ਭਾਵਨਾਵਾਂ ਨੂੰ ਪੜ੍ਹਨ ਤੇ ਦਰਦ ਦੀ ਤੀਬਰਤਾ ਜਾਣਨ ਦੇ ਯੋਗ ਹੋ ਗਏ ਹਨ। ਉਨ੍ਹਾਂ ਨੇ ਮਨੁੱਖੀ ਕਲਾਕ ਦੀ ਮਿਊਟੇਸ਼ਨ ਵਾਲਾ ਕ੍ਰਿਪਟੋਕ੍ਰੋਮ-1 ਨਾਂ ਦਾ ਅਜਿਹਾ ਜੀਨ ਵੀ ਖੋਜ ਲਿਆ ਹੈ ਜੋ ਜੀਵ ਦਾ ਸਾਧਾਰਨ ਵਰਤਾਰਾ ਇਸ ਹੱਦ ਤੱਕ ਵਿਕ੍ਰਿਤ ਕਰ ਦਿੰਦਾ ਹੈ ਕਿ ਮਨੁੱਖ ਨੂੰ ਅੱਧੀ ਰਾਤ ਤੋਂ ਪਿਛੋਂ ਹੀ ਨੀਂਦ ਆਉਂਦੀ ਹੈ। ਮੌਸਮ ਦੇ ਖੋਜੀਆਂ ਨੇ ਮੌਸਮੀ ਪਰਿਵਰਤਨ ਤੋਂ ਪੈਦਾ ਹੋਣ ਵਾਲੇ ਡਿਪਰੈਸ਼ਨ ਦੇ ਜੀਨ ਵੀ ਲੱਭ ਲਏ ਹਨ ਜੋ ਕੱਲ੍ਹ ਨੂੰ ਡਿਪਰੈਸ਼ਨ ਦਾ ਠੀਕ ਇਲਾਜ ਕਰਨ ਵਿਚ ਸਹਾਈ ਹੋ ਸਕਦੇ ਹਨ। ਸਾਡੇ ਆਪਣੇ ਦੇਸ਼ ਦੇ ਵਿਗਿਆਨੀਆਂ ਨੇ ਖ਼ੂਨ ਦੀ ਇੱਕ ਬੂੰਦ ਤੋਂ ਕੈਂਸਰ ਦੇ ਰੋਗ ਦੀ ਜੜ੍ਹ ਲੱਭਣ ਵਿਚ ਸਫਲਤਾ ਪ੍ਰਾਪਤ ਕਰ ਲਈ ਹੈ।

**ਪੰਜਾਬੀ ਨਾਵਲਕਾਰ ਨਛੱਤਰ ਦਾ ਸਨਮਾਨ:** ਨਾਵਲ 'ਕੈਂਸਰ ਟਰੇਨ' ਨਾਲ ਪ੍ਰਸਿੱਧ ਹੋਏ ਪੰਜਾਬੀ ਲੇਖਕ ਨਛੱਤਰ ਨੇ ਇੱਕ ਵੱਡੀ ਮੱਲ ਮਾਰ ਲਈ ਹੈ। ਭਾਰਤੀ ਸਾਹਿਤ ਅਕਾਡਮੀ ਨੇ ਉਸ ਦੇ ਨਵੇਂ ਨਾਵਲ 'ਸਲੋਅ ਡਾਊਨ' ਨੂੰ ਸਾਹਿਤ ਦਾ ਉਚਤਮ ਪੁਰਸਕਾਰ ਦੇਣ ਲਈ ਚੁਣ ਲਿਆ ਹੈ। ਨਿਸ਼ਚੇ ਹੀ ਇਸ ਚੋਣ ਵਿਚ ਪੰਜਾਬੀ ਦੇ ਕਨਵੀਨਰ ਰਵੇਲ ਸਿੰਘ ਦਾ ਵੀ ਹੱਥ ਹੈ। ਦੋਨਾਂ ਨੂੰ ਲੱਖ ਲੱਖ ਵਧਾਈ।

**ਅੰਤਿਕਾ: ਸਈਅਦ ਵਾਰਿਸ ਸ਼ਾਹ**

ਅਖੀਂ ਵੇਖਿਆਂ ਬਾਝ ਪ੍ਰੀਤ ਨਾਹੀਂ
ਜਿਵੇਂ ਬਿਨਾ ਯਕੀਨ ਇਤਬਾਰ ਨਾਹੀਂ।
ਬਾਝੋਂ ਦੁੱਖ ਦੇ ਸੁੱਖ ਨਸੀਬ ਨਾਹੀਂ
ਲਗਨ ਬਾਝ ਖੁਆਰ ਸੰਸਾਰ ਨਾਹੀਂ।
ਬਾਝੋਂ ਇਸ਼ਕ ਦੇ ਜ਼ੌਕ ਤੇ ਸ਼ੌਕ ਨਾਹੀਂ
ਬਾਝੋਂ ਵਸਲ ਦੇ ਮੌਜ ਬਹਾਰ ਨਾਹੀਂ।
ਵਾਰਿਸ ਰੰਨ, ਫਕੀਰ, ਤਲਵਾਰ, ਘੋੜਾ
ਚਾਰੇ ਥੋਕ ਇਹ ਕਿਸੇ ਦੇ ਯਾਰ ਨਾਹੀਂ।

**(ਆਰ. ਐਸ. ਟੇਰਕਿਆਨਾ ਦੇ ਸ਼ਬਦਾਂ 'ਚ ਸਾਲ 2017)**

ਇਕ ਚਿੱਠੀ ਨੇ ਕਰ ਦਿੱਤਾ
ਰਾਮ ਰਹੀਮ ਬਰਬਾਦ
ਵਕਤ ਕਿਸੇ ਨੂੰ ਮੁਆਫ ਨਹੀਂ ਕਰਦਾ
ਇਹ ਗੱਲ ਰੱਖੋ ਯਾਦ।
ਕਿਹੜੀ ਉਮਰੇ ਆ ਕੇ ਕੀਤਾ
ਉਸ ਨੇ ਜਬਰ-ਜਨਾਹ
ਜੇਲ੍ਹਾਂ ਵਿਚ ਹੁਣ ਧੱਕੇ ਖਾਂਦਾ
ਸੁੱਚਾ ਸਿੰਘ ਲੰਗਾਹ।
ਆਖਰੀ ਉਮਰੇ ਰਾਜਨੀਤੀ ਵਿਚ
ਮੁੱਲ ਨਹੀਂ ਪਿਆ ਦੁਆਨੀ
ਬੀ. ਜੇ. ਪੀ. ਨੇ ਖੂੰਜੇ ਲਾਇਆ
ਲਾਲ ਕ੍ਰਿਸ਼ਨ ਅਡਵਾਨੀ।
ਆਰ. ਐਸ. ਐਸ. ਹੀ ਚੁੱਕੀ ਫਿਰਦੀ
ਬੀ. ਜੇ. ਪੀ. ਨੂੰ ਗੋਦੀ
ਸੰਘ ਪਰਿਵਾਰ ਦੇ ਸਿਰ 'ਤੇ
ਛਾਲਾਂ ਮਾਰ ਰਿਹਾ ਹੈ ਮੋਦੀ।
ਨੋਟ-ਬੰਦੀ ਤੇ ਜੀ. ਐਸ. ਟੀ. ਨੂੰ
ਕਿੱਡੀ ਛੇਤੀ ਭੁੱਲ ਗਏ
ਗੁਜਰਾਤ ਅਤੇ ਹਿਮਾਚਲ ਅੰਦਰ
ਮੋਦੀ ਦੇ ਝੰਡੇ ਝੁੱਲ ਗਏ।

# ਜ਼ਰਾਇਮ ਪੇਸ਼ਾ...

*(ਪਿਛਲੇ ਸਫੇ ਦੀ ਬਾਕੀ)*

"The provincial Government shell, by notification in the official gazette determine what bodies of persons in any district or group of districts are to be deemed to be agricultural tribes or group of agricultural tribes for the purposes of this act."

ਅਰਥਾਤ ਸੂਬੇ ਦੀ ਸਰਕਾਰ ਸਰਕਾਰੀ ਗਜ਼ਟ 'ਚ ਨੋਟੀਫਿਕੇਸ਼ਨ ਜਾਰੀ ਕਰੇ ਕਿ ਇਸ ਐਕਟ ਤਹਿਤ ਕਿਸੇ ਇਕ ਜਾਂ ਕਈ ਜਿਲ੍ਹਿਆਂ ਦੇ ਕਿਹੜੇ ਲੋਕਾਂ ਤੇ ਕਬੀਲਿਆਂ ਨੂੰ ਕਾਸ਼ਤ ਪੇਸ਼ਾ ਸਮਝਿਆ ਜਾਵੇ ਤੇ ਕਿਨ੍ਹਾਂ ਨੂੰ ਨਾ ਸਮਝਿਆ ਜਾਵੇ।

ਇਸ ਐਕਟ ਮੁਤਾਬਕ ਹੀ ਪਹਿਲਾਂ ਅੰਗਰੇਜ਼ ਹਕੂਮਤ ਨੇ ਕਾਸ਼ਤ ਪੇਸ਼ਾ ਕਬੀਲਿਆਂ ਦੀ ਸ਼ਨਾਖਤ ਕੀਤੀ ਤੇ ਫਿਰ ਉਨ੍ਹਾਂ ਨੂੰ ਜਮੀਨਾਂ ਅਲਾਟ ਕੀਤੀਆਂ। ਸਭ ਤੋਂ ਪਹਿਲਾ ਨੋਟੀਫਿਕੇਸ਼ਨ (ਨੰਬਰ 21/5) 2 ਨਵੰਬਰ 1901 ਨੂੰ ਜਾਰੀ ਕੀਤਾ ਗਿਆ, ਜਿਸ ਤਹਿਤ ਵੱਖ-ਵੱਖ ਕਬੀਲਿਆਂ ਨੂੰ ਕਾਸ਼ਤ ਪੇਸ਼ਾ ਕਰਾਰ ਦਿੱਤਾ ਗਿਆ। ਉਸ ਤੋਂ ਬਾਅਦ 16 ਜੁਲਾਈ 1902 ਨੂੰ ਨੋਟੀਫਿਕੇਸ਼ਨ ਨੰ. 114 ਅਤੇ ਫਿਰ 6 ਅਪਰੈਲ 1903 ਨੂੰ ਨੋਟੀਫਿਕੇਸ਼ਨ ਨੰ. 34 ਜਾਰੀ ਕਰਕੇ ਵੱਖ-ਵੱਖ ਕਬੀਲਿਆਂ ਨੂੰ ਕਾਸ਼ਤ ਪੇਸ਼ਾ ਕਰਾਰ ਦੇ ਕੇ ਹਕੂਮਤ ਨੇ ਜਮੀਨਾਂ ਦੀ ਮਾਲਕੀ ਦੇ ਹੱਕ ਦਿੱਤੇ। ਇਸ ਐਕਟ ਅਨੁਸਾਰ ਉਹ ਆਦਮੀ ਜਿਸ ਨੂੰ ਜਮੀਨ ਅਲਾਟ ਹੋਈ ਹੈ, ਉਹ ਜਮੀਨ ਦੀ ਮਲਕੀਅਤ ਨੂੰ ਬਦਲ ਸਕਦਾ ਹੈ, ਉਸ ਦਾ ਤਬਾਦਲਾ ਕਰ ਸਕਦਾ ਹੈ, ਉਸ ਦੀ ਵਸੀਅਤ ਲਿਖ ਸਕਦਾ ਹੈ, ਲੀਜ਼ 'ਤੇ ਦੇ ਸਕਦਾ ਹੈ, ਵੇਚ ਸਕਦਾ ਹੈ ਤੇ ਕਾਨੂੰਨੀ ਤੌਰ 'ਤੇ ਉਸ ਨੂੰ ਆਪਣੇ ਵਾਰਿਸਾਂ ਨੂੰ ਜਮੀਨ ਤੋਂ ਵੱਖ ਰੱਖਣ ਦਾ ਹੱਕ ਵੀ ਹੈ।

ਅੱਗੇ ਵੱਖ-ਵੱਖ ਜਿਲ੍ਹਿਆਂ ਦੀ ਲੰਬੀ ਲਿਸਟ ਹੈ ਕਿ ਜਿਲ੍ਹੇ 'ਚ ਕਿਨ੍ਹਾਂ ਕਿਨ੍ਹਾਂ ਨੂੰ ਜਮੀਨ ਅਲਾਟ ਕੀਤੀ ਗਈ ਹੈ। ਇੱਥੇ ਵੱਖ-ਵੱਖ ਜਿਲ੍ਹਿਆਂ ਦੇ ਵੱਖ-ਵੱਖ ਨੋਟੀਫਿਕੇਸ਼ਨ ਨੰਬਰ ਵੀ ਮੌਜੂਦ ਹਨ। ਮਸਲਨ ਜਿਲ੍ਹਾ ਲਾਹੌਰ 'ਚ 25 ਮਈ 1908 ਨੂੰ ਨੋਟੀਫਿਕੇਸ਼ਨ ਨੰ. 85 ਜਾਰੀ ਕਰਕੇ ਜਿਲ੍ਹੇ ਦੇ ਕਾਸ਼ਤ ਪੇਸ਼ਾ ਕਬੀਲਿਆਂ ਦੀ ਲਿਸਟ ਜਾਰੀ ਕੀਤੀ ਗਈ। ਗੁਜਰਾਂਵਾਲਾ 'ਚ 25 ਮਈ 1908 ਨੂੰ ਨੋਟੀਫਿਕੇਸ਼ਨ ਨੰ. 87 ਜਾਰੀ ਕਰਕੇ ਕਾਸ਼ਤ ਪੇਸ਼ਾ ਕਬੀਲਿਆਂ ਦਾ ਐਲਾਨ ਕੀਤਾ ਗਿਆ। ਸਾਹੀਵਾਲ 'ਚ 6 ਜੁਲਾਈ 1931 ਨੂੰ ਨੋਟੀਫਿਕੇਸ਼ਨ ਨੰ. 1684/ਆਰ ਰਾਹੀਂ ਕਾਸ਼ਤ ਪੇਸ਼ਾ ਕਬੀਲਿਆਂ ਦੀ ਲਿਸਟ ਜਾਰੀ ਕੀਤੀ ਗਈ, ਜੋ ਕ੍ਰਮਵਾਰ ਜਿਲ੍ਹੇ ਤੇ ਕਾਸ਼ਤ ਪੇਸ਼ਾ ਕਬੀਲੇ ਅਨੁਸਾਰ ਇਸ ਤਰ੍ਹਾਂ ਹੈ:

**ਹਿਸਾਰ**-ਅਹੀਰ, ਅਰਾਈਂ, ਬਿਸ਼ਨੋਈ, ਡੋਗਰ, ਗੁੱਜਰ, ਜੱਟ, ਕੁਰੈਸ਼ੀ, ਮੱਲੀ, ਮੁਗਲ, ਪਠਾਣ, ਰਾਜਪੂਤ ਤੇ ਸਈਅਦ।

**ਕਰਨਾਲ**-ਅੱਬਾਸੀ, ਅਹੀਰ, ਅੰਸਾਰੀ, ਅਰਾਈਂ, ਡੋਗਰ, ਗਦੜੀ, ਗੁੱਜਰ, ਜੱਟ, ਕੰਬੋਅ, ਕੁਰੈਸ਼ੀ, ਮੱਲੀ, ਮਿਓ, ਮੁਗਲ, ਪਠਾਣ, ਰਾਜਪੂਤ, ਰੋਰ, ਸੈਣੀ, ਸਈਅਦ, ਤਾਗਾ ਤੇ ਉਸਮਾਨੀ।

**ਰੋਹਤਕ**-ਅਹੀਰ, ਅਰਾਈਂ, ਬਲੋਚ, ਚੌਹਾਨ, ਗੁੱਜਰ, ਜੱਟ, ਕੁਰੈਸ਼ੀ, ਮੱਲੀ, ਮੁਗਲ, ਪਠਾਣ, ਰਾਜਪੂਤ, ਰੋਰ, ਸੈਣੀ, ਸਈਅਦ ਤੇ ਤਾਗਾ।

**ਅੰਬਾਲਾ**-ਅੱਬਾਸੀ, ਅਹੀਰ, ਅੰਸਾਰੀ, ਅਰਾਈਂ, ਬਲੋਚ, ਗਾਰਾ, ਗੌੜ ਬ੍ਰਾਹਮਣ, ਗੁੱਜਰ, ਜੱਟ, ਕੰਬੋਅ, ਕੁਰੈਸ਼ੀ, ਮੱਲੀ, ਮੁਗਲ, ਪਠਾਣ, ਰਾਜਪੂਤ, ਰੋਰ, ਸੈਣੀ, ਸਈਅਦ, ਤਾਗਾ, ਮਾਘ ਤੇ ਲੁਬਾਣਾ।

**ਹੁਸ਼ਿਆਰਪੁਰ**-ਅਰਾਈਂ, ਅਵਾਣ, ਭੱਟੀ, ਝੰਗ, ਡੋਗਰ, ਗਿਰਾਥ, ਗੁੱਜਰ, ਜੱਟ, ਕੁਰੈਸ਼ੀ, ਮੁਗਲ, ਪਠਾਣ, ਰਾਜਪੂਤ, ਸੈਣੀ, ਸਈਅਦ ਤੇ ਮਹਾਤਮ।

**ਜਲੰਧਰ**-ਅਰਾਈਂ, ਅਵਾਣ, ਡੋਗਰ, ਗੁੱਜਰ, ਜੱਟ, ਕੁਰੈਸ਼ੀ, ਪਠਾਣ, ਸੈਣੀ, ਸਈਅਦ, ਮਹਾਤਮ, ਲੁਬਾਣਾ ਤੇ ਕੰਬੋਅ।

**ਫਿਰੋਜ਼ਪੁਰ**-ਅਰਾਈਂ, ਬਲੋਚ, ਗੁੱਜਰ, ਮੁਸਲਿਮ ਜੱਟ, ਕੁਰੈਸ਼ੀ, ਮੁਗਲ, ਪਠਾਣ, ਸੈਣੀ, ਸਈਅਦ, ਰਾਜਪੂਤ, ਹੋਰ ਜੱਟ, ਮਹਾਤਮ, ਬੋਦਲਾ, ਡੋਗਰ ਤੇ ਕੰਬੋਅ।

**ਲੁਧਿਆਣਾ**-ਅਰਾਈਂ, ਅਵਾਣ, ਡੋਗਰ, ਗੁੱਜਰ, ਜੱਟ, ਕੁਰੈਸ਼ੀ, ਪਠਾਣ, ਸੈਣੀ, ਸਈਅਦ, ਲੁਬਾਣਾ, ਕੰਬੋਅ ਤੇ ਰਾਜਪੂਤ।

**ਲਾਹੌਰ**-ਅਰਾਈਂ, ਅਵਾਣ, ਡੋਗਰ, ਜੱਟ, ਕੁਰੈਸ਼ੀ, ਪਠਾਣ, ਸਈਅਦ, ਮਹਾਤਮ, ਲੁਬਾਣਾ, ਕੰਬੋਅ, ਬਲੋਚ, ਬੋਦਲਾ, ਖਰਲ, ਮੁਗਲ ਤੇ ਰਾਜਪੂਤ।

**ਗੁਰਦਾਸਪੁਰ**-ਅਰਾਈਂ, ਡੋਗਰ, ਗੁੱਜਰ, ਜੱਟ, ਕੁਰੈਸ਼ੀ, ਪਠਾਣ, ਸੈਣੀ, ਸਈਅਦ, ਲੁਬਾਣਾ, ਕੰਬੋਅ, ਝੰਗ, ਮੁਗਲ ਤੇ ਰਾਜਪੂਤ।

**ਅੰਮ੍ਰਿਤਸਰ**-ਅਰਾਈਂ, ਅਵਾਣ, ਡੋਗਰ, ਗੁੱਜਰ, ਜੱਟ, ਕੁਰੈਸ਼ੀ, ਪਠਾਣ, ਸਈਅਦ, ਲੁਬਾਣਾ, ਕੰਬੋਅ ਤੇ ਰਾਜਪੂਤ।

**ਸਿਆਲਕੋਟ**-ਅਰਾਈਂ, ਅਵਾਣ, ਡੋਗਰ, ਗੁੱਜਰ, ਜੱਟ, ਕੁਰੈਸ਼ੀ, ਪਠਾਣ, ਸਈਅਦ, ਲੁਬਾਣਾ, ਕੰਬੋਅ, ਰਾਜਪੂਤ, ਗੱਖੜ, ਮੁਗਲ ਤੇ ਸੈਣੀ।

**ਗੁਜਰਾਂਵਾਲਾ**-ਅਰਾਈਂ, ਅਵਾਣ, ਡੋਗਰ, ਗੁੱਜਰ, ਜੱਟ, ਕੁਰੈਸ਼ੀ, ਪਠਾਣ, ਸਈਅਦ, ਲੁਬਾਣਾ, ਕੰਬੋਅ, ਰਾਜਪੂਤ, ਗੱਖੜ, ਖਰਲ, ਬਲੋਚ ਤੇ ਮੁਗਲ।

**ਸ਼ੇਖੂਪੁਰਾ**-ਅਰਾਈਂ, ਅਵਾਣ, ਡੋਗਰ, ਗੁੱਜਰ, ਜੱਟ, ਕੁਰੈਸ਼ੀ, ਪਠਾਣ, ਸਈਅਦ, ਲੁਬਾਣਾ, ਕੰਬੋਅ, ਰਾਜਪੂਤ, ਸੈਣੀ, ਬੋਦਲਾ, ਗੱਖੜ, ਮਹਾਤਮ, ਮੁਗਲ ਤੇ ਬਲੋਚ।

**ਮਿੰਟਗੁਮਰੀ**-ਅਰਾਈਂ, ਅਵਾਣ, ਡੋਗਰ, ਜੱਟ, ਕੁਰੈਸ਼ੀ, ਪਠਾਣ, ਸਈਅਦ, ਕੰਬੋਅ, ਰਾਜਪੂਤ, ਭੱਟੀ, ਬਲੋਚ, ਖਾਗਾ, ਬੋਦਲਾ, ਮਹਾਤਮ ਤੇ ਖਰਲ।

ਉਪਰੋਕਤ ਚਰਚਾ 'ਚ ਅਸੀਂ ਵੇਖ ਹੀ ਲਿਆ ਹੈ ਕਿ ਕਿਨ੍ਹਾਂ ਕਬੀਲਿਆਂ ਨੂੰ ਕਾਸ਼ਤ ਪੇਸ਼ਾ ਐਲਾਨ ਕੀਤਾ ਗਿਆ ਤੇ ਕਿਉਂ? ਇਨ੍ਹਾਂ ਕਾਸ਼ਤ ਪੇਸ਼ਾ ਲੋਕਾਂ 'ਚ ਹਿੰਦੂ ਵੀ ਸਨ, ਮੁਸਲਮਾਨ ਵੀ ਤੇ ਸਿੱਖ ਵੀ। ਜਿਸ ਤਰ੍ਹਾਂ ਅਸੀਂ ਪਹਿਲਾਂ ਹੀ ਗੱਲ ਕਰ ਆਏ ਹਾਂ ਕਿ ਅੰਗਰੇਜ਼ ਹਕੂਮਤ ਜਿਸ ਨੂੰ ਜ਼ਰਾਇਮ ਪੇਸ਼ਾ ਕਰਾਰ ਦਿੰਦੀ ਸੀ, ਉਸ ਨੂੰ ਕਾਸ਼ਤ ਪੇਸ਼ਾ ਕਰਾਰ ਨਹੀਂ ਸੀ ਦਿੰਦੀ। ਲਿਹਾਜ਼ਾ ਕਾਸ਼ਤ ਪੇਸ਼ਾ ਦੀ ਲਿਸਟ ਵੱਖ ਤੇ ਜ਼ਰਾਇਮ ਪੇਸ਼ਾ ਦੀ ਲਿਸਟ ਵੱਖ ਸੀ। ਅਸੀਂ ਇਸ ਲੇਖ 'ਚ ਅੰਗਰੇਜ਼ ਹਕੂਮਤ ਤੋਂ ਪਹਿਲਾਂ ਦੇ ਦੌਰ 'ਚ ਠੱਗਾਂ, ਪਿੰਡਾਰੀਆਂ, ਡਾਕੂਆਂ ਤੇ ਹੋਰ ਕੌਮਾਂ ਵੱਲੋਂ ਕੀਤੇ ਜਾਂਦੇ ਜ਼ਰਾਇਮ ਦਾ ਜਾਇਜ਼ਾ ਲੈ ਲਿਆ ਹੈ। ਬ੍ਰਿਟਿਸ਼ ਹਕੂਮਤ ਦੇ ਦੌਰ 'ਚ ਹੋਣ ਵਾਲੇ ਜ਼ੁਰਮਾਂ ਦਾ ਬਾਰੀਕੀ ਨਾਲ ਅਧਿਐਨ ਕੀਤਾ ਤੇ ਨਾਲ ਹੀ ਜ਼ਰਾਇਮ ਦੀ ਦੁਨੀਆਂ 'ਚ ਸਰਗਰਮ ਕਬੀਲਿਆਂ ਤੇ ਲੋਕਾਂ ਦੀ ਘੋਖ ਵੀ ਕਰ ਲਈ ਹੈ, ਜਿਨ੍ਹਾਂ ਨੂੰ ਉਨ੍ਹਾਂ ਦੀਆਂ ਕਾਰਵਾਈ ਕਰਕੇ ਜ਼ਰਾਇਮ ਪੇਸ਼ਾ ਘੋਸ਼ਿਤ ਕੀਤਾ ਗਿਆ ਸੀ। ਸਾਨੂੰ ਕੋਈ ਸ਼ਹਾਦਤ (ਗਵਾਹੀ) ਨਹੀਂ ਮਿਲੀ, ਜਿਸ ਤੋਂ ਪਤਾ ਲੱਗੇ ਕਿ ਬਤੌਰ ਕੌਮ ਸਿੱਖ ਜ਼ਰਾਇਮ ਪੇਸ਼ਾ ਸਨ। ਜੇ ਅਜਿਹਾ ਹੁੰਦਾ ਤਾਂ ਗੋਰਿਆਂ ਨੇ ਸਿੱਖਾਂ ਨੂੰ ਕਾਨੂੰਨੀ ਰੂਪ 'ਚ ਜ਼ਰਾਇਮ ਪੇਸ਼ਾ ਕਰਾਰ ਜ਼ਰੂਰ ਦੇਣਾ ਸੀ। ਪਤਾ ਨਹੀਂ ਕਿਉਂ ਸਿੱਖਾਂ ਨੂੰ ਆਜ਼ਾਦੀ ਮਿਲਣ ਦੇ ਤੁਰੰਤ ਪਿਛੋਂ ਆਪਣਿਆਂ ਹੱਥੋਂ ਹੀ ਜ਼ਰਾਇਮ ਪੇਸ਼ਾ ਹੋਣ ਦਾ ਧੱਬਾ ਲਵਾਉਣਾ ਪਿਆ? ਜੋ ਸਮਝੋਂ ਬਾਹਰ ਹੈ। ਜਿਨ੍ਹਾਂ ਲੋਕਾਂ ਨੇ ਸਿੱਖ ਕੌਮ ਨੂੰ ਜ਼ਰਾਇਮ ਪੇਸ਼ਾ ਸਮਝਣ ਦੀ ਕੋਸ਼ਿਸ਼ ਕੀਤੀ, ਉਨ੍ਹਾਂ ਨੂੰ ਚਾਹੀਦਾ ਸੀ ਕਿ ਉਹ ਇਹ ਕਿਤਾਬਾਂ ਪੜ੍ਹਦੇ। ਹੁਣ ਜੇ ਕਿਸੇ ਨੂੰ ਸ਼ੱਕ ਏ ਤੇ ਉਹ ਇਹ ਕਿਤਾਬਾਂ ਪੜ੍ਹ ਲਵੇ:

1. The criminal report of the Punjab 1937-38, by the department of the Punjab police
2. A hand book of the criminal tribes of the Punjab by V.P.T. Vivian, 1915
3. Some criminal tribes of India, by G.W. Gayer, Principle Police officer, training school saugor,
4. A note on the administration of criminal tribes of the Punjab, by Hari singh Deputy commissioner for criminal tribes, 1917/1919
5. A complete dictionary of the terms used by the criminal tribes in the Punjab together with short history of each tribe and the names, residence of each individual member, by Muhammad Abdul Ghafar Draugha, Centeral Jail Lahore, 1879
6. A report on "questions relating to the administration of the criminal and wandering tribes" by L.L. Tomkins, Indian Police and Hari Krishan Kaul, 1916
7. Criminocurology of the Indian crimes and what to do with them, by F. Boot Tuker, 1916
8. Punjab castes, Sir Denzil Ibbetson, K.C.S.I. , 1916, Lahore
9. Glosary of the tribes and castes of the Punjab and North-West frontier Province, Vol 1 & 2, 1911, Lahore
10. Encyclopedia of castes, customs and rites of Northern India, by M. M. Elliot, 1918
11. Tribes and castes of the Northern-Western frontier, by William Crooke, 1875
12. District Gazetteer Ferozpur, 1883

**(ਸਮਾਪਤ)**


## ਟੂਣਾ

ਚਾਰ ਰਾਹ ਜਿਥੇ ਮਿਲਦੇ
ਕਹਾਉਂਦਾ ਹੈ ਚੁਰੱਸਤਾ
ਆਵਾਜਾਈ ਦੀ ਆਪਾ-ਧਾਪੀ ਰਹਿੰਦੀ
ਹਰ ਇਕ ਕਾਹਲੀ 'ਚ ਭੱਜਦਾ
ਖੜਕ ਜਾਂਦੇ ਇਕ ਦੂਜੇ ਨਾਲ।
ਲਾਸ਼ਾਂ ਕੁੱਤਿਆਂ ਦੀਆਂ ਤਾਂ
ਲੰਘ ਲੰਘ ਉਤੋਂ ਕਚੂਮਰ ਹੋ ਜਾਂਦਾ
ਮੁਸ਼ਕ ਹੱਡਾਰੋੜੀ ਵਾਂਗ ਨੱਕ ਬੰਦ ਕਰਦਾ।

ਚੁਰੱਸਤਾ, ਚੁਰੱਸਤਾ ਹੈ!
'ਧਾਰਮਿਕ ਲੋਕ' ਵੀ ਇਥੇ ਟੂਣੇ ਕਰਦੇ
ਸੋਚਣ, ਸੁੱਖ ਜਲਦੀ ਮੰਨੀ ਜਾਂਦੀ
ਜਗ੍ਹਾ ਹੈ ਹੀ ਐਸੀ।
ਖੜਕ ਗਈ ਜੇ ਚਹੁੰ ਪਾਸਿਆਂ ਤੋਂ
ਆਉਣ ਜਾਣ ਬੰਦ ਨਾ ਹੁੰਦਾ।
ਕੂੰਡਾ ਹੋ ਜਾਂਦਾ ਚੰਗੀ ਤਰ੍ਹਾਂ
ਆਪੇ ਹੱਲ ਹੋ ਗਿਆ
ਸੁੱਖ ਪੂਰੀ ਹੋ ਗਈ
ਜਿੱਥੇ ਤਲੀ 'ਤੇ ਮਲੀ ਹੋਵੇ
ਰਹਿ ਕੀ ਗਿਆ ਬਾਕੀ।
ਇਹੀ ਹੈ ਅਕੀਦਾ
ਧਾਰਮਿਕ ਦੁਸ਼ਵਾਰੀਆਂ
ਬਚੇ ਨਾ ਕੁਝ, ਹੋ ਜਾਵੇ ਤੀਲਾ ਤੀਲਾ
ਇਹੀ ਹੈ ਪੁਰਾਣੀ ਪਰੰਪਰਾ
ਲੋੜੀਂਦੀ ਹੈ ਖਾਤਮਾ।

-ਦਰਸ਼ਨਪਾਲ ਦੋਸਾਂਝ

## ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

# ਤਰ ਮਾਲ

ਇਹ ਉਨ੍ਹਾਂ ਦਿਨਾਂ ਦੀ ਵਾਰਤਾ ਹੈ ਜਦੋਂ ਲੋਕ ਇਕ ਥਾਂ ਤੋਂ ਦੂਰ ਦੇ ਥਾਂਵੇ ਅਕਸਰ ਪੈਦਲ ਜਾਇਆ ਕਰਦੇ ਸਨ। ਉਂਜ ਇਹ ਇਕ ਤਰ੍ਹਾਂ ਦਾ ਲਤੀਫਾ ਹੀ ਹੈ ਜੋ ਅੱਜ ਦੇ ਪਰਿਹਾਸ ਅਨੁਸਾਰ ਹਲਕਾ ਜਿਹਾ ਪ੍ਰਤੀਤ ਹੋਵੇਗਾ ਪਰ ਮੈਂ ਆਪਣੇ ਬਜ਼ੁਰਗਾਂ ਦੇ ਚੁਟਕਲਾ-ਸੁਹਜ ਪ੍ਰਤੀ ਸਤਿਕਾਰ ਵਜੋਂ ਇਸ ਨੂੰ ਪੇਸ਼ ਕਰ ਰਿਹਾ ਹਾਂ। ਉਨ੍ਹੀਂ ਦਿਨੀਂ ਰਾਹ ਟੇਢੇ-ਮੇਢੇ, ਧੂਦਲ ਭਰੇ ਅਤੇ ਸੁੰਨ-ਸਾਨ ਹੁੰਦੇ ਸਨ। ਰਾਹੀ ਆਪਣੀ ਜੁੱਤੀ ਅਕਸਰ ਡਾਂਗ ਦੇ ਸਿਰੇ 'ਤੇ ਟੰਗ ਲੈਂਦੇ ਸਨ। ਖਾਣ ਲਈ ਵੀ ਕੁਝ ਨਾ ਕੁਝ ਝੋਲੇ ਵਿਚ ਪਾ ਲੈਂਦੇ। ਰੁਪਏ ਪੈਸੇ ਜਾਂ ਮੁਹਰਾਂ ਵਾਂਸਲੀ ਵਿਚ ਪਾ ਕੇ ਇਸ ਨੂੰ ਲੱਕ ਦੁਆਲੇ ਲਪੇਟ ਲੈਂਦੇ। ਰਾਹ ਵਿਚ ਲੁਟੇਰਿਆਂ ਦਾ ਹਮੇਸ਼ਾ ਧੁੜਕੂ ਲੱਗਾ ਰਹਿੰਦਾ ਸੀ।

ਅਜਿਹਾ ਹੀ ਇਕ ਬੰਦਾ ਇਕ ਦਿਨ ਔਝੜ ਪੈਂਡੇ 'ਤੇ ਆਪਣੀ ਮੰਜ਼ਿਲ ਵੱਲ ਤੁਰਿਆ ਜਾ ਰਿਹਾ ਸੀ ਕਿ ਅਚਾਨਕ ਉਸ ਨੂੰ ਇਕ ਲੁਟੇਰੇ ਨੇ ਘੇਰ ਲਿਆ। ਉਸ ਨੇ ਰਾਹੀ ਦੇ ਉਭਰੇ ਹੋਏ ਢਿੱਡ ਵਿਚ ਆਪਣੀ ਲਾਠੀ ਖੋਭਦਿਆਂ ਰੋਹਬਾਨਾ ਅੰਦਾਜ਼ ਵਿਚ ਪੁੱਛਿਆ, "ਹਾਂ ਬਈ, ਕੀ ਬੰਨ੍ਹਿਆ ਲੱਕ ਦੁਆਲੇ?" ਰਾਹੀ ਸ਼ਾਇਦ ਤਾੜ ਨਾ ਸਕਿਆ ਕਿ ਉਹ ਰਾਹਜ਼ਨ ਦੇ ਕਾਬੂ ਆ ਗਿਆ ਹੈ, ਸੋ ਉਸ ਨੇ ਭੋਲੇ ਭਾਅ ਆਪਣੇ ਢਿੱਡ ਨੂੰ ਘੁਟਦਿਆਂ ਮਜ਼ਾਕੀਆ ਲਹਿਜੇ ਵਿਚ ਜਵਾਬ ਦਿੱਤਾ, "ਤਰ ਮਾਲ ਹੈ, ਤਰ ਮਾਲ!" ਲੁਟੇਰੇ ਨੇ ਸਮਝਿਆ ਡਰ ਦੇ ਮਾਰੇ ਬੰਦਾ ਸੱਚ ਹੀ ਬੋਲ ਰਿਹਾ ਹੈ, ਸੋ ਉਸ ਨੇ ਲਾਠੀ ਮਾਰ ਕੇ ਉਸ ਨੂੰ ਥੱਲੇ ਸੁੱਟ ਲਿਆ ਤੇ ਕਿਹਾ, "ਹਵਾਲੇ ਕਰ ਜੋ ਤਰ ਮਾਲ ਤੇਰੇ ਕੋਲ ਹੈ।" ਡਰ ਦੇ ਮਾਰੇ ਰਾਹੀ ਨੇ ਆਪਣੇ ਲੱਕ ਨੂੰ ਹੋਰ ਘੁੱਟ ਲਿਆ। ਗੁੱਸੇ ਵਿਚ ਆਏ ਲੁਟੇਰੇ ਨੇ ਜ਼ੋਰ ਜ਼ੋਰ ਨਾਲ ਡਾਂਗ ਮਾਰ ਕੇ ਉਸ ਦਾ ਮਾੜ੍ਹ ਪੋਲਾ ਕਰ ਦਿੱਤਾ। ਸਿੱਧੜ ਜਿਹਾ ਰਾਹੀ ਵਿਚਾਰਾ ਇਕ ਦਮ ਭੋਇੰ 'ਤੇ ਡਿਗ ਪਿਆ। ਤਰ ਮਾਲ ਹਥਿਆਉਣ ਦੀ ਕੋਸ਼ਿਸ਼ ਵਿਚ ਲੁਟੇਰੇ ਨੇ ਉਸ ਦਾ ਝੱਗਾ ਪਾੜ ਸੁੱਟਿਆ। ਕੀ ਦੇਖਦਾ ਹੈ ਕਿ ਉਸ ਦੇ ਲੱਕ ਦੁਆਲੇ ਇਕ ਧਣਖੀਨੁਮਾ ਤਰ ਲਪੇਟੀ ਹੋਈ ਸੀ ਜੋ ਉਸ ਨੇ ਰਸਤੇ ਵਿਚ ਭੁੱਖ-ਪਿਆਸ ਲੱਗਣ 'ਤੇ ਖਾਣ ਲਈ ਰੱਖੀ ਸੀ। ਬਣ ਗਿਆ ਨਾ ਹਾਸੇ ਦਾ ਮਤਾਸਾ।

ਭਰ ਗਰਮੀਆਂ ਦੇ ਦਿਨੀਂ ਜਦ ਤਿੱਖੜ ਦੁਪਹਿਰ ਹੁੰਦੀ ਹੈ, ਸੜਕਾਂ 'ਤੇ ਹੌਂਕਦਿਆਂ ਜੇ ਕਿਤੇ ਲੂਣ, ਮਿਰਚ, ਨਿੰਬੂ ਨਾਲ ਤਰ ਬਤਰ ਦੁਫਾੜ ਹੋਈਆਂ ਤਰਾਂ ਵੇਚਦਾ ਰੇੜ੍ਹੀ ਵਾਲਾ ਮਿਲ ਜਾਵੇ ਤਾਂ ਸਮਝੋ ਅੱਖਾਂ ਵੀ ਠਰ ਗਈਆਂ ਤੇ ਭੁੱਖ-ਪਿਆਸ ਦਾ ਹੀਲਾ ਵੀ ਹੋ ਗਿਆ। ਤਰ ਇਕ ਖੀਰੇ ਜਿਹਾ ਸਲਾਦ ਵਜੋਂ ਖਾਧਾ ਜਾਣ ਵਾਲਾ ਫਲ ਹੈ। ਪੰਜਾਬੀ ਵਿਚ ਤਰ ਸ਼ਬਦ ਚਾਰ ਤਰ੍ਹਾਂ ਦੇ ਅਰਥਾਂ ਦਾ ਧਾਰਨੀ ਹੈ ਜੋ ਆਪੋ ਵਿਚ ਸਮਨਾਂਵੀਏ ਹਨ ਅਰਥਾਤ ਨਿਰੁਕਤਕ ਦ੍ਰਿਸ਼ਟੀ ਤੋਂ ਭਿੰਨ ਸ੍ਰੋਤਾਂ 'ਚੋਂ ਆਏ ਹਨ। ਪਹਿਲਾ ਹੈ, ਵਿਸ਼ੇਸ਼ਣਾਂ ਵਿਚ ਤੁਲਨਾਤਮਕ ਦਰਜੇ ਦਾ ਸੂਚਕ ਪਿਛੇਤਰ। ਇਹ ਸੰਸਕ੍ਰਿਤ ਅਤੇ ਫਾਰਸੀ-ਦੋਵਾਂ ਪਾਸਿਆਂ ਤੋਂ ਆਏ ਸ਼ਬਦਾਂ ਵਿਚ ਲੱਗਾ ਹੁੰਦਾ ਹੈ ਜਿਵੇਂ ਕ੍ਰਮਵਾਰ ਉਚਤਰ, ਅਧਿਕਤਰ, ਬਿਹਤਰ ਅਤੇ ਬਦਤਰ ਆਦਿ। ਦੂਜਾ ਹੈ, ਤੈਰਨਾ ਦੇ ਅਰਥਾਂ ਵਿਚ ਜਿਵੇਂ 'ਤਰ ਕੇ ਪਾਰ ਕਰਨਾ।' ਤੀਜਾ ਥੱਲੇ ਦੇ ਅਰਥਾਂ ਵਿਚ ਆਉਂਦਾ ਹੈ ਯਾਨਿ ਇਹ ਤਲ (ਨੀਵਾਂ, ਹੇਠਾਂ, ਥੱਲੇ) ਦਾ ਰੁਪਾਂਤਰ ਹੈ, 'ਹੈਵਰ ਊਪਰਿ ਛਤ੍ਰ ਤਰ॥' (ਭਗਤ ਕਬੀਰ) ਅਰਥਾਤ ਜੋ ਘੋੜਿਆਂ ਉਪਰ ਅਤੇ ਛੱਤਰਾਂ ਹੇਠ ਬੈਠਦੇ ਹਨ।



ਅੱਜ ਅਸੀਂ ਚੌਥੇ ਤਰ ਦੀ ਚਰਚਾ ਕਰਨ ਲੱਗੇ ਹਾਂ ਜੋ ਫਾਰਸੀ ਦਾ ਸ਼ਬਦ ਹੈ ਤੇ ਇਸ ਦੇ ਫਾਰਸੀ ਵਿਚ ਅਰਥ ਹਨ-ਗਿੱਲਾ, ਭਿਜਿਆ, ਸੱਜਰਾ, ਹਰਾ, ਮਲੂਕ, ਲਵਾ, ਨਰਮ ਆਦਿ। ਪੰਜਾਬੀ ਵਿਚ ਤਰ ਅਸੀਂ ਗਿੱਲਾ, ਗੜੁੱਚ ਅਤੇ ਖਖੜੀ ਜਾਤੀ ਦੇ ਇਕ ਲੰਮ-ਸਲੰਮੇ ਅਤੇ ਵਲ-ਵਲੇਵੇਂਦਾਰ ਫਲ ਲਈ ਵੀ ਵਰਤਦੇ ਹਾਂ। ਇਸ ਦੀ ਸ਼ਕਲ ਨੂੰ ਸੱਪ ਦੀ ਤੁਲਨਾ ਵੀ ਦਿੱਤੀ ਗਈ ਹੈ, ਇਸ ਲਈ ਇਸ ਨੂੰ ਅੰਗਰੇਜ਼ੀ ਵਿਚ ਸਨੇਕ ਮੈਲਨ ਵੀ ਕਿਹਾ ਜਾਂਦਾ ਹੈ। ਇਹ ਅਸਲ ਵਿਚ ਖਰਬੂਜ਼ੇ ਦੀ ਜ਼ਦ ਵਿਚੋਂ ਆਉਂਦਾ ਹੈ। ਇਹ ਸ਼ਾਇਦ ਮਿਸਰ ਵਲੋਂ ਆਇਆ ਹੈ। ਕਿਸੇ ਚੀਜ਼ ਨੂੰ ਗਿੱਲਾ ਕਰਨ ਲਈ ਅਸੀਂ 'ਤਰ ਕਰਨਾ' ਕਹਿ ਦਿੰਦੇ ਹਾਂ। ਫਾਰਸੀ ਦਾ ਹੀ ਮੁਹਾਵਰਾ 'ਤਰ-ਬ-ਤਰ' ਵੀ ਆਮ ਹੀ ਵਰਤਿਆ ਜਾਂਦਾ ਹੈ। ਤਰ ਸ਼ਬਦ ਵਿਚ ਗਿੱਲੇ, ਸਾਵੇ ਜਾਂ ਤਾਜ਼ੇ ਹੋਣ ਦੇ ਭਾਵ ਅਸਲ ਵਿਚ ਇਕ ਦੂਜੇ ਨਾਲ ਜੁੜਵੇਂ ਹਨ। ਤਾਜ਼ਾ ਬਨਸਪਤੀ ਰਸੀਲੀ, ਪਾਣੀ ਨਾਲ ਭਰੀ, ਹਰੀ ਅਤੇ ਨਰਮ ਹੁੰਦੀ ਹੈ। ਇਸ ਵਿਚ ਲਵੇ ਜਾਂ ਛੋਟੇ ਹੋਣ ਦੇ ਭਾਵ ਵੀ ਸਮਝ ਪੈਂਦੇ ਹਨ। ਇਸ ਲਈ ਤਰ ਸ਼ਬਦ ਇਕ ਛੋਟੇ ਪੰਛੀ ਦਾ ਨਾਂ ਵੀ ਹੈ।

ਤਰ ਸ਼ਬਦ ਵਿਚ ਪਾਣੀ ਨਾਲ ਗਿੱਲੇ ਹੋਣ ਦੇ ਭਾਵ ਦੇ ਨਾਲ ਤੇਲ, ਘਿਉ ਨਾਲ ਗੜੁੱਚ ਹੋਣ ਦਾ ਆਸ਼ਾ ਵੀ ਹੈ। ਪਾਣੀ ਨਾਲ ਭਰਪੂਰ ਜਾਂ ਗੜੁੱਚ ਤੋਂ ਇਸ ਵਿਚ ਬਹੁਤਾਤ ਦੇ ਅਰਥ ਜੁੜਦੇ ਹਨ। ਇਸ ਲਈ 'ਤਰ ਮਾਲ' ਦਾ ਮਤਲਬ ਹੈ, ਬਹੁਤੀ ਮਾਇਆ। 'ਤਰ ਸਾਮੀ' ਮਾਲਦਾਰ ਵਿਅਕਤੀ ਨੂੰ ਆਖਦੇ ਹਨ। ਫਾਰਸੀ ਤੋਂ ਆਏ ਤਰਬੋਰ (ਸ਼ਰਾਬੋਰ ਵੀ ਹੈ) ਦਾ ਅਰਥ ਹੈ, ਖੂਬ ਭਿਜਿਆ। ਤਰ ਤੋਂ ਤਰੌਤ, ਤਰੌਤੇ ਜਾਂ ਤਰਾਵਟ ਭਾਵਵਾਚਕ ਨਾਂਵ ਬਣਦੇ ਹਨ। ਫਾਰਸੀ ਵਿਚ 'ਤਰ ਕਰਦਨ' ਦਾ ਮਤਲਬ ਹੈ-ਗਿੱਲਾ ਕਰਨਾ, ਸਿੰਜਣਾ। ਇਸ ਤੋਂ ਸਹਿਜੇ ਹੀ ਪੰਜਾਬੀ ਤਰੌਂਕਣਾ (ਤਰ+ਕਰਨਾ) ਬਣ ਜਾਂਦਾ ਹੈ। ਤਾਜ਼ੀ ਰਸ ਭਰੀ ਸਬਜ਼ੀ ਨੂੰ ਤਰਕਾਰੀ ਕਿਹਾ ਜਾਂਦਾ ਹੈ: 'ਦਿੰਨਾਂ ਤੈਨੂੰ ਤਰਕਾਰੀ!' ਜਿਹੇ ਦਬਕੇ ਤੋਂ ਦਾਲ-ਖਾਣਿਆਂ ਵਿਚ ਤਰਕਾਰੀ ਦੀ ਸ਼ਾਨ ਉਜਾਗਰ ਹੁੰਦੀ ਹੈ। ਇਕ ਕੋਸ਼ ਅਨੁਸਾਰ ਪੰਜਾਬ ਵਿਚ ਖਾਣਯੋਗ ਮਾਸ ਨੂੰ ਤਰਕਾਰੀ ਕਿਹਾ ਜਾਂਦਾ ਹੈ। ਸਬਜ਼ੀ ਆਦਿ ਦੀ ਤਰੀ ਵੀ ਇਸ ਵਿਚ ਪਾਈ ਪਾਣੀ ਜਾਂ ਘਿਉ ਆਦਿ ਦੀ ਮਾਤਰਾ ਹੀ ਹੁੰਦੀ ਹੈ।

ਅਸੀਂ ਮੁੜ ਕਕੜੀ ਦੇ ਅਰਥਾਂ ਵਾਲੇ ਤਰ ਸ਼ਬਦ 'ਤੇ ਆਉਂਦੇ ਹਾਂ। ਹੈਰਾਨੀ ਵਾਲੀ ਗੱਲ ਹੈ ਕਿ ਫਾਰਸੀ, ਹਿੰਦੀ ਅਤੇ ਉਰਦੂ ਵਿਚ ਤਰ ਸ਼ਬਦ ਕਕੜੀ ਦੇ ਅਰਥਾਂ ਵਿਚ ਨਹੀਂ ਆਉਂਦਾ। ਫਾਰਸੀ ਵਿਚ ਤਰਅ ਸ਼ਬਦ ਦਾ ਅਰਥ ਹੈ-ਸਬਜ਼ੀ, ਭਾਜੀ, ਤਰਕਾਰੀ। ਤਾਂ ਕੀ ਪੰਜਾਬੀ ਵਿਚ ਆ ਕੇ ਇਹ ਕਕੜੀ ਦੇ ਅਰਥਾਂ ਵਿਚ ਰੂੜ ਹੋ ਗਿਆ? ਮੈਂ ਮਰਾਠੀ ਦੇ ਕੁਝ ਕੋਸ਼ ਫੋਲੇ ਅਤੇ ਇਕ ਮਰਾਠੀ ਦੋਸਤ ਤੋਂ ਪੁਸ਼ਟੀ ਕਰਵਾਈ। ਮਰਾਠੀ ਵਿਚ ਤਰ ਲਈ 'ਤਰਕਾਂਕੜੀ' ਅਤੇ ਇਸ ਦਾ ਇਕ ਉਪਭਾਸ਼ਾਈ ਰੁਪਾਂਤਰ 'ਟਰਕਾਂਕੜੀ' ਸ਼ਬਦ ਲੱਭੇ। ਮੌਲਜ਼ਵਰਥ ਦੇ ਮਰਾਠੀ ਕੋਸ਼ ਵਿਚ ਟਰਕਾਂਕੜੀ ਦੀ ਵਿਆਖਿਆ ਇਸ ਤਰ੍ਹਾਂ ਦਿੱਤੀ ਗਈ ਹੈ, "ਕਕੜੀ ਦੀ ਇਕ ਪ੍ਰਜਾਤੀ ਜਿਸ ਦਾ ਫਲ ਵੱਡਾ ਅਤੇ ਲੰਮਾ ਹੁੰਦਾ ਹੈ। ਇਹ ਗਰਮੀਆਂ ਵਿਚ ਦਰਿਆਵਾਂ ਦੇ ਲਾਗੇ ਉਗਾਈ ਜਾਂਦੀ ਹੈ...।" ਕੋਸ਼ ਵਿਚ ਤਰਕਾਂਕੜੀ ਦੇ ਇੰਦਰਾਜ ਅਧੀਨ ਹੋਰ ਵਿਆਖਿਆ ਮਿਲਦੀ ਹੈ, "ਕਾਂਕੜੀ ਨਾਲ ਗਿੱਲਾ ਦੇ ਅਰਥਾਂ ਵਾਲਾ ਫਾਰਸੀ ਤਰ ਸ਼ਬਦ ਇਸ ਲਈ ਜੋੜਿਆ ਗਿਆ ਹੈ ਕਿਉਂਕਿ ਇਹ ਦਰਿਆਵਾਂ ਦੇ ਲਾਗੇ ਉਗਾਈ ਜਾਂਦੀ ਹੈ।"

ਇਥੋਂ ਜਾਪਦਾ ਹੈ ਕਿ ਸ਼ਾਇਦ ਪੰਜਾਬੀ ਦੀ ਕਿਸੇ ਉਪਭਾਸ਼ਾ, ਖਾਸ ਤੌਰ 'ਤੇ ਲਹਿੰਦੇ ਵਿਚ ਵੀ ਪਹਿਲਾਂ ਪਹਿਲ ਸ਼ਬਦ 'ਤਰਕਕੜੀ' ਹੀ ਹੋਵੇਗਾ ਤੇ ਸਮੇਂ ਦੇ ਫੇਰ ਨਾਲ ਕਕੜੀ ਵਿਚੋਂ ਅਲੋਪ ਹੋ ਗਿਆ। ਸੋ, ਪਾਣੀ ਜਾਂ ਗਿੱਲ ਨਾਲ ਇਸ ਦਾ ਸਬੰਧ ਦਰਿਆ ਦੇ ਕਿਨਾਰੇ ਉਗਣ ਕਾਰਨ ਹੋ ਸਕਦਾ ਹੈ। ਲਹਿੰਦੀ ਵਿਚ ਕੁਝ ਹੋਰ ਸ਼ਬਦ ਹਨ: ਤਰਲੀ-ਇਕ ਕਿਸਮ ਦਾ ਕੱਦੂ; ਤਰਾੜ-ਬਰਸਾਤਾਂ ਵਿਚ ਉਗਣ ਵਾਲਾ ਘਾਹ, ਜਿਸ ਨੂੰ ਘੋੜੇ ਚਾਹ ਕੇ ਖਾਂਦੇ ਹਨ। ਤਰਦਾ ਮਾਲ=ਤਰ ਮਾਲ।

ਦਰਅਸਲ ਅਦਰਕ ਸ਼ਬਦ ਦਾ ਮੂਲ ਅਰਥ ਵੀ ਗਿੱਲਾ, ਕੱਚਾ, ਤਾਜ਼ਾ ਹੈ। ਸੰਸਕ੍ਰਿਤ ਵਿਚ ਇਸ ਦਾ ਰੂਪ ਹੈ, ਆਰਦ੍ਰਕ। ਸੰਸਕ੍ਰਿਤ ਆਰਦ੍ਰ ਦਾ ਮਤਲਬ ਹੁੰਦਾ ਹੈ, ਗਿੱਲਾ। ਅਦਰਕ ਤੋਂ ਵਿਗੜ ਕੇ ਪੁਆਧੀ ਆਦਾ ਬਣਿਆ। ਕੱਚਾ ਦੇ ਅਰਥਾਂ ਵਾਲੇ ਔਲਾ, ਅੱਲ੍ਹੜ 'ਚ ਵੀ ਇਸੇ ਤਰ੍ਹਾਂ ਦਾ ਵਿਗਾੜ ਹੈ। ਦਿਲਚਸਪ ਗੱਲ ਹੈ ਕਿ ਇਸੇ ਜਾਤੀ ਨਾਲ ਮਿਲਦੇ ਅੰਗਰੇਜ਼ੀ ਸ਼ਬਦ Melon ਅਤੇ Pumpkin ਵਿਚ ਪੱਕੇ ਹੋਣ ਦਾ ਭਾਵ ਹੈ, ਸ਼ਾਇਦ ਇਸ ਤੱਥ ਤੋਂ ਕਿ ਇਹ ਫਲ ਸੂਰਜ ਦੀ ਗਰਮੀ ਨਾਲ ਪੱਕੇ ਹੋਏ ਰੂਪ ਵਿਚ ਹੀ ਤੋੜੇ ਤੇ ਖਾਧੇ ਜਾਂਦੇ ਹਨ।

ਪਰ ਅਸੀਂ ਇਥੇ ਇਕ ਹੋਰ ਤੱਥ ਵੱਲ ਵੀ ਧਿਆਨ ਦਿਵਾਉਣਾ ਹੈ। ਦਰਅਸਲ ਫਾਰਸੀ ਦਾ ਤਾਜ਼ਗੀ, ਰਸਭਰਪੂਰਤਾ, ਗਿੱਲ, ਸਿੱਲ੍ਹ, ਹਰਿਆਵਲ ਦੇ ਅਰਥਾਂ ਵਾਲਾ 'ਤਰਾਵਤ' ਸ਼ਬਦ ਅਰਬੀ ਤੋਂ ਆਇਆ ਹੈ ਤੇ ਅਰਬੀ ਫਾਰਸੀ ਵਿਚ ਇਸ ਦੇ ਹੇਜੇ 'ਤੋਇ' ਅੱਖਰ ਨਾਲ ਸ਼ੁਰੂ ਹੁੰਦੇ ਹਨ ਜਦਕਿ ਟਾਕਰੇ 'ਤੇ ਲਗਭਗ ਇਨ੍ਹਾਂ ਹੀ ਅਰਥਾਂ ਵਾਲੇ 'ਤਰ' ਸ਼ਬਦ ਵਿਚ 'ਤੇ' ਅੱਖਰ ਲਗਦਾ ਹੈ। ਅਰਬੀ 'ਤਰਵ' ਕ੍ਰਿਆ ਦਾ ਅਰਥ ਹੈ, ਤਾਜ਼ਾ ਜਾਂ ਰਸੀਲਾ ਹੋਣਾ। ਅਰਬੀ ਤਰਈ ਦੇ ਮਾਅਨੇ ਹਨ-ਤਾਜ਼ਾ, ਨਵਾਂ, ਲਵਾ; ਤਾਜ਼ੀਆਂ ਸਬਜ਼ੀਆਂ। ਕੀ ਇਹ ਸੰਜੋਗੀ ਸਾਂਝ ਹੈ ਜਾਂ ਇਹ ਸ਼ਬਦ ਫਾਰਸੀ ਤੋਂ ਅਰਬੀ ਵਿਚ ਤੋਏ ਦੇ ਹੇਜਿਆਂ ਵਿਚ ਗਏ ਤੇ ਮੁੜ ਫਾਰਸੀ ਵਿਚ ਆ ਗਏ? ਹੋਰ ਸੋਚਣ ਵਾਲੀ ਗੱਲ ਹੈ।

ਨਿਰੁਕਤਕਾਰ ਅਜਿਤ ਵਡਨੇਰਕਰ ਅਨੁਸਾਰ ਤਰ ਸ਼ਬਦ ਦਾ ਧਾਤੂ 'ਤ੍ਰਿਪ' ਹੈ ਜਿਸ ਵਿਚ ਪ੍ਰਸੰਨ, ਸੰਤੁਸ਼ਟ ਕਰਨ ਦੇ ਭਾਵ ਹਨ। ਇਸੇ ਤੋਂ ਤ੍ਰਿਪਤ ਸ਼ਬਦ ਬਣਿਆ ਹੈ। ਇਸ ਵਿਚ ਗਿੱਲਾ ਕਰਨ ਅਰਥਾਤ ਪਾਣੀ ਨਾਲ ਤ੍ਰਿਪਤ ਕਰਨ ਦੇ ਭਾਵ ਵੀ ਹਨ। ਇਥੇ 'ਪ' ਧੁਨੀ ਦੇ ਅਲੋਪ ਹੋਣ ਦੀ ਵਿਆਖਿਆ ਸਮਝ ਵਿਚ ਨਹੀਂ ਆਉਂਦੀ। ਬਹੁਤੇ ਸ੍ਰੋਤਾਂ ਅਨੁਸਾਰ ਤਰ ਸ਼ਬਦ ਦਾ ਧਾਤੂ 'ਤ੍ਰਿ' ਹੈ ਜਿਸ ਵਿਚ ਪਾਰ ਜਾਣ ਦਾ ਭਾਵ ਹੈ। ਤਰਨਾ ਜਾਂ ਤੈਰਨਾ ਸ਼ਬਦ ਇਸੇ ਤੋਂ ਬਣੇ ਹਨ। ਅਸੀਂ ਇਸ ਨੂੰ ਤਰੁਣ ਸ਼ਬਦ ਤੋਂ ਸਮਝਣ ਦੀ ਕੋਸ਼ਿਸ਼ ਕਰਦੇ ਹਾਂ। ਤਰੁਣ ਦੇ ਸੰਸਕ੍ਰਿਤ ਵਿਚ ਅਰਥ ਹਨ-ਅਗਾਂਹਵਧੂ, ਪ੍ਰਗਤੀਸ਼ੀਲ; ਜਵਾਨ, ਮਲੂਕ, ਯੁਵਾ; ਤਾਜ਼ਾ, ਨਵਾਂ; ਹੁਣੇ ਚੜ੍ਹਿਆ ਸੂਰਜ ਜਾਂ ਹੋਈ ਗਰਮੀ। ਇਨ੍ਹਾਂ ਤੋਂ ਇਲਾਵਾ ਕੁਆਰ ਤੇ ਕੁਝ ਹੋਰ ਬਨਸਪਤੀਆਂ ਲਈ ਵੀ ਤਰੁਣ ਸ਼ਬਦ ਦੀ ਵਰਤੋਂ ਮਿਲਦੀ ਹੈ। ਤਰੁਣ ਜਿਹਾ ਸ਼ਬਦ ਪੁਰਾਣੀ ਫਾਰਸੀ ਵਿਚ ਵੀ ਮਿਲਦਾ ਹੈ ਜਿਸ ਦਾ ਅਰਥ ਨੌਜਵਾਨ ਹੈ। ਅਸੀਂ ਲੱਖਣ ਲਾ ਸਕਦੇ ਹਾਂ ਕਿ ਪਾਰ ਕਰਨ ਵਿਚ ਅੱਗੇ ਵਧਣ ਦੇ ਭਾਵ ਹਨ ਜਿਸ 'ਚ ਜਵਾਨੀ ਦੇ ਅਰਥ ਵਿਕਸਿਤ ਹੁੰਦੇ ਹਨ ਜੋ ਅੱਗੇ ਵਧਣ ਲਈ ਤਤਪਰ ਹੁੰਦੀ ਹੈ। ਤਰੁਣ ਦਾ ਇਕ ਅਰਥ ਲਗਰ ਵੀ ਹੈ। ਇਸ ਤੋਂ ਫਿਰ ਨਵਾਂ, ਤਾਜ਼ਾ, ਹਰਾ, ਰਸੀਲਾ, ਮਲੂਕ, ਆਦਿ ਵੱਲ ਗੱਲ ਵਧਦੀ ਹੈ।

ਚਲਦੇ-ਚਲਦੇ ਤਰੀ ਸ਼ਬਦ ਬਾਰੇ ਟਰਨਰ ਦੀ ਵਿਆਖਿਆ ਵੀ ਜਾਣ ਲਈਏ। ਉਸ ਨੇ ਤਰੀ ਦਾ ਅਰਥ 'ਤਰਦੀ ਪਰਤ' ਦਰਸਾਇਆ ਹੈ। ਉਸ ਅਨੁਸਾਰ ਤਰਿਕਾ ਸ਼ਬਦ ਦਾ ਅਰਥ ਮਲਾਈ ਹੈ (ਜੋ ਦੁਧ ਉਤੇ ਤਰਦੀ ਹੈ)। ਪ੍ਰਾਕ੍ਰਿਤ ਵਿਚ ਮਲਾਈ ਲਈ ਸ਼ਬਦ ਤਰਿਯਾ ਹੈ। ਟਰਨਰ ਅਨੁਸਾਰ ਸਬਜ਼ੀ ਆਦਿ ਵਿਚਲੇ ਤਰਲ ਪਦਾਰਥ ਲਈ ਪੰਜਾਬੀ ਸ਼ਬਦ ਤਰੀ ਦਰਅਸਲ ਸੂਪ ਜਾਂ ਹੋਰ ਤਰਲ ਪਦਾਰਥਾਂ ਵਿਚ ਤਰਦੇ ਤੇਲ ਜਾਂ ਘਿਉ ਵੱਲ ਸੰਕੇਤ ਕਰਦਾ ਹੈ। ਇਸ ਤੋਂ ਤਰ ਮਾਲ ਜਾਂ ਤਰਦਾ ਮਾਲ ਸਮਾਸਾਂ ਤੋਂ ਮੁਰਾਦ ਮਲਾਈ ਹੀ ਹੈ ਜੋ ਸਾਡੇ ਸਮਾਜ ਵਿਚ ਦੁਰਲਭ, ਪ੍ਰਲੋਭਕ ਅਤੇ ਮੁੱਲਵਾਨ ਚੀਜ਼ ਹੈ, ਇਸ ਲਈ ਇਨ੍ਹਾਂ ਸ਼ਬਦਾਂ ਦੇ ਲਾਖਣਿਕ ਅਰਥ 'ਬਹੁਤੀ ਮਾਇਆ' ਵਿਚ ਵਿਕਸਿਤ ਹੁੰਦੇ ਹਨ।

# ਦੋਸ਼ੀ ਕੌਣ

ਸਾਰੇ ਪਿੰਡ ਵਿਚ ਰੌਲਾ ਪਿਆ ਹੋਇਆ ਸੀ ਕਿ ਲੰਬੜਾਂ ਨੇ ਆਪਣੀ ਫੁਲ ਵਰਗੀ ਕੁੜੀ ਕੈਨੇਡਾ ਤੋਂ ਗਏ ਇਕ ਵਡੀ ਉਮਰ ਦੇ ਬਦਸੂਰਤ ਮੁੰਡੇ ਨਾਲ ਵਿਆਹ ਦਿਤੀ ਹੈ। ਲੋਕਾਂ ਨੂੰ ਸਮਝ ਨਹੀਂ ਸੀ ਆ ਰਹੀ ਕਿ ਲੰਬੜਾਂ ਨੇ ਕਾਹਤੇ ਇਸ ਤਰ੍ਹਾਂ ਕੀਤਾ, ਕਿਉਂਕਿ ਰੂਪੀ ਤਾਂ ਬਹੁਤ ਹੀ ਸੁੰਦਰ ਹੈ, ਉਹ ਤਾਂ ਹਰ ਪੱਖੋਂ ਹੀ ਪੂਰੀ ਸੀ, ਪੜ੍ਹਨ-ਲਿਖਣ ਵਿਚ ਭੀ ਪੂਰੀ ਹੁਸ਼ਿਆਰ, ਖੇਡਾਂ ਵਿਚ ਭੀ ਸਭ ਤੋ ਮੂਹਰੇ ਤੇ ਕਾਲਜ ਵਿਚ ਗਿੱਧੇ ਦੀ ਕੈਪਟਨ। ਵਿਆਹ ਤਾਂ ਦੋ ਹਫਤਿਆਂ 'ਚ ਹੀ ਹੋ ਗਿਆ ਸੀ। ਦੋ ਹਫਤੇ

ਅਨਮੋਲ ਕੌਰ, ਕੈਨੇਡਾ

ਜਿਸ ਤਰ੍ਹਾਂ ਉਸ ਕੁੜੀ ਨੇ ਕੱਢੇ ਸਨ, ਸਾਰੇ ਹੀ ਲੋਕੀਂ ਜਾਣਦੇ ਹਨ ਕਿ ਕੁੜੀ ਨੇ ਰੋ ਰੋ ਬੁਰਾ ਹਾਲ ਕਰ ਲਿਆ ਸੀ। ਕੁੜੀ ਨੇ ਸਾਰੇ ਰਿਸ਼ਤੇਦਾਰਾਂ ਦੀਆਂ ਮਿੰਨਤਾਂ ਕੀਤੀਆਂ ਸਨ ਕਿ ਮੈਨੂੰ ਕੋਈ ਤਾਂ ਇਸ ਵਿਆਹ ਤੋਂ ਬਚਾ ਲਵੇ ਪਰ ਕਿਸੇ ਨੇ ਵੀ ਉਸ 'ਤੇ ਤਰਸ ਨਾ ਖਾਧਾ। ਸਾਰੇ ਸੋਚ ਰਹੇ ਸਨ, ਸਾਨੂੰ ਕੀ, ਇਹ ਤਾਂ ਘਰ ਵਾਲਿਆਂ ਦੀ ਮਰਜੀ ਹੈ ਜਿਸ ਤਰ੍ਹਾਂ ਉਨ੍ਹਾਂ ਦਾ ਜੀ ਕਰਦਾ ਹੈ, ਉਹ ਕਰਨ।

ਕੁੜੀ ਤਾਂ ਲਾਵਾਂ ਮੌਕੇ ਮੁੰਡੇ ਦਾ ਪੱਲਾ ਭੀ ਨਹੀਂ ਸੀ ਫੜ੍ਹਦੀ। ਪਿਛੇ ਬੈਠੀ ਮਾਮੀ ਨੇ ਗੱਲ ਸੰਭਾਲੀ, ਛੇਤੀ ਨਾਲ ਪੱਲਾ ਫੜ੍ਹ ਕੇ ਕੁੜੀ ਦੇ ਕਰੇ ਨਾਲ ਬੰਨ ਦਿਤਾ। ਨਾਲ ਹੀ ਉਸ ਆਪਣੇ ਨਣਦੋਈਏ ਨੂੰ ਕਹਿੰਦੇ ਸੁਣਿਆ, 'ਧੀਏ ਹੁਣ ਪੱਲਾ ਫੜ੍ਹ ਲੈ, ਕੈਨੇਡਾ ਜਾ ਕੇ ਭਾਵੇਂ ਛੱਡ 'ਦੀਂ'।'

ਰੋਂਦੀ ਕੁਰਲਾਉਂਦੀ ਕੁੜੀ ਨੇ ਲਾਵਾਂ ਪੂਰੀਆਂ ਕੀਤੀਆਂ। ਡੋਲੀ ਚੜ੍ਹਨ ਵੇਲੇ ਭੀ ਉਹ ਉਚੀ ਉਚੀ ਕਹਿ ਰਹੀ ਸੀ ਕਿ ਕੋਈ ਹੁਣ ਭੀ ਛੁਡਾ ਲਵੇ, ਪਰ ਕਿਹੜਾ ਮਾਈ ਦਾ ਲਾਲ ਅੱਗੇ ਆਉਂਦਾ। ਫਿਰ ਪਤਾ ਲੱਗਾ, ਕਾਲਜ ਵਿਚ ਕਿਸੇ ਡਾਕਟਰ ਦਾ ਮੁੰਡਾ, ਜਿਸ ਦਾ ਨਾਂ ਪਿੰਦਾ ਹੈ, ਰੂਪੀ ਨੂੰ ਪਸੰਦ ਕਰਦਾ ਸੀ ਪਰ ਰੂਪੀ ਨੇ ਕਦੇ ਧਿਆਨ ਨਹੀਂ ਸੀ ਦਿਤਾ।

ਸਾਲ ਦੇ ਅੰਦਰ ਹੀ ਰੂਪੀ ਕੈਨੇਡਾ ਪਹੁੰਚ ਗਈ। ਰੂਪੀ ਨੇ ਸੋਚਿਆ, ਜੋ ਹੋਣਾ ਸੀ, ਹੋ ਗਿਆ, ਇਹ ਹੀ ਮੇਰਾ ਪਤੀ ਹੈ। ਮੇਰੇ ਸੰਜੋਗ ਇਸ ਨਾਲ ਹੀ ਸਨ ਪਰ ਮੁੰਡੇ ਦਾ ਸੁਭਾਅ ਹੀ ਵੱਖਰੀ ਕਿਸਮ ਦਾ ਸੀ, ਉਹ ਤਾਂ ਆਪਣੇ ਆਪ ਨੂੰ ਬਹੁਤ ਹੀ ਸੋਹਣਾ ਸਮਝਦਾ ਸੀ ਤੇ ਉਸ ਵਿਚ ਆਕੜ ਭੀ ਕਾਫੀ ਸੀ। ਜਿਸ ਤਰ੍ਹਾਂ ਵੀ ਸੀ, ਪਰ ਉਸ ਨੇ ਆਪਣਾ ਸਹੁਰਾ ਟੱਬਰ ਕੈਨੇਡਾ ਵਿਚ ਮੰਗਾ ਲਿਆ।

ਫਿਰ ਮੁੰਡੇ ਨੇ ਰੂਪੀ ਨੂੰ ਮਾਰਨਾ-ਕੁੱਟਣਾ ਸ਼ੁਰੂ ਕਰ ਦਿਤਾ। ਨਾਲੇ ਰੂਪੀ ਨੂੰ ਕੁੱਟੀ ਜਾਂਦਾ, ਨਾਲੇ ਕਹੀ ਜਾਂਦਾ, 'ਵਾਜ ਮਾਰ ਆਪਣੇ ਪਿਉ ਨੂੰ, ਛੁਡਾਵੇ ਤੈਨੂੰ। ਰੂਪੀ ਦੇ ਮਾਪੇ, ਜੋ ਉਨ੍ਹਾਂ ਦੀ ਬੇਸਮੈਂਟ ਵਿਚ ਹੀ ਰਹਿੰਦੇ ਸਨ, ਸਭ ਕੁਝ ਸੁਣੀ ਜਾਂਦੇ ਪਰ ਬੋਲਦੇ ਕੁਝ ਨਾ।

ਰੂਪੀ ਦਾ ਧਿਆਨ ਪਿੰਦੇ ਵਲ ਜਾਣ ਲੱਗਾ ਜੋ ਕਦੀ ਉਸ ਨੂੰ ਪਸੰਦ ਕਰਦਾ ਸੀ। ਪਤਾ ਲੱਗਾ ਕਿ ਉਹ ਅਜੇ ਭੀ ਕੁਆਰਾ ਹੀ ਹੈ। ਰੂਪੀ ਇੰਡੀਆ ਗਈ ਪਿੰਦੇ ਨੂੰ ਮਿਲ ਭੀ ਆਈ। ਹੁਣ ਉਸ ਦੀ ਆਪਣੇ ਘਰਵਾਲੇ ਨਾਲ ਉਕਾ ਨਾ ਬਣਦੀ ਪਰ ਉਸ ਦੇ ਮਾਪਿਆਂ ਦੀ ਜਵਾਈ ਨਾਲ ਬਹੁਤ ਬਣਦੀ। ਜਦੋਂ ਰੂਪੀ ਦੇ ਭਰਾ ਇੰਡੀਆ ਤੋਂ ਆਏ ਤਾਂ ਉਨ੍ਹਾਂ ਦੇ ਸਿਰਾਂ 'ਤੇ ਕੇਸ ਸਨ। ਇਕ ਦਿਨ ਜਦ ਉਹ ਕੰਮ ਤੋਂ ਵਾਪਸ ਆਏ ਤਾਂ ਸਿਰ ਦੇ ਕੇਸ ਲੁਹਾ ਕੇ ਆਏ। ਮਾਂ ਦੇਖ ਕੇ ਹੱਕੀ ਬੱਕੀ ਰਹਿ ਗਈ। ਪੁੱਛਣ 'ਤੇ ਪਤਾ ਲੱਗਾ ਕਿ ਜਵਾਈ ਨੂੰ ਉਨ੍ਹਾਂ ਦੇ ਵਾਲ ਚੰਗੇ ਨਹੀਂ ਸਨ ਲਗਦੇ। ਸੱਸ ਨੇ ਮਾੜਾ ਮੋਟਾ ਪੁਛਿਆ ਤਾਂ ਕਹਿਣ ਲੱਗਾ, 'ਬੀਬੀ ਵਾਲਾਂ ਨੂੰ ਕਿਹਤੇ ਅੰਬ ਲੱਗਣੇ ਆ।' ਪਰ ਜਿਸ ਮਾਂ ਨੇ ਵਾਹ ਵਾਹ ਕੇ ਲੰਮੇ ਕੀਤੇ ਸਨ, ਇਹ ਤਾਂ ਉਹੀ ਜਾਣਦੀ ਸੀ ਕਿ ਉਸ ਦੇ ਦਿਲ 'ਤੇ ਕੀ ਬੀਤ ਰਹੀ ਹੈ ਪਰ ਜਵਾਈ ਤੋਂ ਡਰਦੀ ਕੁਝ ਨਾ ਬੋਲੀ।

ਰੂਪੀ ਦੇ ਰੰਗ-ਢੰਗ ਭੀ ਹੁਣ ਅੱਗੇ ਵਰਗੇ ਨਹੀਂ ਸਨ ਰਹੇ, ਵਾਲ ਛੋਟੇ ਕਰਵਾ ਲਏ, ਪਤੀ ਨਾਲ ਪਾਰਟੀਆਂ 'ਤੇ ਆਣ-ਜਾਣ ਲੱਗੀ। ਇੰਡੀਆ ਵਿਚ ਸਵੇਰੇ ਉਠ ਕੇ ਪਾਠ ਕਰਨ ਵਾਲੀ ਹੁਣ ਪਤੀ ਦੇ ਕਹਿਣ 'ਤੇ ਸ਼ਰਾਬ ਭੀ ਪੀਣ ਲੱਗੀ। ਘਰ ਵਿਚ ਪਾਰਟੀਆਂ ਹੋਣ ਲੱਗੀਆਂ, ਰਾਤ ਨੂੰ ਦੇਰ ਤਕ ਨਾਚ ਗਾਣਾ ਹੁੰਦਾ। ਰੂਪੀ ਨੇ ਉਧਰ ਇੰਡੀਆ ਵਿਚ ਪਿੰਦੇ ਨਾਲ ਭੀ ਦੋਸਤੀ ਜਾਰੀ ਰਖੀ। ਉਸ ਦੀ ਬੱਚੀ ਅਜੇ ਸਾਲ ਦੀ ਹੋਈ ਸੀ ਕਿ ਉਹ ਮੁੜ ਗਰਭਵਤੀ ਹੋ ਗਈ, ਉਸ ਨੇ ਕੋਸ਼ਿਸ਼ ਤਾਂ ਬਹੁਤ ਕੀਤੀ ਕਿ ਮੁੜ ਮਾਂ ਨਾ ਬਣੇ ਪਰ ਫਿਰ ਉਸ ਨੇ ਲੜਕੀ ਨੂੰ ਜਨਮ ਦਿਤਾ। ਪਤੀ-ਪਤਨੀ ਦੇ ਲੜਾਈ ਝਗੜੇ ਵਿਚ ਹੀ ਬੱਚੇ ਵੱਡੇ ਹੋਣ ਲੱਗੇ। ਫਿਰ ਭੀ ਰੂਪੀ ਨੇ ਬੱਚਿਆਂ ਨੂੰ ਪਹਿਲੀ ਪਉੜੀ ਦਾ ਪਾਠ ਸਿਖਾ ਦਿਤਾ ਪਰ ਉਸ ਦਾ ਪਤੀ ਪਾਠ ਨੂੰ ਟਿਚਰਾਂ ਹੀ ਕਰਦਾ ਰਹਿੰਦਾ।

ਹੁਣ ਉਨ੍ਹਾਂ ਕੋਲ ਕਾਫੀ ਵੱਡਾ ਘਰ ਸੀ, ਹੋਟਲ ਚੰਗਾ ਚਲਦਾ ਸੀ, ਘਰ ਵਧੀਆ ਵਧੀਆ ਸਮਾਨ ਨਾਲ ਭਰਿਆ ਪਿਆ ਸੀ ਪਰ ਘਰ ਵਿਚ ਸੁੱਖ, ਸ਼ਾਂਤੀ ਤੇ ਸੰਤੋਖ ਨਹੀਂ ਸੀ। ਘਰ ਵਿਚ ਲੜਾਈ ਹੋਰ ਭੀ ਵਧ ਗਈ। ਨੌਬਤ ਇਥੋਂ ਤਕ ਪਹੁੰਚ ਗਈ ਕਿ ਉਨ੍ਹਾਂ ਦਾ ਇਕ ਦੂਜੇ ਨਾਲ ਰਹਿਣਾ ਮੁਸ਼ਕਿਲ ਹੋ ਗਿਆ। ਰੂਪੀ ਇੰਡੀਆ ਨੂੰ ਚਲੀ ਗਈ। ਉਦੋਂ ਹੀ ਪਤਾ ਲੱਗਾ ਜਦੋਂ ਉਸ ਨੇ ਇੰਡੀਆ ਜਾ ਕੇ ਪਿੰਦੇ ਨਾਲ ਵਿਆਹ ਵੀ ਕਰਵਾ ਲਿਆ। ਮੁੜ ਆ ਕੇ ਕੈਨੇਡਾ ਦੇ ਕਿਸੇ ਹੋਰ ਸ਼ਹਿਰ ਵਿਚ ਰਹਿਣ ਲੱਗੀ। ਕੋਈ ਆਪਣਾ ਕੰਮ ਕਰਨ ਲੱਗੀ। ਬੱਚੇ ਕਦੀ ਉਸ ਕੋਲ ਹੁੰਦੇ, ਕਦੀ ਪਿਉ ਕੋਲ ਤੇ ਕਦੀ ਕਿਸੇ ਰਿਸ਼ਤੇਦਾਰ ਕੋਲ। ਪਿੰਦਾ ਭੀ ਇੰਡੀਆ ਤੋਂ ਆ ਗਿਆ। ਦੋਵੇਂ ਅਰਾਮ ਨਾਲ ਰਹਿਣ ਲੱਗੇ ਪਰ ਇਕ ਦਿਨ ਅਚਾਨਕ ਪਿੰਦੇ 'ਤੇ ਗੋਲੀਆਂ ਨਾਲ ਹਮਲਾ ਹੋ ਗਿਆ। ਬਚਣ ਦੀ ਕੋਈ ਉਮੀਦ ਨਹੀਂ ਸੀ। ਕਾਫੀ ਦਿਨ ਹਸਪਤਾਲ ਵਿਚ ਬੇਹੋਸ਼ ਪਿਆ ਰਿਹਾ ਤੇ ਰੂਪੀ ਉਸ ਦੇ ਸਿਰਹਾਣੇ ਬੈਠ ਕੇ ਪਾਠ ਕਰੀ ਜਾਵੇ।

ਪਰਮਾਤਮਾ ਦੀ ਕਰਨੀ ਪਿੰਦਾ ਠੀਕ ਹੋਣ ਲਗ ਪਿਆ। ਇਕ ਮਹੀਨੇ ਦੇ ਅੰਦਰ ਅੰਦਰ ਉਹ ਬਿਲਕੁਲ ਠੀਕ ਹੋ ਗਿਆ। ਹੁਣ ਦੋਵੇਂ ਕਿਸੇ ਦੀ ਬੇਸਮੈਂਟ ਕਿਰਾਏ 'ਤੇ ਲੈ ਕੇ ਰਹਿਣ ਲੱਗੇ।

ਰੂਪੀ ਦੇ ਰਿਸ਼ਤੇਦਾਰ ਉਨ੍ਹਾਂ ਦੇ ਘਟ-ਵਧ ਹੀ ਆਉਂਦੇ-ਜਾਂਦੇ। ਇਕ ਸਾਲ ਉਹ ਇਸੇ ਤਰ੍ਹਾਂ ਦੋਵੇਂ ਠੀਕ ਠਾਕ ਰਹਿੰਦੇ ਰਹੇ। ਇਕ ਦਿਨ ਜਦੋਂ ਰੂਪੀ ਕੰਮ ਤੋਂ ਆਈ ਤਾਂ ਉਸ ਨੇ ਦੇਖਿਆ ਕਿ ਪਿੰਦਾ ਘਰ ਨਹੀਂ ਸੀ। ਨਾਲ ਘਰ ਦਾ ਕੁਝ ਕੀਮਤੀ ਸਮਾਨ ਵੀ ਨਹੀਂ ਸੀ। ਰੂਪੀ ਉਸ ਨੂੰ ਇਧਰ-ਉਧਰ ਲਭਦੀ ਰਹੀ ਪਰ ਉਸ ਨੂੰ ਕੁਝ ਵੀ ਪਤਾ ਨਾ ਲੱਗਾ ਕਿ ਪਿੰਦਾ ਕਿਥੇ ਚਲਾ ਗਿਆ। ਲੋਕ ਭਾਂਤ-ਭਾਂਤ ਦੀਆਂ ਗੱਲਾਂ ਕਰਨ ਲੱਗੇ। ਕਈ ਕਹਿਣ, ਉਸ ਨੂੰ ਰੂਪੀ ਦੇ ਪਹਿਲੇ ਘਰ ਵਾਲੇ ਨੇ ਮਰਵਾ ਦਿਤਾ ਹੋਵੇਗਾ। ਕੋਈ ਕਹੇ, ਉਹ ਮਤਲਬੀ ਸੀ। ਜਿੰਨੇ ਮੂੰਹ, ਉਨੀਆਂ ਗੱਲਾਂ।

ਫਿਰ ਇਕ ਦਿਨ ਰੂਪੀ ਨੂੰ ਕਿਸੇ ਕੋਲੋਂ ਪਤਾ ਲੱਗਾ ਕਿ ਪਿੰਦਾ ਵਾਪਸ ਇੰਡੀਆ ਚਲਾ ਗਿਆ ਹੈ, ਉਥੇ ਉਸ ਨੇ ਜਾ ਕੇ ਵਿਆਹ ਵੀ ਕਰਵਾ ਲਿਆ ਹੈ। ਇਸ ਪਿਛੋਂ ਉਹ ਆਪਣੀਆਂ ਕੁੜੀਆਂ ਲੈ ਕੇ ਕਿਸੇ ਹੋਰ ਸ਼ਹਿਰ ਮੂਵ ਹੋ ਗਈ ਤੇ ਆਪਣੀਆਂ ਧੀਆਂ ਪਾਲਣ ਲੱਗੀ। ਹੁਣ ਉਸ ਨੇ ਫੈਸਲਾ ਕਰ ਲਿਆ ਕਿ ਕੁੜੀਆਂ ਨੂੰ ਪੜ੍ਹਾਉਣਾ-ਲਿਖਾਉਣਾ ਹੀ ਉਸ ਦੀ ਜ਼ਿੰਦਗੀ ਦਾ ਮਕਸਦ ਰਹਿ ਗਿਆ ਹੈ।

ਹੁਣ ਦੋਵੇਂ ਕੁੜੀਆਂ ਜਵਾਨ ਹੋ ਚੁਕੀਆਂ ਸਨ। ਆਪਣੀ ਮਰਜੀ ਨਾਲ ਘੁੰਮਦੀਆਂ ਫਿਰਦੀਆਂ, ਰੂਪੀ ਨੂੰ ਤਾਂ ਕੁਝ ਸਮਝਦੀਆਂ ਹੀ ਨਾ। ਜਦ ਕਦੇ ਰੂਪੀ ਉਨ੍ਹਾਂ ਨੂੰ ਕੁਝ ਸਮਝਾਉਣ ਦੀ ਕੋਸ਼ਿਸ਼ ਕਰਦੀ ਤਾਂ ਝਟ ਕਹਿ ਦਿੰਦੀਆਂ, "ਹੂ ਕੇਅਰਜ਼, ਆਈ ਡੋਂਟ ਨੋ।" ਹੁਣ ਜਦ ਰੂਪੀ ਕੁੜੀਆਂ ਵਲ ਦੇਖਦੀ ਹੈ ਤੇ ਆਪਣੀ ਜ਼ਿੰਦਗੀ ਬਾਰੇ ਸੋਚਦੀ ਹੈ ਤਾਂ ਬਹੁਤ ਉਦਾਸ ਹੋ ਜਾਂਦੀ ਹੈ। ਉਸ ਨੂੰ ਪਤਾ ਨਹੀਂ ਲਗਦਾ ਕਿ ਉਹ ਕੀ ਕਰੇ? ਪਰ ਉਸ ਨੂੰ ਅਜੇ ਤਕ ਇਹ ਸਮਝ ਨਹੀਂ ਲੱਗੀ, ਉਸ ਦੀ ਜ਼ਿੰਦਗੀ ਨੂੰ ਤਬਾਹ ਕਰਨ ਦਾ ਦੋਸ਼ੀ ਕੌਣ ਹੈ? ਉਹ ਆਪ, ਉਸ ਦਾ ਪਤੀ ਜਾਂ ਫਿਰ ਉਸ ਦੇ ਮਾਪੇ?

# ਜਮਹੂਰੀਅਤ ਦੀ ਸਾਰਥਕਤਾ 'ਤੇ ਸਵਾਲ: ਪ੍ਰਤੀਘਾਤ

ਫਿਲਮ 'ਪ੍ਰਤੀਘਾਤ' ਦੇਖਣ ਤੋਂ ਬਾਅਦ ਬਹੁਤ ਦਿਨਾਂ ਤੱਕ ਇਸ ਫਿਲਮ ਦੀ ਨਾਇਕਾ ਲਕਸ਼ਮੀ ਜੋਸ਼ੀ (ਸੁਜਾਤਾ ਮਹਿਤਾ) ਦਾ ਚਿਹਰਾ ਜ਼ਿਹਨ ਵਿਚ ਸਫਰ ਕਰਦਾ ਰਹਿੰਦਾ ਹੈ। ਇਹ ਫਿਲਮ ਅਸਲ ਵਿਚ ਦੋ ਨਾਇਕਾਵਾਂ ਦੇ ਸਿਰ 'ਤੇ ਖੜ੍ਹੀ ਹੈ। ਦੂਜੀ ਨਾਇਕਾ ਦੁਰਗਾ (ਰੋਹਣੀ ਹਤੰਗੜੀ) ਹੈ। ਇਹ ਫਿਲਮ ਐਨ. ਚੰਦਰਾ ਦੁਆਰਾ ਨਿਰਦੇਸ਼ਤ ਕੀਤੀ 'ਅਕੁੰਸ਼' ਅਤੇ 'ਤੇਜ਼ਾਬ' ਦੀ ਵਿਚਕਾਰਲੀ ਕੜੀ ਹੈ। ਨਿਰਦੇਸ਼ਕ ਨੇ ਇਸ ਫਿਲਮ ਦੀਆਂ ਨਾਇਕਾਵਾਂ ਦੇ ਨਾਵਾਂ ਦੀ ਚੋਣ ਨਾਲ ਹੀ ਦਰਸ਼ਕਾਂ ਲਈ ਬਹੁ-ਪਰਤੀ ਸੁਨੇਹਾ ਦਿੱਤਾ ਹੈ ਜਿਸ ਨੂੰ



**ਕੁਲਦੀਪ ਕੌਰ**
ਫੋਨ: +91-98554-04330

ਉਹ ਪੂਰੀ ਫਿਲਮ ਦੌਰਾਨ ਵਾਰ-ਵਾਰ ਡੀ-ਕੋਡ ਕਰਦਾ ਹੈ। ਫਿਲਮ ਦਾ ਸਕਰੀਨ ਪਲੇਅ ਅਤੇ ਕਹਾਣੀ ਕਹਿਣ ਦਾ ਢੰਗ ਵੀ ਉਸ ਦੌਰ ਦੇ ਹਿਸਾਬ ਨਾਲ ਕਾਫੀ ਅਗਾਂਹਵਧੂ ਹੈ। ਫਿਲਮ ਵਿਚ ਸਮਾਜ ਨੂੰ ਬਦਲਣ ਦੇ ਫਲਸਫੇ 'ਤੇ ਭਾਸ਼ਣ ਜਾਂ ਬਿਰਤਾਂਤਕ ਮਿੱਥਾਂ ਘੜਨ ਦੀ ਥਾਂ ਅਜਿਹੇ ਸੁਪਨੇ ਦੇਖਣ ਵਾਲਿਆਂ ਦੀ ਹੋਣੀ ਅਤੇ ਦੁਖਾਂਤ ਨੂੰ ਸਿਰਜਿਆ ਗਿਆ ਹੈ। ਬਹੁਤ ਵਾਰ ਅਜਿਹੇ ਲੋਕ ਇੰਨੇ ਸਾਧਾਰਨ ਹੁੰਦੇ ਹਨ ਕਿ ਉਹ ਮਹਿਜ਼ ਆਪਣੀ ਇਮਾਨਦਾਰੀ ਅਤੇ ਜ਼ਿਦ ਨਾਲ ਕਠੋਰ ਤੋਂ ਕਠੋਰ ਯਥਾਰਥ ਨੂੰ ਬਦਲਣ ਦੀ ਸਮਰੱਥਾ ਰੱਖਦੇ ਹਨ।

'ਪ੍ਰਤੀਘਾਤ' ਅਜਿਹੀ ਕਾਲਜ ਅਧਿਆਪਕਾ ਦੀ ਕਹਾਣੀ ਹੈ ਜਿਹੜੀ ਆਪਣੀਆਂ ਅੱਖਾਂ ਵਿਚ ਹਜ਼ਾਰਾਂ ਸੁਪਨੇ ਅਤੇ ਵਿਦਿਆਰਥੀਆਂ ਲਈ ਭਵਿਖ ਦੇ ਖਾਕੇ ਉਲੀਕ ਕੇ ਬੰਬਈ (ਹੁਣ ਮੁੰਬਈ) ਆਉਂਦੀ ਹੈ। ਬੰਬਈ ਉਸ ਦੇ ਸੁਹਰੇ ਵੀ ਹਨ। ਉਹਦਾ ਪਤੀ ਸੱਤਿਆਪ੍ਰਕਾਸ਼ ਜੋਸ਼ੀ (ਅਰਵਿੰਦ ਕੁਮਾਰ) ਨਾਮੀ ਵਕੀਲ ਹੈ ਅਤੇ ਕਮਜ਼ੋਰ ਤੇ ਲੋੜਵੰਦ ਲੋਕਾਂ ਨਾਲ ਹੁੰਦੀਆਂ ਜ਼ਿਆਦਤੀਆਂ ਦੇ ਕਾਨੂੰਨੀ ਕੇਸ ਲੜਦਾ ਹੈ। ਲਕਸ਼ਮੀ ਦਾ ਦੋਸਤ ਅਜੈ ਸ੍ਰੀਵਾਸਤਵ (ਮੋਹਨ ਭੰਡਾਰੀ) ਪੁਲਿਸ ਅਫਸਰ ਹੈ ਅਤੇ ਆਪਣੀ ਇਮਾਨਦਾਰੀ ਲਈ ਪ੍ਰਸਿਧ ਹੈ। ਫਿਲਮ ਵਿਚ ਧਰਮਪੁਰਾ ਨਾਮ ਦੇ ਮਸਨੂਈ ਕਸਬੇ ਵਿਚ ਵਾਪਰ ਰਹੀਆਂ ਘਟਨਾਵਾਂ ਦੀ ਲੜੀ ਰਾਹੀਂ ਨਿਰਦੇਸ਼ਕ ਸਿਆਸਤ ਅਤੇ ਗੁੰਡਿਆਂ ਦੀ ਭਾਈਵਾਲੀ ਨੂੰ ਉਜਾਗਰ ਕਰਦਾ ਹੈ।

ਗੁੰਡਿਆਂ ਦਾ ਆਗੂ ਕਾਲੀ ਪ੍ਰਸਾਦ (ਚਰਨ ਰਾਜ) ਬੇਕਿਰਕ ਗੁੰਡਾ ਹੈ ਜਿਸ ਨੂੰ ਇਕ ਸਿਆਸੀ ਪਾਰਟੀ ਆਪਣੀਆਂ ਵੋਟਾਂ ਇਕੱਠੀਆਂ ਕਰਨ ਲਈ ਵਰਤਦੀ ਹੈ। ਗੁੰਡਿਆਂ ਦੀ ਘੁਸਪੈਠ ਕਾਲਜਾਂ/ਯੂਨੀਵਰਸਿਟੀਆਂ ਤੋਂ ਲੈ ਕੇ ਵੋਟਿੰਗ ਬੂਥਾਂ ਤੱਕ ਹੈ। ਉਨ੍ਹਾਂ ਲਈ ਹਿੰਸਾ ਰੋਜ਼-ਮੱਰਾ




ਦਾ ਵਰਤਾਰਾ ਹੈ ਜਿਸ ਨੂੰ ਉਹ ਸ਼ਹਿਰੀਆਂ ਵਿਚ ਆਪਣੀ ਦਹਿਸ਼ਤ ਬਣਾਈ ਰੱਖਣ ਲਈ ਅਤੇ ਆਪਣੀਆਂ ਗੈਰ-ਕਾਨੂੰਨੀ ਗਤੀਵਿਧੀਆਂ ਨੂੰ ਜ਼ਾਇਜ਼ ਠਹਿਰਾਉਣ ਲਈ ਕਰਦੇ ਹਨ।

ਫਿਲਮ ਵਿਚ ਲਕਸ਼ਮੀ ਦਾ ਉਨ੍ਹਾਂ ਨਾਲ ਪਹਿਲਾ ਵਾਹ ਆਪਣੀ ਪਹਿਲੀ ਕਲਾਸ ਦੌਰਾਨ ਪੈਂਦਾ ਹੈ ਜਿਥੇ ਉਸ ਦੇ ਵਿਦਿਆਰਥੀ ਉਸ ਨੂੰ ਠਿੱਠ ਕਰਨ ਲਈ ਬਲੈਕਬੋਰਡ 'ਤੇ ਅਸ਼ਲੀਲ ਡਰਾਇੰਗ ਬਣਾ ਦਿੰਦੇ ਹਨ। ਉਨ੍ਹਾਂ ਦੀ ਇਸ ਬਦਤਮੀਜ਼ੀ ਦਾ ਕਲਾਸ ਵਿਚ ਢੁੱਕਵਾਂ ਜਵਾਬ ਦੇਣ ਤੋਂ ਬਾਅਦ ਜਦੋਂ ਉਹ ਕਾਲਜ ਦੇ ਪ੍ਰਿੰਸੀਪਲ ਕੋਲ ਉਨ੍ਹਾਂ ਖਿਲਾਫ ਕਾਰਵਾਈ ਕਰਨ ਦੀ ਬੇਨਤੀ ਕਰਨ ਜਾਂਦੀ ਹੈ ਤਾਂ ਉਸ ਨੂੰ ਕਿਹਾ ਜਾਂਦਾ ਹੈ ਕਿ ਉਸ ਨੇ ਇਥੇ ਨੌਕਰੀ ਕਰਨੀ ਹੈ ਤਾਂ ਆਪਣੀ ਜ਼ੁਬਾਨ ਬੰਦ ਰੱਖੇ। ਉਥੋਂ ਨਿਰਾਸ਼ ਹੋਣ ਤੋਂ ਬਾਅਦ ਉਹ ਇਹੀ ਮੁੱਦਾ ਆਪਣੇ ਵਕੀਲ ਪਤੀ ਕੋਲ ਲੈ ਕੇ ਜਾਂਦੀ ਹੈ। ਉਹ ਉਸ ਨੂੰ ਕੁਝ ਦਿਨ ਚੁੱਪ ਵੱਟਣ ਦੀ ਸਲਾਹ ਦਿੰਦਾ ਹੈ। ਹਾਰ ਕੇ ਉਹ ਆਪਣੇ ਦੋਸਤ, ਪੁਲਿਸ ਅਫਸਰ ਅਜੈ ਕੋਲ ਜਾਂਦੀ ਹੈ ਜਿਥੇ ਉਸ ਦੀ ਮੁਲਾਕਾਤ ਕਾਂਸਟੇਬਲ (ਨਾਨਾ ਪਾਟੇਕਰ) ਨਾਲ ਹੁੰਦੀ ਹੈ ਜਿਸ ਦੀ ਕਹਾਣੀ ਸੁਣ ਕੇ ਉਸ ਦੀ ਜ਼ਿਦ ਹੋਰ ਪੱਕੀ ਹੋ ਜਾਂਦੀ ਹੈ। ਉਸ ਨੂੰ ਪਤਾ ਲਗਦਾ ਹੈ ਕਿ ਇਸ ਕਾਂਸਟੇਬਲ ਦੀ ਪਤਨੀ ਦੀ ਹੱਤਿਆ ਵੀ ਕਾਲੀ ਚਰਨ ਦੀ ਸ਼ਹਿ 'ਤੇ ਉਸ ਦੇ ਗੁੰਡਿਆਂ ਨੇ ਦਿਨ-ਦਿਹਾੜੇ ਕੀਤੀ ਹੈ ਜਿਸ ਕਾਰਨ ਉਸ ਦਾ ਦਿਮਾਗੀ ਤਵਾਜ਼ਨ ਵੀ ਹਿਲ ਗਿਆ ਤੇ ਉਸ ਨੂੰ ਆਪਣੀ ਨੌਕਰੀ ਤੋਂ ਵੀ ਹੱਥ ਧੋਣੇ ਪਏ ਹਨ। ਪੁਲਿਸ ਅਫਸਰ ਅਜੈ ਆਪਣੀ ਮਿਹਨਤ ਨਾਲ ਜਦੋਂ ਕਾਲੀ ਪ੍ਰਸਾਦ ਦੇ ਖਿਲਾਫ ਕਾਫੀ ਸਬੂਤ ਜੁਟਾ ਲੈਂਦਾ ਹੈ ਤਾਂ ਉਸ ਨੂੰ ਗ੍ਰਿਫਤਾਰ ਕਰਨ ਦੀ ਕੋਸ਼ਿਸ ਕਰਦਾ ਹੈ ਜਿਸ ਕਾਰਨ ਕਾਲੀ ਪ੍ਰਸਾਦ ਉਸ ਦੀ ਦਿਨ-ਦਿਹਾੜੇ ਹੱਤਿਆ ਕਰ ਦਿੰਦਾ ਹੈ।

ਮੌਕੇ 'ਤੇ ਹਜ਼ਾਰਾਂ ਦੀ ਭੀੜ ਹੋਣ ਦੇ ਬਾਵਜੂਦ ਜਦੋਂ ਕੋਈ ਵੀ ਗਵਾਹੀ ਦੇਣ ਲਈ ਅੱਗੇ ਨਹੀਂ ਆਉਂਦਾ ਤਾਂ ਲਕਸ਼ਮੀ ਜੋਸ਼ੀ ਖੁਦ ਥਾਣੇ ਜਾ ਕੇ ਉਸ ਖਿਲਾਫ ਸ਼ਿਕਾਇਤ ਲਿਖਦੀ ਹੈ ਜਿਸ ਨੂੰ ਸੁਣ ਕੇ ਕਾਲੀ ਪ੍ਰਸਾਦ ਗੁੱਸੇ ਵਿਚ ਤਿਲਮਿਲਾ ਉਠਦਾ ਹੈ ਅਤੇ ਉਸ ਦੇ ਘਰ 'ਤੇ ਹਮਲਾ ਕਰਦਾ ਹੈ। ਉਸ ਦਾ ਸਹੁਰਾ ਪਰਿਵਾਰ ਵੀ ਉਸ ਦੇ ਖਿਲਾਫ ਭੁਗਤਦਾ ਹੈ ਅਤੇ ਉਸ ਦਾ ਪਤੀ ਉਸ ਨੂੰ ਕਾਲੀ




*ਫਿਲਮ 'ਪ੍ਰਤੀਘਾਤ' ਦੀ ਨਾਇਕਾ ਸੁਜਾਤਾ ਮਹਿਤਾ।*

ਪ੍ਰਸਾਦ ਤੋਂ ਮੁਆਫੀ ਮੰਗਣ ਲਈ ਆਖਦਾ ਹੈ। ਉਸ ਦੇ ਨਾ ਝੁਕਣ 'ਤੇ ਕਾਲੀ ਪ੍ਰਸਾਦ ਉਸ ਨੂੰ ਸੜਕ 'ਤੇ ਨੰਗਾ ਕਰ ਕੇ ਸੁੱਟ ਦਿੰਦਾ ਹੈ। ਉਸ ਦਾ ਨੰਗੇਜ਼ ਨੀਮ-ਪਾਗਲ ਕਾਂਸਟੇਬਲ ਤਿਰੰਗੇ ਝੰਡੇ ਨਾਲ ਢਕਦਾ ਹੈ ਅਤੇ ਦੁਰਗਾ ਉਸ ਨੂੰ ਆਪਣੇ ਘਰ ਠਹਿਰਾਉਂਦੀ ਹੈ। ਉਨ੍ਹਾਂ ਦਿਨਾਂ ਵਿਚ ਹੀ ਉਸ ਨੂੰ ਆਪਣੇ ਗਰਭਵਤੀ ਹੋਣ ਦਾ ਪਤਾ ਲੱਗਦਾ ਹੈ ਅਤੇ ਉਸ 'ਕਾਇਰ' ਪਤੀ ਦੇ ਬੱਚੇ ਨੂੰ ਜਨਮ ਨਾ ਦੇਣ ਲਈ ਅੜ ਜਾਂਦੀ ਹੈ। ਇਥੇ ਇਸ ਫਿਲਮ ਦਾ ਸਭ ਤੋਂ ਮਹਤੱਵਪੂਰਨ ਨੁਕਤਾ ਉਭਰ ਕੇ ਸਾਹਮਣੇ ਆਉਂਦਾ ਹੈ ਜਿਸ ਦੇ ਆਸ-ਪਾਸ ਅੱਜ ਦੇ ਨਾਰੀਵਾਦੀ ਸਿਧਾਂਤ ਘੁੰਮਦੇ ਹਨ। ਨਿਰਦੇਸ਼ਕ ਅਨੁਸਾਰ, ਲਕਸ਼ਮੀ ਦੇ ਪਤੀ ਨੂੰ ਉਸ ਦਾ ਸਾਥ ਦੇਣਾ ਚਾਹੀਦਾ ਸੀ, ਕਿਉਂਕਿ ਉਸ ਨੇ ਇਮਾਨਦਾਰੀ ਅਤੇ ਸੱਚ ਦਾ ਰਸਤਾ ਚੁਣਿਆ ਹੈ, ਮਹਿਜ਼ ਇਸ ਕਰ ਕੇ ਨਹੀਂ ਕਿ ਉਸ ਦਾ ਪਤੀ ਹੋਣ ਕਾਰਨ ਇਹ ਉਸ ਦਾ ਸੰਸਕਾਰੀ ਫਰਜ਼ ਸੀ। ਲਕਸ਼ਮੀ ਉਸ ਨੂੰ ਪੁੱਛਦੀ ਵੀ ਹੈ ਕਿ ਵਕੀਲ ਹੋਣ ਦੇ ਬਾਵਜੂਦ ਉਹ ਸੱਚ ਅਤੇ ਨਿਆਂ ਦੇ ਸਵਾਲਾਂ ਤੋਂ ਕਿਵੇਂ ਭੱਜ ਸਕਦਾ ਹੈ? ਉਹ ਅਜਿਹੇ ਸਤਹੀ ਪਿਆਰ 'ਤੇ ਲਾਹਣਤ ਪਾਉਂਦੀ ਹੈ।

ਉਧਰ ਕਾਲੀ ਪ੍ਰਸਾਦ ਨੂੰ ਹੌਲੀ ਹੌਲੀ ਇਹ ਸਮਝ ਵਿਚ ਆਉਣਾ ਸ਼ੁਰੂ ਹੋ ਜਾਂਦਾ ਹੈ ਕਿ ਭਾਰਤ ਵਿਚ ਸੱਤਾ ਦਾ ਸਭ ਤੋਂ ਵੱਡਾ ਸੋਮਾ ਸਿਆਸਤ ਹੈ। ਉਹ ਮੰਤਰੀ ਬਣਨ ਲਈ ਚੋਣਾਂ ਲੜਨ ਦੀ ਤਿਆਰੀ ਸ਼ੁਰੂ ਕਰ ਦਿੰਦਾ ਹੈ ਅਤੇ ਇਕ ਖਾਸ ਸਿਆਸੀ ਪਾਰਟੀ ਵਿਚ ਘੁਸਪੈਠ ਕਰ ਕੇ ਜ਼ਬਰਦਸਤੀ ਲੀਡਰ ਬਣ ਜਾਂਦਾ ਹੈ। ਨਾਲ ਹੀ ਪਾਰਟੀ ਦੇ ਇਮਾਨਦਾਰ ਨੇਤਾਵਾਂ ਨੂੰ ਖੂੰਜੇ ਲਗਾਉਣਾ ਸ਼ੁਰੂ ਕਰ ਦਿੰਦਾ ਹੈ। ਜਦੋਂ ਉਸ ਦੇ ਖਿਲਾਫ ਕੋਈ ਉਮੀਦਵਾਰ ਖੜ੍ਹਨ ਲਈ ਤਿਆਰ ਨਹੀਂ ਹੁੰਦਾ ਤਾਂ ਲਕਸ਼ਮੀ ਆਪਣੇ ਵਿਦਿਆਰਥੀਆਂ ਅਤੇ ਆਸ-ਪਾਸ ਦੀਆਂ ਗੰਦੀਆਂ ਬਸਤੀਆਂ ਦੇ ਲੋਕਾਂ ਦੀ ਮਦਦ ਨਾਲ ਉਸ ਦੇ ਖਿਲਾਫ ਖੜ੍ਹੀ ਹੁੰਦੀ ਹੈ।

ਕਾਲੀ ਪ੍ਰਸਾਦ ਇਹ ਸੁਣ ਕੇ ਤਿਲਮਿਲਾ ਉਠਦਾ ਹੈ ਅਤੇ ਪੋਲਿੰਗ ਬੂਥਾਂ 'ਤੇ ਕਬਜ਼ਿਆਂ ਦੁਆਰਾ ਚੋਣ ਜਿੱਤ ਜਾਂਦਾ ਹੈ। ਜਿੱਤ ਦੀ ਖੁਸ਼ੀ ਵਿਚ ਉਹ ਵੱਡੀ ਰੈਲੀ ਕਰਦਾ ਹੈ ਜਿਸ ਵਿਚ ਲਕਸ਼ਮੀ ਸ਼ਰੇਆਮ ਉਸ ਦਾ ਸਿਰ ਵੱਢ ਦਿੰਦੀ ਹੈ। ਇਸ ਤਰ੍ਹਾਂ ਫਿਲਮ ਜਮਹੂਰੀ ਤਰੀਕਿਆਂ 'ਤੇ ਸਵਾਲ ਉਠਾਉਂਦੀ ਖਤਮ ਹੋ ਜਾਂਦੀ ਹੈ। ਇਹ ਫਿਲਮ ਉਸ ਸਾਲ ਬਣੀ ਜਿਸ ਸਾਲ ਮਹੇਸ਼ ਭੱਟ ਦੀ 'ਕਾਸ਼', ਸ਼ੇਖਰ ਕਪੂਰ ਦੀ 'ਮਿਸਟਰ ਇੰਡੀਆ' ਅਤੇ ਰਾਕੇਸ਼ ਰੌਸ਼ਨ ਦੀ 'ਖੁਦਗਰਜ਼' ਬਣੀਆ ਸਨ। ਇਸ ਦੇ ਬਾਵਜੂਦ ਇਸ ਫਿਲਮ ਨੂੰ ਸਾਲ ਦੀ ਬਿਹਤਰੀਨ ਫਿਲਮ ਮੰਨਿਆ ਗਿਆ ਜਿਸ ਦਾ ਕਾਰਨ ਇਸ ਨੂੰ ਦੇਖ ਕੇ ਸਪਸ਼ਟ ਹੋ ਜਾਂਦਾ ਹੈ।

# ਡਾਕੂਆਂ ਦੇ ਪਿੰਡ ਵਿਚ ਭੂਮੀ ਪੜਨੇਕਰ



ਫਿਲਮ 'ਦਮ ਲਗਾ ਕੇ ਹਾਈਸ਼ਾ' ਨਾਲ ਆਪਣੇ ਕਰੀਅਰ ਦੀ ਸ਼ੁਰੂਆਤ ਕਰਨ ਵਾਲੀ ਅਦਾਕਾਰਾ ਭੂਮੀ ਪੜਨੇਕਰ ਦੀ ਗੁੱਡੀ ਅੱਜ ਕੱਲ੍ਹ ਖੂਬ ਚੜ੍ਹੀ ਹੋਈ ਹੈ। ਇਸ ਫਿਲਮ ਤੋਂ ਬਾਅਦ ਉਸ ਦੀਆਂ ਦੋ ਹੋਰ ਫਿਲਮਾਂ 'ਟਾਇਲਟ: ਏਕ ਪ੍ਰੇਮ ਕਥਾ' ਅਤੇ 'ਸ਼ੁਭ ਮੰਗਲ ਸਾਵਧਾਨ' ਵੀ ਸਫਲ ਰਹੀਆਂ। ਹੁਣ ਚਰਚਿਤ ਫਿਲਮਸਾਜ਼ ਅਭਿਸ਼ੇਕ ਚੌਬੇ ਨੇ ਉਸ ਨੂੰ ਆਪਣੀ ਫਿਲਮ 'ਸੋਨ ਚਿਰੈਯਾ' ਲਈ ਚੁਣਿਆ ਹੈ। ਇਸ ਫਿਲਮ ਵਿਚ ਉਸ ਦਾ ਨਾਇਕ ਸੁਸ਼ਾਂਤ ਸਿੰਘ ਰਾਜਪੂਤ ਹੈ।

ਭੂਮੀ 'ਸੋਨ ਚਿਰੈਯਾ' ਨੂੰ ਆਪਣੇ ਲਈ ਬਹੁਤ ਅਹਿਮ ਮੰਨਦੀ ਹੈ, ਕਿਉਂਕਿ ਪਹਿਲੀਆਂ ਤਿੰਨ ਫਿਲਮਾਂ ਵਿਚ ਉਸ ਨੇ ਪੇਂਡੂ ਮੁਟਿਆਰ ਦੀ ਭੂਮਿਕਾ ਨਿਭਾਈ ਹੈ। ਇਸ ਫਿਲਮ ਦੀ ਕਹਾਣੀ ਵੀ ਭਾਵੇਂ ਪਿੰਡ ਦੁਆਲੇ ਹੀ ਘੁੰਮਦੀ ਹੈ, ਪਰ ਇਹ ਕਹਾਣੀ ਐਨ ਵੱਖਰੀ ਹੈ। ਇਸ ਕਹਾਣੀ ਵਿਚ ਡਾਕੂ ਵੀ ਸ਼ਾਮਲ ਹਨ ਅਤੇ ਪੂਰਾ ਪਿੰਡ ਡਾਕੂਆਂ ਨਾਲ ਜੂਝਦਾ ਹੈ। ਅਭਿਸ਼ੇਕ ਚੌਬੇ ਇਸ ਪਹਿਲਾਂ 'ਉੜਤਾ ਪੰਜਾਬ', 'ਇਸ਼ਕੀਆ', 'ਡੇਢ ਇਸ਼ਕੀਆ' ਵਰਗੀਆਂ ਫਿਲਮਾਂ ਬਣਾ ਚੁੱਕਾ ਹੈ। 'ਉੜਤਾ ਪੰਜਾਬ' ਫਿਲਮ ਜੋ ਪੰਜਾਬ ਵਿਚ ਨਸ਼ਿਆਂ ਦੀ ਸਮੱਸਿਆ ਬਾਰੇ ਸੀ, ਕਾਫੀ ਵਿਵਾਦਾਂ ਵਿਚ ਘਿਰ ਗਈ ਸੀ, ਪਰ ਅਭਿਸ਼ੇਕ ਚੌਬੇ ਦੇ ਕੰਮ ਦੀ ਖੂਬ ਤਾਰੀਫ਼ ਹੋਈ ਸੀ। ਭੂਮੀ ਨੂੰ ਆਸ ਹੈ ਕਿ 'ਸੋਨ ਚਿਰੈਯਾ' ਉਸ ਦੇ ਕਰੀਅਰ ਨੂੰ ਬੁਲੰਦੀ ਉਤੇ ਲੈ ਕੇ ਜਾਵੇਗੀ। ***-ਆਮਨਾ ਕੌਰ***

# ਮੁਹੱਲਾ ਅੱਸੀ: ਉਡੀਕਾਂ ਮੁੱਕੀਆਂ

ਅਦਾਕਾਰ ਸੰਨੀ ਦਿਓਲ ਦੀ ਫਿਲਮ 'ਮੁਹੱਲਾ ਅੱਸੀ' ਨੂੰ ਆਖਿਰਕਾਰ ਹਰੀ ਝੰਡੀ ਮਿਲ ਗਈ ਹੈ। ਇਹ ਫਿਲਮ ਪਿਛਲੇ ਦੋ ਸਾਲ ਤੋਂ ਸੈਂਸਰ ਬੋਰਡ ਕੋਲ ਫਸੀ ਪਈ ਸੀ, ਪਰ ਹੁਣ ਦਿੱਲੀ ਹਾਈ ਕੋਰਟ ਦੇ ਹੁਕਮਾਂ ਤੋਂ ਬਾਅਦ ਇਸ ਫਿਲਮ ਨੂੰ 'ਏ' ਸਰਟੀਫਿਕੇਟ ਦੇ ਦਿੱਤਾ ਗਿਆ ਹੈ ਅਤੇ ਇਸ ਫਿਲਮ ਵਿਚ ਸਿਰਫ ਇਕ ਕੱਟ ਲਗਾਇਆ ਗਿਆ ਹੈ। ਇਹ ਫਿਲਮ ਮਾਰਚ 2016 ਨੂੰ ਸੈਂਸਰ ਬੋਰਡ ਕੋਲ ਆਈ ਸੀ, ਉਸ ਵੇਲੇ ਸੈਂਸਰ ਬੋਰਡ ਦੇ ਮੁਖੀ ਪਹਿਲਾਜ ਨਿਹਲਾਨੀ ਸਨ ਅਤੇ ਉਨ੍ਹਾਂ ਇਸ

**ਗੁਰਜੰਟ ਸਿੰਘ**

ਫਿਲਮ ਨੂੰ ਧਰਮ ਅਤੇ ਇਤਿਹਾਸ-ਮਿਥਿਹਾਸ ਦੇ ਖਿਲਾਫ ਕਹਿ ਕੇ ਇਸ ਨੂੰ ਡੱਕ ਲਿਆ ਸੀ।

ਇਹ ਫਿਲਮ ਪ੍ਰਸਿਧ ਹਿੰਦੀ ਲੇਖਕ ਕਾਸ਼ੀਨਾਥ ਸਿੰਘ ਦੇ ਚਰਚਿਤ ਨਾਵਲ 'ਕਾਸ਼ੀ ਕਾ ਅੱਸੀ' ਉਤੇ ਆਧਾਰਤ ਹੈ। ਇਹ ਨਾਵਲ 2004 ਵਿਚ ਛਪਿਆ ਸੀ ਅਤੇ ਇਹ 1990ਵਿਆਂ ਵਿਚ ਵਾਰਾਨਸੀ ਵਿਚ ਹੋ ਰਹੀ ਤਬਦੀਲੀ ਦੀ ਗੱਲ ਕਰਦਾ ਹੈ। ਨਾਵਲ ਵਿਚ ਰਾਮ ਜਨਮ ਭੂਮੀ ਅੰਦੋਲਨ ਅਤੇ ਮੰਡਲ ਕਮਿਸ਼ਨ ਬਾਰੇ ਬੜੀਆਂ ਤਿੱਖੀ ਟਿੱਪਣੀਆਂ ਕੀਤੀਆਂ ਗਈਆਂ ਹਨ।

ਫਿਲਮ ਵਿਚ ਮੁੱਖ ਕਿਰਦਾਰ ਸਨੀ ਦਿਓਲ, ਸਾਕਸ਼ੀ ਤਨਵਰ ਅਤੇ ਰਵੀ ਕਿਸ਼ਨ ਨੇ ਨਿਭਾਏ ਹਨ। ਇਸ ਫਿਲਮ ਦੇ ਨਿਰਦੇਸ਼ਕ ਚੰਦਰ ਪ੍ਰਕਾਸ਼ ਦੇਵੇਦੀ ਹਨ। ਸੈਂਸਰ ਬੋਰਡ ਵੱਲੋਂ ਨਾਂਹ ਕਰਨ ਤੋਂ ਬਾਅਦ ਫਿਲਮ ਦੇ ਨਿਰਮਾਤਾਵਾਂ ਨੇ ਅਪੀਲੀ ਟ੍ਰਿਬਿਊਨਲ ਬੋਰਡ



*'ਮੁਹੱਲਾ ਅੱਸੀ' ਵਿਚ ਸਨੀ ਦਿਓਲ ਅਤੇ ਸਾਕਸ਼ੀ ਤਨਵਰ।*

ਕੋਲ ਪਹੁੰਚ ਕੀਤੀ। ਇਸ ਟ੍ਰਿਬਿਊਨਲ ਨੇ ਨਿਰਮਾਤਾਵਾਂ ਨੂੰ ਫਿਲਮ ਵਿਚ 10 ਕੱਟ ਲਗਾਉਣ ਲਈ ਕਿਹਾ, ਪਰ ਨਿਰਮਾਤਾਵਾਂ ਨੇ ਕੱਟ ਲਗਾਉਣ ਤੋਂ ਨਾਂਹ ਕਰ ਦਿੱਤੀ ਅਤੇ ਦਿੱਲੀ ਹਾਈ ਕੋਰਟ ਵਿਚ ਪਟੀਸ਼ਨ ਪਾ ਦਿੱਤੀ। ਇਹ ਸਾਲ 2016 ਦੇ ਅਖੀਰ ਦੀਆਂ ਗੱਲਾਂ ਹਨ। ਫਿਲਮ ਦੇ ਨਿਰਮਾਤਾ ਵਿਨੇ ਤਿਵਾੜੀ ਮੁਤਾਬਕ, ਇਸ ਲੰਮੀ ਕਾਨੂੰਨੀ ਲੜਾਈ ਵਿਚ ਉਹ ਆਖਰਕਾਰ ਜੇਤੂ ਹੋ ਕੇ ਨਿਕਲੇ ਹਨ ਅਤੇ ਹੁਣ ਇਹ ਫਿਲਮ ਛੇਤੀ ਹੀ ਰਿਲੀਜ਼ ਕੀਤੀ ਜਾਵੇਗੀ।

ਜਦੋਂ ਫਿਲਮ ਦੇ ਨਿਰਮਾਤਾ ਕਾਨੂੰਨੀ ਲੜਾਈ ਲੜ ਰਹੇ ਸਨ ਤਾਂ ਇਕ ਹੋਰ ਸ਼ਰਾਰਤ ਕੀਤੀ ਗਈ। ਕਿਸੇ ਨੇ ਇਹ ਫਿਲਮ ਆਨਲਾਈਨ ਲੀਕ ਕਰ ਦਿੱਤੀ। ਇਸ ਤੋਂ ਬਾਅਦ ਨਿਰਮਾਤਾਵਾਂ ਦਾ ਇਹ ਵਿਚਾਰ ਬਣ ਗਿਆ ਹੈ ਕਿ ਹੁਣ ਇਹ ਫਿਲਮ ਰਿਲੀਜ਼ ਕੀਤੇ ਜਾਣ ਦੀ ਕੋਈ ਤੁਕ ਨਹੀਂ ਬਣਦੀ, ਪਰ ਬਾਅਦ ਵਿਚ ਉਨ੍ਹਾਂ ਆਪਣਾ ਫੈਸਲਾ ਬਦਲਦਿਆਂ ਇਸੇ ਸਾਲ ਇਹ ਫਿਲਮ ਰਿਲੀਜ਼ ਕਰਨ ਦਾ ਫੈਸਲਾ ਕੀਤਾ ਹੈ। ਇਸ ਫਿਲਮ ਵਿਚ ਸਨੀ ਦਿਓਲ ਨੇ ਸੰਸਕ੍ਰਿਤ ਦੇ ਅਧਿਆਪਕ ਦਾ ਰੋਲ ਨਿਭਾਇਆ ਹੈ।

ਫਿਲਮ ਦੇ ਨਿਰਦੇਸ਼ਕ ਚੰਦਰ ਪ੍ਰਕਾਸ਼ ਦਿਵੇਦੀ ਨੇ ਇਸ ਤੋਂ ਪਹਿਲਾਂ 2003 ਵਿਚ ਅੰਮ੍ਰਿਤਾ ਪ੍ਰੀਤਮ ਦੇ ਨਾਵਲ 'ਪਿੰਜਰ' ਨੂੰ ਆਧਾਰ ਬਣਾ ਕੇ ਇਸੇ ਨਾਂ ਹੇਠ ਫਿਲਮ ਬਣਾਈ ਸੀ ਜਿਸ ਦੀ ਬੜੀ ਚਰਚਾ ਹੋਈ ਸੀ। ਇਸ ਵਿਚ ਮੁਖ ਰੋਲ ਮਨੋਜ ਬਾਜਪਾਈ ਅਤੇ ਓਰਮਿਲਾ ਮਤੋਂਡਕਰ ਦਾ ਸੀ। ਇਸ ਤੋਂ ਇਲਾਵਾ ਉਸ ਨੇ ਟੈਲੀਵਿਜ਼ਨ ਉਤੇ ਚਰਚਿਤ ਲੜੀਵਾਰ 'ਚਾਣਕਿਆ' ਪੇਸ਼ ਕੀਤਾ ਸੀ।

# Friends Of Punjab Foundation



ਤੁਹਾਡੇ ਬਚਪਨ ਦੀਆਂ
ਯਾਦਾਂ ਸਾਂਝੀ ਬੈਠੇ
ਪਿੰਡ ਦੇ ਗਰੀਬ ਲੋਕ
ਮਦਦ ਲਈ ਤੁਹਾਡੇ
ਵੱਲ ਝਾਕ ਰਹੇ ਹਨ

**ਮੇਰਾ ਪਿੰਡ**

## ਸਾਡੇ ਪਿੰਡਾਂ (ਮੇਰਾ ਪਿੰਡ) ਦੇ ਜ਼ਿੰਦਗੀ ਨਾਲ ਜੂਝ ਰਹੇ ਗਰੀਬ ਪਰਿਵਾਰਾਂ ਲਈ ਤੁਹਾਡੀ ਮਦਦ ਕੀ ਕਰ ਸਕਦੀ ਹੈ?

*ਹੁਸ਼ਿਆਰ ਬੱਚਿਆਂ ਲਈ ਉਚੇਰੀ ਸਿੱਖਿਆ
*ਵਿਧਵਾ ਔਰਤਾਂ, ਜਿਨ੍ਹਾਂ ਨੂੰ ਦਿਹਾੜੀ ਕਰਨ ਅਤੇ ਛੋਟੇ ਛੋਟੇ ਬਾਲਾਂ ਦੀ ਸੰਭਾਲ ਵਿਚੋਂ ਇਕ ਨੂੰ ਚੁਣਨਾ ਪੈਂਦਾ ਹੈ, ਲਈ ਮਾਲੀ ਮਦਦ
*ਤਰਸ ਦਾ ਪਾਤਰ ਬਣੇ ਸਰੀਰਕ ਅਤੇ ਮਾਨਸਿਕ ਤੌਰ 'ਤੇ ਨਕਾਰਾ ਲੋਕਾਂ ਲਈ ਮਦਦ
*ਮਾੜੀ ਸਿਹਤ ਤੇ ਪੈਸੇ ਦੀ ਤੰਗੀ ਨਾਲ ਜੂਝ ਰਹੇ ਸੰਤਾਨਹੀਣ ਬਜ਼ੁਰਗਾਂ ਲਈ ਆਸਰਾ
*ਉਨ੍ਹਾਂ ਛੋਟੇ ਕਿਸਾਨਾਂ ਲਈ ਮਦਦ, ਜੋ ਆਪਣੀਆਂ ਰੋਜ਼ ਦੀਆਂ ਲੋੜਾਂ ਪੂਰੀਆਂ ਕਰਨ ਅਤੇ ਜ਼ਿੰਦਗੀ ਨੂੰ ਅੱਗੇ ਤੋਰਨ ਦੇ ਅਸਮਰਥ ਹਨ।

ਕੁਝ ਪਿੰਡਾਂ ਦੇ ਕਈ ਅਜਿਹੇ ਪਰਿਵਾਰ ਖੁਸ਼ਕਿਸਮਤ ਹਨ ਕਿ ਉਨ੍ਹਾਂ ਨੂੰ ਆਪਣੇ ਪਿੰਡ ਦੇ ਪਰਵਾਸੀਆਂ ਤੋਂ ਮਦਦ ਮਿਲ ਰਹੀ ਹੈ। ਹੋਰ ਕਈਆਂ ਨੂੰ ਜਲਦ ਹੀ 'ਫਰੈਂਡਜ਼ ਆਫ ਪੰਜਾਬ ਫਾਊਂਡੇਸ਼ਨ' ਵਲੋਂ ਮਦਦ ਮਿਲਣ ਲੱਗੇਗੀ।

ਆਪਣਾ ਪਿੰਡ ਅਪਨਾਓ, ਅਸੀਸਾਂ ਪਾਓ।


ਫਾਊਂਡੇਸ਼ਨ ਆਪ ਪੈਸੇ ਨਹੀਂ ਉਗਰਾਹੁੰਦੀ, ਸਿਰਫ ਸਹੀ ਤਰੀਕੇ ਨਾਲ ਮਦਦ ਪਹੁੰਚਾਉਣ ਵਿਚ ਸਹਾਈ ਹੁੰਦੀ ਹੈ।

ਆਪਣੇ ਬਚਪਨ ਦੀਆਂ ਯਾਦਾਂ ਸਾਂਝੀ ਬੈਠੇ ਪਿੰਡ ਦੇ ਪਿਆਰ ਨੂੰ ਚੇਤੇ ਕਰਨ ਲਈ ਹੇਠਾਂ ਦਿੱਤੀ ਵੈਬਸਾਈਟ 'ਤੇ ਜਰੂਰ ਜਾਓ:
www.friendsofpunjabfoundation.org
ਭੁਪਿੰਦਰ ਸਿੰਘ ਹੁੰਦਲ, ਫੋਨ: 630-802-2179



# Sistar Mortgage

Minimizing Cost, Maximizing Investment
www.SistarMortgage.com




Balbir (Bill) Grewal, Loan Officer (NMLS 353442)
*Residential & Commercial Loans*
(734) 330-8859 Mobile
(586) 802-7385 Fax
Balbir.Grewal@SistarMortgage.com

*Loans Available In Most States!*

**Refinance up to 125% value of the house.*

•Residential Loans (Purchase, Refinance & Cash Out Refinance). •Self Employed and H1 Visa •Jumbo loans •Commercial Property With Business or Business Only. •Business Equity Line of Credit. •Multi Unit Investment Property.





*Madan Khatri*

# Want to Buy/Sell Homes, THs, Condos!

Call Madan Khatri
**Ph: 847-530-1550**
www.PropertyZoo.com
*CALL TO BUY / SELL HOME TODAY!*
Top Producer at the office in 2011-2013-2014
*****A Broker who can work with you from Beginning to End, Call Now!!!*****
**BHHS American Heritage**
1010 Rohwing Road, Elk Grove Village, IL



ਖੁਸ਼ਖਬਰੀ ਖੁਸ਼ਖਬਰੀ ਖੁਸ਼ਖਬਰੀ ਖੁਸ਼ਖਬਰੀ

# ਪੰਜਾਬੀ ਢਾਬਾ

Now Open
Indiana
1480 N State Road 1, Cambridge City, IN 47327. 70
Diesel/Gas
Exit 137

ਟਰੱਕਾਂ ਵਾਲੇ ਭਰਾਵਾਂ ਲਈ
ਖੁੱਲ੍ਹ ਗਿਆ



ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ...
ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...

ਕੀਮਤਾਂ ਬਹੁਤ ਹੀ ਵਾਜਬ!

ਸਹੂਲਤਾਂ
ਪੰਜਾਬੀ ਢਾਬਾ
ਸਸਤਾ ਡੀਜ਼ਲ
Liquor, Beer & Wine
truck repair, new showers, scale.



Free Buffet
over 100 gallons
open 6am to midnight
**Phone: 765-478-6300**



# India Palace

Restaurant - Fine Indian Cuisine
4213 Lafayette Road, Indianapolis, IN (Ph:317-298-0773)
*(Just North of Georgetown and Lafayette Roads)*

**UNDER NEW MANAGEMENT**

Open Daily Lunch Buffett 11 am to 3 pm

**Dinner**
Monday-Friday 4:30 pm to 10 pm
Saturday Dinner 2:30 pm to 10 pm
Sunday Dinner 2:30 pm to 9:30 pm

Banquet Hall Available
Up to 650 People

We do private party's & catering at your home or business.

*Call, Lakhvir S. Johal*
**Ph: 317-709-7800**
www.indianpalaceindy.com